10-AUG-PAGE-1.qxd 8/9/2025 9:56 PM Page 1

ਐਤਵਾਰ, 10 ਅਗਸਤ, 2025
26 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 70

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 10 AUGUST, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਮੈਨੂੰ ਤੇ ਰਾਹੁਲ ਨੂੰ 160 ਸੀਟਾਂ ਦੀ ਗਰੰਟੀ ਦੇਣ ਵਾਲੇ ਮਿਲੇ ਸਨ : ਪਵਾਰ



**ਨਾਗਪੁਰ** : ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਸ ਪੀ) ਦੇ ਪ੍ਰਧਾਨ ਸ਼ਰਦ ਪਵਾਰ ਨੇ ਸਨਿੱਚਰਵਾਰ ਕਿਹਾ ਕਿ ਮਹਾਰਾਸ਼ਟਰ ਅਸੈਂਬਲੀ ਚੋਣਾਂ ਤੋਂ ਪਹਿਲਾਂ ਦੋ ਜਣਿਆਂ ਨੇ ਉਨ੍ਹਾ ਨਾਲ ਮੁਲਾਕਾਤ ਕਰਕੇ ਦਾਅਵਾ ਕੀਤਾ ਸੀ ਕਿ ਉਹ ਉਨ੍ਹਾ ਨੂੰ 288 ਵਿੱਚੋਂ 160 ਸੀਟਾਂ ਜਿਤਵਾਉਣ ਦੀ ਗਰੰਟੀ ਦੇ ਸਕਦੇ ਹਨ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਵਾਰ ਨੇ ਕਿਹਾ ਕਿ ਉਨ੍ਹਾ ਇਨ੍ਹਾਂ ਬੰਦਿਆਂ ਦੀ ਰਾਹੁਲ ਗਾਂਧੀ ਨਾਲ ਮੀਟਿੰਗ ਕਰਵਾਈ, ਪਰ ਓੜਕ ਦੋਹਾਂ ਨੇ ਇਹ ਕਹਿ ਕੇ ਉਨ੍ਹਾਂ ਦੀ ਪੇਸ਼ਕਸ਼ ਰੱਦ ਕਰ ਦਿੱਤੀ, ਕਿਉਂਕਿ 'ਇਹ ਸਾਡਾ ਰਾਹ ਨਹੀਂ।'

ਪਵਾਰ ਨੇ ਅੱਗੇ ਕਿਹਾ, 'ਅਸੀਂ ਉਦੋਂ ਬਣਦਾ ਧਿਆਨ ਨਹੀਂ ਦਿੱਤਾ, ਪਰ ਮੈਨੂੰ ਚੇਤਾ ਹੈ ਕਿ ਅਸੈਂਬਲੀ ਚੋਣਾਂ ਦੇ ਐਲਾਨ ਤੋਂ ਪਹਿਲਾਂ ਦੋ ਜਣੇ ਮੈਨੂੰ ਦਿੱਲੀ ਵਿੱਚ ਮਿਲਣ ਆਏ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਮਹਾਰਾਸ਼ਟਰ ਵਿੱਚ 288 ਸੀਟਾਂ ਹਨ ਅਤੇ ਉਹ ਇਨ੍ਹਾਂ ਵਿੱਚੋਂ 160 ਸੀਟਾਂ ਜਿਤਵਾਉਣ ਦੀ ਗਰੰਟੀ ਦਿੰਦੇ ਹਨ। ਮੈਂ ਹੈਰਾਨ ਹੋਇਆ। ਸਾਫ ਕਹਾਂ, ਹਾਲਾਂਕਿ ਉਨ੍ਹਾਂ ਗਰੰਟੀ ਦਾ ਦਾਅਵਾ ਕੀਤਾ, ਮੈਨੂੰ ਚੋਣ ਕਮਿਸ਼ਨ 'ਤੇ ਕੋਈ ਸ਼ੱਕ ਨਹੀਂ ਸੀ। ਅਜਿਹੇ ਲੋਕ ਮਿਲ ਜਾਂਦੇ ਹਨ, ਪਰ ਮੈਂ ਨਜ਼ਰਅੰਦਾਜ਼ ਕਰ ਦਿੱਤਾ। ਮੈਂ ਉਨ੍ਹਾਂ ਦੀ ਰਾਹੁਲ ਗਾਂਧੀ ਨਾਲ ਮੀਟਿੰਗ ਦਾ ਪ੍ਰਬੰਧ ਕੀਤਾ। ਉਨ੍ਹਾਂ ਰਾਹੁਲ ਨਾਲ ਗੱਲ ਕੀਤੀ, ਪਰ ਓੜਕ ਅਸੀਂ ਦੋਹਾਂ ਨੇ ਮਹਿਸੂਸ ਕੀਤਾ ਕਿ ਅਜਿਹੀਆਂ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਨਹੀਂ। ਇਹ ਸਾਡਾ ਰਾਹ ਨਹੀਂ। ਅਸੀਂ ਲੋਕਾਂ ਕੋਲ ਜਾ ਕੇ ਉਨ੍ਹਾਂ ਦੀ ਹਮਾਇਤ ਮੰਗਾਂਗੇ।'

ਪਵਾਰ ਨੇ ਪਿਛਲੇ ਦਿਨੀਂ ਚੋਣ ਘਪਲਾ ਉਜਾਗਰ ਕਰਨ 'ਤੇ ਰਾਹੁਲ ਦੀ ਹਮਾਇਤ ਕਰਦਿਆਂ ਕਿਹਾ ਕਿ ਜਵਾਬ ਚੋਣ ਕਮਿਸ਼ਨ ਨੂੰ ਦੇਣਾ ਚਾਹੀਦਾ ਹੈ, ਭਾਜਪਾ ਦੇ ਮੁੱਖ ਮੰਤਰੀ ਤੇ ਆਗੂ ਉਸ ਵੱਲੋਂ ਜਵਾਬ ਦੇ ਰਹੇ ਹਨ।

### ਚੋਣ ਕਮਿਸ਼ਨ ਰਾਹੁਲ ਦੇ ਦੋਸ਼ਾਂ ਦੀ ਖੁਦ ਜਾਂਚ ਕਰੇ, ਸ਼ਿਕਾਇਤ ਨਾ ਉਡੀਕੇ : ਸਾਬਕਾ ਮੁੱਖ ਚੋਣ ਕਮਿਸ਼ਨਰ



**ਨਵੀਂ ਦਿੱਲੀ** : ਸਾਬਕਾ ਮੁੱਖ ਚੋਣ ਕਮਿਸ਼ਨਰ ਓ ਪੀ ਰਾਵਤ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਵੱਲੋਂ ਰਾਹੁਲ ਗਾਂਧੀ ਵੱਲੋਂ ਬੇਂਗਲੁਰੂ ਵਿੱਚ ਬੋਗਸ ਵੋਟਰ ਬਣਾਉਣ ਦੇ ਲਾਏ ਦੋਸ਼ਾਂ ਦੀ ਜਾਂਚ ਕਰਨੀ ਚਾਹੀਦੀ ਹੈ, ਲਿਖਤੀ ਸ਼ਿਕਾਇਤ ਦੀ ਉਡੀਕ ਨਹੀਂ ਕਰਨੀ ਚਾਹੀਦੀ। ਰਾਵਤ ਨੇ ਸਰਕਰਦਾ ਅੰਗਰੇਜ਼ੀ ਅਖਬਾਰ 'ਦੀ ਟੈਲੀਗ੍ਰਾਫ' ਨਾਲ ਗੱਲਬਾਤ ਕਰਦਿਆਂ ਕਿਹਾ, 'ਜਦੋਂ ਮੈਂ ਚੋਣ ਕਮਿਸ਼ਨ ਵਿੱਚ ਸੀ ਤਾਂ ਸਾਡੀ ਨੀਤੀ ਸੀ ਕਿ ਜਦੋਂ ਵੀ ਕੋਈ ਸੀਨੀਅਰ ਪਾਰਟੀ ਆਗੂ ਦੋਸ਼ ਲਾਉਂਦਾ ਸੀ ਤਾਂ ਉਸ ਦੀ ਆਪ ਹੀ ਜਾਂਚ ਕਰਕੇ ਲੋਕਾਂ ਅੱਗੇ ਤੱਥ ਰੱਖਦੇ ਸੀ, ਤਾਂ ਜੋ ਉਨ੍ਹਾਂ ਦਾ ਸਿਸਟਮ ਵਿੱਚ ਭਰੋਸਾ ਕਾਇਮ ਰਹੇ। ਅਸੀਂ ਪਾਰਟੀਆਂ ਨੂੰ ਕਦੇ ਨਹੀਂ ਕਿਹਾ ਕਿ ਸ਼ਿਕਾਇਤ ਕਰੋਗੇ ਤਾਂ ਜਾਂਚ ਕਰਾਂਗੇ।' ਰਾਹੁਲ ਨੇ ਵੀਰਵਾਰ ਦੋਸ਼ ਲਾਇਆ ਸੀ ਕਿ ਬੇਂਗਲੁਰੂ ਕੇਂਦਰੀ ਲੋਕ ਸਭਾ ਹਲਕੇ 'ਚ ਪੈਂਦੇ ਮਹਾਂਦੇਵਪੁਰਾ ਅਸੈਂਬਲੀ ਹਲਕੇ 'ਚ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਇੱਕ ਲੱਖ ਤੋਂ ਵੱਧ ਬੋਗਸ ਵੋਟਰ ਬਣਾਏ ਗਏ। ਇੱਕ ਵੋਟਰ ਤਾਂ ਦੋ ਬੂਥਾਂ 'ਤੇ ਰਜਿਸਟਰਡ ਸੀ ਤੇ ਉਸ ਨੇ ਦੋਹੀਂ ਥਾਈਂ ਵੋਟ ਪਾਈ। ਚੋਣ ਕਮਿਸ਼ਨ ਨੇ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਹਲਫਨਾਮਾ ਦੇ ਕੇ ਸ਼ਿਕਾਇਤ ਕਰਨ ਜਾਂ ਫਿਰ ਦੇਸ਼ ਤੋਂ ਮੁਆਫੀ ਮੰਗਣ। ਰਾਹੁਲ ਦੀ ਸੀ ਪੀ ਆਈ ਸਾਂਸਦ ਪੀ ਸੰਦੋਸ਼ ਕੁਮਾਰ, ਸ਼ਿਵ ਸੈਨਾ (ਯੂ ਬੀ ਟੀ) ਦੇ ਵਿਧਾਇਕ ਦਲ ਦੇ ਆਗੂ ਆਦਿਤਿਆ ਠਾਕਰੇ, ਰਾਜ ਸਭਾ ਮੈਂਬਰ ਕਪਿਲ ਸਿੱਬਲ ਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਹਮਾਇਤ ਕੀਤੀ ਹੈ। ਸਿੱਬਲ ਨੇ ਕਿਹਾ ਕਿ ਚੋਣ ਕਮਿਸ਼ਨ ਸਰਕਾਰੀ ਏਜੰਟ ਹੈ ਤੇ ਰਾਹੁਲ ਸੱਚਾ ਦੇਸ਼ ਭਗਤ।

### 334 ਪਾਰਟੀਆਂ ਸੂਚੀ 'ਚੋਂ ਹਟਾਈਆਂ

**ਨਵੀਂ ਦਿੱਲੀ** : ਭਾਰਤੀ ਚੋਣ ਕਮਿਸ਼ਨ ਨੇ ਸਨਿੱਚਰਵਾਰ ਕਿਹਾ ਕਿ ਉਸ ਨੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਚੋਣਾਂ ਲੜਨ ਵਿੱਚ ਨਾਕਾਮ ਰਹਿਣ ਅਤੇ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 29-ਏ ਤਹਿਤ ਲਾਜ਼ਮੀ ਖੁਲਾਸੇ ਦੇ ਨਿਯਮਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਨ 334 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ ਹੈ। ਇਨ੍ਹਾਂ ਪਾਰਟੀਆਂ ਦੇ ਦਫਤਰਾਂ ਦਾ ਵੀ ਪਤਾ ਨਹੀਂ ਲੱਗ ਸਕਿਆ। ਇਹ ਪਾਰਟੀਆਂ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸੰਬੰਧਤ ਹਨ। ਕੁੱਲ 2,854 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਸੋਧ ਮੁਹਿੰਮ ਮਗਰੋਂ 2520 ਹੀ ਰਹਿ ਗਈਆਂ ਹਨ। ਇਸ ਸਮੇਂ ਛੇ ਕੌਮੀ ਪਾਰਟੀਆਂ ਅਤੇ 67 ਸੂਬਾਈ ਪਾਰਟੀਆਂ ਹਨ। ਸਿਆਸੀ ਪਾਰਟੀਆਂ ਨੂੰ ਹਰ ਛੇ ਸਾਲਾਂ ਵਿੱਚ ਘੱਟੋ-ਘੱਟ ਇੱਕ ਵਾਰ ਚੋਣਾਂ ਲੜਨੀਆਂ ਹੁੰਦੀਆਂ ਹਨ ਅਤੇ ਆਪਣੇ ਨਾਂਅ, ਪਤੇ ਜਾਂ ਅਹੁਦੇਦਾਰਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਕਮਿਸ਼ਨ ਨੂੰ ਫੌਰੀ ਸੂਚਿਤ ਕਰਨਾ ਹੁੰਦਾ ਹੈ।

## ਭਾਰਤ ਤੇ ਪਾਕਿਸਤਾਨ ਨੂੰ ਲੜਨੋਂ ਮੈਂ ਹੀ ਹਟਾਇਆ ਸੀ : ਟਰੰਪ



ਰਾਸ਼ਟਰਪਤੀ ਡੋਨਾਲਡ ਟਰੰਪ (ਵਿਚਾਲੇ) ਵ੍ਹਾਈਟ ਹਾਊਸ ਦੇ ਸਟੇਟ ਡਾਇਨਿੰਗ ਰੂਮ ਵਿੱਚ ਤਿੰਨ-ਧਿਰੀ ਦਸਤਖਤ ਸਮਾਰੋਹ ਦੌਰਾਨ ਆਰਮੀਨੀਆਈ ਪ੍ਰਧਾਨ ਮੰਤਰੀ ਨਿਕੋਲ ਪਾਸ਼ਿਨਯਾਨ (ਸੱਜੇ) ਅਤੇ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਹੱਥ ਮਿਲਾਉਂਦੇ ਹੋਏ।

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਦਾਅਵਾ ਕੀਤਾ ਹੈ ਕਿ ਉਨ੍ਹਾ ਭਾਰਤ ਤੇ ਪਾਕਿਸਤਾਨ ਵਿਚਾਲੇ ਚਾਰ ਦਿਨ ਚੱਲੇ ਫੌਜੀ ਟਕਰਾਅ ਮਗਰੋਂ 'ਹਾਲਾਤ ਨੂੰ ਸੰਭਾਲ ਲਿਆ ਸੀ', ਜੋ ਇਕ 'ਪ੍ਰਮਾਣੂ ਜੰਗ' ਵਿੱਚ ਬਦਲ ਸਕਦਾ ਸੀ। ਟਰੰਪ ਨੇ ਵ੍ਹਾਈਟ ਹਾਊਸ ਵਿਚ ਸ਼ੁੱਕਰਵਾਰ ਇਹ ਦਾਅਵਾ ਵੀ ਕੀਤਾ ਕਿ ਇਸ ਟਕਰਾਅ ਦੌਰਾਨ ਪੰਜ ਜਾਂ ਛੇ ਜਹਾਜ਼ ਡੇਗ ਲਏ ਗਏ ਸਨ। ਹਾਲਾਂਕਿ ਟਰੰਪ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਜਹਾਜ਼ ਭਾਰਤ ਜਾਂ ਪਾਕਿਸਤਾਨ 'ਚੋਂ ਕਿਸ ਦੇ ਸਨ ਜਾਂ ਫਿਰ ਉਹ ਦੋਵਾਂ ਮੁਲਕਾਂ ਦੇ ਕੁੱਲ ਨੁਕਸਾਨ ਦੀ ਗੱਲ ਕਰ ਰਹੇ ਸਨ।

ਉਧਰ, ਭਾਰਤ ਇਹ ਦਾਅਵਾ ਕਰਦਾ ਆਇਆ ਹੈ ਕਿ ਦੋਵਾਂ ਮੁਲਕਾਂ (ਭਾਰਤ-ਪਾਕਿਸਤਾਨ) ਨੇ ਆਪਣੀ ਫੌਜੀ ਕਾਰਵਾਈ ਆਪਸੀ ਗੱਲਬਾਤ ਜ਼ਰੀਏ ਰੋਕੀ ਸੀ ਤੇ ਇਸ ਵਿੱਚ ਅਮਰੀਕਾ ਦੀ ਕੋਈ ਵਿਚੋਲਗੀ ਨਹੀਂ ਸੀ। ਟਰੰਪ ਨੇ ਇਹ ਬਿਆਨ ਅਜ਼ਰਬਾਇਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਤੇ ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕੋਲ ਪਾਸ਼ਿਨਯਾਨ ਦੀ ਮੌਜੂਦਗੀ ਵਿਚ ਦਿੱਤਾ। ਇਹ ਤਿੰਨੋਂ ਆਗੂ ਇਕ ਤਿੰਨ-ਧਿਰੀ ਸਮਝੌਤੇ 'ਤੇ ਦਸਤਖਤ ਲਈ ਰੱਖੇ ਸਮਾਗਮ ਵਿਚ ਸ਼ਾਮਲ ਹੋਏ, ਜਿੱਥੇ ਅਮਰੀਕਾ ਦੀ ਵਿਚੋਲਗੀ ਨਾਲ ਇ ਕ

• ਬਾਕੀ ਸਫਾ 2 'ਤੇ

## ਕੈਨੇਡਾ 'ਚ ਨਸ਼ੀਲੇ ਪਦਾਰਥਾਂ ਸਣੇ ਦੋ ਪੰਜਾਬੀ ਗ੍ਰਿਫਤਾਰ

**ਵੈਨਕੂਵਰ** : ਪੀਲ ਪੁਲਸ ਨੇ ਬਰੈਂਪਟਨ ਰਹਿੰਦੇ ਦੋ ਭਾਰਤੀਆਂ ਨੂੰ ਵੱਡੀ ਮਾਤਰਾ ਵਿੱਚ ਮਾਰੂ ਨਸ਼ੇ ਤੇ ਚੋਰੀ ਕੀਤੀਆਂ ਸੈਂਕੜੇ ਆਈਟਮਾਂ ਸਮੇਤ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਸ਼ਨਾਖਤ ਗੁਰਪ੍ਰੀਤ ਮਾਂਗਟ (26) ਅਤੇ ਪਰਵੀਨ ਗਿੱਲ (40) ਵਜੋਂ ਕੀਤੀ ਗਈ ਹੈ।

ਪੁਲਸ ਨੇ ਦੱਸਿਆ ਕਿ ਇੱਕ ਘਰ 'ਚ ਨਸ਼ਿਆਂ ਦੀ ਖੇਪ ਅਤੇ ਚੋਰੀ ਕੀਤਾ ਸਮਾਨ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਅਦਾਲਤ 'ਚੋਂ ਵਰੰਟ ਲੈ ਕੇ ਤਲਾਸ਼ੀ ਕੀਤੀ ਤਾਂ ਉਥੋਂ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਮੈਥਾਫੈਟਮਾਈਨ ਦੀ ਖੇਪ ਬਰਾਮਦ ਹੋਈ, ਜਿਸ ਨੂੰ ਪ੍ਰਚੂਨ ਵਿੱਚ ਬਾਜ਼ਾਰ ਵਿੱਚ ਵੇਚਿਆ ਜਾਣਾ ਸੀ।

ਪੁਲਸ ਨੇ ਨਸ਼ੇ ਅਤੇ ਚੋਰੀ ਕੀਤੇ ਸਮਾਨ ਦੀ ਬਾਜ਼ਾਰੀ ਕੀਮਤ ਦੋ ਲੱਖ ਡਾਲਰ (ਸਵਾ-ਕਰੋੜ ਰੁਪਏ) ਦੇ ਕਰੀਬ ਦੱਸੀ ਹੈ।

ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਫੋਰਟ ਸੇਂਟ ਜੌਹਨ ਪੁਲਸ ਨੇ ਇੱਕ ਘਰ 'ਚੋਂ ਵੱਡੀ ਮਾਤਰਾ ਵਿੱਚ ਨਸ਼ੇ ਬਰਾਮਦ ਕਰਕੇ 42 ਤੇ 49 ਸਾਲਾਂ ਦੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

## ਕਸ਼ਮੀਰ 'ਚ ਪੰਜਾਬ ਦੇ ਦੋ ਜਵਾਨ ਸ਼ਹੀਦ

**ਸ੍ਰੀਨਗਰ/ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਕੁਲਗਾਮ ਜ਼ਿਲ੍ਹੇ ਵਿੱਚ ਦਹਿਸ਼ਤਗਰਦਾਂ ਨਾਲ ਜਾਰੀ ਮੁਕਾਬਲੇ 'ਚ ਸ਼ੁੱਕਰਵਾਰ ਰਾਤ ਦੋ ਜਵਾਨ ਸ਼ਹੀਦ ਤੇ ਦੋ ਜ਼ਖਮੀ ਹੋ ਗਏ। ਸ਼ਹੀਦ ਜਵਾਨਾਂ ਦੀ ਪਛਾਣ ਲਾਂਸ ਨਾਇਕ ਪ੍ਰਿਤਪਾਲ ਸਿੰਘ ਤੇ ਸਿਪਾਹੀ ਹਰਮਿੰਦਰ ਸਿੰਘ ਵਜੋਂ ਦੱਸੀ ਗਈ ਹੈ।

ਕੁਲਗਾਮ ਜ਼ਿਲ੍ਹੇ ਦੇ ਅਖਲ ਜੰਗਲੀ ਇਲਾਕੇ ਵਿੱਚ ਲੁਕੇ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਵਿੱਢਿਆ ਅਪ੍ਰੇਸ਼ਨ ਸਨਿੱਚਰਵਾਰ ਨੌਵੇਂ ਦਿਨ ਵੀ ਜਾਰੀ ਰਿਹਾ। ਹੁਣ ਤੱਕ ਦੋ ਦਹਿਸ਼ਤਗਰਦ ਮਾਰੇ ਗਏ ਹਨ। ਸੁਰੱਖਿਆ ਬਲਾਂ ਨੇ ਜੰਗਲੀ ਖੇਤਰ ਵਿੱਚ ਦਹਿਸ਼ਤਗਰਦਾਂ ਦਾ ਪਤਾ ਲਗਾਉਣ ਲਈ ਡਰੋਨ ਅਤੇ ਹੈਲੀਕਾਪਟਰਾਂ ਨੂੰ ਸੇਵਾ ਵਿੱਚ ਲਗਾਇਆ ਹੈ। ਪੈਰਾ ਕਮਾਂਡੋ ਵੀ ਮਦਦ ਕਰ ਰਹੇ ਹਨ। 26 ਸਾਲਾ ਹਰਮਿੰਦਰ ਸਿੰਘ ਅਮਲੋਹ ਬਲਾਕ ਦੇ ਪਿੰਡ ਬਦੀਨਪੁਰ ਦਾ ਸੀ। ਉਹ ਸਾਢੇ ਸਤਾਰਾਂ ਸਾਲ ਦੀ ਉਮਰ ਵਿੱਚ ਭਰਤੀ ਹੋਇਆ ਸੀ ਤੇ ਉਸ ਦੀ ਦੋ ਸਾਲ ਨੌਕਰੀ ਰਹਿੰਦੀ ਸੀ। ਉਸ ਦਾ ਇੱਕ ਭਰਾ ਅਤੇ ਇੱਕ ਭੈਣ ਹੈ। ਉਸ ਦੇ ਪਿਤਾ ਅਮਲੋਹ-ਖੰਨਾ ਸੜਕ 'ਤੇ ਪੈਂਚਰ ਲਾਉਣ ਦਾ ਕੰਮ ਕਰਦੇ ਹਨ। ਭਰਾ ਗ੍ਰੀਸ 'ਚ ਹੈ।



ਹਰਮਿੰਦਰ ਸਿੰਘ ਤੇ ਪ੍ਰਿਤਪਾਲ ਸਿੰਘ।

ਹਰਬੰਸ ਸਿੰਘ ਦਾ 29 ਸਾਲਾ ਬੇਟਾ ਪ੍ਰਿਤਪਾਲ ਖੰਨਾ ਨੇੜਲੇ ਪਿੰਡ ਮਾਨੂੰਪੁਰ ਦਾ ਸੀ। ਉਸ ਦਾ 24 ਫਰਵਰੀ ਨੂੰ ਵਿਆਹ ਹੋਇਆ ਸੀ। ਉਹ ਆਪਣੇ ਪਿੱਛੇ ਬਜ਼ੁਰਗ ਮਾਤਾ-ਪਿਤਾ, ਦੋ ਭਰਾ ਤੇ ਪਤਨੀ ਮਨਪ੍ਰੀਤ ਕੌਰ ਛੱਡ ਗਿਆ ਹੈ। ਪ੍ਰਿਤਪਾਲ ਦੇ ਚਾਚਾ ਤੇ ਤਾਇਆ ਵੀ ਫੌਜ ਵਿੱਚ ਰਹੇ ਹਨ।

## ਟਰੰਪ-ਪੁਤਿਨ 15 ਨੂੰ ਮਿਲਣਗੇ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਯੂਕਰੇਨ ਸ਼ਾਂਤੀ ਸਮਝੌਤੇ ਉੱਤੇ ਗੱਲਬਾਤ ਕਰਨ ਲਈ 15 ਅਗਸਤ ਨੂੰ ਅਲਾਸਕਾ ਵਿੱਚ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕਰਨਗੇ। ਉਨ੍ਹਾ ਕਿਹਾ ਕਿ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਸਮੇਤ ਦੋਵੇਂ ਧਿਰਾਂ ਜੰਗਬੰਦੀ ਸਮਝੌਤੇ ਦੇ ਨੇੜੇ ਹਨ। ਇਹ ਸਮਝੌਤਾ ਸਾਢੇ ਤਿੰਨ ਸਾਲਾਂ ਦੇ ਸੰਘਰਸ਼ ਨੂੰ ਹੱਲ ਕਰ ਸਕਦਾ ਹੈ, ਜਿਸ ਲਈ ਯੂਕਰੇਨ ਨੂੰ ਮਹੱਤਵਪੂਰਨ ਖੇਤਰ ਛੱਡਣ ਦੀ ਲੋੜ ਹੋ ਸਕਦੀ ਹੈ।

ਪੁਤਿਨ ਚਾਰ ਯੂਕਰੇਨੀ ਖੇਤਰਾਂ—ਲੁਹਾਨਸਕ, ਡੋਨੇਤਸਕ, ਜ਼ਾਪੋਰਿਜ਼ਿਜ਼ੀਆ ਅਤੇ ਖੇਰਸਨ ਦੇ ਨਾਲ-ਨਾਲ ਕਰੀਮੀਆ ਦੇ ਕਾਲੇ ਸਾਗਰ ਪ੍ਰਾਇਦੀਪ ਦਾ ਦਾਅਵਾ ਕਰਦੇ ਹਨ, ਜਿਸ ਨੂੰ ਉਨ੍ਹਾ ਨੇ 2014 ਵਿੱਚ ਆਪਣੇ ਨਾਲ ਮਿਲਾ ਲਿਆ ਸੀ। ਉਨ੍ਹਾਂ ਦੀਆਂ ਫੌਜਾਂ ਇਨ੍ਹਾਂ ਚਾਰ ਖੇਤਰਾਂ ਦੇ ਇਲਾਕਿਆਂ 'ਤੇ ਪੂਰੀ ਤਰ੍ਹਾਂ ਕੰਟਰੋਲ ਨਹੀਂ ਕਰਦੀਆਂ।

## ਪਾਕਿਸਤਾਨ ਦੇ ਪੰਜ ਲੜਾਕੇ ਤੇ ਇੱਕ ਜਾਸੂਸੀ ਜਹਾਜ਼ ਫੁੰਡਿਆ : ਏਅਰ ਚੀਫ



**ਬੇਂਗਲੁਰੂ** : ਹਵਾਈ ਸੈਨਾ ਮੁਖੀ ਏ ਪੀ ਸਿੰਘ ਨੇ ਸਨਿੱਚਰਵਾਰ ਇੰਕਸ਼ਾਫ ਕੀਤਾ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਦੇ ਪੰਜ ਲੜਾਕੂ ਤੇ ਇੱਕ ਵੱਡਾ ਜਹਾਜ਼ ਤਬਾਹ ਕੀਤਾ ਗਿਆ। ਇੱਥੇ ਏਅਰ ਮਾਰਸ਼ਲ ਕਾਤਰੇ ਸਾਲਾਨਾ ਲੈਕਚਰ ਦੌਰਾਨ ਉਨ੍ਹਾ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੇ ਗਏ ਹਮਲਿਆਂ ਨੂੰ ਰੋਕਣ 'ਚ ਰੂਸੀ ਐੱਸ-400 ਏਅਰ ਡਿਫੈਂਸ ਸਿਸਟਮ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਪਾਕਿਸਤਾਨ ਦਾ ਜਿਹੜਾ ਵੱਡਾ ਜਹਾਜ਼ ਡੇਗਿਆ ਗਿਆ, ਉਹ ਇੱਕ ਏਅਰਬੋਰਨ ਵਾਰਨਿੰਗ ਅਤੇ ਕੰਟਰੋਲ ਸਿਸਟਮ ਸੀ।

ਉਨ੍ਹਾ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦੇ ਹੈੱਡ ਕੁਆਰਟਰ ਉੱਤੇ ਹਮਲੇ ਤੋਂ ਪਹਿਲਾਂ ਤੇ ਬਾਅਦ ਦੀਆਂ ਤਸਵੀਰਾਂ ਵੀ ਦਿਖਾਈਆਂ। ਹੈੱਡਕੁਆਰਟਰ ਤਾਂ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ, ਪਰ ਨਾਲ ਦੀਆਂ ਇਮਾਰਤਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ।

## ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਐਂਟੀ-ਡਰੋਨ ਪ੍ਰਣਾਲੀ 'ਬਾਜ਼ ਅੱਖ' ਦੀ ਸ਼ੁਰੂਆਤ



**ਤਰਨ ਤਾਰਨ** : ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਲੀਹੋਂ ਹਟਵੀਂ ਪਹਿਲਕਦਮੀ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਨਿੱਚਰਵਾਰ 'ਬਾਜ਼ ਅੱਖ' ਐਂਟੀ-ਡਰੋਨ ਪ੍ਰਣਾਲੀ (ਏ ਡੀ ਐੱਸ ) ਨੂੰ ਹਰੀ ਝੰਡੀ ਦਿਖਾਈ, ਜਿਸ ਤੋਂ ਬਾਅਦ ਪੰਜਾਬ ਅੰਤਰਰਾਸ਼ਟਰੀ ਸਰਹੱਦ 'ਤੇ ਇਸ ਪ੍ਰਣਾਲੀ ਨੂੰ ਤਾਇਨਾਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ।ਮੀਡੀਆ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਇਸ ਪਹਿਲ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਇੱਕ ਹੋਰ ਸ਼ਾਨਦਾਰ ਅਧਿਆਇ ਜੁੜ ਗਿਆ ਹੈ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਸੀ, ਜਿਸ ਕਾਰਨ ਇਸ ਸਰਾਪ ਨੇ ਸੂਬੇ ਵਿੱਚ ਆਪਣੇ ਪੈਰ ਪਸਾਰੇ। ਕੇਜਰੀਵਾਲ ਨੇ ਕਿਹਾ ਕਿ 'ਆਪ' ਦੀ ਸਰਕਾਰ ਨੇ ਨਸ਼ਿਆਂ ਵਿਰੁੱਧ ਵੱਡੀ ਜੰਗ ਛੇੜੀ ਹੈ ਅਤੇ ਇਸ ਕਾਰੋਬਾਰ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ।ਇਸ ਦੌਰਾਨ ਮੁੱਖ

• ਬਾਕੀ ਸਫਾ 2 'ਤੇ

## ਖਹਿਰਾ ਦਾ ਸਾਬਕਾ ਪੀ ਐੱਸ ਓ ਜੋਗਾ ਸਿੰਘ ਗ੍ਰਿਫਤਾਰ

**ਚੰਡੀਗੜ੍ਹ** : ਪੰਜਾਬ ਪੁਲਸ ਨੇ ਨਸ਼ਾ ਤਸਕਰੀ ਦੇ ਇੱਕ ਕੇਸ ਵਿੱਚ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਸਾਬਕਾ ਪੀ ਐੱਸ ਓ ਜੋਗਾ ਸਿੰਘ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਹੈ। ਉਹ 10 ਸਾਲਾਂ ਤੋਂ ਫਰਾਰ ਸੀ। ਇਹ ਮਾਮਲਾ 2015 ਦਾ ਹੈ, ਜਦੋਂ ਫਾਜ਼ਿਲਕਾ ਪੁਲਸ ਨੇ ਸਾਬਕਾ ਚੇਅਰਮੈਨ ਗੁਰਦੇਵ ਸਿੰਘ ਸਮੇਤ 9 ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ। ਉਸ ਸਮੇਂ ਉਨ੍ਹਾਂ ਕੋਲੋਂ 2 ਕਿੱਲੋ ਹੈਰੋਇਨ, 24 ਸੋਨੇ ਦੇ ਬਿਸਕੁਟ ਅਤੇ 2 ਪਾਕਿਸਤਾਨੀ ਸਿਮ ਕਾਰਡ ਬਰਾਮਦ ਹੋਏ ਸਨ। ਇਸੇ ਕੇਸ ਵਿੱਚ ਜੋਗਾ ਸਿੰਘ ਦਾ ਨਾਂਅ ਵੀ ਸਾਹਮਣੇ ਆਇਆ ਸੀ। ਖਹਿਰਾ ਦਾ ਨਾਂਅ ਵੀ ਆਇਆ ਸੀ, ਜੋ ਇਸ ਸਮੇਂ ਹਾਈ ਕੋਰਟ ਤੋਂ ਜ਼ਮਾਨਤ 'ਤੇ ਬਾਹਰ ਹਨ।

## ਦੇਸ਼-ਦੁਨੀਆ ਦੇ ਭਖਦੇ ਮੁੱਦਿਆਂ 'ਤੇ ਕੇਂਦਰਤ ਹੋਏਗਾ ਗੁਲਾਬ ਕੌਰ ਨੂੰ ਸਮਰਪਤ 'ਮੇਲਾ ਗ਼ਦਰੀ ਬਾਬਿਆਂ ਦਾ'

• ਗ਼ਦਰੀ ਝੰਡਾ ਲਹਿਰਾਉਣਗੇ ਕਮੇਟੀ ਮੈਂਬਰ ਦਰਸ਼ਨ ਖਟਕੜ • 30 ਅਕਤੂਬਰ ਤੋਂ 2 ਨਵੰਬਰ ਸਰਘੀ ਵੇਲੇ ਤੱਕ ਚੱਲੇਗਾ ਮੇਲਾ



**ਜਲੰਧਰ (ਕੇਸਰ)**-30, 31 ਅਕਤੂਬਰ ਅਤੇ ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਹੋਣ ਵਾਲਾ 34ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਸਾਮਰਾਜ, ਫਾਸ਼ੀਵਾਦ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਆਦਿਵਾਸੀਆਂ ਦੇ ਕਤਲੇਆਮ, ਉਜਾੜੇ, ਕੁਦਰਤੀ ਖਣਿਜ ਪਦਾਰਥਾਂ ਉਪਰ ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ ਦਾ ਧਾਵਾ, ਲੈਂਡ ਪੂਲਿੰਗ ਨੀਤੀ, ਔਰਤਾਂ ਦੀ ਸਮਾਜਕ ਬਰਾਬਰੀ, ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਆਜ਼ਾਦ, ਖੁਸ਼ਹਾਲ ਨਵਾਂ ਨਰੋਆ ਸਮਾਜ ਸਿਰਜਣ ਲਈ ਲੋਕ ਸੰਗਰਾਮ ਜਾਰੀ ਰੱਖਣ ਦਾ ਪੈਗ਼ਾਮ ਦੇਣ ਨੂੰ ਪ੍ਰਣਾਇਆ ਹੋਏਗਾ। ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਮਰਪਤ ਇਸ ਮੇਲੇ ਦੇ ਸਿਖਰਲੇ ਦਿਨ ਪਹਿਲੀ ਨਵੰਬਰ ਸਵੇਰੇ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦਰਸ਼ਨ ਖਟਕੜ ਅਦਾ ਕਰਨਗੇ। ਇਸ ਉਪਰੰਤ ਦਰਜਨਾਂ ਕਲਾਕਾਰਾਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਰਕਸ਼ਾਪ ਲਗਾ ਕੇ ਤਿਆਰ ਕੀਤਾ ਓਪੇਰਾ ਰੂਪੀ ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ 'ਖਿੜਦੇ ਰਹਿਣਗੇ ਗ਼ਦਰੀ ਗੁਲਾਬ' ਹੋਏਗਾ।

ਸਾਰਾ ਦਿਨ ਗੀਤ-ਸੰਗੀਤ, ਵਿਚਾਰ-ਚਰਚਾ, ਭਖ਼ਦੇ ਮਸਲਿਆਂ 'ਤੇ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਚੌਧਰ ਜੰਗ ਆ ਲੜਦੇ ਕਈ ਕਾਂਗਰਸੀਏ,
ਸਭ ਨੂੰ ਦਿੱਸ ਰਿਹਾ ਸਾਲ ਸਤਾਈ ਮੀਆਂ।
ਜਿਹੜਾ ਹੋਇਆ ਪ੍ਰਧਾਨ ਉਹ ਹੋਊ ਅੱਗੇ,
ਚੱਲੀ ਰੀਤ ਇਹ ਚਿਰਾਂ ਦੀ ਆਈ ਮੀਆਂ।
ਸੁਫਨਾ ਸੱਤਾ ਦਾ ਕਦੇ ਜਦ ਆਉਣ ਲੱਗੇ,
ਉਹੀਉ ਕਰਦਾ ਈ ਯਾਰ ਸ਼ੁਦਾਈ ਮੀਆਂ।
ਹਰ ਕੋਈ ਲੋੜੇ ਕਿ ਮੇਰੇ ਨਾਲ ਹੋਣ ਸਾਰੇ,
ਹੁੰਦੀ ਕਈਆਂ ਨਾਲ ਗੱਲ ਚਲਾਈ ਮੀਆਂ।
ਆਪਸ ਵਿੱਚ ਨਹੀਂ ਕੋਈ ਵਿਸ਼ਵਾਸ ਏਥੇ,
ਸਾਰੇ ਰੁੱਝੇ ਪਏ ਠਿੱਬੀਆਂ ਲਾਉਣ ਮੀਆਂ।
ਬੈਠ ਗਏ ਤਿੰਨ ਤੇ ਚੌਥੇ ਲਈ ਗੱਲ ਹੋਵੇ,
ਉਹਨੂੰ ਰੋਕਣ ਨੂੰ ਬਿੱਧ ਬਣਾਉਣ ਮੀਆਂ।

-ਤੀਸ ਮਾਰ ਖਾਂ

## ਸ਼ਾਹ ਦੱਸਣ, ਧਨਖੜ ਕਿੱਥੇ ਨੇ : ਸਿੱਬਲ



**ਨਵੀਂ ਦਿੱਲੀ** : 21 ਜੁਲਾਈ ਨੂੰ ਸਿਹਤ ਠੀਕ ਨਾ ਹੋਣ ਦਾ ਕਾਰਨ ਦੱਸ ਕੇ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਜਗਦੀਪ ਧਨਖੜ ਬਾਰੇ ਕੋਈ ਜਾਣਕਾਰੀ ਨਾ ਮਿਲਣ 'ਤੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਹੈਰਾਨੀ ਜ਼ਾਹਰ ਕੀਤੀ ਹੈ। ਉਨ੍ਹਾ ਸਨਿੱਚਰਵਾਰ ਸਵੇਰੇ ਐੱਕਸ 'ਤੇ ਪੋਸਟ ਪਾ ਕੇ ਲਿਖਿਆ—ਉਪ ਰਾਸ਼ਟਰਪਤੀ ਜਗਦੀਪ ਧਨਖੜ, ਕੀ ਸਾਨੂੰ ਦੱਸਿਆ ਜਾ ਸਕਦਾ ਹੈ, ਉਹ ਕਿੱਥੇ ਹਨ? ਕੀ ਉਹ ਸਲਾਮਤ ਹਨ? ਉਨ੍ਹਾ ਨਾਲ ਸੰਪਰਕ ਕਿਉਂ ਨਹੀਂ ਹੋ ਪਾ ਰਿਹੈ? ਅਮਿਤ ਸ਼ਾਹ ਜੀ ਨੂੰ ਪਤਾ ਹੋਣਾ ਚਾਹੀਦੈ! ਉਹ ਸਾਡੇ ਉਪ ਰਾਸ਼ਟਰਪਤੀ ਸਨ; ਦੇਸ਼ ਨੂੰ ਚਿੰਤਾ ਹੋਣੀ ਚਾਹੀਦੀ।

ਸਿੱਬਲ ਨੇ ਅੱਗੇ ਲਿਖਿਆ ਹੈ—ਉਨ੍ਹਾ ਦੇ ਅਸਤੀਫੇ ਦੇ ਬਾਅਦ ਸਾਨੂੰ ਉਨ੍ਹਾ ਦੇ ਟਿਕਾਣੇ ਬਾਰੇ ਕੁਝ ਨਹੀਂ ਪਤਾ। ਮੈਂ ਪਹਿਲਾਂ 'ਲਾਪਤਾ ਲੇਡੀਜ਼' ਬਾਰੇ ਸੁਣਿਆ ਸੀ, ਪਰ 'ਲਾਪਤਾ' ਉਪ ਰਾਸ਼ਟਰਪਤੀ ਬਾਰੇ ਪਹਿਲੀ ਵਾਰ ਸੁਣਿਆ ਹੈ। ਇੰਜ ਲੱਗਦਾ ਹੈ ਕਿ ਆਪੋਜ਼ੀਸ਼ਨ ਨੂੰ ਉਨ੍ਹਾ ਨੂੰ ਬਚਾਉਣਾ ਪੈਣਾ। ਮੈਂ ਪਹਿਲਾਂ ਉਨ੍ਹਾ ਨੂੰ ਫੋਨ ਕੀਤਾ ਸੀ, ਉਨ੍ਹਾ ਦੇ ਪੀ ਏ ਨੇ ਫੋਨ ਚੁੱਕਿਆ ਤੇ ਕਿਹਾ ਕਿ ਉਹ ਆਰਾਮ ਕਰ ਰਹੇ ਹਨ। ਇਸ ਦੇ ਬਾਅਦ ਕੋਈ ਵੀ ਫੋਨ ਦਾ ਜਵਾਬ ਨਹੀਂ ਦੇ ਰਿਹਾ। ਕਈ ਆਗੂਆਂ ਨੇ ਇਹ ਵੀ ਕਿਹਾ ਕਿ ਉਹ ਫੋਨ ਦਾ ਜਵਾਬ ਨਹੀਂ ਦੇ ਰਹੇ ਹਨ। ਤਾਂ ਅਸੀਂ ਕੀ ਕਰੀਏ? ਕੀ ਸਾਨੂੰ ਬੰਦੀ ਪ੍ਰਤੱਖੀਕਰਨ ਅਰਜ਼ੀ ਜਾਂ ਕੋਈ ਹੋਰ ਅਰਜ਼ੀ ਦੇਣੀ ਚਾਹੀਦੀ ਹੈ। ਗ੍ਰਹਿ ਮੰਤਰਾਲੇ ਕੋਲ ਉਨ੍ਹਾ ਬਾਰੇ ਜਾਣਕਾਰੀ ਹੋਵੇਗੀ, ਇਸ ਲਈ ਅਮਿਤ ਸ਼ਾਹ ਨੂੰ ਇਸ ਬਾਰੇ ਬਿਆਨ ਜਾਰੀ ਕਰਨਾ ਚਾਹੀਦਾ ਹੈ। ਮੈਨੂੰ ਉਨ੍ਹਾ ਦੀ ਚਿੰਤਾ ਹੈ।



10-AUG-PAGE-1.qxd 8/9/2025 9:56 PM Page 2



## ਦਸਮੇਸ਼ ਗਲੋਰੀਅਸ ਪਬਲਿਕ ਸਕੂਲ 'ਚ ਮਨਾਇਆ ਰੱਖੜੀ ਦਾ ਤਿਉਹਾਰ



**ਕੋਟਕਪੂਰਾ (ਗੁਰਮੀਤ ਭੁੱਲਰ)**- ਦਸਮੇਸ਼ ਗਲੋਰੀਅਸ ਪਬਲਿਕ ਸਕੂਲ, ਹਰੀ ਨੌ ਵਿਖੇ ਰੱਖੜੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ।ਸਵੇਰ ਦੀ ਅਸੈਂਬਲੀ ਵਿੱਚ ਵਿਦਿਆਰਥੀਆ ਨੇ ਰੱਖੜੀ ਦੇ ਦਿਨ ਦੀ ਮਹਾਨਤਾ ਨੂੰ ਦੱਸਿਆ।Nursery, LKG, ਤੇ UKG ਦੇ ਵਿਦਿਆਰਥੀਆ ਨੇ ਰੱਖੜੀ ਦੇ ਤਿਉਹਾਰ ਤੇ ਕਵਿਤਾਵਾਂ ਪੇਸ਼ ਕੀਤੀਆਂ।ਸਕੂਲ ਦੀਆਂ ਸਾਰੀਆ ਲੜਕੀਆਂ ਨੇ ਲੜਕਿਆਂ ਨੂੰ ਰੱਖੜੀ ਬੰਨ੍ਹੀ।ਰੱਖੜੀ ਦੇ ਸੰਬੰਧ ਵਿੱਚ ਵੱਖ ਸਮਾਗਮ ਵਿੱਚ ਵਿਦਿਆਰਥੀਆਂ ਨੇ ਡਾਂਸ ਪੇਸ਼ ਕੀਤਾ।ਨਰਸਰੀ ਦੇ ਵਿਦਿਆਰਥੀਆਂ ਨੇ ਆਪਣੀ ਜਮਾਤ ਦੇ ਅਧਿਆਪਕ ਨਾਲ ਡਾਂਸ ਕੀਤਾ।ਪਹਿਲੀ ਤੋਂ ਛੇਵੀ ਜਮਾਤ ਦੇ ਵਿਦਿਆਰਥੀਆਂ ਵਿੱਚ ਥਾਲੀ ਸਜਾਵਟ ਤੇ ਰਾਖੀ ਮੇਕਿੰਗ ਦੀ ਪ੍ਰਤੀਯੋਗਤਾ ਕਰਾਈ ਗਈ।ਥਾਲੀ ਸਜਾਵਟ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪੰਜਵੀਂ ਜਮਾਤ ਦੇ ਵਿਦਿਆਰਥੀ ਦਿਲਜੀਤ ਸਿੰਘ ਤੇ ਰਾਖੀ ਮੇਕਿੰਗ ਦੀ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਚੌਥੀ ਜਮਾਤ ਦੀ ਵਿਦਿਆਰਥਣ ਏਕਮਜੀਤ ਕੌਰ ਨੇ ਹਾਸਲ ਕੀਤਾ।ਸਕੂਲ ਅਧਿਆਪਕਾਂ ਨੇ ਵੀ ਇੱਕ-ਦੂਜੇ ਦੇ ਰੱਖੜੀ ਬੰਨ੍ਹ ਕੇ ਰੱਖੜੀ ਦਾ ਤਿਉਹਾਰ ਮਨਾਇਆ।ਸਕੂਲ ਦੇ ਐਮ.ਡੀ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੁਬੀਨਾ ਧੀਰ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੇ ਬਾਰੇ ਦੱਸਿਆ ਤੇ ਸਾਰਿਆਂ ਨੂੰ ਰੱਖੜੀ ਦੇ ਤਿਉਹਾਰ ਦੀ ਵਧਾਈ ਦਿੱਤੀ।

## ਉਮੰਗ ਸੰਸਥਾ ਵੱਲੋਂ ਸਾਈਬਰ ਸੁਰੱਖਿਆ ਸੰਬੰਧੀ 42ਵਾਂ ਸੈਮੀਨਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਉਮੰਗ ਵੈਲਫੇਅਰ ਫਾਊਂਡੇਸ਼ਨ ਵੱਲੋਂ ਪੰਜਾਬ ਸਟੇਟ ਏਰੋਨੋਟੀਕਲ ਇੰਜਨੀਅਰਿੰਗ ਕਾਲਜ, ਸੰਗਰੂਰ ਰੋਡ ਵਿਖੇ ਪ੍ਰਧਾਨ ਅਰਵਿੰਦਰ ਸਿੰਘ ਦੀ ਅਗਵਾਈ ਹੇਠ 42ਵਾਂ ਸਾਈਬਰ ਸੁਰੱਖਿਆ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਕਾਲਜ ਦੇ ਡਾਇਰੈਕਟਰ ਡਾ. ਬਲਰਾਜ ਸਿੰਘ, ਡਾ. ਅੰਜੂ ਸ਼ਰਮਾ ਅਕਾਦਮਿਕ ਇੰਚਾਰਜ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਲੀਗਲ ਐਡਵਾਈਜ਼ਰ ਐਡਵੋਕੇਟ ਯੋਗੇਸ਼ ਪਾਠਕ ਨੇ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਸੰਬੰਧੀ ਨੁਕਤੇ ਸਾਂਝੇ ਕੀਤੇ ਤੇ ਕਿਹਾ ਕਿ ਡਿਜੀਟਲ, ਇੰਟਰਨੈੱਟ, ਸੋਸ਼ਲ ਮੀਡੀਆ ਦੇ ਵਧਦੇ ਪ੍ਰਚਲਨ ਨਾਲ ਜਿੱਥੇ ਸਾਡੀ ਜ਼ਿੰਦਗੀ ਆਸਾਨ ਹੋਈ ਹੈ, ਉਥੇ ਸਾਈਬਰ ਕ੍ਰਾਈਮ ਦੇ ਖ਼ਤਰੇ ਵੀ ਕਈ ਗੁਣਾ ਵਧ ਗਏ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਆਨਲਾਈਨ ਸੁਰੱਖਿਅਤ ਰਹਿਣ, ਮਜ਼ਬੂਤ ਪਾਸਵਰਡ ਬਣਾਉਣ, ਅਣਜਾਣ ਲਿੰਕਾਂ 'ਤੇ ਕਲਿੱਕ ਨਾ ਕਰਨ, ਆਪਣੇ ਨਿੱਜੀ ਡਾਟੇ ਨੂੰ ਸੁਰੱਖਿਅਤ ਰੱਖਣ, ਸਾਈਬਰ ਠੱਗੀ ਦੇ ਨਵੇਂ ਤਰੀਕਿਆਂ ਤੋਂ ਸਾਵਧਾਨ ਰਹਿਣ ਤੋਂ ਜਾਣੂ ਕਰਵਾਇਆ।ਸੈਮੀਨਾਰ ਉਪਰੰਤ ਪ੍ਰਧਾਨ ਅਰਵਿੰਦਰ ਸਿੰਘ ਨੇ ਕਿਹਾ ਕਿ ਉਮੰਗ ਵੈਲਫੇਅਰ ਫਾਊਂਡੇਸ਼ਨ ਦਾ ਮੰਤਵ ਸਿਰਫ ਸਾਈਬਰ ਸੁਰੱਖਿਆ ਤੱਕ ਸੀਮਤ ਨਹੀਂ ਹੈ, ਬਲਕਿ ਨੌਜਵਾਨ ਵਰਗ ਸਾਈਬਰ ਜਗਤ ਵਿੱਚ ਸੁਰੱਖਿਅਤ ਤੇ ਸਸ਼ਕਤ ਬਣਾਉਣਾ ਹੈ। ਇਸ ਲਈ ਉਨ੍ਹਾਂ ਨੂੰ ਇਸ ਖੇਤਰ ਦੀ ਪੂਰੀ ਜਾਣਕਾਰੀ ਹੋਣੀ ਲਾਜ਼ਮੀ ਹੈ।ਉਨ੍ਹਾਂ ਹੋਰਨਾਂ ਸਕੂਲਾਂ ਤੇ ਕਾਲਜਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਤਰ੍ਹਾਂ ਦੇ ਸੈਮੀਨਾਰ ਕਰਵਾਉਣ ਲਈ ਅੱਗੇ ਆਉਣ।ਕਾਲਜ ਦੇ ਡਾਇਰੈਕਟਰ ਬਲਰਾਜ ਸਿੰਘ ਨੇ ਸੈਮੀਨਾਰ ਦੇ ਅੰਤ 'ਚ ਕਿਹਾ ਕਿ ਸਾਈਬਰ ਸੁਰੱਖਿਆ ਇੱਕ ਲਗਾਤਾਰ ਸਿੱਖਣ ਵਾਲਾ ਵਿਸ਼ਾ ਹੈ, ਕਿਉਂਕਿ ਸਾਈਬਰ ਕ੍ਰਿਮੀਨਲ ਹਰ ਰੋਜ਼ ਨਵੇਂ ਤਰੀਕੇ ਵਿਕਸਤ ਕਰ ਰਹੇ ਹਨ।

## ਸਾਉਣੀ ਦੀਆਂ ਫ਼ਸਲਾਂ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ



**ਬਠਿੰਡਾ (ਬਖਤੌਰ ਢਿੱਲੋਂ)**-ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ. ਜਗਦੀਸ਼ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਬਲਜਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਬਲਾਕ ਬਠਿੰਡਾ ਦੇ ਪਿੰਡ ਨਰੂਆਣਾ ਵਿਖੇ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾ. ਦਵਿੰਦਰ ਸਿੰਘ ਨੇ ਕਿਸਾਨਾਂ ਨੂੰ ਨਰਮੇ ਦੀ ਫ਼ਸਲ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਸਮੇਂ ਨਰਮੇ ਦੀ ਫ਼ਸਲ ਨੂੰ ਪੂਰੀ ਦੇਖਭਾਲ ਕਰਨ ਦੀ ਲੋੜ ਹੈ, ਜਿਸ ਵਿੱਚ ਡਾ. ਦੱਸਿਆ ਕਿ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕੀਤਾ ਜਾਵੇ ਤੇ ਜੇਕਰ ਕਿਸੇ ਵੀ ਕੀਟ ਦਾ ਹਮਲਾ ਆਰਥਿਕ ਕਗਾਰ ਤੋਂ ਉੱਪਰ ਜਾਂਦਾ ਹੈ ਤਾਂ ਖੇਤੀਬਾੜੀ ਮਾਹਰਾਂ ਅਨੁਸਾਰ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ ਜਾਵੇ। ਕੈਂਪ ਵਿੱਚ ਸੀ.ਆਈ.ਪੀ.ਐੱਮ.ਸੀ. ਜਲੰਧਰ ਤੋਂ ਵਿਸ਼ੇਸ਼ ਤੌਰ 'ਤੇ ਮਾਹਰਾਂ ਨੇ ਭਾਗ ਲਿਆ ਗਿਆ ਤੇ ਡਾ. ਚੰਦਰਭਾਨ ਵੱਲੋਂ ਕਿਸਾਨਾਂ ਨੂੰ ਨਰਮੇ ਦੀ ਫ਼ਸਲ ਦੇ ਕੀੜੇ-ਮਕੌੜਿਆਂ ਤੇ ਮਿੱਤਰ ਕੀੜਿਆਂ ਦੀ ਪਹਿਚਾਣ ਕਰਨ ਸੰਬੰਧੀ ਤੇ ਰੋਕਥਾਮ ਸੰਬੰਧੀ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਨਰਮੇ ਦੀ ਫ਼ਸਲ ਵਿੱਚ ਫੈਰੋਮੈਨ ਟ੍ਰੈਪ (ਗੁਲਾਬੀ ਸੁੰਡੀ ਲਈ), ਪੀਲੇ ਸਟਿਕੀ ਕਾਰਡ (ਚਿੱਟੇ ਮੱਛਰ ਲਈ) ਤੇ ਨੀਲੇ ਸਟਿਕੀ ਕਾਰਡ (ਭੂਰੀ ਜੂੰ ਲਈ) ਦੀ ਵਰਤੋਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ।ਇਸ ਉਪਰੰਤ ਡਾ. ਅੰਕਿਤ ਚੌਧਰੀ ਨੇ ਬੀਜ ਸੋਧਣ ਪ੍ਰੀਕਿਰਿਆ ਤੇ ਆਉਣ ਵਾਲੇ ਦਿਨਾਂ ਵਿੱਚ ਮੌਸਮ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਉਂਤਬੰਦੀ ਬਣਾਉਣ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਕੈਂਪ ਉਪਰੰਤ ਹਾਜ਼ਰ ਕਿਸਾਨਾਂ ਨੂੰ ਨਾਲ ਲੈਂਦਿਆਂ ਪਿੰਡ ਜੋਧਪੁਰ ਰੋਮਾਣਾ, ਬੀੜ ਤਲਾਬ ਦੇ ਖੇਤਾਂ ਦਾ ਦੌਰਾ ਕੀਤਾ ਗਿਆ, ਜਿਸ ਵਿੱਚ ਮੌਕੇ 'ਤੇ ਕੀਟ ਸਰਵੇਖਣ ਕੀਤਾ ਤੇ ਗੁਲਾਬੀ ਸੁੰਡੀ ਦੇ ਨਰੀਖਣ ਕਰਨ ਲਈ ਫਿਰੋਮੈਨ ਟ੍ਰੈਪ ਤੇ ਪੀਲੇ ਅਤੇ ਨੀਲੇ ਰੰਗ ਦੇ ਸਟਿਕੀ ਕਾਰਡ ਵੀ ਲਗਾਏ ਗਏ।ਇਸ ਮੌਕੇ ਖੇਤੀਬਾੜੀ ਵਿਭਾਗ ਤੋਂ ਸ੍ਰੀ ਜਗਮੀਰ ਸਿੰਘ ਏ.ਟੀ.ਐੱਮ. ਬਠਿੰਡਾ ਵੱਲੋਂ ਆਏ ਹੋਏ ਕਿਸਾਨਾਂ ਦੀ ਹਾਜ਼ਰੀ ਲਗਾਈ ਗਈ ਤੇ ਸ੍ਰੀ ਸੁਰਿੰਦਰ ਸਿੰਘ ਵੱਲੋਂ ਲਿਟਰੇਚਰ ਦੀ ਵੰਡ ਕੀਤੀ ਗਈ।

## ਹੋਲੀ ਹਾਰਟ ਸਕੂਲ 'ਚ ਮਾਪੇ-ਅਧਿਆਪਕ ਮੀਟਿੰਗ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਰਸਰੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਮਾਪੇ-ਅਧਿਆਪਕ ਮਿਲਣੀ ਸਮਾਗਮ ਰੱਖਿਆ ਗਿਆ। ਯੂਨਿਟ 1 ਦੀਆਂ ਪ੍ਰੀਖਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ।ਇਸ ਮੀਟਿੰਗ ਦਾ ਮੁੱਖ ਆਦੇਸ਼ ਬੱਚਿਆਂ ਦੀ ਅਕਾਦਮਿਕ ਪ੍ਰਗਤੀ ਯੂਨਿਟ 1 ਦੇ ਪੇਪਰਾਂ ਦੀ ਤਿਆਰੀ ਅਤੇ ਉਨ੍ਹਾਂ ਦੀ ਪੜ੍ਹਾਈ ਸੰਬੰਧੀ ਚਰਚਾ ਕਰਨੀ ਸੀ।ਅਧਿਆਪਕਾਂ ਦੌਰਾਨ ਹਰ ਵਿਦਿਆਰਥੀ ਦੀ ਵਿਅਕਤੀਗਤ ਪ੍ਰਦਰਸ਼ਨ, ਕਲਾਸ ਵਿੱਚ ਵਿਵਹਾਰ ਅਤੇ ਪੇਪਰਾਂ ਦੀ ਤਿਆਰੀ ਬਾਰੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਗਈ।ਮਾਪਿਆਂ ਨੇ ਅਧਿਆਪਕ ਨਾਲ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ ਅਤੇ ਬੱਚੇ ਦੇ ਭਵਿੱਖ ਨੂੰ ਲੈ ਕੇ ਸੁਝਾਅ ਦਿੱਤੇ।ਅਧਿਆਪਕ ਦੁਆਰਾ ਮਾਪਿਆਂ ਨੂੰ ਹਰ ਰੋਜ਼ ਟੈਸਟ ਹੁੰਦੇ ਹਨ, ਉਹਨਾਂ ਦੇ ਬਾਰੇ ਜਾਣਕਾਰੀ ਦਿੱਤੀ ਗਈ।ਇਸ ਦੇ ਨਾਲ ਹੀ ਬੱਚਿਆਂ ਦੇ ਮਾਪਿਆਂ ਨੂੰ ਡੇਟਸ਼ੀਟ ਦੀ ਵੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਵੀ ਮਾਪਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੀਟਿੰਗ ਨੇ ਸਕੂਲ, ਮਾਪੇ ਅਤੇ ਬੱਚਿਆਂ ਵਿਚਕਾਰ ਇੱਕ ਮਜ਼ਬੂਤ ਭਰੋਸੇ ਵਾਲਾ ਸੰਬੰਧ ਬਣਾਉਣ ਵਿੱਚ ਮਦਦ ਕੀਤੀ।

## ਜ਼ਿਲ੍ਹੇ 'ਚ ਧੂਮਧਾਮ ਨਾਲ ਮਨਾਇਆ ਰੱਖੜੀ ਦਾ ਤਿਉਹਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਰਾ-ਭੈਣ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਸ਼ਨੀਵਾਰ ਨੂੰ ਜ਼ਿਲ੍ਹੇ ਵਿੱਚ ਧੂਮਧਾਮ ਨਾਲ ਮਨਾਇਆ ਗਿਆ।ਰੱਖੜੀ ਦੇ ਤਿਉਹਾਰ ਨੂੰ ਲੈ ਕੇ ਭਰਾਵਾਂ ਅਤੇ ਭੈਣਾਂ ਵਿੱਚ ਕਾਫ਼ੀ ਉਤਸ਼ਾਹ ਨਜ਼ਰ ਆ ਰਿਹਾ ਸੀ।ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀਆਂ ਅਤੇ ਰੱਖਿਆ ਸੂਤਰ ਬੰਨ੍ਹੇ ਤੇ ਆਪਣੇ ਭਰਾਵਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ।ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਤੋਹਫ਼ੇ ਭੇਟ ਕੀਤੇ ਅਤੇ ਜ਼ਿੰਦਗੀ ਭਰ ਉਨ੍ਹਾਂ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ।ਰੱਖੜੀ ਨੂੰ ਲੈ ਕੇ ਛੋਟੇ ਬੱਚਿਆਂ ਵਿੱਚ ਬਹੁਤ ਉਤਸ਼ਾਹ ਸੀ।ਬੱਚਿਆਂ ਦੇ ਹੱਥਾਂ 'ਤੇ ਵੱਖ-ਵੱਖ ਤਰ੍ਹਾਂ ਦੀਆਂ ਦਿਲ-ਖਿੱਚ ਰੱਖੜੀਆਂ ਬੰਨ੍ਹੀਆਂ ਹੋਈਆਂ ਦਿਖਾਈ ਦਿੱਤੀਆਂ।ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀਆਂ ਬੰਨ੍ਹਣ ਲਈ ਬਾਜ਼ਾਰ ਵਿੱਚ ਆਉਂਦੀਆਂ-ਜਾਂਦੀਆਂ ਦਿਖਾਈ ਦੇ ਰਹੀਆਂ ਸਨ।ਰੱਖੜੀ ਦੇ ਤਿਉਹਾਰ ਮੌਕੇ ਮੰਦਰਾਂ ਅਤੇ ਗਊਸ਼ਾਲਾਵਾਂ ਵਿੱਚ ਵੀ ਤਿਉਹਾਰ ਵਾਲਾ ਮਾਹੌਲ ਸੀ।ਬਾਜ਼ਾਰ ਵਿੱਚ ਵੀ ਰੱਖੜੀ 'ਤੇ ਮਿਠਾਈਆਂ ਅਤੇ ਰੱਖੜੀ ਦੀਆਂ ਦੁਕਾਨਾਂ 'ਤ ਭਾਰੀ ਭੀੜ ਸੀ।



**ਪਿੰਡ ਮਾਛੀਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਛੋਟੇ-ਛੋਟੇ ਬੱਚਿਆਂ ਵੱਲੋਂ ਧੀਆਂ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਛੋਟੇ-ਛੋਟੇ ਬੱਚਿਆਂ ਵੱਲੋਂ ਬੋਲੀਆਂ ਪਾ ਕੇ ਪੁਰਾਣੇ ਸੱਭਿਆਚਾਰ ਨੂੰ ਯਾਦ ਕੀਤਾ ਗਿਆ। ਸਕੂਲ ਸਟਾਫ਼ ਵੱਲੋਂ ਛੋਟੇ-ਛੋਟੇ ਬੱਚਿਆਂ ਦਾ ਧੰਨਵਾਦ ਕੀਤਾ ਗਿਆ।ਹੈੱਡ ਟੀਚਰ ਕੁਲਵਿੰਦਰ ਕੌਰ ਤੇ ਸਮੂਹ ਸਟਾਫ਼ ਹਾਜ਼ਰ ਸੀ।** (ਫੋਟੋ ਤੇ ਵੇਰਵਾ : ਲਵਲੀ ਮਾਛੀਕੇ)

# ਫਿਰੋਜ਼ਪੁਰ 'ਚ ਸੁਤੰਤਰਤਾ ਦਿਵਸ ਮੌਕੇ ਸੰਧਵਾਂ ਲਹਿਰਾਉਣਗੇ ਤਿਰੰਗਾ

### ਸਹਾਇਕ ਕਮਿਸ਼ਨਰ ਵੱਲੋਂ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਅਧਿਕਾਰੀਆਂ ਨਾਲ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਵਿਖੇ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਤੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਹ ਪ੍ਰਗਟਾਵਾ ਸੁਤੰਤਰਤਾ ਦਿਵਸ ਸਬੰਧੀ ਕੰਟੋਨਮੈਂਟ ਬੋਰਡ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦੀ ਸਮੀਖਿਆ ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ (ਜ) ਗੁਰਦੇਵ ਸਿੰਘ ਧੰਮ ਵੱਲੋਂ ਕੀਤਾ ਗਿਆ। ਇਸ ਮੌਕੇ ਐੱਸ ਡੀ ਐੱਮ ਜ਼ੀਰਾ ਗੁਰਮੀਤ ਸਿੰਘ ਮਾਨ ਵੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਤਨਦੇਹੀ ਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣ ਦੇ ਨਿਰਦੇਸ਼ ਦਿੱਤੇ। ਸਹਾਇਕ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਦਿਵਸ ਦੇ ਸਬੰਧ ਵਿੱਚ ਕੰਟੋਨਮੈਂਟ ਬੋਰਡ ਸਟੇਡੀਅਮ, ਫ਼ਿਰੋਜ਼ਪੁਰ ਛਾਉਣੀ ਸਾਹਮਣੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੀਤੇ ਜਾਣ ਵਾਲੇ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਵੱਲੋਂ ਕੱਢੀਆਂ ਜਾਣ ਵਾਲੀਆਂ ਝਾਕੀਆਂ, ਬੈਰੀਕੇਡਿੰਗ, ਪਾਰਕਿੰਗ, ਸਟੇਜ ਸਜਾਵਟ, ਬੈਠਣ ਦੇ ਪ੍ਰਬੰਧਾਂ, ਸਫ਼ਾਈ, ਇਨਾਮਾਂ ਤੇ ਸਰਟੀਫਿਕੇਟਾਂ ਦੀ ਵੰਡ, ਪੀਣ ਵਾਲੇ ਪਾਣੀ, ਸਾਊਂਡ, ਰਿਫਰੈਸ਼ਮੈਂਟ, ਮੁੱਢਲੀ ਸਹਾਇਤਾ, ਫਾਇਰ ਟੈਂਡਰ, ਸੁਰੱਖਿਆ ਅਤੇ ਟਰੈਫਿਕ ਪ੍ਰਬੰਧਾਂ ਸਮੇਤ ਵੱਖ-ਵੱਖ ਕੰਮਾਂ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਨਾਲ ਸਬੰਧਤ ਰਿਹਰਸਲਾਂ ਸ਼ੁਰੂ ਹੋ ਚੁੱਕੀਆਂ ਹਨ ਤੇ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਕਰਵਾਈ ਜਾਵੇਗੀ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤਾਂ ਦਿੰਦੇ ਹੋਏ ਕਿਹਾ ਕਿ ਸਮਾਰੋਹ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮਾਂ ਦੀਆਂ ਤਿਆਰੀਆਂ ਸਹੀ ਢੰਗ ਨਾਲ ਕਰਵਾਈਆਂ ਜਾਣ। ਮੀਟਿੰਗ ਵਿੱਚ ਮਿਸ ਲਿੰਦਿਆ ਆਈਏਐੱਸ (ਯੂ.ਟੀ.) ਤੇ ਸਿਮਰਨਜੀਤ ਸਿੰਘ ਪੀਸੀਐੱਸ (ਯੂ.ਟੀ.), ਡੀਡੀਪੀਓ ਹਰਜਿੰਦਰ ਸਿੰਘ, ਤਹਿਸਲਦਾਰ ਫ਼ਿਰੋਜ਼ਪੁਰ ਹਰਮਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮੁਨੀਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾ. ਸਤਿੰਦਰ ਸਿੰਘ, ਕਾਰਜਸਾਧਕ ਅਫ਼ਸਰ ਨਗਰ ਕੌਂਸਲ ਪੂਨਮ ਭਟਨਾਗਰ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਮੈਡੀਕਲ ਟੈਕਨੀਸ਼ੀਅਨ ਬੈਚ ਹੋਇਆ ਪਾਸ ਆਊਟ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਭਗਵੰਤ ਸਿੰਘ ਮਾਨ ਮੁੱਖ ਮੰਤਰੀ ਤੇ ਸ਼੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਦੀ ਅਗਵਾਈ ਹੇਠ ਪੰਜਾਬ ਰਾਜ ਹੁਣ ਸਕਿੱਲ ਡਿਵੈਲਪਮੈਂਟ ਤੇ ਰੋਜ਼ਗਾਰ ਸਿਰਜਣ ਦੇ ਖੇਤਰ ਵਿੱਚ ਨਵੇਂ ਮਿਆਰ ਸਥਾਪਤ ਕਰ ਰਿਹਾ ਹੈ। ਇਸੇ ਦ੍ਰਿਸ਼ਟੀਕੋਣ ਅਨੁਸਾਰ ਹੈਲਥ ਸਕਿੱਲ ਡਿਵੈਲਪਮੈਂਟ ਸੈਂਟਰ, ਦਾ ਪਹਿਲਾ ਐਮਰਜੈਂਸੀ ਮੈਡੀਕਲ ਟੈਕਨੀਸ਼ੀਅਨ ਬੈਚ, ਜੋ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲੋਂ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਨਾਲ ਸਾਂਝੇ ਤੌਰ 'ਤੇ ਚਲਾਇਆ ਜਾ ਰਿਹਾ ਹੈ, ਨੇ ਆਪਣੀ ਟ੍ਰੇਨਿੰਗ ਸ਼ਾਨਦਾਰ ਪ੍ਰਦਰਸ਼ਨ ਨਾਲ ਪੂਰੀ ਕੀਤੀ ਹੈ। ਇਹ ਸਿਹਤ ਖੇਤਰ 'ਚ ਤਜਰਬੇਕਾਰ ਤੇ ਪ੍ਰੋਫੈਸ਼ਨਲ ਵਰਕਫੋਰਸ ਤਿਆਰ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪ੍ਰੋ. (ਡਾ.) ਰਾਜੀਵ ਸੂਦ ਵਾਈਸ ਚਾਂਸਲਰ ਨੇ ਟ੍ਰੇਨਰਾਂ ਨੂੰ ਸਰਟੀਫਿਕੇਟ ਵੰਡੇ। ਸਮਾਰੋਹ ਵਿੱਚ ਸ਼੍ਰੀ ਅਰਵਿੰਦ ਕੁਮਾਰ ਰਜਿਸਟਰਾਰ, ਡਾ. ਜਸਬੀਰ ਕੌਰ, ਪ੍ਰਿੰਸੀਪਲ ਤੇ ਡਾ. ਅਰਚਨਾ ਸ਼ਾਹੀ, ਨੋਡਲ ਅਫਸਰ ਵੀ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਵਾਈਸ ਚਾਂਸਲਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚਮਕਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਨੂੰ ਸਮਾਜ ਪ੍ਰਤੀ ਸਮਰਪਤ ਸੇਵਾ ਕਰਨ ਲਈ ਪ੍ਰੇਰਿਤ ਕੀਤਾ।

## ਮਾਊਂਟ ਲਿਟਰਾ ਜ਼ੀ ਸਕੂਲ ਦੀ ਖੇਡਾਂ 'ਚ ਬੱਲੇ-ਬੱਲੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਬੀਐਸਈ ਦਿੱਲੀ ਨਾਲ ਸੰਬੰਧਤ ਮਾਊਂਟ ਲਿਟਰਾ ਜ਼ੀ ਸਕੂਲ ਬੱਚਿਆਂ ਵਿੱਚ ਨਵਾਂ ਉਤਸ਼ਾਹ ਤੇ ਨਵੀਂ ਚੇਤਨਾ ਜਗਾਉਣ ਤੇ ਉਨ੍ਹਾਂ ਦੀ ਛੁਪੀ ਸਮਰੱਥਾ ਬਾਹਰ ਲਿਆਉਣ ਲਈ ਕੁੱਝ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ ਤਾਂ ਜੁ ਉਹ ਜ਼ਿੰਦਗੀ 'ਚ ਅੱਗੇ ਵਧ ਸਕਣ, ਜਿਸ ਦੇ ਚੱਲਦਿਆਂ ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਨੇ ਹੋਏ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਰਾਮਪੁਰਾ ਦੀਆਂ ਅੰਡਰ-14 ਕੁੜੀਆਂ ਦੀ ਸੇਪਕ ਤਕਰਾ ਟੀਮ ਨੇ ਜ਼ਿਲ੍ਹਾ ਪੱਧਰ 'ਤੇ ਕਾਂਸੀ ਦਾ ਤਗਮਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਦੀ ਪ੍ਰਿੰਸੀਪਲ ਗੀਤਾ ਪਿੱਲੇ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਕੂਲ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਹਾਰਦਿਕ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੰਦਾ ਹੈ।

## ਪੱਤਰਕਾਰ ਡਾ. ਪ੍ਰਵੀਨ ਨੂੰ ਅਗਰਵਾਲ ਵੈੱਲਫੇਅਰ ਬੋਰਡ ਦਾ ਮੈਂਬਰ ਥਾਪਿਆ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਅਗਰਵਾਲ ਸਭਾ ਦੇ ਪ੍ਰਧਾਨ ਤੇ ਪ੍ਰੈਸ ਕਲੱਬ ਦੇ ਸੀਨੀਅਰ ਪੱਤਰਕਾਰ ਡਾ. ਪ੍ਰਵੀਨ ਅਗਰਵਾਲ ਨੂੰ ਪੰਜਾਬ ਸਰਕਾਰ ਵੱਲੋਂ ਅਗਰਵਾਲ ਵੈੱਲਫੇਅਰ ਬੋਰਡ ਦਾ ਮੈਂਬਰ ਥਾਪਿਆ ਗਿਆ ਹੈ। ਇਸ ਸਬੰਧ 'ਚ ਪੱਤਰਕਾਰ ਭਾਈਚਾਰੇ ਅਤੇ ਨਗਰ ਨਿਵਾਸੀਆਂ ਵੱਲੋਂ ਡਾ. ਪ੍ਰਵੀਨ ਅਗਰਵਾਲ ਨੂੰ ਇਸ ਨਿਯੁਕਤੀ ਲਈ ਮੁਬਾਰਕਬਾਦ ਦੇ ਕੇ ਖ਼ੁਸ਼ੀ ਸਾਂਝੀ ਕੀਤੀ। ਡਾ. ਪ੍ਰਵੀਨ ਅਗਰਵਾਲ ਨੇ ਇਸ ਨਿਯੁਕਤੀ ਲਈ ਪੰਜਾਬ ਸਰਕਾਰ, 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ, ਹਲਕਾ ਵਿਧਾਇਕ ਠੇਕੇਦਾਰ ਹਾਕਮ ਸਿੰਘ ਸਮੇਤ ਅਗਰਵਾਲ ਸਭਾ ਪੰਜਾਬ ਦੇ ਸਮੂਹ ਆਹੁਦੇਦਾਰਾਂ ਤੇ ਸ਼ੁਭਚਿੰਤਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅਗਰਵਾਲ ਸਮਾਜ ਦੀ ਬੇਹਤਰੀ ਲਈ ਕੰਮ ਕਰਨਗੇ ਤੇ ਮਹਾਰਾਜਾ ਅਗਰਸੇਨ ਵੱਲੋਂ ਦਰਸਾਏ ਮਾਰਗ 'ਤੇ ਚੱਲਦੇ ਹੋਏ ਸਮਾਜ ਵਿੱਚ ਸਮਾਜਵਾਦ ਸਥਾਪਤ ਕਰਨ ਦੀ ਕੋਸ਼ਿਸ਼ ਕਰਨਗੇ।

## ਮਹਿਲ ਕਲਾਂ ਬਲਾਕ ਦੀ ਨਵੀਂ ਬਲਾਕਬੰਦੀ, 52 ਪਿੰਡ ਹੋਏ ਸ਼ਾਮਲ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਨਵੀਂ ਬਲਾਕ ਬੰਦੀ ਤਹਿਤ ਮਹਿਲ ਕਲਾਂ ਬਲਾਕ ਦੀ ਹੱਦ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਤਾਜ਼ਾ ਨੋਟੀਫਿਕੇਸ਼ਨ ਅਨੁਸਾਰ ਹੁਣ ਇਸ ਬਲਾਕ ਵਿੱਚ ਕੁੱਲ 52 ਪਿੰਡ ਸ਼ਾਮਲ ਹੋ ਗਏ ਹਨ। ਇਹ ਵਾਧਾ ਬਰਨਾਲਾ ਅਤੇ ਸ਼ਹਿਣਾ ਬਲਾਕਾਂ ਵਿੱਚੋਂ ਕਈ ਪਿੰਡਾਂ ਨੂੰ ਨਵੀਂ ਤਰਤੀਬ ਨਾਲ ਮਹਿਲ ਕਲਾਂ ਬਲਾਕ 'ਚ ਜੋੜ ਕੇ ਕੀਤਾ ਗਿਆ ਹੈ। ਨਵੇਂ ਤਜਵੀਜ਼ੀ ਤੌਰ 'ਤੇ ਸ਼ਾਮਲ ਕੀਤੇ ਗਏ ਪਿੰਡ ਠੀਕਰੀਵਾਲਾ, ਹਮੀਦੀ, ਗੁੰਮਟੀ, ਗੁਰਮ, ਠੁੱਲੀਵਾਲ, ਮਾਂਗੇਵਾਲ, ਮਨਾਲ, ਨਾਈਵਾਲਾ, ਟੱਲੇਵਾਲ, ਟੱਲੇਵਾਲ ਖੁਰਦ, ਚੂੰਘਾਂ, ਵਿਧਾਤੇ, ਕੈਰੇ, ਪੱਖੋਕੇ, ਮੱਲੀਆਂ, ਭੋਤਨਾ, ਚੀਮਾ, ਬਖਤਗੜ੍ਹ, ਬਾਹਮਣੀਆਂ, ਬੀਹਲਾ, ਬੀਹਲਾ ਖੁਰਦ, ਚੰਨਣਵਾਲ, ਛਾਪਾ, ਛੀਨੀਵਾਲ ਕਲਾਂ, ਛੀਨੀਵਾਲ ਖੁਰਦ, ਚੁਹਾਨਕੇ ਕਲਾਂ, ਚੁਹਾਨਕੇ ਖੁਰਦ, ਧਨੇਰ, ਦੀਵਾਨਾ, ਗਾਗੇਵਾਲ, ਗੰਗੋਹਰ, ਗਹਿਲ, ਹਰਦਾਸਪੁਰਾ, ਕਲਾਲ ਮਾਜਰਾ, ਕਲਾਲਾ, ਖਿਆਲੀ, ਕਿਰਪਾਲ ਸਿੰਘ ਵਾਲਾ, ਕੁਰੜ, ਕੁਤਬਾ, ਲੋਹਗੜ੍ਹ, ਮਹਿਲ ਕਲਾਂ, ਮਹਿਲ ਕਲਾਂ ਸੋਢੇ, ਆਦਿ ਪਿੰਡਾਂ ਨੂੰ ਬਲਾਕ ਮਹਿਲ ਕਲਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ।

# ਪੈਨਸ਼ਨਰ ਭਲਕੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਫੂਕਣਗੇ ਪੁਤਲੇ : ਗੁਰਮੇਲ, ਜੋਗਿੰਦਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਾਵਰਕਾਮ ਟਰਾਂਸਕੋ ਪੈਨਸ਼ਨਰ ਯੂਨੀਅਨ ਮੋਗਾ ਦੀਆਂ ਸ਼ਹਿਰੀ ਤੇ ਪੇਂਡੂ ਇਕਾਈਆਂ ਦੀ ਮਾਸਿਕ ਸਾਂਝੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਦੇ ਸ਼ਹੀਦ ਸਤੀਸ਼ ਲੂੰਬਾ ਭਵਨ ਵਿੱਚ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਵਿੱਚ ਸ਼ਹੀਦ ਸਤੀਸ਼ ਲੂੰਬਾ ਭਵਨ ਵਿੱਚ ਪੈਨਸ਼ਨਰ ਆਗੂਆਂ ਸਵਰਨ ਜੀਤ ਸਿੰਘ, ਗੁਰਮੇਲ ਸਿੰਘ ਨਾਹਰ, ਜੋਗਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾਈ ਸਕੱਤਰ ਗੁਰਮੇਲ ਸਿੰਘ ਨਾਹਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਮੌਕੇ ਪੈਨਸ਼ਨਰ ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਟਰਾਂਸਕੋ ਮੈਨੇਜਮੈਂਟ ਦੀ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ 'ਤੇ ਟਾਲ-ਮਟੋਲ ਵਾਲੀ ਨੀਤੀ ਵਿਰੁੱਧ ਰੋਸ ਪ੍ਰਗਟ ਕੀਤਾ।ਇਸ ਦੇ ਨਾਲ ਹੀ ਸਰਕਾਰ ਤੇ ਮੈਨੇਜਮੈਂਟ ਵੱਲੋਂ ਕਰਮਚਾਰੀਆਂ ਤੇ ਪੈਨਸ਼ਨਰ ਨੂੰ ਵਾਰ-ਵਾਰ ਮੀਟਿੰਗ ਲਈ ਸਮਾਂ ਦਿੱਤਾ ਜਾਂਦਾ ਹੈ ਤੇ ਫਿਰ ਮੀਟਿੰਗ ਰੱਦ ਕਰਕੇ ਇਸ ਨੂੰ ਪੈਂਡਿੰਗ ਰੱਖਿਆ ਜਾਂਦਾ ਹੈ।ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਤੇ ਪਾਵਰਕਾਮ ਮੈਨੇਜਮੈਂਟ ਕਰਮਚਾਰੀਆਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹਨ ਅਤੇ ਲੰਬੇ ਸਮੇਂ ਤੋਂ ਟਾਲ-ਮਟੋਲ ਦੀ ਨੀਤੀ ਅਪਣਾ ਰਹੇ ਹਨ।ਵਾਰ-ਵਾਰ ਮੀਟਿੰਗਾਂ ਨੂੰ ਸਮੇਂ ਸਿਰ ਰੱਦ ਕਰਨਾ ਸਰਕਾਰ ਦੇ ਇਰਾਦਿਆਂ ਤੇ ਨੀਤੀਆਂ 'ਤੇ ਸ਼ੱਕ ਪੈਦਾ ਕਰਦਾ ਹੈ।ਪੰਜਾਬ ਕਰਮਚਾਰੀ ਤੇ ਪੈਨਸ਼ਨਰਜ਼ ਸੰਯੁਕਤ ਮੋਰਚਾ ਪੰਜਾਬ ਤੇ ਸਾਰੀਆਂ ਕਰਮਚਾਰੀ ਅਤੇ ਪੈਨਸ਼ਨਰਜ਼ ਸੰਗਠਨਾਂ ਨੇ ਮੁੱਖ ਮੰਤਰੀ, ਵਿੱਤ ਮੰਤਰੀ ਪੰਜਾਬ ਤੇ ਪ੍ਰਬੰਧਨ ਦਾ ਸਖ਼ਤ ਵਿਰੋਧ ਕੀਤਾ।ਇਸੇ ਲੜੀ ਤਹਿਤ ਸੰਯੁਕਤ ਮੋਰਚਾ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਪੰਜਾਬ ਦੇ ਫੈਸਲੇ ਅਨੁਸਾਰ 11 ਅਗਸਤ ਨੂੰ ਤਹਿਸੀਲ ਤੇ ਜ਼ਿਲ੍ਹਾ ਪੱਧਰ 'ਤੇ ਰੋਸ ਵਜੋਂ ਬੱਸ ਸਟੈਂਡ 'ਤੇ ਮੁੱਖ ਮੰਤਰੀ, ਵਿੱਤ ਮੰਤਰੀ ਪੰਜਾਬ ਤੇ ਪਾਵਰਕਾਮ ਪ੍ਰਬੰਧਨ ਦਾ ਪੁਤਲਾ ਸਾੜ ਕੇ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਗੁਰਮੇਲ ਸਿੰਘ ਨਾਹਰ, ਗੁਰਮੀਤ ਸਿੰਘ ਧਾਲੀਵਾਲ, ਜੋਗਿੰਦਰ ਸਿੰਘ, ਤੇਜਾ ਸਿੰਘ ਬਰਾੜ, ਜਸਵਿੰਦਰ ਸਿੰਘ, ਸਵਰਨ ਜੀਤ ਸਿੰਘ ਨਾਹਰ, ਵੀ. ਪੀ. ਸੇਠੀ, ਜਸਬੀਰ ਸਿੰਘ, ਬਲਦੇਵ ਸਿੰਘ ਝੰਡੇਆਣਾ, ਗੁਰਨਾਮ ਸਿੰਘ, ਅੰਗਰੇਜ਼ ਸਿੰਘ, ਗੁਰਸੇਵਕ ਸਿੰਘ, ਕਰਮ ਸਿੰਘ, ਤਿਰਲੋਕ ਸਿੰਘ, ਗੁਰਦੇਵ ਸਿੰਘ, ਜੋਰਾ ਸਿੰਘ, ਕੁਲਵੰਤ ਸਿੰਘ, ਜਗਜੀਤ ਸਿੰਘ ਦਰਬਾਰਾ ਸਿੰਘ ਡਾਲਾ, ਸਵਰਨ ਸਿੰਘ, ਜੈਲਾ ਸਿੰਘ, ਬਲਦੇਵ ਸਿੰਘ, ਮਲਕੀਤ ਸਿੰਘ, ਗੁਰਚਰਨ ਸਿੰਘ, ਅਸ਼ੋਕ ਕੁਮਾਰ, ਐੱਲ. ਪੀ., ਬਲਜੀਤ ਸਿੰਘ, ਬਲਜੀਤ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ।

## ਆਜ਼ਾਦੀ ਦਿਹਾੜੇ ਮੌਕੇ ਸੱਭਿਆਚਾਰਕ ਪ੍ਰੋਗਰਾਮ ਦੀਆਂ ਰਿਹਰਸਲਾਂ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਦੇਸ਼ ਦੇ 79 ਵੇਂ ਆਜ਼ਾਦੀ ਦਿਹਾੜੇ ਨੂੰ ਜ਼ਿਲ੍ਹਾ ਪੱਧਰ 'ਤੇ ਉਤਸ਼ਾਹ ਨਾਲ ਮਨਾਉਣ ਲਈ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲਾਂ ਦਾ ਆਯੋਜਨ ਡਾਕਟਰ ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਕੀਤਾ ਗਿਆ।ਸੁਤੰਤਰਤਾ ਦਿਵਸ ਮੌਕੇ ਆਯੋਜਤ ਹੋਣ ਵਾਲੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ 'ਚ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵੱਲੋਂ ਵਧ-ਚੜ੍ਹ ਕੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਜਾ ਰਿਹਾ ਹੈ।ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ ਨੇ ਦੱਸਿਆ ਕਿ ਸਾਡੇ ਦੇਸ਼ ਦੇ ਆਜ਼ਾਦੀ ਦਿਵਸ ਨੂੰ ਸਮਰਪਤ ਜ਼ਿਲ੍ਹਾ ਪੱਧਰੀ ਸਮਾਗਮ 15 ਅਗਸਤ ਨੂੰ ਡਾਕਟਰ ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਪੂਰੇ ਉਤਸ਼ਾਹ ਨਾਲ ਆਯੋਜਤ ਕੀਤੇ ਜਾਵੇਗਾ।ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ, ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਤੇ ਅਧਾਰਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਤੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕਾਰਗੁਜ਼ਾਰੀ ਵਿਖਾਉਣ ਵਾਲਿਆਂ ਦਾ ਸਨਮਾਨ ਕੀਤਾ ਜਾਵੇਗਾ।ਇਸ ਤੋਂ ਇਲਾਵਾ ਸੱਭਿਆਚਾਰ ਪ੍ਰੋਗਰਾਮ ਦੌਰਾਨ ਪੰਜਾਬ ਦੇ ਲੋਕ ਨਾਚ ਗਿੱਧਾ, ਭੰਗੜਾ ਆਦਿ ਖਿੱਚ ਦਾ ਕੇਂਦਰ ਹੋਣਗੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਸਬੰਧੀ ਅਗਲੀ ਰਿਹਰਸਲ 11 ਅਗਸਤ ਨੂੰ ਹੋਵੇਗੀ।

# ਦਰਿਆ 'ਚ ਡੁੱਬੇ ਜਤਿਨ ਦੀ ਕੈਨੇਡਾ ਤੋਂ ਮਾਨਸਾ ਲਿਆਂਦੀ ਮ੍ਰਿਤਕ ਦੇਹ, ਸਸਕਾਰ ਅੱਜ



**ਮਾਨਸਾ (ਆਤਮਾ ਸਿੰਘ ਪਮਾਰ)**-ਕੈਨੇਡਾ ਵਿਖੇ ਵਾਲੀਬਾਲ ਖੇਡਦੇ ਸਮੇਂ ਦਰਿਆ 'ਚ ਡੁੱਬ ਕੇ ਮੌਤ ਦੇ ਮੂੰਹ 'ਚ ਚਲੇ ਗਏ ਮਾਨਸਾ ਦੇ ਇੰਜੀਨੀਅਰ ਜਤਿਨ ਗਰਗ ਦੀ ਮ੍ਰਿਤਕ ਦੇਹ ਭਾਰਤ (ਮਾਨਸਾ) ਵਿਖੇ ਲਿਆਂਦੀ ਗਈ ਹੈ, ਜਿਸ ਦਾ ਅੰਤਿਮ ਸੰਸਕਾਰ 10 ਅਗਸਤ (ਐਤਵਾਰ) ਨੂੰ ਕਰੀਬ ਸਵੇਰੇ 10 ਵਜੇ ਸੇਜਲ ਤੇ ਹੰਝੂ ਭਰੀਆਂ ਅੱਖਾਂ ਨਾਲ ਕੀਤਾ ਜਾਵੇਗਾ।ਜਤਿਨ ਗਰਗ ਮਾਨਸਾ ਦੇ ਧਰਮਪਾਲ ਮੱਤੀ ਦਾ ਸਪੁੱਤਰ ਤੇ ਧਾਰਮਿਕ ਜਥੇਬੰਦੀਆਂ ਦੇ ਆਗੂ ਭੂਸ਼ਨ ਮੱਤੀ ਦਾ ਭਤੀਜਾ ਸੀ ਤੇ ਅੱਜ ਕੱਲ੍ਹ ਉਨ੍ਹਾਂ ਦਾ ਪਰਵਾਰ ਚੰਡੀਗੜ੍ਹ ਵਿਖੇ ਰਹਿ ਰਿਹਾ ਸੀ।ਉਹ ਇੰਜੀਨੀਅਰ ਦੀ ਪੜ੍ਹਾਈ ਕਰਕੇ ਛੇ ਕੁ ਮਹੀਨੇ ਪਹਿਲਾਂ ਹੀ ਕੈਨੇਡਾ ਗਿਆ ਸੀ।ਉਸ ਦੀ ਲੰਘੀ 7 ਜੁਲਾਈ ਨੂੰ ਕੈਨੇਡਾ ਦੇ ਓਵਰਲੈਂਡਰ ਪਾਰਕ ਵਿਖੇ ਵਾਲੀਬਾਲ ਖੇਡਦੇ ਸਮੇਂ ਬਾਲ ਚੁੱਕਦਿਆਂ ਦਰਿਆ 'ਚ ਡੁੱਬ ਕੇ ਮੌਤ ਹੋ ਗਈ।ਉਸ ਦੀ ਮ੍ਰਿਤਕ ਦੇਹ ਕਰੀਬ ਇੱਕ ਮਹੀਨੇ ਬਾਅਦ ਭਾਰਤ, ਮਾਨਸਾ ਲਿਆਂਦੀ ਗਈ ਹੈ।ਮ੍ਰਿਤਕ ਜਤਿਨ ਗਰਗ ਦੇ ਚਾਚਾ ਭੂਸ਼ਨ ਮੱਤੀ ਨੇ ਦੱਸਿਆ ਕਿ ਉਸ ਦਾ ਅੰਤਿਮ ਸੰਸਕਾਰ ਮਾਨਸਾ ਵਿਖੇ ਹੀ ਪਰਵਾਰ ਵੱਲੋਂ ਕਰਨ ਦਾ ਫੈਸਲਾ ਕੀਤਾ ਗਿਆ ਹੈ ਤੇ 10 ਅਗਸਤ ਨੂੰ ਮਾਨਸਾ ਦੇ ਰਾਮ ਬਾਗ ਵਿਖੇ ਉਸ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।

## 1 ਕਿੱਲੋ 412 ਗ੍ਰਾਮ ਹੈਰੋਇਨ ਤੇ ਦੋ ਮੋਟਰਸਾਈਕਲਾਂ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਦੀਆਂ ਹਦਾਇਤਾਂ 'ਤੇ ਨਸ਼ਾ ਵਿਰੋਧੀ ਮੁਹਿੰਮ ਦੇ ਤਹਿਤ ਦੋ ਨਸ਼ਾ ਤਸਕਰਾਂ ਕੋਲੋਂ 1 ਕਿੱਲੋ 412 ਗ੍ਰਾਮ ਹੈਰੋਇਨ ਤੇ 2 ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਚੌਕ ਜ਼ੀਰਾ ਗੇਟ ਫਿਰੋਜ਼ਪੁਰ ਨਜ਼ਦੀਕ ਪੁੱਜੀ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਮੋਹਿਤ ਸਚਦੇਵਾ ਪੁੱਤਰ ਸੁਨੀਲ ਕੁਮਾਰ ਵਾਸੀ ਮਕਾਨ ਨੰਬਰ 74 ਗਲੀ ਤਹਿਸੀਲਦਾਰਾਂ ਵਾਲੀ ਅੰਦਰੂਨ ਜ਼ੀਰਾ ਗੇਟ ਫਿਰੋਜ਼ਪੁਰ ਸ਼ਹਿਰ ਤੇ ਜਗਸੀਰ ਸਿੰਘ ਉਰਫ ਜਗੂ ਪੁੱਤਰ ਕੁਲਵੰਤ ਸਿੰਘ ਵਾਸੀ ਸਨੂੰਆਂ ਵਾਲੀ ਬਸਤੀ ਚੁਬਾਰੇ ਵਾਲਾ ਖੂਹ ਫਿਰੋਜ਼ਪੁਰ ਸ਼ਹਿਰ ਆਪਸ ਵਿੱਚ ਮਿਲ ਕੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ। ਪੁਲਸ ਨੇ ਦੱਸਿਆ ਕਿ ਜਦ ਉਕਤ ਜਗ੍ਹਾ 'ਤੇ ਨਾਕਾਬੰਦੀ ਕਰਕੇ ਤਲਾਸ਼ੀ ਲਈ ਤਾਂ ਮੋਹਿਤ ਸਚਦੇਵਾ ਤੇ ਜਗਸੀਰ ਸਿੰਘ ਨੂੰ 1 ਕਿੱਲੋ 412 ਗ੍ਰਾਮ ਹੈਰੋਇਨ ਤੇ ਮੋਟਰਸਾਈਕਲ ਹੀਰੋ ਸਪਲੈਂਡਰ ਪਲੱਸ ਨੰਬਰ ਪੀਬੀ 05 ਡਬਲਯੂ 3930 ਬਰਾਮਦ ਕੀਤਾ।ਪੁਲਸ ਨੇ ਦੱਸਿਆ ਕਿ ਫੜੇ ਗਏ ਤਸਕਰਾਂ ਕੋਲੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕਰ ਰਹੀ ਹੈ।

## ਸੱਤਿਆ ਭਾਰਤੀ ਸਕੂਲ ਬਿਸ਼ਨਪੁਰਾ ਨੇ ਸਿਲਵਰ ਜੁਬਲੀ ਮਨਾਈ



**ਦੋਰਾਹਾ (ਹਰਮਿੰਦਰ ਸੇਠ)**-ਸੱਤਿਆ ਭਾਰਤੀ ਸਕੂਲ ਬਿਸ਼ਨਪੁਰਾ ਨੇ ਆਪਣੇ ਸਕੂਲ ਦੇ ਮਾਣ ਮੱਤੇ ਇਤਿਹਾਸ ਤੇ ਸਕੂਲ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੇ 25 ਸਾਲ ਪੂਰੇ ਕੀਤੇ। ਇਸ ਦੌਰਾਨ ਸਕੂਲ ਨੇ ਆਪਣਾ ਨਾਮ ਖੱਟਿਆ। ਸਕੂਲ ਪ੍ਰਿੰਸੀਪਲ ਤੇ ਸਟਾਫ ਨੇ ਸਖਤ ਮਿਹਨਤ ਦੁਆਰਾ ਸਕੂਲ ਦਾ ਨਾਂ ਚਮਕਾਇਆ। ਸਕੂਲ ਨੇ ਆਪਣੇ 25 ਸਾਲ ਪੂਰੇ ਕਰਨ ਦੇ ਮੌਕੇ ਸੱਤਿਆ ਭਾਰਤੀ ਸਕੂਲ ਬਿਸ਼ਨਪੁਰਾ ਵਿੱਚ ਭਾਰਤੀ ਏਅਰਟਲ ਫਾਉਂਡੇਸ਼ਨ ਦੇ 25 ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿੱਚ ਸਕੂਲ ਵਿੱਚ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਬਾਅਦ ਵਿੱਚ ਕੇਕ ਕੱਟਿਆ ਗਿਆ। ਇਸ ਵਿੱਚ ਸਕੂਲ ਦੇ ਬੱਚੇ, ਮੁੱਖ ਅਧਿਆਪਕ ਜਤਿੰਦਰ ਪਾਲ ਸਿੰਘ ਸਟਾਫ ਮੈਂਬਰ ਪਵਨਜੀਤ ਕੌਰ, ਗੁਰਵਿੰਦਰ ਕੌਰ, ਮਨਿੰਦਰਜੀਤ ਕੌਰ, ਇੰਦਰਜੀਤ ਕੌਰ, ਸੰਦੀਪ ਕੌਰ, ਅਨੀਤਾ ਕੁਮਾਰੀ, ਸਕੂਲ ਦੀਦੀ (ਕਰਮਜੀਤ ਕੌਰ), ਐੱਮ.ਡੀ.ਐੱਮ ਵੈਨਡਰ ਦੀਦੀ (ਸਤਵਿੰਦਰ ਕੌਰ, ਮਨਪ੍ਰੀਤ ਕੌਰ) ਮੌਜੂਦ ਸਨ। ਇਹ ਪ੍ਰੋਗਰਾਮ ਆਪਣੀਆਂ ਅਮਿਟ ਯਾਦਾਂ ਛੱਡ ਗਿਆ।

## ਘੱਗਰ 'ਚ ਪਾਣੀ ਦਾ ਪੱਧਰ ਵਧਣ ਕਾਰਨ ਹੜ੍ਹ ਦਾ ਖਤਰਾ ਵਧਿਆ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੌਂਗ ਡੈਮ ਤੋਂ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਸੀ ਤੇ ਭਾਖੜਾ ਡੈਮ ਪ੍ਰਬੰਧਨ ਬੋਰਡ ਨੇ ਵੀਰਵਾਰ ਨੂੰ ਬਿਆਸ ਦਰਿਆ ਵਿੱਚ ਲਗਭਗ 40 ਹਜ਼ਾਰ ਕਿਊਸਿਕ ਪਾਣੀ ਛੱਡਿਆ, ਜਿਸ ਕਾਰਨ ਇਸ ਦੇ ਪਾਣੀ ਦਾ ਪੱਧਰ ਹੌਲੀ-ਹੌਲੀ ਵਧ ਰਿਹਾ ਹੈ।ਹਾਲਾਂਕਿ ਬੀਬੀਐਮਬੀ ਦਾ ਕਹਿਣਾ ਹੈ ਕਿ ਪਾਣੀ ਨੂੰ ਕੰਟਰੋਲਡ ਤਰੀਕੇ ਨਾਲ ਛੱਡਿਆ ਜਾ ਰਿਹਾ ਹੈ, ਇਸ ਲਈ ਘਬਰਾਉਣ ਦੀ ਕੋਈ ਲੋੜ ਨਹੀਂ ਹੈ।ਦੂਜੇ ਪਾਸੇ ਘੱਗਰ ਦਰਿਆ ਵੀ ਉਛਾਲ 'ਚ ਹੈ, ਜਿਸ ਕਾਰਨ ਪਟਿਆਲਾ ਤੇ ਹਰਿਆਣਾ ਦੇ ਕੁਝ ਜ਼ਿਲ੍ਹਿਆਂ ਵਿੱਚ ਹੜ੍ਹ ਦਾ ਖ਼ਤਰਾ ਹੈ।ਪਿਛਲੇ ਦਿਨਾਂ 'ਚ ਪਾਣੀ ਕੁਝ ਨੀਵੇਂ ਇਲਾਕਿਆਂ 'ਚ ਦਾਖਲ ਹੋਇਆ ਸੀ, ਪਰ ਮੌਜੂਦਾ ਸਮੇਂ ਸਥਿਤੀ ਕਾਬੂ ਵਿੱਚ ਦੱਸੀ ਜਾ ਰਹੀ ਹੈ।07 ਅਗਸਤ ਨੂੰ ਸਵੇਰੇ 6 ਵਜੇ ਦੇ ਅੰਕੜਿਆਂ ਅਨੁਸਾਰ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ 'ਤੇ ਬਣੇ ਤਿੰਨ ਵੱਡੇ ਡੈਮ ਭਾਖੜਾ, ਪੌਂਗ ਤੇ ਥੀਨ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਬਹੁਤ ਜ਼ਿਆਦਾ ਹੈ।ਇਸ ਸਾਲ, ਮਾਨਸੂਨ ਦੀ ਤੀਬਰਤਾ ਤੇ ਉਪਰਲੇ ਖੇਤਰਾਂ 'ਚ ਭਾਰੀ ਬਾਰਿਸ਼ ਕਾਰਨ ਇਨ੍ਹਾਂ ਜਲ ਭੰਡਾਰਾਂ 'ਚ ਪਾਣੀ ਦਾ ਪ੍ਰਵਾਹ ਵਧਿਆ ਹੈ।

## ...ਸਫ਼ਾ 1 ਦੇ ਬਾਕੀ

### ਭਾਰਤ ਤੇ ਪਾਕਿਸਤਾਨ...

ਸ਼ਾਂਤੀ ਸਮਝੌਤੇ 'ਤੇ ਸਹੀ ਪਾਈ ਗਈ। ਟਰੰਪ ਨੇ ਕਿਹਾ, 'ਰਾਸ਼ਟਰਪਤੀ ਵਜੋਂ ਮੇਰੀ ਸਭ ਤੋਂ ਵੱਡੀ ਇੱਛਾ ਵਿਸ਼ਵ ਵਿੱਚ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣਾ ਹੈ। ਅੱਜ ਦਾ ਇਹ ਸਮਝੌਤਾ ਭਾਰਤ ਤੇ ਪਾਕਿਸਤਾਨ ਨਾਲ ਸਾਡੀ ਸਫਲਤਾ ਤੋਂ ਬਾਅਦ ਹੋਇਆ ਹੈ।' ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਉਹ ਇਕ-ਦੂਜੇ ਖਿਲਾਫ ਪੂਰੀ ਤਾਕਤ ਨਾਲ ਲੜ ਰਹੇ ਸਨ, ਹਾਲਾਤ ਕਾਫੀ ਗੰਭੀਰ ਹੋ ਗਏ ਸਨ, ਪਰ ਜਿਵੇਂ ਕਿ ਤੁਸੀਂ ਜਾਣਦੇ ਹੋ, ਇਕ ਵੱਡਾ ਟਕਰਾਅ ਸ਼ਾਇਦ ਪ੍ਰਮਾਣੂ ਜੰਗ ਹੋ ਸਕਦੀ ਸੀ, ਪਰ ਠੀਕ ਪਹਿਲਾਂ ਦੋਵੇਂ ਮਹਾਨ ਆਗੂ ਇਕੱਠੇ ਆਏ ਤੇ ਹਾਲਾਤ ਨੂੰ ਸੰਭਾਲਿਆ।'

ਟਰੰਪ ਨੇ ਕਿਹਾ ਕਿ ਉਹ ਵਪਾਰ ਜ਼ਰੀਏ ਟਕਰਾਅ ਨੂੰ ਹੱਲ ਕਰ ਰਹੇ ਹਨ। ਉਨ੍ਹਾ ਕਿਹਾ, 'ਮੈਂ ਭਾਰਤ ਤੇ ਪਾਕਿਸਤਾਨ ਵਿਚਾਲੇ ਮਾਮਲਾ ਸੁਲਝਾਇਆ। ਮੈਨੂੰ ਲੱਗਦਾ ਹੈ ਕਿ ਇਸ ਦਾ ਕਾਰਨ ਵਪਾਰ ਸੀ, ਹੋਰ ਕੋਈ ਵਜ੍ਹਾ ਨਹੀਂ।' ਅਮਰੀਕੀ ਰਾਸ਼ਟਰਪਤੀ ਨੇ ਇਸ ਪ੍ਰੋਗਰਾਮ ਦੌਰਾਨ ਆਪਣੇ ਬਿਆਨ ਵਿੱਚ ਭਾਰਤ ਤੇ ਪਾਕਿਸਤਾਨ ਦਰਮਿਆਨ ਟਕਰਾਅ ਦਾ ਦੋ ਵਾਰ ਜ਼ਿਕਰ ਕੀਤਾ। ਅਜ਼ਰਬਾਇਜਾਨ ਤੇ ਆਰਮੀਨੀਆ 37 ਸਾਲ ਤੋਂ ਲੜ ਰਹੇ ਸਨ। ਦੋਨੋਂ ਦੇਸ਼ ਝਗੜੇ ਵਾਲੇ ਇਲਾਕੇ ਵਿੱਚ ਲਾਂਘਾ ਬਣਾਉਣ 'ਤੇ ਸਹਿਮਤ ਹੋਏ ਹਨ, ਜਿਸ ਦਾ ਨਾਂਅ 'ਟਰੰਪ ਰੂਟ ਫਾਰ ਇੰਟਰਨੈਸ਼ਨਲ ਪੀਸ ਐਂਡ ਪ੍ਰਾਸਪੈਰਿਟੀ' ਰੱਖਿਆ ਜਾਵੇਗਾ। ਇਹ ਲਾਂਘਾ ਅਜ਼ਰਬਾਇਜਾਨ ਨੂੰ ਨਖਚੀਵਾਨ ਇਨਕਲੇਵ ਨਾਲ ਜੋੜੇਗਾ, ਜਿਹੜਾ ਆਰਮੀਨੀਆ ਵਿੱਚੋਂ ਹੋ ਕੇ ਲੰਘੇਗਾ। ਦੋਹਾਂ ਦੇਸ਼ਾਂ ਦੇ ਆਗੂਆਂ ਨੇ ਕਿਹਾ ਕਿ ਟਰੰਪ ਨੂੰ ਨੋਬੇਲ ਅਮਨ ਇਨਾਮ ਮਿਲਣਾ ਚਾਹੀਦਾ ਹੈ। ਟਰੰਪ ਨੇ ਹੁਣ ਤੱਕ ਛੇ ਜੰਗਾਂ ਰੁਕਵਾਉਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿੱਚ ਭਾਰਤ-ਪਾਕਿਸਤਾਨ, ਇਜ਼ਰਾਈਲ-ਈਰਾਨ, ਥਾਈਲੈਂਡ-ਕੰਬੋਡੀਆ, ਰਵਾਂਡਾ-ਕਾਂਗੋ, ਸਰਬੀਆ-ਕੋਸਾਵੋ ਤੇ ਮਿਸਰ-ਇਥੋਪੀਆ ਜੰਗ ਸ਼ਾਮਲ ਹਨ।

### ਸਰਹੱਦ ਪਾਰੋਂ ਨਸ਼ਿਆਂ...

ਮੰਤਰੀ ਨੇ ਕਿਹਾ ਕਿ 'ਨਸ਼ਿਆਂ ਵਿਰੁੱਧ ਜੰਗ' (ਯੁੱਧ ਨਸ਼ਿਆਂ ਵਿਰੁੱਧ) ਮੁਹਿੰਮ ਤਹਿਤ ਪੰਜਾਬ ਨੇ ਅੱਜ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਆਰ-ਪਾਰ ਦੀ ਜੰਗ ਛੇੜੀ ਹੈ। ਪਾਕਿਸਤਾਨ ਨਾਲ ਪੰਜਾਬ ਦੀ 553 ਕਿਲੋਮੀਟਰ ਸਰਹੱਦ ਲੱਗਦੀ ਹੈ, ਜਿਸ ਨੂੰ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਲਈ ਸਭ ਤੋਂ ਸੰਵੇਦਨਸ਼ੀਲ ਖੇਤਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਮਾਨ ਨੇ ਕਿਹਾ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਡਰੋਨ-ਅਧਾਰਤ ਤਸਕਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਸਰਹੱਦ 'ਤੇ ਨੌਂ ਐਂਟੀ-ਡਰੋਨ ਯੂਨਿਟ ਸਥਾਪਤ ਕੀਤੇ ਜਾ ਰਹੇ ਹਨ।ਇਸ ਪ੍ਰੋਗਰਾਮ ਦੌਰਾਨ ਮੁੱਖ ਸਕੱਤਰ ਕੇ ਏ ਪੀ ਸਿਨਹਾ, ਡੀ ਜੀ ਪੀ ਗੌਰਵ ਯਾਦਵ ਤੇ ਹੋਰ ਮੌਜੂਦ ਸਨ।

### ਦੇਸ਼-ਦੁਨੀਆ ਦੇ ਭਖ਼ਦੇ ਮੁੱਦਿਆਂ ...

ਬੁਲਾਰੇ ਆਪਣੇ ਵਿਚਾਰ ਰੱਖਣਗੇ। ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਹੋਏਗੀ। ਦਿਨ ਵੇਲੇ ਢੁਕਵੇਂ ਵਿਸ਼ਿਆਂ ਉਪਰ ਮੁਲਕ ਦੇ ਜਾਣੇ-ਪਹਿਚਾਣੇ ਵਿਦਵਾਨਾਂ ਮੁਹੰਮਦ ਯੂਸਫ਼ ਤਾਰੀਗਾਮੀ (ਜੰਮੂ-ਕਸ਼ਮੀਰ) ਅਤੇ ਡਾ. ਨਵਸ਼ਰਨ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ। ਤਿੰਨ ਰੋਜ਼ਾ ਮੇਲਾ 30 ਅਕਤੂਬਰ ਸ਼ਾਮ 4 ਵਜੇ ਸ਼ੁਰੂ ਹੋਣ ਵਾਲਾ ਮੇਲਾ ਹੋਏਗਾ 'ਪੁਸਤਕ ਸੱਭਿਆਚਾਰ ਦੀ ਸ਼ਾਮ: ਪਾਬੰਦੀਸ਼ੁਦਾ ਕਿਤਾਬਾਂ ਦੇ ਨਾਮ'। ਇਸ ਰੋਜ਼ ਹੀ ਸ਼ੁਰੂ ਹੋ ਜਾਏਗੀ ਕਲਾ ਅਤੇ ਫੋਟੋ ਪ੍ਰਦਰਸ਼ਨੀ। 31 ਅਕਤੂਬਰ ਦਿਨ ਵੇਲੇ ਕੁਇਜ਼, ਗਾਇਨ, ਭਾਸ਼ਣ ਅਤੇ ਪੇਂਟਿੰਗ ਮੁਕਾਬਲਾ ਹੋਏਗਾ। ਇਸ ਰੋਜ਼ ਦੁਪਹਿਰ ਵੇਲੇ ਵਿਚਾਰ-ਚਰਚਾ ਹੋਏਗੀ, ਜਿਸ ਵਿੱਚ 'ਫਾਸ਼ੀਵਾਦ ਅਤੇ ਭਾਰਤੀ ਲੋਕਤੰਤਰ' ਅਤੇ 'ਸਾਮਰਾਜ ਅਤੇ ਵਿਸ਼ਵ ਵਪਾਰ ਦਾ ਦੁਨੀਆ ਭਰ ਦੇ ਲੋਕਾਂ ਉਪਰ ਹੱਲਾ' ਵਿਸ਼ੇ ਉਪਰ ਚਰਚਾ ਹੋਏਗੀ, ਜਿਸ ਨੂੰ ਮੁਲਕ ਦੇ ਚੋਟੀ ਦੇ ਵਿਦਵਾਨ ਸੰਬੋਧਨ ਕਰਨਗੇ। ਇਸ ਸ਼ਾਮ ਹੋਏਗਾ ਕਵੀ ਦਰਬਾਰ, ਜੋ ਔਰਤ ਮੁੱਦਿਆਂ ਅਤੇ ਔਰਤ ਸ਼ਕਤੀ 'ਤੇ ਕੇਂਦਰਤ ਹੋਏਗਾ। 31 ਅਕਤੂਬਰ ਸ਼ਾਮ : 'ਫ਼ਲਸਤੀਨ ਅਤੇ ਕਬਾਇਲੀ ਲੋਕਾਂ ਦੇ ਨਾਮ' ਦਸਤਾਵੇਜ਼ੀ ਫ਼ਿਲਮਾਂ ਦੀ ਸਕਰੀਨਿੰਗ ਹੋਏਗੀ।

ਤਿੰਨ ਰੋਜ਼ਾ ਮੇਲੇ ਮੌਕੇ ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਗ਼ਦਰੀ ਸ਼ਹੀਦ ਹਾਫ਼ਿਜ਼ ਅਬਦੁੱਲਾ ਨਗਰ ਦਾ ਨਾਂਅ ਦਿੱਤਾ ਜਾਏਗਾ, ਜੋ ਕਿ ਗ਼ਦਰੀ ਗੁਲਾਬ ਕੌਰ ਅਤੇ ਹੋਰ ਗ਼ਦਰੀਆਂ ਨਾਲ ਸਰਗਰਮ ਯੋਗਦਾਨ ਪਾਉਂਦਾ ਰਿਹਾ। ਪੁਸਤਕ ਪ੍ਰਦਰਸ਼ਨੀ ਦੇ ਪੰਡਾਲ ਨੂੰ 'ਗ਼ਦਰੀ ਸ਼ਹੀਦ ਰਹਿਮਤ ਅਲੀ ਵਜੀਦਕੇ ਨਗਰ' ਅਤੇ ਪ੍ਰਮੁੱਖ ਪੰਡਾਲ ਨੂੰ 'ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਕੋਟਲਾ ਨੌਧ ਸਿੰਘ ਪੰਡਾਲ' ਦਾ ਨਾਂਅ ਦਿੱਤਾ ਜਾਏਗਾ।

ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਹੋਈ ਮੀਟਿੰਗ 'ਚ ਲਏ ਮਹੱਤਵਪੂਰਨ ਫੈਸਲਿਆਂ ਦੀ ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ 'ਚ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਬੰਦ ਕਰਨ, ਗਾਜ਼ਾ 'ਚੋਂ ਫੌਜਾਂ ਬਾਹਰ ਕੱਢਣ ਅਤੇ ਫ਼ਲਸਤੀਨ, 'ਫ਼ਲਸਤੀਨ ਦੇ ਲੋਕਾਂ ਦਾ, ਨਹੀਂ ਇਜ਼ਰਾਇਲੀ ਅਤੇ ਅਮਰੀਕੀ ਜੋਕਾਂ ਦਾ' ਆਵਾਜ਼ ਬੁਲੰਦ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਆਦਿਵਾਸੀ ਇਲਾਕਿਆਂ, ਜੰਗਲ, ਜਲ, ਜ਼ਮੀਨ, ਕੁਦਰਤੀ ਸਰੋਤਾਂ ਨੂੰ ਖੋਹਣ ਪਏ ਕਾਰਪੋਰੇਟ ਘਰਾਣਿਆਂ ਦਾ ਡਟਵਾਂ ਵਿਰੋਧ ਕਰਦੇ ਹੋਏ ਆਦਿਵਾਸੀਆਂ ਤੇ ਕਮਿਊਨਿਸਟ ਇਨਕਲਾਬੀਆਂ ਦੇ ਕਤਲੇਆਮ ਬੰਦ ਕਰਨ ਦਾ ਮਤਾ ਪਾਸ ਕੀਤਾ ਗਿਆ।

ਜੰਮੂ-ਕਸ਼ਮੀਰ ਅਤੇ ਮੁਲਕ ਦੇ ਹੋਰਨਾਂ ਖੇਤਰਾਂ ਅੰਦਰ ਖਾਸ ਕਰਕੇ ਨਾਮਵਰ ਵਿਦਵਾਨਾਂ ਦੀਆਂ 25 ਕਿਤਾਬਾਂ ਉਪਰ ਮੜ੍ਹੀ ਪਾਬੰਦੀ ਦਾ ਵਿਰੋਧ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ। ਭਾਸ਼ਾ, ਲੋਕ ਸਾਹਿਤ ਉਪਰ ਹੱਲੇ ਅਤੇ ਆਧਾਰ ਕਾਰਡਾਂ ਉਪਰੋਂ ਪੰਜਾਬੀ ਬੋਲੀ ਦੀ ਫੱਟੀ ਪੋਚਣ ਦਾ ਵੀ ਜਨਰਲ ਬਾਡੀ ਨੇ ਤਿੱਖਾ ਵਿਰੋਧ ਕੀਤਾ।


ਜਨਰਲ ਬਾਡੀ ਮੀਟਿੰਗ 'ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਕਮੇਟੀ ਮੈਂਬਰ ਹਾਜ਼ਰ ਸਨ। ਮੀਟਿੰਗ ਦਾ ਆਗਾਜ਼ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਕਾਮਰੇਡ ਗੁਰਦਿਆਲ ਸਿੰਘ ਪਹਾੜਪੁਰ, ਕਾਕੋਰੀ ਕਾਂਡ ਦੇ ਸ਼ਹੀਦਾਂ (9 ਅਗਸਤ 1925), ਕਾਲ੍ਹਿਆਂ ਵਾਲਾ ਖੂਹ ਦੇ ਸ਼ਹੀਦਾਂ, ਸ਼ਹੀਦ ਊਧਮ ਸਿੰਘ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ ਨੂੰ ਖੜ੍ਹੇ ਹੋ ਕੇ ਸਲਾਮ ਕਰਨ ਨਾਲ ਹੋਇਆ।

## 12 ਦੇ ਟਰੈਕਟਰ ਮਾਰਚ ਨੂੰ ਲੈ ਕੇ ਲੋਕਾਂ ਵਿੱਚ ਵੱਡਾ ਉਤਸ਼ਾਹ : ਦੌਲਤਪੁਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ 12 ਅਗਸਤ ਨੂੰ ਹੋਣ ਵਾਲੇ ਟਰੈਕਟਰ ਮਾਰਚ ਨੂੰ ਲੈ ਕੇ ਲੋਕਾਂ ਵਿੱਚ ਵੱਡਾ ਉਤਸ਼ਾਹ ਹੈ। ਉਨ੍ਹਾਂ ਦੱਸਿਆ ਕਿ ਇਹ ਮਾਰਚ ਕਿਸਾਨੀ ਹਿੱਤਾਂ ਨੂੰ ਸਮਰਪਤ ਹੈ ਅਤੇ ਇਸ ਦਾ ਮੁੱਖ ਉਦੇਸ਼ ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਨਾ ਹੈ, ਜਿਸ ਨਾਲ ਕਿਸਾਨਾਂ ਦੇ ਹੱਕਾਂ ਨੂੰ ਖਤਰਾ ਪੈਦਾ ਹੋ ਗਿਆ ਹੈ।ਦੌਲਤਪੁਰ ਨੇ ਸਪੱਸ਼ਟ ਕੀਤਾ ਕਿ ਇਹ ਲੜਾਈ ਕਿਸੇ ਇੱਕ ਪਾਰਟੀ ਦੀ ਨਹੀਂ, ਸਗੋਂ ਪੰਜਾਬ ਦੇ ਹਰੇਕ ਕਿਸਾਨ ਅਤੇ ਮਿੱਟੀ ਨਾਲ ਜੁੜੇ ਹਰੇਕ ਵਿਅਕਤੀ ਦੀ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਅੰਦੋਲਨ ਵਿੱਚ ਸ਼ਾਮਲ ਹੋ ਰਹੇ ਹਨ ਤਾਂ ਜੋ ਸਰਕਾਰ ਨੂੰ ਕਿਸਾਨ ਵਿਰੋਧੀ ਨੀਤੀਆਂ ਵਾਪਸ ਲੈਣ ਲਈ ਮਜਬੂਰ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਪਿੰਡ ਪਿੰਡ ਵਿੱਚ ਮੀਟਿੰਗਾਂ ਅਤੇ ਰੈਲੀਆਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਕਿਸਾਨ, ਨੌਜਵਾਨ, ਮਜ਼ਦੂਰ ਸਭ ਵੱਡੀ ਗਿਣਤੀ ਵਿੱਚ ਮਾਰਚ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਦੌਲਤਪੁਰ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਅਣਖੀ ਲੋਕ ਆਪ ਹੀ ਆਪਣੇ ਟਰੈਕਟਰਾਂ 'ਤੇ ਮਾਰਚ ਵਿੱਚ ਪਹੁੰਚ ਕੇ ਸਰਕਾਰ ਨੂੰ ਮੂੰਹਤੋੜ ਜਵਾਬ ਦੇਣਗੇ।ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਨੀਤੀ ਨਾਲ ਨਾ ਸਿਰਫ ਕਿਸਾਨਾਂ ਦੀ ਜ਼ਮੀਨ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਜਾਵੇਗੀ, ਸਗੋਂ ਪੀੜ੍ਹੀਆਂ ਤੱਕ ਦੀ ਕਮਾਈ ਵੀ ਖ਼ਤਰੇ ਵਿੱਚ ਪੈ ਜਾਵੇਗੀ। ਇਸ ਲਈ, 12 ਅਗਸਤ ਦਾ ਟਰੈਕਟਰ ਮਾਰਚ ਪੰਜਾਬ ਦੇ ਕਿਸਾਨਾਂ ਦੀ ਅਣਖ ਅਤੇ ਅਧਿਕਾਰਾਂ ਦੀ ਰੱਖਿਆ ਲਈ ਇਕ ਵੱਡਾ ਸੰਦੇਸ਼ ਦੇਵੇਗਾ।

## ਖੇਡਾਂ ਮਨੁੱਖ ਨੂੰ ਅਨੇਕਾਂ ਅਲਾਮਤਾਂ ਤੋਂ ਦੂਰ ਰੱਖਦੀਆਂ : ਸੂਬਾ ਸਿੰਘ



**ਸੰਗਰੂਰ/ਲਹਿਰਾਗਾਗਾ (ਪ੍ਰਵੀਨ ਸਿੰਘ)**-ਖੇਡਾਂ ਮਨੁੱਖ ਨੂੰ ਨਾ ਸਿਰਫ਼ ਤੰਦਰੁਸਤ ਰੱਖਦੀਆਂ ਹਨ, ਸਗੋਂ ਮਨੁੱਖ ਨੂੰ ਅਨੇਕਾਂ ਪ੍ਰਕਾਰ ਦੀਆਂ ਅਲਾਮਤਾਂ ਤੋਂ ਵੀ ਦੂਰ ਰੱਖਦੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੂਬਾ ਸਿੰਘ ਐੱਸ.ਡੀ.ਐੱਮ. ਲਹਿਰਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਨ ਨੂੰ ਸਮਰਪਤ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ਲਹਿਰਾਗਾਗਾ ਵਿੱਚ ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਕਲਸਟਰ-17 ਦੀ ਅੰਡਰ-14, 17 ਤੇ 19 (ਲੜਕੇ ਤੇ ਲੜਕੀਆਂ) ਦੀ ਖੋ-ਖੋ ਚੈਂਪੀਅਨਸ਼ਿਪ ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨਸ਼ਿਆਂ ਵਿਰੁੱਧ ਜੰਗ ਲੜ ਰਹੀ ਹੈ, ਉੱਥੇ ਇਸ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਰੁਝਾਨ ਤੋਂ ਦੂਰ ਰੱਖਣ ਲਈ ਖੇਡਾਂ ਆਯੋਜਿਤ ਕਰਾਉਣੀਆਂ ਵੱਡਾ ਉਪਰਾਲਾ ਹੈ। ਇਸ ਸਮੇਂ ਸਕੂਲ ਪ੍ਰਬੰਧਕ ਪ੍ਰਵੀਨ ਖੋਖਰ, ਲਕਸ਼ਮੀਕਾਂਤ ਖੋਖਰ, ਅਨਿਰੁੱਧ ਕੌਸ਼ਲ, ਅਸ਼ੋਕ ਸ਼ਰਮਾ, ਪ੍ਰਿੰਸੀਪਲ ਨਵਦੀਪ ਭਾਰਦਵਾਜ ਆਦਿ ਨੇ ਕਿਹਾ ਕਿ ਸੀ.ਬੀ.ਐੱਸ.ਈ. ਵੱਲੋਂ ਸਾਡੇ ਸਕੂਲ ਵਿੱਚ ਖੋ-ਖੋ ਚੈਂਪੀਅਨਸ਼ਿਪ ਕਰਵਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ । ਉਨ੍ਹਾਂ ਆਖਿਆ ਕਿ ਇਸ ਖੋ-ਖੋ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਮੁਕਤਸਰ, ਬਠਿੰਡਾ, ਮਾਨਸਾ, ਪਟਿਆਲਾ, ਸੰਗਰੂਰ, ਬਰਨਾਲਾ, ਰੂਪਨਗਰ, ਮੋਹਾਲੀ ਤੋਂ ਇਲਾਵਾ ਚੰਡੀਗੜ੍ਹ ਦੇ ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ ਹੈ, ਜਿਹੜੀ ਕਿ ਆਪਣੇ-ਆਪ ਵਿੱਚ ਮਿਸਾਲ ਹੈ। ਉਨ੍ਹਾਂ ਇਸ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਤੇ ਉਨ੍ਹਾਂ ਕੋਚ ਸਾਹਿਬਾਨਾਂ ਨੂੰ ਮੁਬਾਰਕਬਾਦ ਵੀ ਦਿੱਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੁੱਖ ਮੰਤਰੀ ਪੰਜਾਬ ਨੂੰ ਸਵਾਲ ਕਰਨ ਗਏ ਕਿਸਾਨਾਂ ਨੂੰ ਪ੍ਰਸ਼ਾਸਨ ਨੇ ਰਸਤੇ 'ਚ ਰੋਕਿਆ

**ਚੋਹਲਾ ਸਾਹਿਬ (ਰਮਨ ਚੱਢਾ)**- ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ ਵੱਡੇ ਕਾਫਲਿਆਂ ਦੇ ਰੂਪ ਵਿੱਚ ਕਿਸਾਨ ਸ਼ਾਂਤਮਈ ਤਰੀਕੇ ਨਾਲ ਸਵਾਲ ਕਰਨ ਲਈ ਤਰਨ ਤਰਨ ਵਿਖੇ ਪਹੁੰਚੇ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਅਤੇ ਰਣਯੋਧ ਸਿੰਘ ਗੱਗੋਬੂਆ ਨੇ ਕਿਹਾ ਕਿ ਜਿਹੜੀ ਸਰਕਾਰ ਦਾ ਸੀਐੱਮ ਦਾਅਵੇ ਕਰਦਾ ਹੋਵੇ ਕਿ ਉਹ ਕਿਸਾਨਾਂ ਦਾ ਪੁੱਤ ਹੈ ਅਤੇ ਖੇਤੀ ਨਾਲ ਸ਼ੁਰੂ ਤੋਂ ਜੁੜਿਆ ਹੋਇਆ ਹੈ ਉਸ ਸੀਐੱਮ ਨੂੰ ਕਿਸਾਨਾਂ ਦੇ ਸਵਾਲਾਂ ਤੋਂ ਕਿਨਾਰਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਇਸ਼ਾਰੇ 'ਤੇ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਸ਼ਾਸਨ ਨੇ ਵੱਡੀਆਂ ਫੋਰਸਾਂ ਲਗਾ ਕੇ ਕਿਸਾਨਾਂ ਨੂੰ ਰਸਤੇ ਵਿੱਚ ਰੋਕਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸਵਾਲਾਂ-ਜਵਾਬਾਂ ਤੋਂ ਭੱਜਣਾ ਅਤੇ ਭਾਰੀ ਪ੍ਰਸ਼ਾਸਨਿਕ ਬਲ ਲਗਾ ਕੇ ਕਿਸਾਨਾਂ ਨੂੰ ਰਸਤੇ ਵਿੱਚ ਰੋਕਣਾ ਤਾਨਾਸ਼ਾਹੀ ਰਾਜ ਦਾ ਫੁਰਮਾਨ ਹੈ।ਜਰਨੈਲ ਸਿੰਘ ਨੂਰਦੀ, ਦਿਆਲ ਸਿੰਘ, ਰੇਸ਼ਮ ਸਿੰਘ ਘੁਰਕਵਿੰਡ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਹਰਜਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਸਰਕਾਰ ਜਲਦ ਤੋਂ ਜਲਦ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰੇ, ਬਿਜਲੀ ਸੋਧ ਬਿੱਲ ਨੂੰ ਖਾਰਜ ਕਰੇ, ਭਾਰਤ ਮਾਲਾ ਯੋਜਨਾ ਤਹਿਤ ਕਿਸਾਨਾਂ ਦਾ ਉਜਾੜਾ ਬੰਦ ਕਰੇ, ਦਿੱਲੀ ਕਿਸਾਨ ਅੰਦੋਲਨ 0.1 ਅਤੇ ਕਿਸਾਨ ਅੰਦੋਲਨ 0.2 ਸਮੇਂ ਕਿਸਾਨ ਆਗੂਆਂ ਤੇ ਵਰਕਰਾਂ 'ਤੇ ਕੀਤੇ ਕੇਸ ਰੱਦ ਕਰੇ। ਇਹ ਮੰਗਾਂ ਸਰਕਾਰ ਤੁਰੰਤ ਪੂਰੀਆਂ ਕਰੇ। ਇਸ ਮੌਕੇ ਸਲਵਿੰਦਰ ਸਿੰਘ ਜੀਉਬਾਲਾ, ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੈਰੋਵਾਲ, ਨਿਰਵੈਲ ਸਿੰਘ ਡਲੀਰੀ, ਸਤਨਾਮ ਸਿੰਘ ਖੋਜਕੀਪੁਰ, ਸੁਖਚੈਨ ਸਿੰਘ ਅੱਲੋਵਾਲ, ਸੁਖਵਿੰਦਰ ਸਿੰਘ ਦੁਗਲਵਾਲਾ, ਮਨਜਿੰਦਰ ਸਿੰਘ ਗੋਹਲਵੜ, ਕੁਲਦੀਪ ਸਿੰਘ ਵੇਈਂਪੂਈਂ, ਮਨਜੀਤ ਸਿੰਘ ਕਰਮੂਵਾਲਾ, ਕੁਲਵੰਤ ਸਿੰਘ ਢੋਟੀਆਂ, ਰੂਪ ਸਿੰਘ ਸੈਦੋ, ਮੇਅਰ ਸਿੰਘ ਤਲਵੰਡੀ, ਦਿਲਬਾਗ ਸਿੰਘ ਪਹੁਵਿੰਡ, ਰਣਜੀਤ ਸਿੰਘ, ਨਿਸ਼ਾਨ ਸਿੰਘ ਗੁਲਾਲੀਪੁਰ, ਤਰਸੇਮ ਸਿੰਘ ਧਾਰੀਵਾਲ, ਸਲਵਿੰਦਰ ਸਿੰਘ ਡਾਲੇ ਕੇ ਹਾਜ਼ਰ ਸਨ।



# ਖਾਲਸਾ ਕਾਲਜ ਦੀ ਵਿਮਲਜੀਤ ਕੌਰ ਨੇ ਯੂਜੀਸੀ ਨੈੱਟ ਪ੍ਰੀਖਿਆ ਪਾਸ ਕੀਤੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਦੀ ਵਿਦਿਆਰਥਣ ਨੇ ਯੂ. ਜੀ. ਸੀ. ਨੈੱਟ ਵੱਲੋਂ ਪ੍ਰੋਫੈਸਰ ਦੀ ਭਰਤੀ ਲਈ ਲਾਜ਼ਮੀ ਨੈਸ਼ਨਲ ਇਲਿਜੀਬਿਲਟੀ ਦੀ ਪ੍ਰੀਖਿਆ ਨੂੰ ਪਾਸ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ।ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਬੀ. ਏ (ਆਨਰਜ਼) ਅੰਗਰੇਜ਼ੀ ਦੀ ਵਿਦਿਆਰਥਣ ਵਿਮਲਜੀਤ ਕੌਰ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਕਾਲਜ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ।ਡਾ. ਰੰਧਾਵਾ ਨੇ ਅਧਿਆਪਕਾਂ ਦੀ ਉਨ੍ਹਾਂ ਦੁਆਰਾ ਕੀਤੀ ਜਾਂਦੀ ਅਣਥੱਕ ਮਿਹਨਤ ਲਈ ਸ਼ਲਾਘਾ ਕਰਦਿਆਂ ਵਧਾਈ ਦਿੱਤੀ।ਇਸ ਮੌਕੇ ਵਿਭਾਗ ਮੁਖੀ ਪ੍ਰੋ: ਸੁਪਨਿੰਦਰਜੀਤ ਕੌਰ ਨੇ ਉਕਤ ਵਿਦਿਆਰਥਣ ਅਤੇ ਉਸਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੀਏ (ਆਨਰਜ਼) ਅੰਗਰੇਜ਼ੀ ਦੀ ਵਿਮਲਜੀਤ ਕੌਰ ਆਪਣੀ ਲਗਨ ਅਤੇ ਮਿਹਨਤ ਕਰਕੇ ਹਮੇਸ਼ਾ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਰਹੀ ਹੈ।ਉਨ੍ਹਾਂ ਕਿਹਾ ਕਿ ਵਿਭਾਗ ਨੂੰ ਵਿਮਲਜੀਤ ਕੌਰ 'ਤੇ ਮਾਣ ਹੈ ਅਤੇ ਹਮੇਸ਼ਾ ਉਸਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ।ਇਸ ਮੌਕੇ ਪ੍ਰੋ: ਮਕਲਿੰਦਰ ਸਿੰਘ, ਡਾ. ਸਾਂਵਤ ਸਿੰਘ ਮੰਟੋ, ਪ੍ਰੋ: ਦਲਜੀਤ ਸਿੰਘ, ਪ੍ਰੋ: ਮਮਤਾ ਮਹਿੰਦਰੂ, ਪ੍ਰੋ: ਵਿਜੈ ਬਰਨਾਡ, ਡਾ. ਜਸਵਿੰਦਰ ਕੌਰ ਔਲਖ, ਪ੍ਰੋ: ਪੂਜਾ ਕਾਲੀਆ, ਪ੍ਰੋ: ਗੁਰਪ੍ਰੀਤ ਸਿੰਘ ਅਤੇ ਹੋਰ ਅਧਿਆਪਕ ਹਾਜ਼ਰ ਸਨ।

# 6ਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਹੋਣਹਾਰ ਵਿਦਿਆਰਥੀ ਸਨਮਾਨਿਤ

## ● ਬੱਚਿਆਂ 'ਚ ਵਿਗਿਆਨਕ ਸੋਚ ਵਿਕਸਤ ਕਰਨੀ ਸਮੇਂ ਦੀ ਮੁੱਖ ਲੋੜ : ਪ੍ਰਿੰ. ਮਨਦੀਪ ਕੌਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਈ ਗਈ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਜ਼ਿਲ੍ਹਾ ਪੱਧਰ ਤੇ ਅਹਿਮ ਸਥਾਨ ਹਾਸਿਲ ਕਰਨ ਵਾਲੇ ਸਕੂਲ ਆਫ ਐਮੀਨੈਂਸ ਮਾਲ ਰੋਡ, ਅੰਮ੍ਰਿਤਸਰ ਦੇ ਹੋਣਹਾਰ ਵਿਦਿਆਰਥੀਆਂ ਦਾ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੇ 29 ਅਗਸਤ ਨੂੰ ਸੂਬਾਈ ਪੱਧਰ ਤੇ ਹੋ ਰਹੀ ਲਿਖਤੀ ਵਿਦਿਆਰਥੀ ਚੇਤਨਾ ਪ੍ਰੀਖਿਆ ਵਿੱਚ ਭਾਗ ਲੈਣ ਲਈ ਪੂਰੀ ਦਿਲਚਸਪੀ ਦਿਖਾਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਮਨਦੀਪ ਕੌਰ ਨੇ ਤਰਕਸ਼ੀਲ ਸੁਸਾਇਟੀ ਦੇ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ, ਜਨਮ ਟੇਵਿਆਂ, ਨਸ਼ਿਆਂ, ਰੂੜ੍ਹੀਵਾਦੀ ਰਸਮਾਂ, ਫਿਰਕਾਪ੍ਰਸਤੀ, ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿੱਚ ਸਮੇਂ-ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।ਇਸ ਮੌਕੇ ਸੂਬਾਈ ਤਰਕਸ਼ੀਲ ਆਗੂ ਸੁਮੀਤ ਅੰਮ੍ਰਿਤਸਰ ਅਤੇ ਇਕਾਈ ਆਗੂਆਂ ਪ੍ਰਿੰ. ਮੇਲਾ ਰਾਮ ਅਤੇ ਐਡਵੋਕੇਟ ਅਮਰਜੀਤ ਬਾਈ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦੇ ਸੋਚਣ ਢੰਗ ਵਿਗਿਆਨਕ ਬਣਾਉਣ ਦੇ ਇਲਾਵਾ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਸਮਾਜਿਕ ਬੁਰਾਈਆਂ ਤੋਂ ਮੁਕਤ ਕਰਕੇ ਉਨ੍ਹਾਂ ਵਿੱਚ ਨੈਤਿਕ ਕਦਰਾਂ ਕੀਮਤਾਂ, ਸਵੈ-ਵਿਸ਼ਵਾਸ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤਰਕਸ਼ੀਲ ਸੁਸਾਇਟੀ ਅਤੇ ਤਰਕਸ਼ੀਲ ਸਾਹਿਤ ਨਾਲ ਜੁੜ ਕੇ ਇਕ ਸਿਹਤਮੰਦ ਵਿਗਿਆਨਕ ਸਮਾਜ ਸਿਰਜਣ ਦਾ ਸੱਦਾ ਦਿੱਤਾ।ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਚੇਤਨਾ ਪ੍ਰੀਖਿਆ ਵਿੱਚ ਪੂਰਨ ਸਹਿਯੋਗ ਕਰਨ ਲਈ ਪ੍ਰਿੰਸੀਪਲ ਮਨਦੀਪ ਕੌਰ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਲੈਕਚਰਾਰ ਸੁਖਪ੍ਰੀਤ ਸਿੰਘ ਅਤੇ ਸੰਜੇ ਕੁਮਾਰ ਤੋਂ ਇਲਾਵਾ ਅਧਿਆਪਕਾ ਆਰਤੀ ਕੁਮਾਰੀ, ਸਰਬਜੀਤ ਕੌਰ, ਡਾ. ਪਲਵਿੰਦਰ ਕੌਰ, ਗੁਰਵੀਰ ਕੌਰ, ਮਨਪ੍ਰੀਤ ਕੌਰ ਅਤੇ ਜਸਕਿਰਨ ਕੌਰ, ਸੁਖਰਾਜ ਕੌਰ ਵੱਲੋਂ ਦਿੱਤੇ ਪੂਰਨ ਸਹਿਯੋਗ ਅਤੇ ਵਿਦਿਆਰਥੀਆਂ ਦੇ ਵੱਡੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ।



# ਟਾਟਾ ਟੀ ਪ੍ਰੀਮੀਅਮ ਵੱਲੋਂ 'ਦੇਸ਼ ਕਾ ਗਰਵ' ਮੁਹਿੰਮ ਦੇ ਨਵੇਂ ਐਡੀਸ਼ਨ ਦੀ ਸ਼ੁਰੂਆਤ

**ਲੁਧਿਆਣਾ** : ਟਾਟਾ ਕੰਜ਼ਿਊਮਰ ਪ੍ਰੋਡਕਟਸ ਦੇ ਪ੍ਰਮੁੱਖ ਚਾਹ ਬ੍ਰਾਂਡ ਟਾਟਾ ਟੀ ਪ੍ਰੀਮੀਅਮ ਨੇ ਆਪਣੀ ਪ੍ਰਤੀਕ ਦੇਸ਼ ਕਾ ਗਰਵ ਮੁਹਿੰਮ ਦੇ 2025 ਐਡੀਸ਼ਨ ਦਾ ਉਦਘਾਟਨ ਕੀਤਾ।ਇਸ ਸਾਲ ਦੇ ਸੰਗ੍ਰਹਿ ਵਿੱਚ ਹੱਥ ਨਾਲ ਪੇਂਟ ਕੀਤੀਆਂ ਕੇਤਲੀਆਂ ਸ਼ਾਮਲ ਹਨ ਜੋ ਪੰਜਾਬ ਦੀ ਮਸ਼ਹੂਰ ਫੁੱਲਕਾਰੀ ਕਢਾਈ ਤੋਂ ਪ੍ਰੇਰਿਤ ਹਨ, ਜੋ ਕਿ ਭਾਰਤੀ ਲੋਕ ਕਲਾ ਨੂੰ ਸੁਰੱਖਿਅਤ ਰੱਖਣ ਲਈ ਸਮਰਪਿਤ ਇੱਕ ਸੰਸਥਾ ਕੌਸ਼ਲ ਦੇ ਸਹਿਯੋਗ ਨਾਲ ਬਣਾਈਆਂ ਗਈਆਂ ਹਨ।ਇਹ ਕੇਤਲੀਆਂ ਜੀਵੰਤ ਤੋਤੇ, ਸਟਾਈਲਾਈਜ਼ਡ ਫਸਲ ਪੈਟਰਨ ਅਤੇ ਬੋਲਡ ਫੁੱਲਦਾਰ ਨਮੂਨੇ ਪ੍ਰਦਰਸ਼ਿਤ ਕਰਦੀਆਂ ਹਨ, ਜੋ ਪੰਜਾਬ ਦੀ ਖੇਤੀਬਾੜੀ ਦੀ ਭਾਵਨਾ ਅਤੇ ਕਲਾਤਮਕ ਹੁਨਰ ਨੂੰ ਦਰਸਾਉਂਦੀਆਂ ਹਨ।ਪੁਨੀਤ ਦਾਸ ਪ੍ਰਧਾਨ ਪੈਕੇਜਡ ਬੇਵਰੇਜਿਜ਼ (ਭਾਰਤ ਅਤੇ ਦੱਖਣੀ ਏਸ਼ੀਆ) ਨੇ ਕਿਹਾ ਕਿ ਇਹ ਪਹਿਲ ਟਾਟਾ ਟੀ ਪ੍ਰੀਮੀਅਮ ਦੇ ਵਿਸ਼ਵਾਸ ਨੂੰ ਦਰਸਾਉਂਦੀ ਹੈ ਕਿ ਭਾਰਤ ਦੀ ਵਿਭਿੰਨਤਾ ਇਸਦੀ ਸਭ ਤੋਂ ਵੱਡੀ ਤਾਕਤ ਹੈ, ਜਿਸਦਾ ਉਦੇਸ਼ ਸਾਲ ਭਰ ਸਥਾਨਕ ਕਲਾ ਦਾ ਜਸ਼ਨ ਮਨਾਉਂਦੇ ਹੋਏ ਚਾਹ ਦੇ ਪਲਾਂ ਨੂੰ ਖਾਸ ਬਣਾਉਣਾ ਹੈ।

# ਡੇਂਗੂ ਦੇ ਜੜ੍ਹ ਤੋਂ ਖਾਤਮੇ ਲਈ ਸਿਹਤ ਵਿਭਾਗ ਕਾਦੀਆਂ ਨੇ ਚਲਾਈ ਖਾਸ ਮੁਹਿੰਮ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਜਾਬ ਸਰਕਾਰ ਤੇ ਸਿਹਤ ਵਿਭਾਗ ਪੰਜਾਬ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਸੰਬੰਧੀ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੈਡੀਕਲ ਅਫਸਰ ਕਾਦੀਆਂ ਡਾ. ਸ਼ੁਭਨੀਤ ਕੁਮਾਰ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਅਧੀਨ ਕਾਦੀਆਂ ਵੱਖ-ਵੱਖ ਥਾਵਾਂ 'ਤੇ ਜਾ ਕੇ ਸਿਹਤ ਵਿਭਾਗ ਦੀ ਟੀਮ ਨੇ ਡੇਂਗੂ ਦੇ ਜੜ੍ਹ ਦੇ ਖਾਤਮੇ ਦੇ ਤਹਿਤ ਵਿਸ਼ੇਸ਼ ਅਭਿਆਨ ਚਲਾਇਆ ਅਤੇ ਇਸ ਦੌਰਾਨ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ।ਇਸ ਸਬੰਧੀ ਵਿਭਾਗ ਦੀ ਟੀਮ ਨੇ ਦੱਸਿਆ ਕਿ ਪਾਣੀ ਦੇ ਸਰੋਤਾਂ ਨੂੰ ਹਰ ਹਫ਼ਤੇ ਖਾਲੀ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਏਡੀਜ਼ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਇੱਕ ਹਫ਼ਤੇ ਤੋਂ ਜ਼ਿਆਦਾ ਸਮੇਂ ਤੱਕ ਖੜੇ ਸਾਫ਼ ਪਾਣੀ ਤੇ ਪੈਦਾ ਹੁੰਦਾ ਹੈ ਅਤੇ ਇੱਕ ਹਫ਼ਤੇ ਦੇ ਵਿੱਚ ਅੰਡੇ ਤੋਂ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ।ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ, ਹੋਰ ਪਾਣੀ ਦੇ ਬਰਤਨਾਂ ਨੂੰ ਚੰਗੀ ਤਰ੍ਹਾਂ ਖਾਲੀ ਕਰਕੇ ਸੁਕਾ ਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ ਅਤੇ ਨੀਵੀਆਂ ਥਾਵਾਂ ਤੇ ਮਿੱਟੀ ਪਾ ਕੇ ਭਰ ਦੇਣੀਆਂ ਚਾਹੀਦੀਆਂ ਹਨ। ਜਿਨ੍ਹਾਂ ਥਾਵਾਂ ਤੋਂ ਪਾਣੀ ਸਾਫ਼ ਨਹੀਂ ਕੀਤਾ ਜਾ ਸਕਦਾ, ਉਥੇ ਹਰ ਹਫ਼ਤੇ ਕਾਲਾ ਸੜਿਆ ਹੋਇਆ ਤੇਲ ਪਾਉਣਾ ਚਾਹੀਦਾ ਹੈ।ਬੁਖ਼ਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ ਅਤੇ ਡੇਂਗੂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਹੈਲਥ ਇੰਸਪੈਕਟਰ ਸਰਵਣ ਸਿੰਘ, ਲਖਬੀਰ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਕੁਮਾਰ ਆਦਿ ਹਾਜ਼ਰ ਸਨ।





# ਬੀਐੱਮਐੱਲ ਮੁੰਜਲ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਵੱਲੋਂ ਵਰਕਸ਼ਾਪ ਆਯੋਜਿਤ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ ਪਠਾਨਕੋਟ 'ਚ ਬੀਐੱਮਐੱਲ ਮੁੰਜਲ ਯੂਨੀਵਰਸਿਟੀ ਦੇ ਸਹਿਯੋਗ ਨਾਲ ਔਫਲਾਈਨ ਵਰਕਸ਼ਾਪ ਕਰਵਾਈ ਗਈ। ਇਹ ਸ਼ੈਸ਼ਨ ਪ੍ਰੋ. ਸਲੀਲ ਮਿਸ਼ਰਾ ਅਤੇ ਸਹਾਇਕ ਪ੍ਰੋ. ਅੰਕੁਰ ਸ਼ੁਕਲਾ ਵੱਲੋਂ ਸੰਚਾਲਿਤ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਅਸਲ ਜੀਵਨ ਦੀਆਂ ਸਮਝਾਂ ਸਾਂਝੀਆਂ ਕੀਤੀਆਂ। ਸਹਾਇਕ ਪ੍ਰੋਫੈਸਰ ਅੰਕੁਰ ਸ਼ੁਕਲਾ ਇੱਕ ਬਹੁਮੁਖੀ ਪ੍ਰਬੰਧਨ ਵਿਦਵਾਨ ਨੇ ਬੀਆਈਟੀ ਰਾਂਚੀ ਤੋਂ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਆਈਆਈਐਮ ਰਾਂਚੀ ਤੋਂ ਪ੍ਰਬੰਧਨ ਵਿੱਚ ਪੋਸਟ ਗ੍ਰੈਜੂਏਟ ਅਤੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ, ਜਿਸ ਨਾਲ ਉਨ੍ਹਾਂ ਨੂੰ ਤਕਨੀਕੀ ਅਤੇ ਪ੍ਰਬੰਧਕੀ ਹੁਨਰ ਦਾ ਸ਼ਕਤੀਸ਼ਾਲੀ ਮਿਸ਼ਰਣ ਪ੍ਰਾਪਤ ਹੋਇਆ। ਤਿੰਨ ਘੰਟੇ ਦੀ ਵਰਕਸ਼ਾਪ ਵਿੱਚ ਵਪਾਰ, ਮਨੁੱਖਤਾ ਅਤੇ ਵਿਗਿਆਨ ਫੈਕਲਟੀ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਨਾਲ ਉਨ੍ਹਾਂ ਨੂੰ ਅਜਿਹੇ ਮਾਣਯੋਗ ਫੈਕਲਟੀ ਮੈਂਬਰਾਂ ਨਾਲ ਸਿੱਧਾ ਸੰਵਾਦ ਕਰਨ ਦਾ ਦੁਰਲਭ ਮੌਕਾ ਮਿਲਿਆ।ਇਸ ਮੌਕੇ ਸੰਨੀ ਮਹਾਜਨ ਨਿਰਦੇਸ਼ਕ, ਪ੍ਰਤਾਪ ਵਰਲਡ ਸਕੂਲ, ਨੇ ਕਿਹਾ ਕਿ ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਆਪਣੇ ਵਿਦਿਆਰਥੀਆਂ ਨੂੰ ਕਲਾਸ ਰੂਮ ਤੋਂ ਬਾਹਰ ਵੀ ਸਿੱਖਣ ਦੇ ਮੌਕੇ ਦੇਣ ਲਈ ਪ੍ਰਤੀਬੱਧ ਹਾਂ।ਇਸ ਵਰਕਸ਼ਾਪ ਨੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਬਣਾਇਆ ਹੈ ਅਤੇ ਉਨ੍ਹਾਂ ਨੂੰ ਵਿਸ਼ਵਵਿਆਪੀ ਸੋਚ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ।ਸੁਸ਼ੀਤ ਸ਼ੁਭਰਾ ਰਾਣੀ ਪ੍ਰਿੰ. ਪ੍ਰਤਾਪ ਵਰਲਡ ਸਕੂਲ, ਨੇ ਕਿਹਾ ਕਿ ਇਹ ਸਾਡੇ ਵਿਦਿਆਰਥੀਆਂ ਲਈ ਸੱਚਮੁੱਚ ਇੱਕ ਗਿਆਨਵਰਧਕ ਅਨੁਭਵ ਸੀ।ਪ੍ਰੋਫੈਸਰਾ ਦੁਆਰਾ ਸਾਂਝਾ ਕੀਤਾ ਗਿਆ ਗਿਆਨ, ਕਹਾਣੀਆਂ ਅਤੇ ਅਸਲ ਜੀਵਨ ਦੇ ਅਨੁਭਵ ਲੰਬੇ ਸਮੇਂ ਤੱਕ ਉਨ੍ਹਾਂ ਨਾਲ ਰਹਿਣਗੇ।



# ਦਿੱਲੀ 'ਚ ਹਾਰ ਤੋਂ ਬਾਅਦ ਹੁਣ 'ਆਪ' ਪੰਜਾਬ 'ਚੋਂ ਆਪਣੇ ਫੰਡ ਇਕੱਠੇ ਕਰਨ ਲੱਗੀ : ਵਿਨੈ ਚੌਧਰੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦਿੱਲੀ ਚ ਹਰ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਹੁਣ ਪੰਜਾਬ ਨੂੰ ਆਪਣੇ ਫੰਡ ਇਕੱਠੇ ਕਰਨ ਦਾ ਸਾਧਨ ਬਣਾਇਆ ਹੋਇਆ ਹੈ।ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ, ਪੰਜਾਬ ਨੂੰ ਏਟੀਐੱਮ ਬਣਾ ਕੇ ਵਰਤ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਤਿੰਨ ਸਾਲ ਪੂਰੇ ਕਰਨ ਦੇ ਬਾਵਜੂਦ ਆਪਣੇ ਵਾਅਦੇ ਪੂਰੇ ਨਹੀਂ ਕਰ ਸਕੀ।ਪੰਜਾਬ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ ਅਤੇ ਵਿਕਾਸ ਦੀ ਕੋਈ ਗੱਲ ਨਹੀਂ ਹੋ ਰਹੀ।ਸਿਹਤ ਸਹੂਲਤਾਂ ਬਾਰੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਸਰਕਾਰ ਸਿਹਤ ਸਹੂਲਤਾਂ ਪੱਖੋਂ ਨਕਾਮ ਸਾਬਿਤ ਹੋਈ ਹੈ।ਵਿਨੈ ਚੌਧਰੀ ਨੇ ਕਿਹਾ ਕਿ ਸਰਕਾਰ ਦੀ ਅਸਫ਼ਲਤਾ ਦਾ ਸਭ ਤੋਂ ਵੱਡਾ ਕਾਰਨ ਕਾਨੂੰਨ ਵਿਵਸਥਾ ਹੈ। ਪੰਜਾਬ ਵਿੱਚ ਗੈਂਗਸਟਰ ਮਾਫੀਆ ਖੁੱਲ੍ਹੇਆਮ ਹਾਵੀ ਹੋ ਰਿਹਾ ਹੈ ਅਤੇ ਹਰ ਰੋਜ਼ ਗੋਲ਼ੀਬਾਰੀ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।ਆਪ ਸਰਕਾਰ ਦੇ ਕਾਰਜਕਾਲ ਦੌਰਾਨ ਨਸ਼ਾਖੋਰੀ ਬਹੁਤ ਵਧੀ ਹੈ ਅਤੇ ਸਰਕਾਰ ਇਸ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ।ਔਰਤਾਂ ਨੂੰ ਰੁਜ਼ਗਾਰ ਅਤੇ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਠੰਢੇ ਬਸਤੇ ਵਿੱਚ ਪਿਆ ਹੈ।



# ਸਮਾਜਸੇਵੀ ਭਾਈ ਗੁਰਭੇਜ ਸਿੰਘ ਨੇ ਗ੍ਰੰਥੀ ਸਿੰਘ ਨੂੰ ਮਦਦ ਵਜੋਂ ਦਿੱਤੇ ਗਿਆਰਾਂ ਹਜ਼ਾਰ ਰੁਪਏ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**- ਸਮਾਜਸੇਵੀ ਭਾਈ ਗੁਰਭੇਜ ਸਿੰਘ ਰੱਬ ਧਾਰੀਵਾਲ ਦੇ ਪਰਿਵਾਰ ਵੱਲੋਂ ਗ੍ਰੰਥੀ ਸਿੰਘ ਦੀ 11 ਹਜ਼ਾਰ ਰੁਪਏ ਦੀ ਮਦਦ ਕੀਤੀ ਗਈ। ਇਸ ਮੌਕੇ ਰੱਬ ਧਾਰੀਵਾਲ ਨੇ ਕਿਹਾ ਕਿ ਜਾਣਕਾਰੀ ਤੋਂ ਬਗੈਰ ਕਿਸੇ ਦੀ ਵੀ ਕੋਈ ਵੀ ਮਦਦ ਨਾ ਕਰੋ, ਬਹੁਤ ਕੁੱਝ ਗ਼ਲਤ ਚਲ ਰਿਹਾ ਹੈ, ਜੋ ਵਿਖਾਇਆ ਜਾ ਰਿਹਾ ਹੈ ਹਕੀਕਤ ਵਿੱਚ ਸੱਚ ਘੱਟ ਨਿਕਲਦਾ ਹੈ, ਪਰ ਦਾਸ ਦੀ ਸਿੱਖ ਸੰਗਤਾਂ ਅੱਗੇ ਹੱਥ ਜੋੜ ਬੇਨਤੀ ਹੈ ਕਿ ਗ੍ਰੰਥੀ ਸਿੰਘਾਂ, ਲੋੜਵੰਦ ਰਾਗੀ ਸਿੰਘਾਂ, ਢਾਡੀ ਸਿੰਘਾਂ, ਕਵੀਸ਼ਰਾਂ, ਪ੍ਰਚਾਰਕ ਸਿੰਘਾਂ ਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ, ਇਲਾਜ, ਘਰ ਬਣਾਉਣ ਵਿੱਚ ਸਹਾਇਤਾ ਕਰੋ। ਇਹ ਲੋਕ ਸਾਡੀਆਂ ਅਤੇ ਸਾਡੇ ਪਰਿਵਾਰ ਦੀਆਂ ਨਿੱਤ ਅਰਦਾਸਾਂ ਕਰਦੇ ਪਰ ਆਪ ਉਹ ਗ਼ਰੀਬੀ ਦੀ ਮਾਰ ਝੱਲਦੇ ਪਏ ਹਨ, ਆਰਥਿਕ ਪੱਖੋਂ ਬਹੁਤ ਕਮਜ਼ੋਰ ਹਨ।ਅਸੀਂ ਰੱਜਿਆਂ ਨੂੰ ਰਜਾਉਣ ਲੱਗੇ ਹੋਏ ਆਂ, ਭਰਿਆਂ ਨੂੰ ਹੋਰ ਭਰਨ 'ਚ ਲੱਗੇ ਹਾਂ। ਗੁਰੂ ਮਰਿਆਦਾ ਵਿੱਚ ਰਹਿ ਕੇ ਗੁਰੂ ਸਾਹਿਬ ਦੇ ਲੰਗਰ ਲਾਉਣੇ ਬਹੁਤ ਜ਼ਰੂਰੀ ਹਨ ਪਰ ਸਾਨੂੰ ਕਿਸੇ ਨੂੰ ਧੱਕੇ ਨਾਲ ਖਵਾਉਣ ਦੀ ਲੋੜ ਨਹੀਂ, ਲੋੜਵੰਦ ਆਪਣੇ ਆਪ ਪੰਗਤ ਵਿੱਚ ਬੈਠ ਕੇ ਲੰਗਰ, ਜਲ ਪਾਣੀ ਪਿਆਰ ਨਾਲ ਛਕਦੇ ਹਨ।

# ਸਲੀਮ ਨੇ ਨੈਸ਼ਨਲ ਸਵਿਮਿੰਗ ਚੈਂਪੀਅਨਸ਼ਿਪ-2025 'ਚ ਜਿੱਤਿਆ ਗੋਲਡ ਮੈਡਲ

**ਪਠਾਨਕੋਟ (ਦਵਿੰਦਰ ਸਿੰਘ)**- ਸਪੈਸ਼ਲ ਓਲੰਪਿਕ ਭਾਰਤ ਵੱਲੋਂ ਮੁੰਬਈ ਵਿੱਚ ਆਯੋਜਿਤ ਨੈਸ਼ਨਲ ਸਵਿਮਿੰਗ ਚੈਂਪੀਅਨਸ਼ਿਪ 2025 ਵਿੱਚ 25 ਮੀਟਰ ਫ੍ਰੀ ਸਟਾਇਲ ਵਿੱਚ ਗੋਲਡ ਮੈਡਲ ਅਤੇ 50 ਮੀਟਰ ਫ੍ਰੀ ਸਟਾਇਲ ਵਿੱਚ ਬਰਾਊਨ ਮੈਡਲ ਹਾਸਲ ਕਰਕੇ ਪੰਜਾਬ ਅਤੇ ਪਠਾਨਕੋਟ ਦਾ ਨਾਂਅ ਚਮਕਾਉਣ ਵਾਲੇ ਸਪੈਸ਼ਲ ਰਿਸੋਰਸ ਸੈਂਟਰ ਮਾਡਲ ਟਾਊਨ ਦੇ ਵਿਦਿਆਰਥੀ ਸਲੀਮ ਦਾ ਸਪੈਸ਼ਲ ਰਿਸੋਰਸ ਸੈਂਟਰ ਮਾਡਲ ਟਾਊਨ ਪਠਾਨਕੋਟ ਪਹੁੰਚਣ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਸੰਧੂ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅਮਨਦੀਪ ਕੁਮਾਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਸਮੇਤ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਫੁੱਲਾਂ ਦੀਆਂ ਵਰਖਾਂ, ਹਾਰਾਂ ਅਤੇ ਗਿਫਟਾਂ ਨਾਲ ਸਵਾਗਤ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਨੇ ਦੱਸਿਆ ਕਿ ਸਲੀਮ ਵੱਲੋਂ ਮੁੰਬਈ ਵਿਖੇ ਨੈਸ਼ਨਲ ਸਵਿਮਿੰਗ ਚੈਂਪੀਅਨਸ਼ਿਪ ਵਿੱਚ ਆਪਣਾ ਬੇਹਤਰੀਨ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਸਮੇਤ ਤਿੰਨ ਤਗਮੇ ਹਾਸਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜਿਥੇ ਸਲੀਮ ਵੱਲੋਂ 25 ਮੀਟਰ ਫ੍ਰੀ ਸਟਾਇਲ ਵਿੱਚ ਪਹਿਲਾ ਸਥਾਨ ਅਤੇ 50 ਮੀਟਰ ਫ੍ਰੀ ਸਟਾਇਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ ਹੈ ਉੱਥੇ ਹੀ ਪੰਜਾਬ ਮਿਕਸਡ ਫ੍ਰੀ ਸਟਾਇਲ ਰਿਲੇ (4*50) ਵਿੱਚ ਤੀਜਾ ਸਥਾਨ ਹਾਸਲ ਕਰ ਪੰਜਾਬ ਰਾਜ, ਸਿੱਖਿਆ ਵਿਭਾਗ, ਮਾਪਿਆਂ, ਅਧਿਆਪਕਾਂ ਅਤੇ ਜ਼ਿਲ੍ਹਾ ਪਠਾਨਕੋਟ ਦਾ ਨਾਂ ਰੌਸ਼ਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਪਠਾਨਕੋਟ ਦਾ ਸਪੈਸ਼ਲ ਰਿਸੋਰਸ ਸੈਂਟਰ ਡਾਕਟਰ ਮਨਦੀਪ ਸ਼ਰਮਾ ਅਤੇ ਟੀਮ ਦੀ ਅਗਵਾਈ ਹੇਠ ਵੱਖ-ਵੱਖ ਅਪੰਗਤਾਵਾਂ ਵਾਲੇ ਬੱਚਿਆਂ ਨੂੰ ਸਸ਼ਕਤ ਬਣਾਉਂਦਾ ਹੈ।ਇਸ ਮੌਕੇ ਸਾਬਕਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ, ਕੁਲਦੀਪ ਸਿੰਘ ਬੀਪੀਈਓ ਪਠਾਨਕੋਟ -3, ਪ੍ਰਿੰ. ਸਵਤੰਤਰ ਕੁਮਾਰ, ਇਨਰਵ੍ਹੀਲ ਡਮਟਾਲ ਅਤੇ ਪਠਾਨਕੋਟ, ਲਾਇੰਸ ਕਲੱਬ ਪਠਾਨਕੋਟ, ਰਾਧਾ ਸਾਂਗਰਾ, ਰੇਨੂੰ ਬਾਲਾ, ਡਾਕਟਰ ਮਨਦੀਪ ਸ਼ਰਮਾ, ਰਾਕੇਸ਼ ਕੁਮਾਰ, ਸਵਿਤਾ ਸ਼ਰਮਾ, ਰਿਤੂ ਸ਼ਰਮਾ, ਰੇਨੂੰ ਬਾਲਾ, ਸੁਨੀਤਾ ਦੇਵੀ, ਰਾਜੂ ਬਾਲਾ, ਰੁਮਾਨੀ ਠਾਕੁਰ, ਡਾਕਟਰ ਰਵੀ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।



# ਰੱਖੜੀ ਦੇ ਪਵਿੱਤਰ ਤਿਉਹਾਰ ਸੰਬੰਧੀ ਖਾਲਸਾ ਕਾਲਜ ਫਾਰ ਵੂਮੈਨ ਵਿਖੇ ਸੈਮੀਨਾਰ ਆਯੋਜਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**— ਖਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਰੱਖੜੀ ਦੇ ਸਬੰਧ 'ਚ ਸੈਮੀਨਾਰ ਕਰਵਾਇਆ ਗਿਆ। ਖ਼ਾਲਸਾ ਯੂਨੀਵਰਸਿਟੀ ਦੇ ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਫੈਸ਼ਨ ਡਿਜ਼ਾਈਨਿੰਗ ਅਤੇ ਕੋਸਮੇਟੋਲੋਜੀ ਵਿਭਾਗ ਦੇ ਮੁਖੀ ਡਾ. ਸਰੀਨਾ ਮਹਾਜਨ ਦੀ ਅਗਵਾਈ ਹੇਠ ਵੀਰਾਂ ਅਤੇ ਭੈਣਾਂ ਦੇ ਪਵਿੱਤਰ ਰਿਸ਼ਤੇ ਨੂੰ ਦਰਸਾਉਂਦੇ ਉਕਤ ਤਿਉਹਾਰ ਦੇ ਸਬੰਧ 'ਚ ਕਰਵਾਏ ਗਏ ਪ੍ਰੋਗਰਾਮ ਮੌਕੇ ਮੁਕਾਬਲਿਆਂ 'ਚ ਹਿੱਸਾ ਲੈਂਦਿਆਂ ਵਿਦਿਆਰਥਣਾਂ ਵੱਲੋਂ ਬੇਕਾਰ ਵਸਤੂਆਂ ਨੂੰ ਵਰਤੋਂ 'ਚ ਲਿਆ ਕੇ ਦਿਲਕਸ਼ ਅਤੇ ਖ਼ੂਬਸੂਰਤ ਡਿਜ਼ਾਇਨ ਦੀਆਂ ਰੱਖੜੀਆਂ ਤਿਆਰ ਕੀਤੀਆਂ ਗਈਆਂ। ਇਸ ਮੌਕੇ ਡਾ. ਸੁਰਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਰੱਖੜੀ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਉਕਤ ਤਿਉਹਾਰ ਪ੍ਰਾਚੀਨ ਸਮਿਆਂ ਤੋਂ ਭੈਣ—ਭਰਾ ਦੇ ਮਜ਼ਬੂਤ ਰਿਸ਼ਤੇ ਅਤੇ ਪਿਆਰ ਦਾ ਪ੍ਰਤੀਕ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਦਿਨ ਭੈਣਾਂ ਆਪਣੇ ਵੀਰਾਂ ਲਈ ਵੱਡੀ ਉਮਰ ਅਤੇ ਸੁੱਖ—ਸਮ੍ਰਿੱਧੀ ਦੀ ਕਾਮਨਾ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਰੱਖੜੀ, ਰਕਸ਼ਾ ਬੰਧਨ੍ਹ ਜਾਂ ਰਾਖੀ ਦਾ ਮਤਲਬ ਹੈ ਭਰਾ ਭੈਣਾਂ ਦੀ ਜ਼ਰੂਰਤ ਸਮੇਂ ਸਹਾਇਤਾ ਅਤੇ ਰੱਖਿਆ ਕਰਨ ਲਈ ਵਚਨਬੱਧ ਹੁੰਦੇ ਹਨ ਅਤੇ ਇਹ ਤਿਉਹਾਰ ਸਾਵਣ ਮਹੀਨੇ ਦੇ ਅਖ਼ੀਰਲੇ ਦਿਨ ਆਮ ਤੌਰ 'ਤੇ ਅਗਸਤ 'ਚ ਆਉਂਦਾ ਹੈ।ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਇਨਸਾਨ ਦੇ ਾਂਝੇਵੇਂ ਇਸ ਕਦਰ ਵੱਧ ਚੁੱਕੇ ਹਨ ਕਿ ਰਿਸ਼ਤੇਦਾਰੀਆਂ ਲਈ ਸਮਾਂ ਕੱਢਣਾ ਮੁਸ਼ਕਿਲ ਹੋ ਚੁੱਕਾ ਹੈ ਅਤੇ ਇਸ ਤਿਉਹਾਰ ਨਾਲ ਨਜ਼ਦੀਕ ਜਾਂ ਫਿਰ ਦੂਰ—ਦੁਰਾਡੇ ਵਿਆਹੀਆਂ ਭੈਣਾਂ ਆਪਣੇ ਭਰਾਵਾਂ ਨਾਲ ਮਿਲ ਕੇ ਆਪਣੇ ਪਿਆਰ ਅਤੇ ਨੋਕ—ਝੋਕ ਸਬੰਧੀ ਗੱਲਾਂ ਸਾਂਝੀਆਂ ਕਰਦੀਆਂ ਹਨ ਕਿਉਂਕਿ ਭੈਣ ਦਾ ਆਪਣੇ ਭਰਾਵਾਂ ਪ੍ਰਤੀ ਇਕ ਮਾਂ ਵਾਂਗੂੰ ਪਿਆਰ ਹੁੰਦਾ ਹੈ।



# ਜਿਮਨੇਜ਼ੀਅਮ ਹਾਲ 'ਚ ਰੱਖੜੀ ਦਾ ਤਿਉਹਾਰ ਮਨਾਇਆ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਸਥਾਨਕ ਜਿਮਨੇਜ਼ੀਅਮ ਹਾਲ ਵਿੱਚ ਰੱਖੜੀ ਦਾ ਤਿਉਹਾਰ ਡੀਐੱਸਓ ਸਿਮਰਨਜੀਤ ਸਿੰਘ ਦੀ ਅਗਵਾਈ ਵਿਚ ਮਨਾਇਆ ਗਿਆ ।ਇਸ ਦੌਰਾਨ ਹਾਲ ਵਿਚ ਖੇਡਣ ਵਾਲੇ ਬੱਚਿਆਂ ਨੇ ਇਕ ਦੂਸਰੇ ਨੂੰ ਰੱਖੜੀ ਬੰਨ੍ਹ ਕੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਅਤੇ ਸਾਰਿਆਂ ਨੇ ਇਕ ਦੂਸਰੇ ਨੂੰ ਪਿਆਰ, ਇੱਜ਼ਤ ਅਤੇ ਏਕਤਾ ਦੀ ਰੱਖੜੀ ਬੰਨ੍ਹੀ ਗਈ।ਇਸ ਮੌਕੇ ਕੋਚ ਰਾਕੇਸ਼ ਕੁਮਾਰ, ਕੋਮਲ ਵਰਮਾ ਅਤੇ ਲਵਲੀ ਨੇ ਬੱਚਿਆਂ ਨੂੰ ਰੱਖੜੀ ਦੇ ਮਹੱਤਵ ਸਬੰਧੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਤਿਉਹਾਰ ਆਪਸੀ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਦਾ ਹੈ ।ਸਾਨੂੰ ਸਾਰਿਆਂ ਨੂੰ ਮਿਲਜੁਲ ਕੇ ਰਹਿਣਾ ਚਾਹੀਦਾ ਹੈ।

# ਰਾਊਵਾਲ ਵਿਖੇ ਸੱਭਿਆਚਾਰਕ ਮੇਲਾ ਤੇ ਕਬੱਡੀ ਕੱਪ ਕਰਵਾਇਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਹਰ ਸਾਲ ਦੀ ਤਰ੍ਹਾਂ ਸਮੂਹ ਨਗਰ ਨਿਵਾਸੀ ਅਤੇ ਐੱਨਆਰਆਈ ਵੀਰਾਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਫਤਿਹ ਅਲੀ ਦੀ ਯਾਦ ਵਿੱਚ ਸਾਲਾਨਾ ਸੱਭਿਆਚਾਰਕ ਅਤੇ ਕਬੱਡੀ ਕੱਪ ਕਰਵਾਇਆ ਗਿਆ। ਇਸ ਕਬੱਡੀ ਕੱਪ ਕਰਾਉਣ ਵਿੱਚ ਐੱਨਆਰਆਈ ਬਲਜਿੰਦਰ ਸਿੰਘ ਕੈਨੇਡਾ ਦਾ ਵੱਡਾ ਯੋਗਦਾਨ ਰਿਹਾ। ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ ਜਿਸ ਵਿੱਚ ਪੰਜਾਬੀ ਗਾਇਕ ਪੰਮਾ ਡੂਮੇਵਾਲ, ਪਿੰਦੇ ਸ਼ਾਹ ਦੋਗਾਣਾ ਜੋੜੀ ਨੇ ਸਭਿਆਚਾਰਕ ਗੀਤਾਂ ਰਾਹੀਂ ਦਰਸ਼ਕਾਂ ਨੂੰ ਕੀਲੀ ਰੱਖਿਆ। ਅੰਤਰਰਾਸ਼ਟਰੀ ਕਬੱਡੀ ਕਲੱਬਾਂ ਨੇ ਭਾਗ ਲਿਆ। ਫਾਈਨਲ ਮੈਚ ਢਡਿਆਲਾ ਨੱਤ, ਮਸਲ ਬਾਰ ਜਿੰਮ ਵਿਚਕਾਰ ਖੇਡਿਆ ਗਿਆ। ਢਡਿਆਲਾ ਨੱਤ ਜੇਤੂ ਰਿਹਾ। ਲੜਕੀਆਂ ਦਾ ਸ਼ੋਅ ਮੈਚ ਖੇਡਿਆ ਗਿਆ। ਇਸ ਮੌਕੇ ਰਿਟਾਇਰ ਡੀਓ ਸਲਵਿੰਦਰ ਸਿੰਘ ਸਮਰਾ, ਸਰਪੰਚ ਜਗਰੂਪ ਕੌਰ, ਬਲਜਿੰਦਰ ਸਿੰਘ ਕੈਨੇਡਾ, ਕਬੱਡੀ ਖਿਡਾਰੀ ਗੋਪੀ ਫਰੰਦੀਪੁਰ, ਸਾਬਕਾ ਸਰਪੰਚ ਸਰਵਣ ਸਿੰਘ, ਸਾਹਿਬ ਸਿੰਘ, ਰਛਪਾਲ ਸਿੰਘ, ਹਰਜਿੰਦਰ ਸਿੰਘ, ਦਲਜੀਤ ਸਿੰਘ, ਜੱਗੀ ਜਾਗੋਵਾਲ, ਤਰਲੋਚਨ ਸਿੰਘ ਗਾਜ਼ੀਆਬਾਦ, ਅਮ੍ਰਿਤ ਗਾਜ਼ੀਆਬਾਦ, ਗੁਰਪ੍ਰੀਤ ਸਿੰਘ ਰੰਮੀ ਗਾਜ਼ੀਆਬਾਦ, ਲਵ ਯੂਐੱਸਏ, ਮੱਖਣ ਸਿੰਘ ਜਾਫਲਪੁਰ, ਮਲਕੀਤ ਸਿੰਘ, ਗੁਰਜੀਤ ਸਿੰਘ ਫੌਜੀ, ਤਰਸੇਮ ਸਿੰਘ ਸਾਬਕਾ ਸਰਪੰਚ, ਮਲਕੀਅਤ ਸਿੰਘ ਕੈਨੇਡਾ, ਸੋਢੀ ਪੈਰਸ, ਨਿੰਮਾ ਕੈਸ਼ੀਅਰ, ਸੁਲੱਖਣ ਸਿੰਘ ਨੰਬਰਦਾਰ, ਡਰਾਈਵਰ ਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਵਿਦਿਆਰਥਣਾਂ ਨੇ ਬੀਐੱਸਐੱਫ ਦੇ ਜਵਾਨਾਂ ਨੂੰ ਰੱਖੜੀ ਬੰਨ੍ਹੀ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਦੇ ਪ੍ਰਿੰਸੀਪਲ ਮੁਕਤਾ ਤ੍ਰੇਹਨ ਦੇ ਯਤਨਾਂ ਸਦਕਾ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਅਧਿਆਪਕ ਵੰਦਨਾ ਗਾਂਧੀ, ਰਮਨਦੀਪ ਕੌਰ ਅਤੇ ਸਿਮਰਤ ਪਾਲ ਸਿੰਘ ਦੀ ਅਗਵਾਈ ਹੇਠ ਬੀਐੱਸਐੱਫ ਅਜਨਾਲਾ ਦੇ ਜਵਾਨਾਂ ਨੂੰ ਰੱਖੜੀਆਂ ਬੰਨ੍ਹੀਆਂ ਗਈਆਂ।ਇਸ ਮੌਕੇ 117 ਬਟਾਲੀਅਨ ਅਤੇ ਅਸਿਸਟੈਂਟ ਚੀਫ ਕਮਾਂਡੈਂਟ ਅਮਿਤ ਕੁਮਾਰ ਦੀ ਅਗਵਾਈ ਵਿੱਚ ਜਵਾਨਾਂ ਵੱਲੋਂ ਰੱਖੜੀਆਂ ਬੰਨ੍ਹਣ ਵਾਲੀਆਂ ਵਿਦਿਆਰਥਣਾਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਅਤੇ ਵਿਸ਼ੇਸ਼ ਤੌਰ 'ਤੇ ਸ਼ਗਨ ਵੀ ਦਿੱਤਾ ਗਿਆ ।

# ਸਰਕਾਰ ਲੈਂਡ ਪੂਲਿੰਗ ਨੀਤੀ ਤੁਰੰਤ ਖਾਰਜ ਕਰੇ ਨਹੀਂ ਤਾਂ ਕਿਸਾਨੀ ਸੰਘਰਸ਼ ਹੋਰ ਤਿੱਖਾ ਹੋਵੇਗਾ : ਕਿਸਾਨ ਆਗੂ

**ਗੁਰਦਾਸਪੁਰ (ਜਨਕ ਮਹਾਜਨ)**- ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਭਾਰਤ ਵਿੱਚ ਸ਼ਾਮਿਲ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਵਿਸ਼ੇਸ਼ ਮੀਟਿੰਗ ਮੋਰਚੇ ਦੇ ਆਗੂ ਅਤੇ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਦੇ ਗ੍ਰਹਿ ਵਿਖੇ ਹੋਈ।ਇਸ ਮੀਟਿੰਗ ਵਿੱਚ ਪਗੜੀ ਸੰਭਾਲ ਲਹਿਰ ਦੇ ਪ੍ਰਧਾਨ ਸਤਨਾਮ ਸਿੰਘ ਬਾਗੜੀਆਂ, ਭਾਰਤੀ ਕਿਸਾਨ ਯੂਨੀਅਨ ਮਾਝਾ ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਅਤੇ ਕਿਸਾਨ ਯੂਥ ਵਿੰਗ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਅਠਵਾਲ ਆਦਿ ਆਗੂ ਸ਼ਾਮਿਲ ਹੋਏ।ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਸੂਬੇ ਦੀ ਜ਼ਰਖੇਜ਼ ਜ਼ਮੀਨ ਨੂੰ ਮੁਫਤ ਅਤੇ ਧੱਕੇ ਨਾਲ ਕਿਸਾਨਾਂ ਤੋਂ ਖੋਹਣ ਦੀ ਪਾਲਸੀ ਦਾ ਨਾਮ ਹੈ ਲੈਂਡ ਪੂਲਿੰਗ ਪਾਲਸੀ।ਪੰਜਾਬ ਵਿੱਚ ਸਰਕਾਰ ਨਾਮ ਦੀ ਕੋਈ ਚੀਜ਼ ਨਹੀਂ ਹੈ, ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਉਤੇ ਚਲਦਿਆਂ ਕਿਸਾਨਾਂ ਤੋਂ ਉਪਜਾਊ ਜ਼ਮੀਨਾਂ ਖੋਹ ਕੇ ਕੁਝ ਹਿੱਸਾ ਆਪਣੇ ਨਿੱਜੀ ਮੁਫਾਦਾਂ ਲਈ ਵਰਤਣਾ ਚਾਹੁੰਦੀ ਹੈ ਅਤੇ ਵੱਡਾ ਹਿੱਸਾ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਜ਼ਰਖੇਜ਼ ਜ਼ਮੀਨ ਨੂੰ ਪੈਸੇ ਨਾਲ ਨਹੀਂ ਤੋਲਿਆ ਜਾ ਸਕਦਾ, ਪੰਜਾਬ ਦੀ ਜ਼ਮੀਨ ਬੇਸ਼ਕੀਮਤੀ ਹੈ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਤੁਰੰਤ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰੇ ਨਹੀਂ ਤਾਂ ਗੁੱਸੇ ਵਿੱਚ ਆਏ ਹੋਏ ਸੂਬੇ ਦੇ ਕਿਸਾਨ ਸੜਕਾਂ ਉਤੇ ਉਤਰ ਆਉਣਗੇ।ਕਿਸਾਨ ਆਗੂ ਭੋਜਰਾਜ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਭਾਰਤ ਦੇ ਬੈਨਰ ਹੇਠ 16 ਅਗਸਤ ਨੂੰ ਬਾਬਾ ਬਕਾਲਾ ਵਿਖੇ ਹੋਣ ਵਾਲੀ ਜ਼ਮੀਨ ਬਚਾਓ ਰੈਲੀ ਵਿੱਚ ਮਾਝੇ ਅਤੇ ਦੁਆਬੇ ਦੇ ਕਿਸਾਨਾਂ ਦੀ ਭਾਰੀ ਇਕੱਤਰਤਾ ਹੋਵੇਗੀ, ਜੋ ਸੂਬਾ ਅਤੇ ਕੇਂਦਰ ਸਰਕਾਰ ਦੇ ਸਾਰੇ ਭੁਲੇਖੇ ਦੂਰ ਕਰ ਦੇਵੇਗੀ।



# ਨਿਵੇਕਲੇ ਅੰਦਾਜ਼ 'ਚ ਮਨਾਇਆ ਸੇਂਟ ਸੋਲਜਰ ਸਕੂਲ 'ਚ ਰੱਖੜੀ ਦਾ ਤਿਉਹਾਰ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)** ਭੈਣ-ਭਰਾ ਦੇ ਪਿਆਰ ਅਤੇ ਸਨੇਹ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਵੱਖਰੇ ਅੰਦਾਜ਼ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਵਿੱਚ ਐੱਲਕੇਜੀ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਰੱਖੜੀ ਬਣਾਉਣ ਦੀ ਵਿਸ਼ੇਸ਼ ਗਤੀਵਿਧੀ ਆਯੋਜਿਤ ਕੀਤੀ ਗਈ।ਬੱਚਿਆਂ ਨੂੰ ਘਰ ਵਿੱਚ ਮੌਜੂਦ ਪੁਰਾਣੀਆਂ ਅਤੇ ਬੇਕਾਰ ਸਮੱਗਰੀ ਦੀ ਵਰਤੋਂ ਕਰਕੇ ਸੁੰਦਰ ਰੱਖੜੀਆਂ ਬਣਾਉਣ ਲਈ ਉਤਸ਼ਾਹਿਤ ਕੀਤਾ ਗਿਆ।ਵੈਸਟ ਤੋਂ ਵੈਲਥ ਦੇ ਥੀਮ ਅਧੀਨ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਅਤੇ ਕਲਾ ਦੀ ਕਾਬਲੀਅਤ ਨਾਲ ਕਈ ਸੁੰਦਰ ਰੱਖੜੀਆਂ ਤਿਆਰ ਕੀਤੀਆਂ।ਇਸ ਦੇ ਨਾਲ ਹੀ ਰੱਖੜੀ ਬਣਾਉਣ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਜੇਤੂ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਦੇ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸਨਪੁਰੀ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਲੁਕੀਆਂ ਵਿਲੱਖਣ ਕਲਾਵਾਂ ਅਤੇ ਪ੍ਰਤਿਭਾ ਨੂੰ ਉਭਾਰਨ ਦਾ ਮੌਕਾ ਮਿਲਦਾ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰਾਜੈਕਟ ਬੱਚਿਆਂ ਦੀ ਸਿਰਜਣਾਤਮਕ ਸੋਚ ਨੂੰ ਉਤਸ਼ਾਹਿਤ ਕਰਦੇ ਹਨ।ਸਕੂਲ ਦੇ ਪ੍ਰਿੰ. ਅਮਰਪ੍ਰੀਤ ਕੌਰ ਨੇ ਵੀ ਬੱਚਿਆਂ ਦੁਆਰਾ ਤਿਆਰ ਕੀਤੀਆਂ ਰੱਖੜੀਆਂ ਦੀ ਭਰਪੂਰ ਸਰਾਹਨਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਵਿਚੋਂ ਕਈ ਰੱਖੜੀਆਂ ਬਜ਼ਾਰ ਵਿਚ ਮੌਜੂਦ ਰੱਖੜੀਆਂ ਨਾਲੋਂ ਵੀ ਜ਼ਿਆਦਾ ਸੋਹਣੀਆਂ ਲੱਗ ਰਹੀਆਂ ਸਨ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਕੋਆਰਡੀਨੇਟਰ ਮੈਡਮ ਸ਼ਿਲਪਾ ਸ਼ਰਮਾ, ਨਿਲਾਕਸੀ ਗੁਪਤਾ ਕੋਆਰਡੀਨੇਟਰ, ਸਟਾਫ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ।




# 'ਅੱਗ ਪਾਣੀਆਂ 'ਚ' ਗੀਤ ਨੇ ਪਾਈਆਂ ਚਾਰੇ ਪਾਸੇ ਗੂੰਜਾਂ

**ਲੁਧਿਆਣਾ** : ਪੰਜਾਬੀ ਸੰਗੀਤ ਦੀ ਦੁਨੀਆ ਵਿੱਚ ਇੱਕ ਨਵੀਂ ਲਹਿਰ ਆਈ ਹੈ, ਜਿਸ ਵਿੱਚ ਸਿੰਗਰ-ਲਿਰਿਸਿਸਟ ਸਾਵੀ ਕਾਹਲੋਂ ਅਤੇ ਉਭਰਦੀ ਸਟਾਰ ਸ਼ਹਤ ਗਿੱਲ ਨੇ ਪੰਜਾਬੀ ਮਿਊਜ਼ਿਕ ਦੇ ਕਲਾਸਿਕ ਗੀਤ 'ਅੱਗ ਪਾਣੀਆਂ 'ਚ' ਨੂੰ ਨਵਾਂ ਰੂਪ ਦਿੱਤਾ ਹੈ।ਇਸ ਗਾਣੇ ਨੂੰ ਸਾਵੀ ਨੇ ਅਦਭੁੱਤ ਤਰੀਕੇ ਨਾਲ ਇੱਕ ਵਾਰ ਫਿਰ ਤਿਆਰ ਕੀਤਾ ਹੈ, ਜਿਸ ਵਿੱਚ ਸੁਰਿੰਦਰ ਕੌਰ ਦੀ ਗੂੰਜਦਾਰ ਆਵਾਜ਼ ਦੇ ਨਾਲ ਅਫਰੀਕੀ ਬੀਟਸ ਜੋੜੀਆਂ ਗਈਆਂ ਹਨ।ਗਾਣੇ ਦੇ ਮਿਊਜ਼ਿਕ ਵੀਡੀਓ ਵਿੱਚ ਪੰਜਾਬੀ ਐਕਟਰੈਸ ਅਤੇ ਮਾਡਲ ਅਵੀਰਾ ਸਿੰਘ ਮੈਸਨ ਦੀ ਮੌਜੂਦਗੀ ਹੈ।ਸ਼ਹਤ ਗਿੱਲ ਜੋ ਪਹਿਲਾਂ ਹੀ 'ਬੀਏਐੱਮਬੀ' ਅਤੇ 'ਹੁਲਾਰੇ' ਵਰਗੇ ਹਿੱਟ ਗਾਣਿਆਂ ਲਈ ਜਾਣੀ ਜਾਂਦੀ ਹੈ, ਨੇ ਸਾਵੀ ਕਾਹਲੋਂ ਦੇ ਨਾਲ ਮਿਲ ਕੇ 'ਅੱਗ ਪਾਣੀਆਂ 'ਚ' ਨੂੰ ਨਵਾਂ ਅੰਦਾਜ਼ ਦਿੱਤਾ ਹੈ।

# ਮੇਲੇ ਦੌਰਾਨ ਠੇਕਾ ਫ੍ਰੀ ਦੁਕਾਨਾਂ ਲਾਉਣ ਲਈ ਹਰਪ੍ਰੀਤ ਸਿੰਘ ਨੇ ਯੂਐੱਸਏ ਤੋਂ ਚਾਰ ਲੱਖ ਰੁਪਏ ਭੇਜੇ

**ਭਿੰਡੀ ਸੈਦਾਂ (ਸੁਖਤਿੰਦਰ ਸਿੰਘ ਰਾਜੂ)**- ਸਰਹੱਦੀ ਪਿੰਡ ਭਿੰਡੀ ਔਲਖ ਵਿਖੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਵਿਖੇ 18-19 ਅਗਸਤ ਨੂੰ ਕਰਵਾਏ ਜਾ ਰਹੇ ਮੇਲੇ ਦੌਰਾਨ ਲੱਗਣ ਵਾਲੀਆਂ ਦੁਕਾਨਾਂ ਦਾ ਠੇਕਾ ਫ੍ਰੀ ਕਰਨ ਬਦਲੇ ਯੂਐੱਸਏ ਰਹਿੰਦੇ ਐੱਨਆਰਆਈ ਹਰਪ੍ਰੀਤ ਸਿੰਘ ਨੇ ਆਪਣੀ ਨੇਕ ਕਿਰਤ ਕਮਾਈ ਵਿਚੋਂ ਚਾਰ ਲੱਖ ਰੁਪਏ ਦੀ ਰਾਸ਼ੀ ਭੇਜੀ ਜੋ ਹਰਪ੍ਰੀਤ ਸਿੰਘ ਦੇ ਪਿਤਾ ਜਸਪਾਲ ਸਿੰਘ (ਢਾਡੀ ਪਰਿਵਾਰ) ਨੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਮੁਖਤਾਰ ਸਿੰਘ ਦੀ ਅਗਵਾਈ ਹੇਠ ਕਮੇਟੀ ਮੈਂਬਰਾਂ ਨੂੰ ਸੌਂਪੀ।ਹਰਪ੍ਰੀਤ ਸਿੰਘ ਨੇ ਫੋਨ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਹਰ ਸਾਲ ਮੇਲੇ ਦੌਰਾਨ ਦੁਕਾਨਾਂ ਨੂੰ ਠੇਕਾ ਲਗਾਇਆ ਜਾਂਦਾ ਹੈ ਜਿਸ ਦੀ ਵਜ੍ਹਾ ਨਾਲ ਦੁਕਾਨਦਾਰ ਕੋਈ ਵੀ ਸਾਮਾਨ ਮਹਿੰਗੇ ਭਾਅ ਵੇਚਣ ਲਈ ਮਜਬੂਰ ਹੁੰਦੇ ਹਨ, ਉਨ੍ਹਾਂ ਕਿਹਾ ਕਿ ਇਸ ਵਾਰ ਮੇਲੇ ਦੌਰਾਨ ਕੋਈ ਠੇਕਾ ਨਹੀਂ ਹੋਵੇਗਾ ਅਤੇ ਦੁਕਾਨਾਂ ਫ੍ਰੀ ਵਿੱਚ ਲਗਾਈਆਂ ਜਾਣਗੀਆਂ।ਇਸ ਮੌਕੇ ਨੰਬਰਦਾਰ ਹਰਦੀਪ ਸਿੰਘ, ਜਸਪਾਲ ਸਿੰਘ ਮੰਨਾਵਾਲਾ, ਹਰਦੀਪ ਸਿੰਘ ਬਿੱਲੂ, ਬਲਜਿੰਦਰ ਸਿੰਘ ਮਾਣਾ, ਬਲਜਿੰਦਰ ਸਿੰਘ, ਗੁਰਭੇਜ ਸਿੰਘ, ਵਰਿੰਦਰ ਸਿੰਘ, ਪਰਮਜੀਤ ਸਿੰਘ ਪੰਮਾ, ਅਮਰ ਸਿੰਘ, ਕੁਲਵਿੰਦਰ ਸਿੰਘ, ਸਾਬਕਾ ਸਰਪੰਚ ਜੈਮਲ ਸਿੰਘ, ਕੁਲਵੰਤ ਸਿੰਘ, ਪਹਿਲਵਾਨ ਹਰਪਾਲ ਸਿੰਘ, ਪਹਿਲਵਾਨ ਕਾਰਜ ਸਿੰਘ, ਧਨਵੰਤ ਸਿੰਘ ਜੱਜ, ਦਿਲਬਾਗ ਸਿੰਘ, ਸੋਨੂੰ, ਹਰਦਿਆਲ ਸਿੰਘ ਢਾਡੀ , ਸੰਯੁਕਤ ਕਿਸਾਨ ਭਲਾਈ ਸੰਸਥਾ ਦੇ ਪ੍ਰੈੱਸ ਸਕੱਤਰ ਡਾਕਟਰ ਜਸਬੀਰ ਸਿੰਘ ਔਲਖ ਆਦਿ ਹਾਜ਼ਰ ਸਨ।



# ਵਧੀਕ ਕਮਿਸ਼ਨਰ ਵੱਲੋਂ ਕੂੜੇ ਦੀ ਬਾਇਓਰੈਮੀਡੀਏਸ਼ਨ ਜਲਦ ਤੋਂ ਜਲਦ ਸ਼ੁਰੂ ਕਰਨ ਦੇ ਨਿਰਦੇਸ਼

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ, ਕਮਲੇਸ਼)**- ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾ ਤੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵੱਲੋਂ ਭਗਤਾਂ ਵਾਲਾ ਡੰਪ ਦਾ ਦੌਰਾ ਕੀਤਾ ਗਿਆ ।ਨਗਰ ਨਿਗਮ ਅੰਮ੍ਰਿਤਸਰ ਵੱਲੋਂ ਭਗਤਾਂ ਵਾਲਾ ਡੰਪ ਵਿਖੇ ਪਏ 11 ਲੱਖ ਮੀਟ੍ਰਿਕ ਟਨ ਕੂੜੇ ਦੇ ਢੇਰ ਦੀ ਬਾਇਓਰੈਮੀਡੀਏਸ਼ਨ ਲਈ ਟੈਂਡਰ ਰਾਹੀਂ ਇਹ ਕੰਮ ਈਕੋਸਟੇਨ ਕੰਪਨੀ ਨੂੰ ਅਲਾਟ ਕੀਤਾ ਗਿਆ ਹੈ ਜਿਸ ਵੱਲੋਂ ਇਸ ਕੰਮ ਨੂੰ ਕਰਨ ਲਈ ਡੰਪ ਵਿਖੇ ਮਸ਼ੀਨਰੀ ਲਿਆਂਦੀ ਜਾ ਰਹੀ ਹੈ ਜਿਸ ਅਧੀਨ ਪੋਕਲੇਨ ਅਤੇ ਟ੍ਰੋਮੇਲ ਮਸ਼ੀਨਾਂ ਤੋਂ ਇਲਾਵਾ ਬਾਕੀ ਮਸ਼ੀਨਰੀ ਸਥਾਪਿਤ ਕੀਤੀ ਜਾਵੇਗੀ ।ਕੰਪਨੀ ਵੱਲੋਂ ਕੀਤੀ ਜਾ ਰਹੀ ਕਾਰਵਾਈ ਨੂੰ ਵਾਚਣ ਲਈ ਵਧੀਕ ਕਮਿਸ਼ਨਰ ਨੇ ਮੌਕੇ 'ਤੇ ਜਾ ਕੇ ਕੰਪਨੀ ਅਧਿਕਾਰੀਆਂ ਨੂੰ ਅਗਲੇ ਦਸ ਦਿਨਾਂ ਵਿੱਚ ਕੂੜੇ ਦੇ ਬਾਇਓਰੈਮੀਡੀਏਸ਼ਨ ਦਾ ਕੰਮ ਸ਼ੁਰੂ ਕਰਨ ਦੀਆਂ ਹਦਾਇਤਾਂ ਕੀਤੀਆਂ। ਇਸ ਮੌਕੇ ਉਨ੍ਹਾਂ ਨਾਲ ਡਾ. ਕਿਰਨ ਅਤੇ ਕੰਪਨੀ ਦੇ ਅਧਿਕਾਰੀ ਹਾਜ਼ਰ ਸਨ ।ਵਧੀਕ ਕਮਿਸ਼ਨਰ ਨੇ ਦੱਸਿਆ ਕਿ ਭਗਤਾਂਵਾਲਾ ਡੰਪ ਤੇ ਕੂੜੇ ਦੇ ਢੇਰ ਦੀ ਬਾਇਓਰੈਮੀਡੇਸ਼ਨ ਕਰਨ ਲਈ ਈਕੋਸਟੇਨ ਕੰਪਨੀ ਨੂੰ ਵਰਕ ਆਰਡਰ ਦਿੱਤਾ ਗਿਆ ਹੈ। ਕੰਪਨੀ ਨਾਲ ਕੀਤੇ ਗਏ ਕਰਾਰ ਦੇ ਮੁਤਾਬਿਕ ਕੰਪਨੀ 15 ਮਹੀਨੇ ਦੇ ਵਿੱਚ 11 ਲੱਖ ਮੀਟ੍ਰਿਕ ਕੂੜਾ ਖਤਮ ਕਰ ਦੇਵੇਗੀ ।ਉਨ੍ਹਾਂ ਦੱਸਿਆ ਕਿ ਨਿਗਮ ਵੱਲੋਂ ਇਸ ਕੰਮ ਲਈ 46.34 ਕਰੋੜ ਰੁਪਏ ਦਾ ਟੈਂਡਰ ਲਗਾਇਆ ਗਿਆ ਸੀ ਅਤੇ ਈਕੋਸਟੇਨ ਕੰਪਨੀ ਨੇ 21 ਪ੍ਰਤੀਸ਼ਤ ਘੱਟ ਤੇ ਇਹ ਟੈਂਡਰ 36.54 ਕਰੋੜ ਦੀ ਲਾਗਤ ਨਾਲ ਹਾਸਲ ਕੀਤਾ ਸੀ ਜਿਸ ਨਾਲ ਕੰਪਨੀ ਨੂੰ ਰੋਜ਼ਾਨਾ 3333 ਮੀਟ੍ਰਿਕ ਰੈਮੀਡੀਏਸ਼ਨ ਕਰਨੀ ਹੋਵੇਗੀ। ਕੰਪਨੀ 1 ਮਹੀਨੇ ਦੇ ਅੰਦਰ ਅੰਦਰ 11 ਲੱਖ ਮੀਟ੍ਰਿਕ ਟਨ ਕੂੜਾ ਖਤਮ ਕਰਨ ਦਾ ਐਕਸ਼ਨ ਪਲਾਨ ਨਿਗਮ ਨੂੰ ਸੌਂਪੇਗੀ ਜਿਸ ਵਿੱਚ ਰੋਜ਼ਾਨਾ ਅਤੇ ਮਹੀਨਾਵਾਰ ਬਾਇਓਰੈਮੀਡੀਏਸ਼ਨ ਦੀ ਰਿਪੋਰਟ ਲਈ ਜਾਵੇਗੀ। ਡੰਪ ਤੇ ਆਨਲਾਈਨ ਬੇਕਅਪ ਦੇ ਨਾਲ ਇਲੈਕਟ੍ਰੋਨਿਕ ਤੋਲ ਸਿਸਟਮ ਲਗਾਇਆ ਜਾਵੇਗਾ ਅਤੇ ਸਾਰੇ ਕੰਮ ਦੀ ਸੀਸੀਟੀਵੀ ਕੈਮਰੇ ਨਾਲ ਨਿਗਰਾਨੀ ਕੀਤੀ ਜਾਵੇਗੀ ਅਤੇ ਉਨ੍ਹਾਂ ਕਿਹਾ ਕਿ ਕੰਪਨੀ ਨੂੰ ਸਾਲਿਡ ਵੇਸਟ ਮੈਨੇਜਮੈਂਟ ਰੂਲਜ਼ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਦਾ ਵੀ ਪਾਲਣ ਕਰਨਾ ਪਵੇਗਾ ।ਵਧੀਕ ਕਮਿਸ਼ਨਰ ਨੇ ਕਿਹਾ ਕਿ ਕੰਪਨੀ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ ਵਰਕ ਆਰਡਰ ਅਤੇ ਕੀਤੇ ਗਏ ਕਰਾਰ ਅਨੁਸਾਰ ਜਲਦ ਤੋਂ ਜਲਦ ਕੰਮ ਸ਼ੁਰੂ ਕਰ ਦਿੱਤਾ ਜਾਵੇ ।ਪਿਛਲੇ ਦਿਨੀਂ ਇਸ ਸੰਬਧੀ ਹਲਕਾ ਦੱਖਣੀ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਵੱਲੋਂ ਵੀ ਇਕ ਬਿਆਨ ਰਾਹੀਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਸੀ ਕਿ ਭਗਤਾਂਵਾਲਾ ਡੰਪ ਦੇ ਕੂੜੇ ਦੇ ਢੇਰ ਨੂੰ ਖਤਮ ਕਰਨ ਲਈ ਨਗਰ ਨਿਗਮ ਦਾ ਇਹ ਬੜਾ ਵਡਾ ਉਪਰਾਲਾ ਹੈ ਜਿਸ ਨਾਲ ਇਲਾਕਾ ਨਿਵਾਸੀ ਨੂੰ ਬੜੀ ਰਾਹਤ ਮਿਲੇਗੀ।



# ਸਟੇਟ ਸੈਕਟਰੀ ਮਹਿਲਾ ਵਿੰਗ ਬਬੀਤਾ ਖੋਸਲਾ ਬਣੇ ਕ੍ਰਿਸਚੀਅਨ ਵੈੱਲਫੇਅਰ ਬੋਰਡ ਪੰਜਾਬ ਦੇ ਮੈਂਬਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੇ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਆਮ ਆਦਮੀ ਪਾਰਟੀ ਦੇ ਜੁਝਾਰੂ ਮਹਿਲਾ ਆਗੂ ਬਬੀਤਾ ਖੋਸਲਾ ਕਾਦੀਆਂ ਸਟੇਟ ਸੈਕਟਰੀ ਮਹਿਲਾ ਵਿੰਗ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੇ ਵੱਲੋਂ ਉਹਨਾਂ ਨੂੰ ਕ੍ਰਿਸਚਨ ਵੈਲਫੇਅਰ ਬੋਰਡ ਪੰਜਾਬ ਦਾ ਮੈਂਬਰ ਨਿਯੁਕਤ ਕਰ ਦਿੱਤਾ ਗਿਆ ।ਇਸ ਮੌਕੇ ਨਵ ਨਿਯੁਕਤ ਕ੍ਰਿਸਚਨ ਵੈਲਫੇਅਰ ਬੋਰਡ ਪੰਜਾਬ ਦੇ ਮੈਂਬਰ ਬਬੀਤਾ ਖੋਸਲਾ ਕਾਦੀਆਂ ਨੇ ਕਿਹਾ ਕਿ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਦੇ ਨਾਲ ਪਾਰਟੀ ਦੇ ਲਈ ਕੰਮ ਕਰ ਰਹੇ ਹਨ ਅਤੇ ਮਹਿਲਾਵਾਂ ਨੂੰ ਉਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਵੀ ਕੀਤਾ ਜਾ ਰਿਹਾ। ਉਨ੍ਹਾਂ ਨੇ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਸਟੇਟ ਸੈਕਟਰੀ ਮਹਿਲਾ ਵਿੰਗ ਦੇ ਵਜੋਂ ਸੇਵਾਵਾਂ ਨਿਭਾ ਰਹੇ ਹਨ ਅਤੇ ਅੱਜ ਉਹਨਾਂ ਨੂੰ ਪਾਰਟੀ ਦੇ ਵੱਲੋਂ ਜੋ ਇਕ ਹੋਰ ਜ਼ਿੰਮੇਵਾਰੀ ਦਿੱਤੀ ਗਈ ਹੈ ।ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਦੇ ਨਾਲ ਪਹਿਲਾਂ ਦੀ ਤਰ੍ਹਾਂ ਨਿਭਾਉਂਦੇ ਰਹਿਣਗੇ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਪਾਰਟੀ ਹਾਈ ਕਮਾਂਡ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ । ਉਧਰ ਦੂਜੇ ਪਾਸੇ ਬਬੀਤਾ ਖੋਸਲਾ ਨੂੰ ਕ੍ਰਿਸਚਨ ਵੈਲਫੇਅਰ ਬੋਰਡ ਦਾ ਮੈਂਬਰ ਬਣਨ ਤੋਂ ਬਾਅਦ ਮਸੀਹ ਭਾਈਚਾਰੇ ਦੇ ਵਿੱਚ ਅਤੇ ਪਰਿਵਾਰਕ ਮੈਂਬਰਾਂ ਦੇ ਵਿੱਚ ਖੁਸ਼ੀ ਦਾ ਮਾਹੌਲ ਸੀ ਅਤੇ ਸਮੂਹ ਮਸੀਹ ਭਾਈਚਾਰੇ ਦੇ ਵੱਲੋਂ ਅਤੇ ਪਰਿਵਾਰਿਕ ਮੈਂਬਰਾਂ ਦੇ ਵੱਲੋਂ ਬਬੀਤਾ ਖੋਸਲਾ ਨੂੰ ਵਧਾਈ ਦਿੱਤੀ ਅਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ।ਅਖੀਰ ਵਿੱਚ ਬਬੀਤਾ ਖੋਸਲਾ ਦੇ ਵੱਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਅਮਨ ਅਰੋੜਾ, ਸੂਬਾ ਕਾਰਜਕਾਰੀ ਪ੍ਰਧਾਨ ਤੇ ਹਲਕਾ ਵਿਧਾਇਕ ਬਟਾਲਾ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ, ਐਡਵੋਕੇਟ ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ ਸੀਨੀਅਰ ਆਗੂ ਸਮੇਤ ਸਮੁੱਚੀ ਆਮ ਆਦਮੀ ਪਾਰਟੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।



10-AUG-PAGE-4.qxd 8/9/2025 10:01 PM Page 1



## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਦੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਨੇ ਕੀਤਾ ਸਨਮਾਨਤ



**ਹਠੂਰ (ਕਰਨੈਤਰ ਸੰਧੂ)**-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਜਿੱਥੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਉੱਥੇ ਹੀ ਵਿਦਿਆਰਥੀਆਂ ਅੰਦਰ ਹਮੇਸ਼ਾ ਵਿਗਿਆਨਕ ਚੇਤਨਾ ਪੈਦਾ ਕਰਨ ਲਈ ਯਤਨਸ਼ੀਲ ਹੈ। ਵਿਦਿਆਰਥੀਆਂ ਨੂੰ ਹਮੇਸ਼ਾ ਸਮਾਜ ਵਿੱਚ ਫੈਲੇ ਵਹਿਮ ਭਰਮਾਂ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਉਹਨਾਂ ਦੇ ਤੱਥਾਂ ਨੂੰ ਘੋਖਣ ਬਾਰੇ ਹਮੇਸ਼ਾ ਸਮੇਂ ਸਮੇਂ 'ਤੇ ਤਰਕਸ਼ੀਲ ਸੁਸਾਇਟੀ ਦੁਆਰਾ ਕਰਵਾਈਆਂ ਜਾਂਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਉਹਨਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਂਦੀ ਹੈ। ਇਸ ਹੀ ਗੱਲ ਨੂੰ ਮੁੱਖ ਰੱਖਦਿਆਂ ਸਕੂਲ ਦੇ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀ ਜਿਨ੍ਹਾਂ ਦੁਆਰਾ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗੀਦਾਰੀ ਕੀਤੀ ਗਈ ਉਨ੍ਹਾਂ ਨੂੰ ਤਰਕਸ਼ੀਲ ਸੁਸਾਇਟੀ ਬਠਨਾਲਾ ਯੂਨਿਟ ਭਦੌੜ ਦੁਆਰਾ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਜੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਦੂਮੱਲ ਜੈਨ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਕਿਹਾ ਕਿ ਇਸ ਪ੍ਰੀਖਿਆ ਵਿੱਚ ਸਕੂਲ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੇ ਨਾਲ ਨਾਲ ਉਨ੍ਹਾਂ ਅੰਦਰ ਵਿਗਿਆਨਕ ਸੋਚ ਨੂੰ ਉਤਸ਼ਾਹਤ ਕਰਨਾ ਹੈ।

## ਬਾਹਮਣਵਾਲਾ ਵਿਖੇ 25 ਪਰਵਾਰ ਭਾਜਪਾ 'ਚ ਹੋਏ ਸ਼ਾਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਾਹਮਣ ਵਾਲਾ ਵਿਖੇ ਸ਼ੁੱਕਰਵਾਰ ਨੂੰ ਲਗਭਗ 25 ਪਰਵਾਰਾਂ ਦੇ ਮੈਂਬਰ ਭਾਜਪਾ 'ਚ ਸ਼ਾਮਲ ਹੋ ਗਏ, ਜਿਨ੍ਹਾਂ ਨੂੰ ਵਿਧਾਨ ਸਭਾ ਇੰਚਾਰਜ ਰਾਜੇਸ਼ ਗੋਰਾ ਪਠੇਲਾ ਨੇ ਸਿਰੋਪਾਓ ਭੇਟ ਕਰਦਿਆਂ ਪਾਰਟੀ 'ਚ ਸਵਾਗਤ ਕੀਤਾ ਤੇ ਬਣਦਾ ਮਾਣ-ਸਤਿਕਾਰ ਦੇਣ ਦੀ ਗੱਲ ਆਖੀ। ਇਸ ਮੌਕੇ ਵਿਧਾਨ ਸਭਾ ਇੰਚਾਰਜ ਰਾਜੇਸ਼ ਗੋਰਾ ਪਠੇਲਾ ਨੇ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਜਨਹਿੱਤ 'ਚ ਚਲਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਜਾਣੂ ਕਰਵਾਇਆ ਤੇ ਇਨ੍ਹਾਂ ਦਾ ਲਾਭ ਲੈਣ ਲਈ ਪ੍ਰੇਰਿਆ। ਇਸ ਮੌਕੇ ਲਗਾਏ ਕੈਂਪ ਦੌਰਾਨ ਲੋਕਾਂ ਦੇ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ ਵੱਖ ਸਹੂਲਤਾਂ ਦੇ ਕਾਰਡ ਬਣਾ ਕੇ ਦਿੱਤੇ ਗਏ। ਇਸ ਮੌਕੇ ਕੈਂਪ ਇੰਚਾਰਜ ਲਖਵਿੰਦਰ ਸਿੰਘ, ਗਗਨਦੀਪ ਸ਼ਰਮਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਵਿੰਦਰ ਕਟਾਰੀਆ, ਆਬਿਲ ਭਾਰਤੀ, ਨੀਟਾ ਤੰਵਰ, ਸ਼ਿਵਨੰਦਨ ਬਿੱਲੂ ਕਟਾਰੀਆ, ਰਮੇਸ਼ ਕੁਮਾਰ, ਲਖਵਿੰਦਰ ਸਿੰਘ ਸੁਖਦੇਵ ਸਿੰਘ ਬੁੱਟਰ, ਸੋਹਨ ਲਾਲ, ਨਿੱਕਾ ਸ਼ਰਮਾ, ਚਰਨਜੀਤ ਸਿੰਘ ਜੰਮੂਆਣਾ, ਨਸੀਬ ਸਿੰਘ ਜੰਮੂਆਣਾ, ਪ੍ਰੀਤ ਬਾਜਾ, ਸਤਪਾਲ, ਦਵਿੰਦਰ ਸਿੰਘ, ਮੰਡਲ ਪ੍ਰਧਾਨ ਖੱਪਿਆਂਵਾਲੀ ਪਾਲਾ ਸਿੰਘ ਸਮੇਤ ਹੋਰ ਵੱਡੀ ਗਿਣਤੀ 'ਚ ਭਾਜਪਾ ਆਗੂ ਮੌਜੂਦ ਸਨ।

## ਸਕੇਟਿੰਗ ਖਿਡਾਰੀਆਂ ਨੇ 8 ਸੋਨੇ, 8 ਚਾਂਦੀ ਤੇ 7 ਕਾਂਸੀ ਦੇ ਤਗਮੇ ਜਿੱਤੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਵ ਐਜੂਕੇਸ਼ਨ ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰ ਦੇ ਸਕੇਟਿੰਗ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਕੁੱਲ 23 ਤਗਮੇ ਜਿੱਤੇ।ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਅੰਡਰ-11 ਖਿਡਾਰੀਆਂ ਨੇ 5 ਸੋਨੇ, 3 ਚਾਂਦੀ ਅਤੇ 4 ਕਾਂਸੀ ਦੇ ਤਗਮੇ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ।ਅੰਡਰ-14 ਮੁੰਡਿਆਂ ਨੇ 2 ਸੋਨੇ, 2 ਚਾਂਦੀ ਤੇ 2 ਕਾਂਸੀ ਦੇ ਤਗਮੇ ਜਿੱਤੇ, ਜਦੋਂਕਿ ਪ੍ਰਤਿਭਾਸ਼ਾਲੀ ਅੰਡਰ-14 ਕੁੜੀਆਂ ਨੇ 2 ਚਾਂਦੀ ਦੇ ਤਗਮੇ ਜਿੱਤੇ। ਇਸ ਦੇ ਨਾਲ ਹੀ ਅੰਡਰ-17 ਕੁੜੀਆਂ ਨੇ ਵੀ ਆਪਣੀ ਸਕੇਟਿੰਗ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਤੇ 1 ਸੋਨ, 1 ਚਾਂਦੀ ਅਤੇ 1 ਕਾਂਸੀ ਦਾ ਤਗਮਾ ਜਿੱਤਿਆ।ਇਸ ਸ਼ਾਨਦਾਰ ਸਫਲਤਾ ਦਾ ਸਿਹਰਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਸਕੂਲ ਦੇ ਖੇਡ ਅਧਿਆਪਕਾਂ ਦੇ ਮਾਰਗਦਰਸ਼ਨ ਅਤੇ ਮਾਪਿਆਂ ਦੇ ਸਮਰਥਨ ਨੂੰ ਜਾਂਦਾ ਹੈ।ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਚੇਅਰਮੈਨ ਸ੍ਰੀ ਕਮਲੇਸ਼ ਸਰਾਫ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ ਤੇ ਭਵਿੱਖ ਵਿੱਚ ਵੀ ਖੇਡਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਉੱਘੇ ਪੰਜਾਬੀ ਸਾਹਿਤਕਾਰ ਪ੍ਰੇਮ ਭੂਸ਼ਨ ਗੋਇਲ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ



**ਲੁਧਿਆਣਾ (ਕਬੂਲੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਉੱਘੇ ਪੰਜਾਬੀ ਸਾਹਿਤਕਾਰ ਪ੍ਰੇਮ ਭੂਸ਼ਨ ਗੋਇਲ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਗੋਇਲ ਪੰਜਾਬ ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟਰ ਰਹੇ।ਉਨ੍ਹਾਂ ਦਾ ਪਰਵਾਰ ਮੁੱਢ ਤੋਂ ਹੀ ਸਮਾਜ ਬਦਲਾਅ ਵਰਗੇ ਉੱਘੇ ਲੇਖਕਾਂ ਤੇ ਬੁੱਧੀਜੀਵੀਆਂ ਦਾ ਪਰਵਾਰ ਹੈ।ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਪ੍ਰੇਮ ਭੂਸ਼ਨ ਗੋਇਲ ਦੀਆਂ ਲਿਖਤਾਂ ਪੰਜਾਬੀ ਮਾਂ ਬੋਲੀ ਲਈ ਵੱਡੀ ਸੇਵਾ ਹਨ।ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਗੋਇਲ ਸਾਹਿਬ ਭਾਸ਼ਾ ਵਿਭਾਗ ਪੰਜਾਬ ਵਿੱਚ ਸੇਵਾ ਮੁਕਤ ਸਨ।ਉਨ੍ਹਾਂ ਦੀਆਂ ਮਾਤ ਭਾਸ਼ਾ ਲਈ ਕੀਤੀਆਂ ਸੇਵਾਵਾਂ ਹਮੇਸ਼ਾ ਯਾਦ ਕੀਤੀਆਂ ਜਾਂਦੀਆਂ ਰਹਿਣਗੀਆਂ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਬਲਵਿੰਦਰ ਸਿੰਘ, ਸੰਜੀਵਨ ਸਿੰਘ, ਨਵਿੰਦਰ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਬਜੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

## ਐੱਮ ਐੱਲ ਡੀ ਸਕੂਲ ਨੇ ਤੀਆਂ ਮਨਾ ਕੇ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਿਆ



**ਜਗਰਾਓਂ (ਅਮਿਤ ਖੰਨਾ)**-ਐੱਮ. ਐੱਲ. ਡੀ. ਸੀਨੀ. ਸੈਕੰ. ਸਕੂਲ ਤਲਵੰਡੀ ਕਲਾਂ ਨੇ ਤੀਆਂ ਤੀਜ ਦੀਆਂ ਮਨਾ ਕੇ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਨਾਲ ਜੋੜਿਆ। ਸਾਰੀਆਂ ਵਿਦਿਆਰਥਣਾਂ ਤਿਉਹਾਰ ਮਨਾਉਣ ਲਈ ਰਵਾਇਤੀ ਪਹਿਰਾਵੇ ਵਿੱਚ ਸੱਜ-ਧੱਜ ਕੇ ਆਈਆਂ। ਜਿਹਨਾਂਦਾਰ ਵਿਦਿਆਰਥਣਾਂ ਪੁਰਾਤਨ ਪੰਜਾਬੀ ਪਹਿਰਾਵਾ ਜਿਵੇਂ ਘੱਗਰਾ, ਕੁੜਤਾ, ਫੁਲਕਾਰੀ, ਪਰਾਂਦਾ, ਸੱਗੀ-ਫੁੱਲ, ਟਿੱਕਾ, ਕਾਂਟੇ ਆਦਿ ਬੜੇ ਚਾਅ ਨਾਲ ਪਾ ਕੇ 'ਤੀਆਂ ਤੀਜ ਦੀਆਂ' ਮਨਾਉਣ ਲਈ ਪਹੁੰਚੀਆਂ।ਮੈਡਮ ਜਸਜਿੰਦਰ ਕੌਰ ਤੇ ਮੈਡਮ ਰਮਨਦੀਪ ਕੌਰ ਨੇ ਆਈਆਂ ਵਿਦਿਆਰਥਣਾਂ ਨੂੰ ਪੰਜਾਬੀਆਂ ਦੀ ਅਮੀਰ ਵਿਰਾਸਤ ਨਾਲ ਜਾਣੂ ਕਰਵਾਇਆ।ਇਸ ਮੌਕੇ ਵਿਦਿਆਰਥਣਾਂ ਤੋਂ ਪੰਜਾਬੀ ਵਿਰਾਸਤੀ ਪ੍ਰਸ਼ਨ ਜਿਵੇਂ ਅਟੇਰਨਾਂ, ਗਲੋਟਾ, ਛਿੱਕੂ, ਦੰਦਾਸਾ, ਚੱਕੀ, ਦੰਤ-ਕਥਾ, ਛੱਜ, ਢੋਲਕ ਆਦਿ ਦੇ ਬਾਰੇ ਪੁੱਛੇ ਗਏ ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਤੀਆਂ ਦਾ ਤਿਉਹਾਰ ਲੜਕੀਆਂ ਤੇ ਔਰਤਾਂ ਦੇ ਮਨ ਦੇ ਵਲਵਲਿਆਂ ਦਾ ਗੀਤਾਂ ਰਾਹੀਂ ਪ੍ਰਗਟਾਅ ਤੇ ਚਾਅ ਹੈ ਅਤੇ ਰੂਹ ਦੀ ਖੁਰਾਕ ਹੈ।ਇਸ ਮੌਕੇ ਸਾਰੀਆਂ ਵਿਦਿਆਰਥਣਾਂ ਨੇ ਬੋਲੀਆਂ ਪਾ ਕੇ ਗਿੱਧੇ ਦਾ ਖੂਬ ਆਨੰਦ ਲਿਆ ਤੇ ਪੀਂਘਾਂ ਝੂਟੀਆਂ।ਪ੍ਰਿੰਸੀਪਲ ਬਲਦੇਵ ਬਾਵਾ ਨੇ ਵਧਾਈ ਦਿੰਦਿਆਂ ਕਿਹਾ ਕਿ ਸਾਡੀ ਅਨਮੁੱਲੀ ਵਿਰਾਸਤ ਸਾਡੀਆਂ ਜੜ੍ਹਾਂ ਹਨ।ਪੰਜਾਬੀ ਲੋਕ ਸੰਗੀਤ ਵਿੱਚ ਗਿੱਧੇ ਵਰਗੇ ਨਾਚ ਹਨ, ਆਪਣੀ ਅਮੀਰ ਵਿਰਾਸਤ ਦੀਆਂ ਪ੍ਰਥਾਵਾਂ ਨਾਲ ਖ਼ੁਸ਼ੀਆਂ ਵੰਡਦੇ ਹਨ। ਉਨ੍ਹਾਂ ਵਿਦਿਆਰਥਣਾਂ ਤੇ ਸਟਾਫ ਨੂੰ ਵਧਾਈ ਦਿੱਤੀ।ਇਸ ਮੌਕੇ ਸਟੇਜ ਦਾ ਸੰਚਾਲਨ ਮੈਡਮ ਹਰਮਨਦੀਪ ਕੌਰ ਤੇ ਮੈਡਮ ਜਸਪ੍ਰੀਤ ਕੌਰ ਨੇ ਕੀਤਾ।ਇਸ ਮੌਕੇ ਮੈਡਮ ਸੁਖਦੀਪ ਕੌਰ, ਮੈਡਮ ਅੰਮ੍ਰਿਤਪਾਲ ਕੌਰ ਤੇ ਸਮੂਹ ਸਟਾਫ ਹਾਜ਼ਰ ਸੀ।

## ਪੰਜਾਬੀ ਭਾਸ਼ਾ 'ਚ ਕੰਮ-ਕਾਜ ਕਰਨ ਸੰਬੰਧੀ ਹਦਾਇਤਾਂ ਜਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਵੱਲੋਂ ਦਫ਼ਤਰਾਂ ਤੇ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਸੰਬੰਧੀ ਜਾਰੀ ਹੋਏ ਹਨ ਕਿ ਰਾਜ ਭਾਸ਼ਾ ਐਕਟ 1967 ਤੇ ਰਾਜ ਭਾਸ਼ਾ ਐਕਟ (ਤਰਮੀਮ) 2008 ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸੇ ਐਕਟ ਤਹਿਤ ਹੁਕਮ ਜਾਰੀ ਹੋਏ ਹਨ ਕਿ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ/ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਨਿਗਮਾਂ ਤੇ ਵਿੱਦਿਅਕ ਅਦਾਰਿਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਣਾ ਲਾਜ਼ਮੀ ਬਣਾਇਆ ਜਾਵੇ। ਇਸ ਦੇ ਨਾਲ ਹੀ ਸਮੂਹ ਵਿਭਾਗਾਂ ਦੀਆਂ ਵੈੱਬਸਾਈਟਾਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ (ਭਾਵ ਦੋਵੇਂ ਭਾਸ਼ਾਵਾਂ) ਵਿੱਚ ਤਿਆਰ ਕੀਤੀਆਂ ਜਾਣ। ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫ਼ਸਰ, ਫ਼ਿਰੋਜ਼ਪੁਰ ਡਾ. ਜਗਦੀਪ ਸਿੰਘ ਸੰਧੂ ਨੇ ਦਿੱਤੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਮਾਮਲੇ ਪ੍ਰਤੀ ਬੇਹੱਦ ਸੰਜੀਦਾ ਹੈ ਤੇ ਕਿਸੇ ਪ੍ਰਕਾਰ ਦੀ ਅਣਗਹਿਲੀ ਨਹੀਂ ਵਰਤੀ ਜਾ ਸਕਦੀ। ਪੰਜਾਬੀ ਮਾਤ ਭਾਸ਼ਾ ਪੰਜਾਬ ਰਾਜ ਦੀ ਜਿੰਦ-ਜਾਨ ਹੈ ਤੇ ਇਹ ਪੰਜਾਬੀਅਤ ਦਾ ਮਾਣ ਹੈ, ਇਸ ਲਈ ਸੰਬੰਧਤ ਹੁਕਮਾਂ ਅਧੀਨ ਆਉਂਦੇ ਸਾਰਿਆਂ ਨੂੰ ਹੀ ਅਪੀਲ ਹੈ ਕਿ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਸਥਾਨਾਂ ਦੀ ਪਹਿਚਾਣ ਕਰ ਲਈ ਜਾਵੇ ਤੇ ਸਾਰੇ ਦਫ਼ਤਰਾਂ ਦੀਆਂ ਨਾਮ ਪੱਟੀਆਂ (ਸਾਈਨ ਬੋਰਡ) ਤੇ ਸੜਕਾਂ ਕਿਨਾਰੇ ਲੱਗੇ ਬੋਰਡਾਂ ਵਿੱਚ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜ ਠੀਕ ਹੋਣ, ਜੇਕਰ ਕੋਈ ਇਸ ਤਰ੍ਹਾਂ ਦੀ ਕਮੀ ਪਾਈ ਜਾਂਦੀ ਹੈ ਤਾਂ ਸੰਬੰਧਤ ਅਧਿਕਾਰੀਆਂ ਵੱਲੋਂ ਜਲਦੀ ਠੀਕ ਕਰਵਾਈ ਜਾਵੇ।

# ਬਰੇਟਾ ਦੀਆਂ ਸਮੱਸਿਆਵਾਂ ਨੂੰ ਲੈ ਕੇ ਲੋਕਾਂ ਵੱਲੋਂ ਧਰਨਾ ਤੇ ਨਾਅਰੇਬਾਜ਼ੀ



**ਬਰੇਟਾ (ਰੀਤਵਾਲ)**-ਬਰੇਟਾ ਦੇ ਲਾਈਨੋਂ ਪਾਰ ਏਰੀਏ ਦੇ ਲੋਕਾਂ ਵੱਲੋਂ ਸਮੂਹ ਰਾਜਨੀਤਕ ਪਾਰਟੀਆਂ ਤੇ ਜਥੇਬੰਦੀਆਂ ਦੇ ਸਹਿਯੋਗ ਨਾਲ ਧਰਮਪੁਰਾ ਰੋਡ 'ਤੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ, ਸੜਕ ਦੇ ਮਾੜੇ ਹਾਲਾਤਾਂ ਤੇ ਪਿੰਡ 'ਚ ਲੱਗੇ ਗੰਦਗੀ ਦੇ ਢੇਰਾਂ ਖਿਲਾਫ ਸ਼ਹਿਰ ਵਿੱਚੋਂ ਰੋਸ ਕਰਦੇ ਹੋਏ ਸਥਾਨਕ ਨਗਰ ਕੌਂਸਲ ਤੇ ਮਾਰਕਿਟ ਕਮੇਟੀ ਦੇ ਵਿਹੜੇ ਵਿੱਚ ਧਰਨਾ ਲਗਾ ਕੇ ਸਰਕਾਰ, ਵਿਧਾਇਕ ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਧਰਨੇ ਨੂੰ ਸੰਬੋਧਨ ਕਰਦਿਆਂ ਗਗਨਦੀਪ ਸ਼ਰਮਾ, ਸਾਬਕਾ ਕੌਂਸਲਰ ਸੁਮੇਸ਼ ਬਾਲੀ, ਜੁਗਰਾਜ ਕਾਲਾ ਤੇ ਦਸੌਂਦਾ ਸਿੰਘ ਨੇ ਦੱਸਿਆ ਕਿ ਧਰਮਪੁਰਾ ਰੋਡ 'ਤੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਪਿਛਲੇ ਕਈ ਸਾਲਾਂ ਦੀ ਸਮੱਸਿਆ ਨਾਲ ਲੋਕ ਜੂਝ ਰਹੇ ਹਨ। ਸੜਕ 'ਤੇ ਓਵਰਫ਼ਲੋ ਹੋ ਕੇ ਖੜ੍ਹਾ ਸੀਵਰੇਜ ਦਾ ਗੰਦਾ ਪਾਣੀ ਵਾਰਡ ਵਾਸੀਆਂ ਤੇ ਰਾਹਗਿਰਾਂ ਲਈ ਵੱਡੀ ਮੁਸੀਬਤ ਬਣ ਗਿਆ ਹੈ, ਪਰ ਇਸ ਦੇ ਬਾਵਜੂਦ ਮੌਜੂਦਾ ਸਰਕਾਰ ਦੇ ਨੁਮਾਇੰਦਿਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।ਇਸ ਦਾ ਖਮਿਆਜ਼ਾ ਵਾਰਡ ਵਾਸੀ ਭੁਗਤਣ ਲਈ ਮਜਬੂਰ ਹੋ ਰਹੇ ਹਨ।ਬੁਲਾਰਿਆਂ ਨੇ ਕਿਹਾ ਕਿ ਅੱਜ ਬਰੇਟਾ ਪਿੰਡ ਦੇ ਜਿਸ ਮਰਜ਼ੀ ਹਿੱਸੇ ਵਿੱਚ ਚਲੇ ਜਾਓ, ਹਰ ਪਾਸੇ ਗੰਦਗੀ ਤੇ ਬਦਬੂ ਹੀ ਫੈਲੀ ਹੋਈ ਹੈ।ਬੁਲਰਿਆਂ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਕਾਸ ਦੇ ਨਾਂ 'ਤੇ ਲੋਕਾਂ ਨਾਲ ਜੋ ਵਾਅਦੇ ਕੀਤੇ ਜਾ ਰਹੇ ਹਨ, ਉਹ ਖੋਖਲੇ ਹਨ।

ਅਖੀਰ ਵਿੱਚ ਧਰਨਾਕਾਰੀਆਂ ਵੱਲੋਂ ਇਸ ਮਸਲੇ ਨੂੰ ਜਲਦ ਹੱਲ ਕਰਨ ਲਈ ਕੌਂਸਲ ਦੇ ਅਧਿਕਾਰੀਆਂ ਨੂੰ ਅਲਟੀਮੇਟਮ ਦਿੱਤਾ ਗਿਆ ਅਤੇ ਇਸ ਪਾਸੇ ਧਿਆਨ ਨਾ ਦੇਣ 'ਤੇ ਤਿੱਖਾ ਸੰਘਰਸ਼ ਵਿੱਢਣ ਦੀ ਚਿਤਾਵਨੀ ਦਿੱਤੀ ਗਈ।ਇਸ ਧਰਨੇ ਵਿੱਚ ਅਮਨਦੀਪ ਕੌਰ ਕੌਂਸਲਰ, ਦਰਸ਼ਨ ਸਿੰਘ ਕੌਂਸਲਰ, ਵਿੰਦਰ ਸਿੰਘ, ਧਰਮਪੁਰਾ ਪਿੰਡ ਦੇ ਸਰਪੰਚ ਸੁੱਖਾ ਸਿੰਘ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਔਰਤਾਂ ਨੇ ਹਿੱਸਾ ਲਿਆ।

## ਲੱਖੋਵਾਲ ਕਲਾਂ ਦਾ ਸਾਲਾਨਾ ਦੰਗਲ ਮੇਲਾ 16 ਨੂੰ, ਪੋਸਟਰ ਜਾਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨੇੜਲੇ ਪਿੰਡ ਲੱਖੋਵਾਲ ਕਲਾਂ ਤੇ ਲੱਖੋਵਾਲ ਖ਼ੁਰਦ ਵੱਲੋਂ ਗੁੱਗਾ ਮੈੜੀ 'ਤੇ 38ਵਾਂ ਦੰਗਲ ਮੇਲਾ 16 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਦੰਗਲ ਮੇਲੇ ਸਬੰਧੀ ਪੋਸਟਰ ਤੇ ਸੱਦਾ ਪੱਤਰ ਜਾਰੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 14 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਤੇ 16 ਅਗਸਤ ਨੂੰ ਭੋਗ ਪਾਉਣ ਉਪਰੰਤ ਗੁਰਬਾਣੀ ਦਾ ਕੀਰਤਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਹਲਕਾ ਕਾਂਗਰਸ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਬਾਅਦ ਸ਼ਾਮ 4 ਵਜੇ ਕੁਸ਼ਤੀਆਂ ਸ਼ੁਰੂ ਹੋਣਗੀਆਂ ਤੇ ਝੰਡੀ ਦੀ ਕੁਸ਼ਤੀ ਆਰ-ਪਾਰ ਵਾਲੀ ਹੋਵੇਗੀ। ਇਸ ਤੋਂ ਇਲਾਵਾ ਦੰਗਲ ਮੇਲੇ ਵਿੱਚ ਪੰਜਾਬ ਭਰ ਤੋਂ ਪਹਿਲਵਾਨ ਆਪਣੇ ਜੌਹਰ ਦਿਖਾਉਣਗੇ। ਪੋਸਟਰ ਜਾਰੀ ਕਰਨ ਮੌਕੇ ਪ੍ਰਧਾਨ ਜਗਦੀਪ ਸਿੰਘ ਝੱਜ, ਗੁਰਜੀਤ ਸਿੰਘ ਮਾਣਕੀ, ਗਿਆਨ ਸਿੰਘ, ਅਮਰਿੰਦਰ ਸਿੰਘ ਸੰਧੂ, ਕੁਲਵਿੰਦਰ ਸਿੰਘ ਮਾਣਕੀ, ਕੁਲਵੀਰ ਸਿੰਘ ਉਟਾਲ, ਰਵੀ ਮਾਨ, ਜਸਵਿੰਦਰ ਸਿੰਘ ਭਿੰਦਾ, ਮੋਹਣ ਸਿੰਘ ਝੱਜ, ਇੰਸਪੈਕਟਰ ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਤਨੇਜਾ, ਜਥੇਦਾਰ ਚਰਨਜੀਤ ਸਿੰਘ ਝੱਜ, ਦਵਿੰਦਰ ਸਿੰਘ ਗਿੱਲ, ਪਰਮਜੀਤ ਸਿੰਘ ਕਲੇਰ, ਰਵਨੀਤ ਸਿੰਘ ਮੌਜੂਦ ਸਨ।



## ਪੈਟਰੋਲ ਪੰਪ ਤੋਂ ਹਥਿਆਰਾਂ ਦੀ ਨੋਕ 'ਤੇ ਨਗਦੀ ਲੁੱਟੀ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਬੀਤੀ ਰਾਤ ਕਰੀਬ ਰਾਤ 9:30 ਵਜੇ ਦੇ ਖੰਨਾ- ਸਮਰਾਲਾ ਰੋਡ 'ਤੇ ਸਥਿਤ ਥਾਣਾ ਸਦਰ ਖੰਨਾ ਦੇ ਅਧੀਨ ਆਉਂਦੇ ਇੱਕ ਪੈਟਰੋਲ ਪੰਪ ਦੇ ਕਰਿੰਦੇ ਕੋਲੋਂ ਹਥਿਆਰਾਂ ਦੀ ਨੋਕ 'ਤੇ ਇੱਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਨੌਜਵਾਨਾਂ ਵੱਲੋਂ ਨਗਦੀ ਲੁੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮਿਲੀ ਜਾਣਕਾਰੀ ਅਨੁਸਾਰ 06-07 ਅਗਸਤ ਦੀ ਦਰਮਿਆਨੀ ਰਾਤ ਸਮਾਂ ਰਾਤ ਕਰੀਬ 9-30 ਵਜੇ ਇੱਕ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਚੱਕ ਮਾਫੀ ਵੱਲੋਂ ਆਏ ਦੋ ਨੌਜਵਾਨ, ਜਿਨ੍ਹਾਂ ਨੇ ਆਪਣੇ ਮੂੰਹ ਉੱਪਰ ਮਾਸਕ ਬੰਨ੍ਹਿਆ ਹੋਇਆ ਸੀ, ਨੇ ਪੈਟਰੋਲ ਪੰਪ ਦੇ ਕਰਿੰਦੇ ਕੋਲ ਆ ਕੇ ਪੀਣ ਵਾਲੇ ਪਾਣੀ ਦੀ ਮੰਗ ਕੀਤੀ, ਉਸ ਤੋਂ ਬਾਅਦ ਕਰਿੰਦੇ ਵੱਲੋਂ ਉਨ੍ਹਾਂ ਨੂੰ ਵਾਟਰ ਕੂਲਰ 'ਤੇ ਜਾ ਕੇ ਪਾਣੀ ਪੀਣ ਲਈ ਕਿਹਾ।ਪਾਣੀ ਪੀ ਕੇ ਜਦੋਂ ਉਹ ਨੌਜਵਾਨ ਵਾਪਸ ਆਇਆ ਤਾਂ ਉਸ ਨੇ ਅਸਲਾ ਦਿਖਾ ਕੇ ਕਰਿੰਦੇ ਕੋਲੋਂ ਨਗਦੀ ਖੋਹ ਫਰਾਰ ਹੋ ਗਏ।ਪੈਟਰੋਲ ਪੰਪ ਦੇ ਕਰਿੰਦਿਆਂ ਵੱਲੋਂ ਇਸ ਘਟਨਾ ਦੀ ਸੂਚਨਾ 112 ਨੰਬਰ ਉੱਪਰ ਦਿੱਤੀ ਗਈ।ਘਟਨਾ ਦੀ ਜਾਣਕਾਰੀ ਮਿਲਦਿਆਂ ਡੀਐੱਸਪੀ ਸਮਰਾਲਾ ਤਰਲੋਚਨ ਸਿੰਘ, ਡੀ ਐੱਸ ਪੀ ਪਾਇਲ ਹੇਮੰਤ ਮਲਹੋਤਰਾ, ਐੱਸ ਪੀ (ਡੀ) ਪਵਨਜੀਤ ਚੌਧਰੀ, ਸੀ ਆਈ ਏ ਸਟਾਫ ਖੰਨਾ ਇੰਸਪੈਕਟਰ ਹਰਦੀਪ ਸਿੰਘ, ਐੱਸ ਐੱਚ ਓ ਸਦਰ ਸੁਖਵਿੰਦਰ ਪਾਲ ਸਿੰਘ ਘਟਨਾ ਸਥਾਨ 'ਤੇ ਪਹੁੰਚੇ।ਇਸ ਸਬੰਧੀ ਡੀਐੱਸਪੀ ਖੰਨਾ ਅੰਮ੍ਰਿਤਪਾਲ ਸਿੰਘ ਭਾਟੀ ਨਾਲ ਗੱਲ ਕਰੀ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਇਹ ਲੁਟੇਰੇ ਕਾਬੂ ਕੀਤੇ ਜਾਣਗੇ।

# ਭਲਕ ਦੇ ਮੋਟਰਸਾਈਕਲ ਮਾਰਚ ਦੀਆਂ ਤਿਆਰੀਆਂ ਮੁਕੰਮਲ

**20 ਨੂੰ ਜਲੰਧਰ ਰੈਲੀ 'ਚ ਮੋਗੇ ਜ਼ਿਲ੍ਹੇ ਤੋਂ ਹਜ਼ਾਰਾਂ ਕਿਸਾਨ, ਮਜ਼ਦੂਰ ਹੋਣਗੇ ਸ਼ਾਮਲ**



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹਾ ਮੋਗਾ ਦੇ ਜ਼ੋਨ ਕੋਟ ਈਸੇ ਖਾਂ, ਜ਼ੋਨ ਫ਼ਤਹਿਗੜ੍ਹ ਪੰਜਤੂਰ, ਜ਼ੋਨ ਮੋਗਾ 1 ਤੇ ਜ਼ੋਨ ਮੋਗਾ 2 ਦੀਆਂ ਮੀਟਿੰਗਾਂ ਕਰਕੇ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰਵਾਉਣ ਲਈ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ 11 ਅਗਸਤ ਨੂੰ ਕੱਢੇ ਜਾ ਰਹੇ ਮੋਟਰਸਾਈਕਲ ਮਾਰਚ ਦੀਆਂ ਤਿਆਰੀਆਂ ਮੁਕੰਮਲ ਕਰ ਲਈ ਗਈਆਂ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਆਗੂ ਸਤਨਾਮ ਸਿੰਘ ਪੰਨੂ, ਦਰਸ਼ਨ ਸਿੰਘ ਮੋਗਾ, ਰਣਜੀਤ ਸਿੰਘ ਬੁੱਟਰ, ਅਵਤਾਰ ਸਿੰਘ ਧਰਮ ਸਿੰਘ ਵਾਲਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਜ਼ਮੀਨਾਂ ਹੜੱਪਣ ਲਈ ਨਿੱਤ ਨਵੀਂ ਨੀਤੀ ਲਿਆ ਰਹੀ ਹੈ, ਜਿਸ ਵਿਰੁੱਧ ਜਥੇਬੰਦੀ ਵੱਲੋਂ ਪਿੰਡ ਪੱਧਰੀ ਮੀਟਿੰਗਾਂ ਕਰਕੇ ਮਤੇ ਪਾਸ ਕੀਤੇ ਜਾਣਗੇ ਕਿ ਲੈਂਡ ਪੂਲਿੰਗ ਪੌਲਸੀ ਅਧੀਨ ਇੱਕ ਇੰਚ ਵੀ ਜ਼ਮੀਨ ਨਹੀਂ ਜਾਣ ਦਿਆਂਗੇ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ 'ਤੇ ਲੀਕ ਮਾਰੀ ਜਾਵੇ, ਸ਼ੰਭੂ, ਖਨੌਰੀ ਬਾਰਡਰਾਂ ਉੱਤੇ ਪੁਲਸ ਜਬਰ ਕਰਕੇ ਮੋਰਚੇ ਖਦੇੜਨ ਦੀ ਕਾਰਵਾਈ ਕਰਨ ਕਾਰਨ ਹੋਏ ਕਰੋੜਾਂ ਰੁਪਏ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਕਰੇ, ਸਮਾਰਟ (ਚਿੱਪ ਵਾਲੇ) ਮੀਟਰ ਲਾਉਣੇ ਬੰਦ ਕੀਤੇ ਜਾਣ ਤੇ 1948 ਐਕਟ ਅਨੁਸਾਰ ਬਿਜਲੀ ਬੋਰਡ ਬਹਾਲ ਕੀਤਾ ਜਾਵੇ, ਭਾਰੀ ਬਾਰਸ਼ ਕਾਰਨ ਫਸਲਾਂ ਦੇ ਹੋਏ ਖ਼ਰਾਬੇ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਮਜ਼ਦੂਰ ਮੋਰਚੇ ਵੱਲੋਂ 20 ਅਗਸਤ ਨੂੰ ਜਲੰਧਰ ਵਿਖੇ ਹੋ ਰਹੀ ਰੈਲੀ ਵਿੱਚ ਮੋਗਾ ਜ਼ਿਲ੍ਹੇ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਬੀਬੀਆਂ, ਨੌਜਵਾਨ ਸ਼ਾਮਲ ਹੋਣਗੇ।ਇਸ ਮੌਕੇ ਜ਼ੋਨ ਪ੍ਰਧਾਨ ਹਰਬੰਸ ਸਿੰਘ ਸਾਹਵਾਲਾ, ਸੁਖਦੇਵ ਸਿੰਘ ਤਲਵੰਡੀ ਭੰਗੇਰੀਆ, ਜਰਨੈਲ ਸਿੰਘ ਮੋਗਾ, ਗੁਰਭੇਜ ਸਿੰਘ ਸਾਹਵਾਲਾ, ਗੁਰਦੇਵ ਸਿੰਘ ਸਾਹਵਾਲਾ, ਸੁਖਦੇਵ ਸਿੰਘ ਦੌਲੇਵਾਲਾ, ਮਹਿਤਾਬ ਸਿੰਘ ਤਲਵੰਡੀ ਨੌ ਬਹਾਰ ਆਦਿ ਹਾਜ਼ਰ ਸਨ।

# ਸਲਾਈਟ ਵਿਖੇ 'ਇੱਕ ਰੱਖੜੀ ਸੈਨਿਕ ਦੇ ਨਾਮ' ਸਮਾਗਮ



**ਲੌਂਗੋਵਾਲ (ਪ੍ਰਦੀਪ ਸੱਪਲ)**-ਹੈਪੀ ਕਲੱਬ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ ਵੱਲੋਂ ਭਾਰਤ ਦੇ ਬਹਾਦਰ ਸੈਨਿਕਾਂ ਨੂੰ ਸਮਰਪਤ ਇੱਕ ਦਿਲ ਨੂੰ ਛੂਹ ਲੈਣ ਵਾਲਾ ਰੱਖੜੀ ਸਮਾਰੋਹ ਕੀਤਾ ਗਿਆ, ਜਿਸ 'ਚ ਦੇਸ਼ ਭਗਤੀ ਤੇ ਸ਼ੁਕਰਗੁਜ਼ਾਰੀ ਦੀ ਭਾਵਨਾ ਦਾ ਪ੍ਰਦਰਸ਼ਨ ਕੀਤਾ ਗਿਆ।ਇੱਕ ਰਾਖੀ ਬਣਾਉਣ ਦਾ ਮੁਕਾਬਲਾ ਤੇ ਸੱਭਿਆਚਾਰਕ ਪ੍ਰਦਰਸ਼ਨ ਇਸ ਸਮਾਗਮ ਦਾ ਹਿੱਸਾ ਸਨ।ਇਸ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਉਤਸ਼ਾਹ ਨਾਲ ਭਾਗੀਦਾਰੀ ਵੇਖੀ ਗਈ, ਜਿਨ੍ਹਾਂ ਭਾਰਤੀ ਫੌਜ ਪ੍ਰਤੀ ਪਿਆਰ ਤੇ ਸਤਿਕਾਰ ਦੇ ਪ੍ਰਤੀਕ ਵਜੋਂ ਸੁੰਦਰ ਹੱਥ ਨਾਲ ਬਣੀਆਂ ਰੱਖੜੀਆਂ ਬਣਾਈਆਂ।ਰਾਖੀ ਬਣਾਉਣ ਦੀ ਗਤੀਵਿਧੀ ਦੇ ਨਾਲ ਸਲੋਗਨ ਲਿਖਣ ਦਾ ਮੁਕਾਬਲਾ ਵੀ ਕਰਵਾਇਆ ਗਿਆ।ਇਸ ਸਮਾਗਮ ਵਿੱਚ ਪ੍ਰੋ. ਮਨੀਕਾਂਤ ਪਾਸਵਾਨ ਡਾਇਰੈਕਟਰ ਸਲਾਈਟ ਲੌਂਗੋਵਾਲ, ਪ੍ਰੋ. ਐੱਮ. ਐੱਮ. ਸਿਨਹਾ, ਡੀਨ ਵਿਦਿਆਰਥੀ ਭਲਾਈ, ਪ੍ਰੋ. ਏ. ਐੱਸ. ਅਰੋੜਾ, ਡਾ. ਪ੍ਰੀਤਪਾਲ ਕੌਰ ਬੁੱਟਰ, ਇੰਜੀਨੀਅਰ ਕੁਲਦੀਪ ਸਿੰਘ ਤੇ ਹੋਰ ਫੈਕਲਟੀ ਮੈਂਬਰ ਸ਼ਾਮਲ ਸਨ।ਡਾ. ਯੋਗੇਸ਼ ਕਪਿਲ ਫੈਕਲਟੀ ਸਲਾਹਕਾਰ ਹੈਪੀ ਕਲੱਬ ਨੇ ਇਸ ਸਮਾਗਮ ਦਾ ਆਯੋਜਨ ਕੀਤਾ।ਸਮਾਗਮ ਦੀ ਸ਼ੁਰੂਆਤ ਦੀਵਾ ਜਗਾਉਣ ਨਾਲ ਹੋਈ ਤੇ ਇਸ ਤੋਂ ਬਾਅਦ ਵੱਖ-ਵੱਖ ਨਾਚ ਤੇ ਗਾਇਨ ਪੇਸ਼ਕਾਰੀਆਂ ਕੀਤੀਆਂ ਗਈਆਂ।ਪ੍ਰੋ. ਸਿਨਹਾ ਨੇ ਅਜਿਹੇ ਵਿਲੱਖਣ ਸਮਾਗਮ ਲਈ ਹੈਪੀ ਕਲੱਬ ਦੀ ਪਹਿਲਕਦਮੀ ਦੀ ਸ਼ਲਾਘਾ ਕੀਤੀ ਤੇ ਤਿਉਹਾਰ ਦੇ ਵੱਖ-ਵੱਖ ਪਹਿਲੂਆਂ ਤੇ ਮਹੱਤਵ 'ਤੇ ਚਰਚਾ ਕੀਤੀ। ਪ੍ਰੋ. ਮਨੀਕਾਂਤ ਪਾਸਵਾਨ ਨੇ ਭਾਰਤੀ ਸੈਨਿਕਾਂ ਦੀਆਂ ਕੁਰਬਾਨੀਆਂ, ਅਨੁਸ਼ਾਸਨ ਤੇ ਸਮਰਪਣ ਬਾਰੇ ਡੂੰਘੇ ਪ੍ਰੇਰਨਾਦਾਇਕ ਸ਼ਬਦ ਸਾਂਝੇ ਕੀਤੇ।ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਵੀ ਉਤਸ਼ਾਹਤ ਕੀਤਾ ਤੇ ਵਿਦਿਆਰਥੀਆਂ ਦੇ ਬਹੁ-ਆਯਾਮੀ ਵਿਕਾਸ 'ਤੇ ਜ਼ੋਰ ਦਿੱਤਾ।ਇਹ ਪ੍ਰੋਗਰਾਮ ਸ੍ਰੀ ਕਿਸ਼ਲੇ ਦੇ ਧੰਨਵਾਦ ਤੇ ਸਾਡੇ ਸੈਨਿਕਾਂ ਲਈ ਏਕਤਾ, ਪਿਆਰ ਤੇ ਸਮਰਥਨ ਦੇ ਸੰਦੇਸ਼ ਨਾਲ ਸਮਾਪਤ ਹੋਇਆ।


## ਐੱਸ ਕੇ ਐੱਮ ਵੱਲੋਂ 'ਮੋਦੀ-ਟਰੰਪ' ਟੈਰਿਫ਼ ਦੇ ਵਿਰੋਧ 'ਚ 13 ਨੂੰ ਪੁਤਲੇ ਫੂਕਣ ਦਾ ਐਲਾਨ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ੁਮਾਰ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਮੇਜਰ ਸਿੰਘ ਪੁੰਨਾਵਾਲ, ਭਾਕਿਯੂ ਰਾਜੇਵਾਲ ਦੇ ਸਹਾਇਕ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਜੱਖਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਭਾਕਿਯੂ ਡਕੌਂਦਾ ਦੇ ਬਲਾਕ ਪ੍ਰਧਾਨ ਨਾਜਮ ਸਿੰਘ ਪੁੰਨਾਵਾਲ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਕਾਂਝਲਾ ਅਤੇ ਭਾਕਿਯੂ ਦੇ ਸੀਨੀਅਰ ਆਗੂ ਗੁਰਜੀਤ ਸਿੰਘ ਭੜੀ ਮਾਨਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਖੇਤੀਬਾੜੀ ਜਿਣਸਾਂ, ਦੁੱਧ, ਮੀਟ ਆਦਿ ਵੱਲੋਂ ਭਾਰਤੀ ਮੰਡੀਆਂ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਕੀਤੇ ਜਾ ਰਹੇ ਸਮਝੌਤੇ ਦਾ ਜਥੇਬੰਦੀ ਵਿਰੋਧ ਕਰਦੀ ਹੈ। ਉਨ੍ਹਾ ਕਿਹਾ ਕਿ ਅਮਰੀਕਾ ਦਾ ਕਿਸਾਨ ਹਜ਼ਾਰਾਂ ਏਕੜ ਦਾ ਮਾਲਕ ਹੈ, ਜਿਸ ਦੀਆਂ ਖੇਤੀ ਲਾਗਤਾਂ ਬਹੁਤ ਘੱਟ ਹਨ ਅਤੇ ਖੇਤੀ ਖਰਚਿਆਂ ਦੇ ਬਰਾਬਰ ਦੀਆਂ ਸਰਕਾਰ ਸਬਸਿਡੀਆਂ ਦੇ ਰਹੀ ਹੈ। ਜੋ ਆਪਣੀਆਂ ਜਿਣਸਾਂ ਨੂੰ ਭਾਰਤੀ ਮੰਡੀਆਂ ਵਿੱਚ ਲਿਆ ਕੇ ਭਾਰਤੀ ਕਿਸਾਨਾਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ, ਜਿਸ ਨੂੰ ਜਥੇਬੰਦੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾ ਕਿਹਾ ਕਿ ਅਜਿਹੇ ਕਿਸਾਨ ਮਾਰੂ ਸਮਝੌਤਿਆਂ ਦਾ ਜਥੇਬੰਦੀ ਵਿਰੋਧ ਰੋਸ ਮਾਰਚ ਕਰਦੀ ਹੋਈ 13 ਅਗਸਤ ਨੂੰ ਸਵੇਰੇ 10:00 ਵਜੇ ਐੱਸ.ਡੀ.ਐੱਮ ਦਫਤਰ ਧੂਰੀ ਵਿਖੇ ਮੋਦੀ ਟਰੰਪ ਦਾ ਪੁਤਲੇ ਸਾੜੇਗੀ।

## ਬੀ ਜੇ ਪੀ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਨੇ ਪ੍ਰਨੀਤ ਕੌਰ ਨਾਲ ਕੀਤੀ ਮੁਲਾਕਾਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੱਖਣੀ ਤੋਂ ਲਗਾਤਾਰ ਬਣੇ ਜ਼ਿਲ੍ਹਾ ਪ੍ਰਧਾਨ ਰਮੇਸ਼ ਗੋਇਲ ਨੇ ਆਪਣੇ ਸਾਥੀਆਂ ਸਮੇਤ ਸਾਬਕਾ ਵਿਦੇਸ਼ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨਾਲ ਮੁਲਾਕਾਤ ਕੀਤੀ ਅਤੇ ਲਗਾਤਾਰ ਤੀਜੀ ਵਾਰ ਬੀ ਜੇ ਪੀ ਜ਼ਿਲ੍ਹਾ ਪਟਿਆਲਾ ਦੱਖਣੀ ਦਾ ਪ੍ਰਧਾਨ ਬਣਾਉਣ ਲਈ ਉਨ੍ਹਾ ਦਾ ਧੰਨਵਾਦ ਕੀਤਾ।

ਇਸ ਮੌਕੇ ਉਨ੍ਹਾ ਨਾਲ ਬੀ ਜੇ ਪੀ ਲੀਡਰ ਸੁਰਿੰਦਰ ਸਿੰਘ ਖੇੜਕੀ, ਨਰਾਇਣ ਨਰਸੋਤ ਅਤੇ ਬਰਿੰਦਰ ਬਿੱਟੂ ਵੀ ਮੌਜੂਦ ਸਨ।ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਨੇ ਕਿਹਾ ਕਿ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਪਣਾ ਪੂਰਾ ਯੋਗਦਾਨ ਪਾਉਂਦੇ ਰਹਿਣਗੇ। ਉਨ੍ਹਾ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬੀ ਜੇ ਪੀ ਪੰਜਾਬ ਅੰਦਰ ਆਪਣੇ ਬਲਬੂਤੇ ਤੇ ਸਰਕਾਰ ਬਨਾਏਗੀ।




## ਜੱਸੀ ਸੋਹੀਆਂ ਵਾਲਾ ਨੂੰ ਚੇਅਰਮੈਨ ਨਿਯੁਕਤ ਹੋਣ 'ਤੇ ਆਪ ਵਲੰਟੀਅਰਾਂ ਨੇ ਦਿੱਤੀ ਵਧਾਈ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਰਹੇ ਨੌਜਵਾਨ ਆਗੂ ਜੱਸੀ ਸੋਹੀਆ ਵਾਲਾ ਨੂੰ ਪੰਜਾਬ ਸਰਕਾਰ ਵੱਲੋਂ ਇਪਰੂਵਮੈਂਟ ਟਰੱਸਟ ਨਾਭਾ ਦਾ ਚੇਅਰਮੈਨ ਨਿਯੁਕਤ ਹੋਣ 'ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਅਤੇ ਲੱਡੂਆਂ ਨਾਲ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।ਇਸ ਮੌਕੇ ਸੀਨੀਅਰ ਯੂਥ ਆਗੂ ਲਾਲੀ ਫਤਿਹਪੁਰ, ਸ਼ਹਿਰੀ ਬਲਾਕ ਪ੍ਰਧਾਨ ਸੰਦੀਪ ਸ਼ਰਮਾ, ਪ੍ਰੋ. ਦੀਪਕ ਕੌਸ਼ਿਕ, ਦਵਿੰਦਰ ਸਿੰਘ ਸਰਪੰਚ ਕੁਲਾਰਾਂ, ਸੁਖਜੀਤ ਸਿੰਘ ਹਾਂਸ, ਕੁਲਵੀਰ ਸਿੰਘ ਦੀਵਾਨਗੜ੍ਹ, ਖੁਸ਼ਵਿੰਦਰ ਸ਼ਰਮਾ ਆਦਿ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਵਜੋਂ ਹੋਈ ਨਿਯੁਕਤੀ ਦਾ ਸਵਾਗਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਦੀਆ, ਸੂਬਾ ਪ੍ਰਧਾਨ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਨਿਯੁਕਤੀ ਹੋਣ ਨਾਲ ਨਾਭਾ ਹਲਕੇ ਦੇ ਲੋਕ ਬੇਹੱਦ ਖੁਸ਼ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਲਾਡੀ ਖਹਿਰਾ, ਗੁਰਵਿੰਦਰ ਸਿੰਘ ਛੰਨਾ, ਹਨੀ ਪਹਾੜਪੁਰ, ਜਸਕਰਨਵੀਰ ਸਿੰਘ ਤੇਜੇ, ਦਵਿੰਦਰ ਸਿੰਘ ਬੂਹੀ, ਬੇਅੰਤ ਸਿੰਘ ਕੁਲਾਰਾਂ, ਜਤਿੰਦਰ ਸਿੰਘ ਕਕਰਾਲਾ, ਕੁਲਦੀਪ ਸਿੰਘ ਹੈਪੀ, ਗੁਰਜੰਟ ਸਿੰਘ ਅੱਚਲ, ਗੁਰਜੀਤ ਸਿੰਘ ਕੋਟ ਕਲਾਂ, ਬਾਵਾ ਸਿੰਘ ਕਕਰਾਲਾ, ਗੁਰਵਿੰਦਰ ਸਿੰਘ ਰਾਏ, ਪ੍ਰਭਜੋਤ ਸਿੰਘ ਸਰਪੰਚ ਰਾਇਮਲ ਮਾਜਰੀ, ਸੁਖਚੈਨ ਸਿੰਘ ਸਰਪੰਚ ਮਲਕੋਂ, ਜਸਪ੍ਰੀਤ ਸਿੰਘ ਰਾਇਮਲ ਮਾਜਰੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਲੰਟੀਅਰਜ਼ ਤੇ ਹਲਕਾ ਵਾਸੀਆਂ ਨੇ ਪਹੁੰਚ ਕੇ ਵਧਾਈ ਦਿੱਤੀ।

# ਵਿਵੇਕਾਨੰਦ ਜੂਨੀਅਰ ਸਕੂਲ 'ਚ ਮਾਪਿਆਂ ਲਈ ਵਿੱਦਿਅਕ ਸੈਸ਼ਨ ਆਯੋਜਿਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਜੂਨੀਅਰ-ਏ ਪ੍ਰਾਇਮਰੀ ਸਕੂਲ ਨੇ ਹਾਲ ਹੀ ਵਿੱਚ ਮਾਪਿਆਂ ਲਈ ਇੱਕ ਵਿਸ਼ੇਸ਼ ਦਿਸ਼ਾ-ਨਿਰਦੇਸ਼ ਸੈਸ਼ਨ ਦਾ ਸਫ਼ਲ ਆਯੋਜਨ ਕੀਤਾ। ਇਸ ਸੈਸ਼ਨ ਦਾ ਮੁੱਖ ਉਦੇਸ਼ ਮਾਪਿਆਂ ਤੇ ਸਕੂਲ ਵਿਚਕਾਰ ਇੱਕ ਮਜ਼ਬੂਤ ਸਬੰਧ ਸਥਾਪਤ ਕਰਨਾ ਸੀ, ਤਾਂ ਜੋ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਨੂੰ ਘਰ ਤੇ ਸਕੂਲ ਦੇ ਸਹਿਯੋਗ ਨਾਲ ਹੋਰ ਵੀ ਬਿਹਤਰ ਬਣਾਇਆ ਜਾ ਸਕੇ। ਇਸ ਪ੍ਰੋਗਰਾਮ ਦਾ ਸੰਚਾਲਨ ਸਕੂਲ ਕੋਆਰਡੀਨੇਟਰ ਸੁਪਰੀਆ ਚਤੁਰਵੇਦੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਸੈਸ਼ਨ ਦੀ ਸ਼ੁਰੂਆਤ ਪੂਰੇ ਉਤਸ਼ਾਹ ਨਾਲ ਹੋਈ, ਜਦੋਂ ਸਕੂਲ ਟੀਮ ਨੇ ਮੁੱਖ ਮਹਿਮਾਨਾਂ ਪ੍ਰਭਾ ਭਾਸਕਰ (ਪੈਟਰਨ ਇਨ ਚੀਫ਼, ਵਿਵੇਕਾਨੰਦ ਵਰਲਡ ਸਕੂਲ ਤੇ ਵਿਵੇਕਾਨੰਦ ਜੂਨੀਅਰ), ਡੌਲੀ ਭਾਸਕਰ (ਸਕੱਤਰ) ਤੇ ਮਹਿਮਾ ਕਪੂਰ (ਉਪ ਪ੍ਰਿੰਸੀਪਲ, ਐਡਮਿਨ) ਦਾ ਤਿਲਕ ਲਗਾ ਕੇ ਸਵਾਗਤ ਕੀਤਾ। ਇਨ੍ਹਾਂ ਸਨਮਾਨਤ ਮਹਿਮਾਨਾਂ ਦੀ ਹਾਜ਼ਰੀ ਤੇ ਵੱਡੀ ਗਿਣਤੀ ਵਿੱਚ ਮਾਪਿਆਂ ਦੀ ਭਾਗੀਦਾਰੀ ਨੇ ਇਸ ਸੈਸ਼ਨ ਨੂੰ ਹੋਰ ਵੀ ਯਾਦਗਾਰ ਤੇ ਪ੍ਰਭਾਵਸ਼ਾਲੀ ਬਣਾ ਦਿੱਤਾ। ਸੁਪਰੀਆ ਚਤੁਰਵੇਦੀ ਨੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲ ਬੱਚਿਆਂ ਲਈ ਇੱਕ ਸੁਰੱਖਿਅਤ, ਮਨੋਰੰਜਕ ਤੇ ਪ੍ਰੇਰਨਾਦਾਇਕ ਮਾਹੌਲ ਪ੍ਰਦਾਨ ਕਰਦਾ ਹੈ, ਜਿੱਥੇ ਬੱਚੇ ਬਿਨਾਂ ਕਿਸੇ ਡਰ ਦੇ ਸਿੱਖ ਸਕਦੇ ਹਨ ਤੇ ਆਪਣੀ ਜਿਗਿਆਸਾ ਨੂੰ ਪੂਰਾ ਕਰ ਸਕਦੇ ਹਨ। ਇਸ ਤਰ੍ਹਾਂ ਦਾ ਮਾਹੌਲ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਸ ਸੈਸ਼ਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਮਾਪਿਆਂ ਦੀ ਭੂਮਿਕਾ 'ਤੇ ਚਰਚਾ ਸੀ। ਚਤੁਰਵੇਦੀ ਨੇ ਮਾਪਿਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਬੱਚਿਆਂ ਨਾਲ ਧੀਰਜ, ਪਿਆਰ ਤੇ ਅਨੁਸ਼ਾਸਨ ਨਾਲ ਪੇਸ਼ ਆਉਣ। ਉਨ੍ਹਾਂ ਕਿਹਾ ਕਿ ਬੱਚੇ ਦੀ ਸਿੱਖਿਆ ਦੀ ਯਾਤਰਾ ਵਿੱਚ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਦੀ ਭੂਮਿਕਾ ਵੀ ਬਹੁਤ ਅਹਿਮ ਹੁੰਦੀ ਹੈ। ਉਨ੍ਹਾਂ ਅਨੁਸਾਰ, ਜਦੋਂ ਮਾਪੇ ਤੇ ਅਧਿਆਪਕ ਮਿਲ ਕੇ ਕੰਮ ਕਰਦੇ ਹਨ, ਤਾਂ ਬੱਚੇ ਦਾ ਭਵਿੱਖ ਸੱਚੇ ਅਰਥਾਂ ਵਿੱਚ ਉੱਜਵਲ ਹੁੰਦਾ ਹੈ। ਇਹ ਸਹਿਯੋਗ ਹੀ ਬੱਚੇ ਨੂੰ ਇੱਕ ਜ਼ਿੰਮੇਵਾਰ ਤੇ ਚੰਗਾ ਇਨਸਾਨ ਬਣਾਉਂਦਾ ਹੈ। ਮਾਪਿਆਂ ਨੂੰ ਰੋਜ਼ਾਨਾ ਦੀਆਂ ਕਲਾਸਰੂਮ ਦੀਆਂ ਗਤੀਵਿਧੀਆਂ ਬਾਰੇ ਵੀ ਵਿਸਤਾਰ ਨਾਲ ਦੱਸਿਆ ਗਿਆ, ਜੋ ਬੱਚਿਆਂ ਲਈ ਰੌਚਕ ਤੇ ਵਿਹਾਰਕ ਜੀਵਨ ਨਾਲ ਜੋੜਨ ਵਾਲੀਆਂ ਹਨ। ਇਨ੍ਹਾਂ ਗਤੀਵਿਧੀਆਂ ਦਾ ਉਦੇਸ਼ ਸਿਰਫ਼ ਪੜ੍ਹਾਈ ਹੀ ਨਹੀਂ, ਬਲਕਿ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਲਈ ਪ੍ਰੇਰਿਤ ਕਰਨਾ ਹੈ। ਸੈਸ਼ਨ ਦੇ ਅੰਤ ਵਿੱਚ ਇਹ ਸੰਦੇਸ਼ ਦਿੱਤਾ ਗਿਆ ਕਿ ਹਰ ਬੱਚਾ ਇੱਕ ਵੱਖਰੀ ਦੁਨੀਆ ਦਾ ਹਿੱਸਾ ਹੈ, ਜਿਸ ਵਿੱਚ ਅਨੇਕ ਸਵਾਲ ਤੇ ਕਹਾਣੀਆਂ ਹੁੰਦੀਆਂ ਹਨ। ਇਨ੍ਹਾਂ ਸਵਾਲਾਂ ਦੇ ਜਵਾਬ ਤੇ ਕਹਾਣੀਆਂ ਨੂੰ ਸੁਣਨ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਸਮਾਂ, ਧੀਰਜ ਤੇ ਸਹਿਣਸ਼ੀਲਤਾ ਦੇਣੀ ਚਾਹੀਦੀ ਹੈ। ਇਹ ਸੈਸ਼ਨ ਮਾਪਿਆਂ ਲਈ ਇਕ ਅਨਮੋਲ ਤਜਰਬਾ ਸਾਬਿਤ ਹੋਇਆ, ਜਿਸ ਨੇ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਜੀਵਨ ਵਿੱਚ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਤੇ ਸਕੂਲ ਨਾਲ ਮਿਲ ਕੇ ਇੱਕ ਸਕਾਰਾਤਮਕ ਤੇ ਵਿਕਾਸਮੁਖੀ ਵਾਤਾਵਰਣ ਬਣਾਉਣ ਲਈ ਪ੍ਰੇਰਿਤ ਕੀਤਾ।

## ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ 'ਤੇ ਬਨੇਗਾ ਵਲੰਟੀਅਰ ਮਾਰਚ ਕੀਤਾ ਜਾਵੇਗਾ : ਨੌਜਵਾਨ ਵਿਦਿਆਰਥੀ ਆਗੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਯੂਥ ਫੈਡਰੇਸ਼ਨ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਜ਼ਿਲ੍ਹਾ ਮੋਗਾ ਦੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਕੀਤੀ ਗਈ।ਇਸ ਮੀਟਿੰਗ ਦੀ ਪ੍ਰਧਾਨਗੀ ਲਖਬੀਰ ਮਹੇਸ਼ਰੀ ਨੇ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਏਜੰਡਿਆਂ 'ਤੇ ਗੱਲਬਾਤ ਕੀਤੀ ਗਈ। ਇਸ ਮੀਟਿੰਗ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਬੋਲਦਿਆਂ ਜਥੇਬੰਦੀਆਂ ਦੇ ਇਤਿਹਾਸ ਤੇ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ 28 ਸਤੰਬਰ ਨੂੰ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਵੱਡੀ ਗਿਣਤੀ ਵਿੱਚ ਨੌਜਵਾਨ ਤੇ ਵਿਦਿਆਰਥੀ ਵਲੰਟੀਅਰ ਮਾਰਚ ਕਰਕੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਮਨਾਉਣਗੇ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਵੱਧ ਤੋਂ ਵੱਧ ਨੌਜਵਾਨ ਵਿਦਿਆਰਥੀਆਂ ਨੂੰ ਇਨ੍ਹਾਂ ਜਥੇਬੰਦੀਆਂ ਦਾ ਹਿੱਸਾ ਬਣਾ ਕੇ ਬਨੇਗਾ ਪ੍ਰਾਪਤੀ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਇਸ ਮੀਟਿੰਗ ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਮੋਗਾ ਦੇ ਸਕੱਤਰ ਸਵਰਾਜ ਖੋਸਾ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਮੀਤ ਸਕੱਤਰ ਬੋਹੜ ਬੁੱਟਰ ਨੇ ਕਿਹਾ ਕਿ 28 ਸਤੰਬਰ ਤੱਕ ਵੱਧ ਤੋਂ ਵੱਧ ਕਿਤਾਬਾਂ ਤੇ ਸਾਹਿਤ ਨੂੰ ਲੋਕ ਮਨਾਂ ਦਾ ਹਿੱਸਾ ਬਣਾਉਣ ਦਾ ਫੈਸਲਾ ਕੀਤਾ, ਕਿਉਂਕਿ ਅੱਜ ਸਾਡੀ ਜਵਾਨੀ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਲੈਣ ਦੀ ਬਹੁਤ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ 12 ਅਗਸਤ ਨੂੰ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦਾ ਸਥਾਪਨਾ ਦਿਵਸ ਮਨਾਉਣ ਦਾ ਫੈਸਲਾ ਕੀਤਾ। ਇਸ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਸੁੱਖਾ ਮਹੇਸ਼ਰੀ, ਜਸਪ੍ਰੀਤ ਬੱਧਨੀ, ਜਿੰਦਰ ਚੜਿੱਕ, ਹਰਜੀਤ ਸਿੰਘ, ਕੁਲਵੀਰ ਸਿੰਘ, ਗੁਰਸ਼ਰਨ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

## ਰੱਖੜੀ ਦੇ ਤਿਉਹਾਰ 'ਤੇ ਵੱਖ-ਵੱਖ ਮੁਕਾਬਲੇ ਕਰਵਾਏ



**ਜੈਤੋ (ਸਤੀਸ਼ ਕੁਮਾਰ ਭੀਰੀ)**-ਅਲਾਇੰਸ ਇੰਟਰਨੈਸ਼ਨਲ ਸਕੂਲ ਜੈਤੋ ਨੇ ਰੱਖੜੀ ਤਿਉਹਾਰ ਬਹੁਤ ਖੁਸ਼ੀ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਭਾਰਤੀ ਸੱਭਿਆਚਾਰ ਤੇ ਪ੍ਰੰਪਰਾਵਾਂ ਤੋਂ ਜਾਣੂ ਕਰਵਾਉਣ ਲਈ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਰੱਖੜੀ ਬਣਾਉਣਾ, ਪੱਤਰ ਲਿਖਣਾ, ਥਾਲੀ ਸਜਾਵਟ ਤੇ ਕਾਰਡ ਬਣਾਉਣ ਦੇ ਮੁਕਾਬਲੇ ਸ਼ਾਮਲ ਸਨ।ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਗੁਰਸੇਵਕ ਕੌਰ ਮਾਨ ਦੁਆਰਾ ਰੱਖੜੀ ਦੀ ਮਹੱਤਤਾ ਤੇ ਭਰਾ-ਭੈਣ ਦੇ ਪਵਿੱਤਰ ਰਿਸ਼ਤੇ 'ਤੇ ਇੱਕ ਪ੍ਰੇਰਣਾਦਾਇਕ ਸੰਦੇਸ਼ ਨਾਲ ਹੋਈ।ਇਸ ਤੋਂ ਬਾਅਦ, ਬੱਚਿਆਂ ਨੇ ਆਪਣੀਆਂ ਸੁੰਦਰ ਤੇ ਆਕਰਸ਼ਕ ਰੱਖੜੀਆਂ ਪ੍ਰਦਰਸ਼ਿਤ ਕੀਤੀਆਂ।ਜੱਜਾਂ ਨੇ ਰਚਨਾਤਮਕਤਾ, ਸਫਾਈ ਤੇ ਪੇਸ਼ਕਾਰੀ ਦੇ ਆਧਾਰ 'ਤੇ ਜੇਤੂਆਂ ਦੀ ਚੋਣ ਕੀਤੀ।ਇਸ ਮੌਕੇ ਸਕੂਲ ਪ੍ਰਬੰਧਨ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਅਜਿਹੇ ਸਮਾਗਮ ਬੱਚਿਆਂ ਵਿੱਚ ਭਾਰਤੀ ਸੱਭਿਆਚਾਰ ਤੇ ਪ੍ਰੰਪਰਾਵਾਂ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ।ਉਨ੍ਹਾਂ ਨੇ ਇੱਕ ਦੂਜੇ ਲਈ ਪਿਆਰ ਜਗਾਉਣ ਬਾਰੇ ਗੱਲ ਕੀਤੀ।

## ਕਿੱਕ ਬਾਕਸਿੰਗ 'ਚ ਸਨਮਤੀ ਦੇ ਖਿਡਾਰੀਆਂ ਨੇ ਗੋਲਡ ਮੈਡਲ ਜਿੱਤੇ




**ਜਗਰਾਓਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਖਿਡਾਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਗ਼ਰਮ ਰੁੱਤ ਦੀਆਂ 69ਵੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਕਿੱਕ ਬਾਕਸਿੰਗ ਵਿੱਚ ਚੈਂਪੀਅਨ ਬਣੇ।ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸਾਡੇ ਸਕੂਲ ਦੇ ਕਿੱਕ ਬਾਕਸਿੰਗ ਦੇ ਖਿਡਾਰੀ ਅੰਡਰ-19 ਦੇ ਤਰੁਨਪ੍ਰੀਤ ਸਿੰਘ 55 ਕਿਲੋਗ੍ਰਾਮ ਤੇ ਕਪਿਲ 60 ਕਿਲੋਗ੍ਰਾਮ ਨੇ ਆਪਣੇ ਭਾਰ ਵਰਗ ਦੇ ਸਾਰੇ ਖਿਡਾਰੀਆਂ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਸੋਨੇ ਦੇ ਤਮਗੇ ਪ੍ਰਾਪਤ ਕੀਤੇ ਅਤੇ ਅੰਤਰਰਾਜੀ ਖੇਡਾਂ ਵਿੱਚ ਆਪਣਾ ਸਥਾਨ ਪੱਕਾ ਕਰਦੇ ਹੋਏ ਆਪਣਾ ਸਕੂਲ ਅਧਿਆਪਕਾਂ ਤੇ ਮਾਪਿਆਂ ਦੇ ਨਾਂ ਨੂੰ ਚਾਰ ਚੰਨ ਲਗਾ ਦਿੱਤੇ ਉਹਨਾਂ ਨੇ ਇਸ ਜਿੱਤ ਦਾ ਸਿਹਰਾ ਸਕੂਲ ਦੇ ਡੀ ਪੀ ਅਧਿਆਪਕ ਮੈਡਮ ਕੁਲਵਿੰਦਰ ਕੌਰ, ਇੰਦਰਜੀਤ ਸਿੰਘ ਤੇ ਮੈਡਮ ਬਬੀਤਾ ਕੁਮਾਰੀ ਦੇ ਸਿਰ ਬੰਨ੍ਹਿਆ ਅਤੇ ਬੱਚਿਆਂ ਨੂੰ ਹੋਰ ਵੀ ਅੱਗੇ ਤੋਂ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਜੀ ਟੀ ਯੂ (ਵਿਗਿਆਨਕ) ਪੰਜਾਬ ਦਾ ਵਫ਼ਦ ਕਲਕੱਤਾ ਪੁੱਜਾ



**ਸ੍ਰੀ ਮੁਕਤਸਰ ਸਾਹਿਬ ਅਗਸਤ (ਸ਼ਮਿੰਦਰਪਾਲ, ਪੂਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਦਾ ਦਸ ਮੈਂਬਰੀ ਡੈਲੀਗੇਟ ਜਥਾ ਜਥੇਬੰਦੀ ਦੇ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ ਦੀ ਅਗਵਾਈ ਹੇਠ ਸਕੂਲ ਫੈਡਰੇਸ਼ਨ ਆਫ ਇੰਡੀਆ ਦੀ 9ਵੀਂ ਆਲ ਇੰਡੀਆ ਟਰਾਈਨਲ ਕਾਨਫਰੰਸ ਕਲਕੱਤਾ ਵਿਖੇ ਭਾਗ ਲੈਣ ਲਈ ਪਹੁੰਚਿਆ।ਸੂਬਾਈ ਆਗੂ ਪਰਗਟ ਸਿੰਘ ਜੰਬਰ ਤੇ ਸੋਮ ਸਿੰਘ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਅਧਿਆਪਕਾਂ ਦੀਆਂ ਮੰਗਾਂ/ਮਸਲਿਆਂ ਉਪਰ ਬਹੁਤ ਵਿਸਥਾਰ ਵਿੱਚ ਵਿਚਾਰ ਚਰਚਾ ਕੀਤੀ ਜਾਵੇਗੀ।ਇਸ ਤਿੰਨ ਰੋਜ਼ਾ ਕਾਨਫਰੰਸ 'ਚ ਹਰਿਆਣਾ, ਰਾਜਸਥਾਨ, ਨਾਗਾਲੈਂਡ, ਕੇਰਲਾ, ਝਾਰਖੰਡ, ਬਿਹਾਰ, ਪੰਜਾਬ, ਤਾਮਿਲਨਾਡੂ, ਉੜੀਸਾ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਤ੍ਰਿਪੁਰਾ, ਜੰਮੂ ਕਸ਼ਮੀਰ ਤੇ ਤੇਲੰਗਾਨਾ ਸਮੇਤ ਹੋਰ ਬਹੁਤ ਸਾਰੇ ਰਾਜਾਂ ਦੀਆਂ ਟੀਚਰਜ਼ ਯੂਨੀਅਨ ਸ਼ਮੂਲੀਅਤ ਕਰਨਗੀਆਂ।ਪੁਰਾਣੀ ਪੈਨਸ਼ਨ ਦੀ ਬਹਾਲੀ ਸਬੰਧੀ ਤੇ ਨਵੀਂ ਸਿੱਖਿਆ ਨੀਤੀ 2020 ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਸਹਿਤ ਗੱਲਬਾਤ ਹੋਏਗੀ।ਨਵੇਂ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।ਇਸ ਤਿੰਨ ਰੋਜ਼ਾ ਕਾਨਫਰੰਸ ਦੇ ਪਹਿਲੇ ਦਿਨ ਸੀ ਐੱਨ ਭਾਰਤੀ, ਕਾਮਰੇਡ ਪਵਿੱਤਰ ਸਰਕਾਰ, ਸਿਮੋਲ ਚੱਕਰਵਰਤੀ, ਡਾਕਟਰ ਅਬਦੁਲ ਕਾਫੀ, ਪ੍ਰੋਫੈਸਰ ਸਿੱਧਾਰਥ ਦੱਤਾ, ਪ੍ਰੋਫੈਸਰ ਅਮਿਆ ਕੁਮਾਰ ਮੋਹੰਤੀ ਵਿਚਾਰ ਦੇਣਗੇ।ਪੰਜਾਬ ਤੋਂ ਇਸ ਕਾਨਫਰੰਸ ਵਿੱਚ ਸੁਰਿੰਦਰ ਕੰਬੋਜ, ਗੁਰਪ੍ਰੀਤ ਸਿੰਘ ਸੰਧੂ, ਪੰਕਜ ਕੁਮਾਰ, ਅਸ਼ਵਨੀ ਕੁਮਾਰ, ਰੇਸ਼ਮ ਸਿੰਘ ਤੇ ਲਾਲ ਚੰਦ ਹੀਓ ਨਵਾਂਸ਼ਹਿਰ ਭਾਗ ਲੈ ਰਹੇ ਹਨ।

## ਸਪਰਿੰਗ ਫੀਲਡ ਸਕੂਲ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਸ਼ੁੱਕਰਵਾਰ ਬੱਚਿਆਂ ਨੇ ਭੈਣ ਭਰਾ ਦੇ ਰਿਸ਼ਤੇ ਨੂੰ ਦਰਸਾਉਂਦਾ ਹੋਇਆ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ।ਇਸ ਸਮੇਂ ਬੱਚਿਆਂ ਨੇ ਸਕੂਲ ਨੂੰ ਬਹੁਤ ਸੁੰਦਰ ਢੰਗ ਨਾਲ ਸਜਾਇਆ ਤੇ ਬੱਚਿਆਂ ਦਾ ਰੱਖੜੀ ਦਾ ਮੁਕਾਬਲਾ ਕਰਵਾਇਆ ਗਿਆ।ਸਕੂਲ ਦੀ ਆਰਟ ਮੈਡਮ ਸਿਮਰਜੀਤ ਕੌਰ ਭੱਲਾ ਦੀ ਨਿਗਰਾਨੀ ਹੇਠ ਇਹ ਰੱਖੜੀਆਂ ਦਾ ਤਿਉਹਾਰ ਮਨਾਇਆ ਗਿਆ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਰੱਖੜੀ ਦਾ ਤਿਉਹਾਰ ਬਹੁਤ ਹੀ ਮਹੱਤਵਪੂਰਨ ਹੈ, ਜੋ ਭੈਣ ਭਰਾ ਦੇ ਪਿਆਰ ਨੂੰ ਦਰਸਾਉਂਦਾ ਹੈ।ਭੈਣਾਂ ਇਸ ਦਿਨ ਦਾ ਬਹੁਤ ਚਾਅ ਨਾਲ ਉਡੀਕ ਕਰਦੀਆਂ ਹਨ ਤੇ ਭਰਾਵਾਂ ਦੇ ਰੱਖੜੀ ਬੰਨ੍ਹ ਕੇ ਇਸ ਰਿਸ਼ਤੇ ਨੂੰ ਹੋਰ ਵੀ ਸੁੰਦਰ ਬਣਾਉਂਦੀਆਂ ਹਨ।ਇਸ ਮੌਕੇ ਪ੍ਰਿੰਸੀਪਲ ਬਾਇਜੂ ਵਿਜੇ ਤੇ ਕੋਆਰਡੀਨੇਟਰ ਅਨੁਪਮ ਸ਼ਰਮਾ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

## ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀਏਵੀ ਪਬਲਿਕ ਸਕੂਲ ਪਾਤੜਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਗੋਲਡ, ਸਿਲਵਰ ਤੇ ਬਰੌਂਜ਼ ਮੈਡਲ ਜਿੱਤ ਕੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਦੱਸਿਆ ਕਿ ਹਾਲ ਹੀ ਵਿੱਚ ਡੀਏਵੀ ਸੰਸਥਾ ਵੱਲੋਂ ਡੀਏਵੀ ਰਾਸ਼ਟਰੀ ਖੇਡ ਮੁਕਾਬਲਿਆਂ ਤਹਿਤ ਪਟਿਆਲਾ ਕਲਸਟਰ ਦੀਆਂ ਖੇਡਾਂ ਦਾ ਆਯੋਜਨ ਪਟਿਆਲਾ, ਕਕਰਾਲਾ, ਬਾਦਸ਼ਾਹਪੁਰ ਤੇ ਪਾਤੜਾਂ ਡੀਏਵੀ ਸਕੂਲਾਂ ਵਿੱਚ ਕੀਤਾ ਗਿਆ, ਜਿਸ ਵਿੱਚ ਡੀਏਵੀ ਪਾਤੜਾਂ ਦੇ ਖਿਡਾਰੀਆਂ ਨੇ 14, 17 ਤੇ 19 ਸਾਲ ਉਮਰ ਵਰਗ ਤਹਿਤ ਲੜਕੀਆਂ ਤੇ ਲੜਕਿਆਂ ਦੇ ਵੱਖੋ-ਵੱਖ ਖੇਡ ਮੁਕਾਬਲਿਆਂ ਜਿਵੇਂ ਬਾਲੀਵਾਲ, ਖੋ-ਖੋ, ਕਬੱਡੀ, ਕੁਸ਼ਤੀਆਂ ਤੇ ਜੁੱਡੋ-ਕਰਾਟੇ ਵਿੱਚੋਂ ਟਰਾਫੀਆਂ ਤੇ ਮੈਡਲ ਜਿੱਤੇ।ਇਸ ਦੌਰਾਨ ਵੱਖੋ-ਵੱਖ ਖੇਡ ਮੁਕਾਬਲਿਆਂ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ 60 ਖਿਡਾਰੀਆਂ ਨੇ ਗੋਲਡ ਮੈਡਲ, ਦੂਜੇ ਸਥਾਨ 'ਤੇ ਆਉਣ ਵਾਲੇ 59 ਖਿਡਾਰੀਆਂ ਨੇ ਸਿਲਵਰ ਮੈਡਲ ਤੇ ਤੀਜੇ ਸਥਾਨ 'ਤੇ ਆਉਣ ਵਾਲੇ 15 ਖਿਡਾਰੀਆਂ ਨੇ ਬਰੌਂਜ਼ ਮੈਡਲ ਜਿੱਤੇ।ਗੋਲਡ ਮੈਡਲ ਜੇਤੂ ਖਿਡਾਰੀ ਅੱਗੇ ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਚੁਣੇ ਗਏ ਹਨ।ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਜੇਤੂ ਖਿਡਾਰੀਆਂ ਤੇ ਸਰੀਰਕ ਸਿੱਖਿਆ ਵਿਸ਼ੇ ਦੇ ਅਧਿਆਪਕ ਪੀਟੀਆਈ ਜੀਵਨ ਸਿੰਘ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਭਾਈਚਾਰਕ ਸਾਂਝ ਤੇ ਆਜ਼ਾਦੀ ਦੀ ਸਲਾਮਤੀ ਲਈ ਆਰ ਐੱਸ ਐੱਸ ਦੇ ਘਾਤਕ ਮਨਸੂਬੇ ਪਛਾੜੋ : ਜਗਰੂਪ

## ਲੋਕ ਹਿੱਤਾਂ ਦੀ ਰਾਖੀ ਲਈ ਸਾਮਰਾਜੀ ਤੇ ਕਾਰਪੋਰੇਟੀ ਲੁੱਟ ਦਾ ਫਸਤਾ ਵੱਢੋ : ਮਹੀਪਾਲ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਫਾਸ਼ੀ ਹਮਲਿਆਂ ਵਿਰੋਧੀ ਫਰੰਟ 'ਚ ਸ਼ਾਮਲ ਪਾਰਟੀਆਂ ਸੀ.ਪੀ.ਆਈ., ਆਰ.ਐੱਮ.ਪੀ.ਆਈ. ਤੇ ਸੀ.ਪੀ.ਆਈ. (ਐੱਮ.ਐੱਲ.) ਨਿਊ ਡੈਮੋਕਰੇਸੀ ਵੱਲੋਂ ਕਾਮਰੇਡ ਦਿਆ ਸਿੰਘ ਪ੍ਰੇਮ ਭਵਨ ਸ੍ਰੀ ਮੁਕਤਸਰ ਸਾਹਿਬ ਵਿਖੇ ਪ੍ਰਭਾਵਸ਼ਾਲੀ ਜ਼ਿਲ੍ਹਾ ਪੱਧਰੀ ਨੁਮਾਇੰਦਾ ਕਨਵੈਨਸ਼ਨ ਸੱਦੀ ਗਈ।ਪ੍ਰਧਾਨਗੀ ਹਰਲਾਭ ਸਿੰਘ, ਹਰਜੀਤ ਸਿੰਘ ਮਦਰੱਸਾ ਤੇ ਨੌਨਿਹਾਲ ਸਿੰਘ ਨੇ ਕੀਤੀ।ਮੰਚ ਸੰਚਾਲਕ ਦੇ ਫਰਜ਼ ਜਗਜੀਤ ਸਿੰਘ ਜੱਸੇਆਣਾ ਨੇ ਨਿਭਾਏ।ਇਸ ਕਨਵੈਨਸ਼ਨ 'ਚ ਸਾਥੀ ਜਗਰੂਪ ਸਿੰਘ, ਮਹੀਪਾਲ ਤੇ ਪਵਨ ਕੁਮਾਰ ਮੁੱਖ ਬੁਲਾਰੇ ਸਨ।ਬੋਹੜ ਸਿੰਘ ਸੁਖਨਾ ਤੇ ਜਸਵਿੰਦਰ ਸਿੰਘ ਵੱਟੂ ਨੇ ਵੀ ਵਿਚਾਰ ਰੱਖੇ।

ਬੁਲਾਰਿਆਂ ਨੇ ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ, ਪਿਛਾਖੜੀ ਰਾਜ ਕਾਇਮ ਕਰਨ ਦੇ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਫਿਰਕੂ-ਫਾਸ਼ੀ ਏਜੰਡੇ ਤੋਂ ਦੇਸ਼ ਵਾਸੀਆਂ, ਖਾਸ ਕਰਕੇ ਕਿਰਤੀ ਸ਼੍ਰੇਣੀ ਨੂੰ ਚੇਤੰਨ ਤੇ ਜਥੇਬੰਦ ਕਰਕੇ ਇਸ ਖਿਲਾਫ਼ ਤਿੱਖਾ ਤੇ ਬੱਝਵਾਂ ਘੋਲ ਵਿੱਢਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਹਿੰਦੂਤਵੀ ਖਰੂਦੀ ਟੋਲਿਆਂ ਵੱਲੋਂ ਫਿਰਕੂ ਵੰਡ ਤਿੱਖੀ ਕਰਨ ਲਈ ਦੇਸ਼ ਭਰ 'ਚ ਘੱਟ ਗਿਣਤੀ ਮੁਸਲਮਾਨ ਤੇ ਈਸਾਈ ਭਾਈਚਾਰਿਆਂ 'ਤੇ ਕੀਤੇ ਜਾ ਰਹੇ ਕਾਤਲਾਨਾ ਹਮਲਿਆਂ ਖਿਲਾਫ਼ ਵੀ ਗਰਜ਼ਵੀਂ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।

ਆਗੂਆਂ ਨੇ ਕਿਹਾ ਕਿ ਆਰ.ਐੱਸ.ਐੱਸ. ਦੇ ਦਲਿਤਾਂ-ਔਰਤਾਂ ਦੇ ਘੋਰ ਮਨੂੰਵਾਦੀ ਵਿਚਾਰ ਚੌਖਟੇ ਖਿਲਾਫ ਤਿੱਖਾ ਤੇ ਬੱਝਵਾਂ ਵਿਚਾਰਧਾਰਕ ਯੁੱਧ ਵਿੱਢਣਾ ਸਮੇਂ ਦੀ ਪਲੇਠੀ ਤੇ ਮਹੱਤਵਪੂਰਨ ਲੋੜ ਹੈ।ਉਨ੍ਹਾਂ ਕਿਰਤੀ ਲੋਕਾਈ ਨੂੰ ਕੰਗਾਲ ਕਰਕੇ ਸਾਮਰਾਜੀ ਜਰਵਾਣਿਆਂ, ਬਹੁਕੌਮੀ ਕਾਰਪੋਰੇਸ਼ਨਾਂ ਤੇ ਕਾਰਪੋਰੇਟਾਂ ਦੀ ਲੁੱਟ ਦਾ ਨਿਜ਼ਾਮ ਸਦੀਵੀਂ ਕਾਇਮ ਰੱਖਣ ਲਈ ਘੜੀਆਂ ਗਈਆਂ ਕੇਂਦਰ ਦੀ ਮੋਦੀ ਸਰਕਾਰ ਤੇ ਪ੍ਰਾਂਤਕ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ, ਨਵ-ਉਦਾਰਵਾਦੀ ਨੀਤੀਆਂ ਖਿਲਾਫ ਲੋਕ ਘੋਲ ਵੀ ਪ੍ਰਚੰਡ ਕਰਨ ਦੀ ਅਪੀਲ ਕੀਤੀ ਹੈ।

ਆਰੰਭ ਵਿੱਚ ਇਜ਼ਰਾਇਲ-ਅਮਰੀਕਾ ਜੰਗਬਾਜ਼ ਜੁੰਡਲੀ ਵੱਲੋਂ ਗ਼ਾਜ਼ਾ ਪੱਟੀ ਤੇ ਪੱਛਮੀ ਕਿਨਾਰੇ ਵਿਖੇ ਫਲਸਤੀਨੀਆਂ ਦੇ ਨਸਲੀ ਸਫਾਏ ਲਈ ਵਿੱਢੀ ਜੰਗ ਦੀ ਨਿਖੇਧੀ ਕਰਦਿਆਂ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਕਨਵੈਨਸ਼ਨ




**ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ)**-ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਦੇਸ਼ ਵਿੱਚ ਵਧ ਰਹੇ ਫਾਸ਼ੀਵਾਦ ਦੇ ਹਮਲੇ ਖਿਲਾਫ਼ ਕਨਵੈਨਸ਼ਨ ਕਰਕੇ ਕਿਸਾਨਾਂ-ਮਜ਼ਦੂਰਾਂ ਨੂੰ ਇਸ ਤੋਂ ਸੁਚੇਤ ਹੋ ਕੇ ਵੱਡੇ ਏਕੇ ਨਾਲ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਕਨਵੈਨਸ਼ਨ ਦੀ ਪ੍ਰਧਾਨਗੀ ਕੁਲਦੀਪ ਸਿੰਘ, ਪ੍ਰੋ. ਜੈਪਾਲ, ਮਨਜੀਤ ਕੌਰ, ਹਰਮੇਲ ਸਿੰਘ ਮਹਿਰੋਕ, ਮੇਲਾ ਸਿੰਘ ਨੇ ਕੀਤੀ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਆਰ ਐੱਮ ਪੀ ਆਈ ਦੇ ਸੂਬਾ ਆਗੂ ਕਾਮਰੇਡ ਪ੍ਰੋ. ਜੈਪਾਲ, ਐੱਮ ਸੀ ਪੀ ਆਈ ਯੂ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਕਿਰਨਜੀਤ ਸੇਖੋਂ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸ਼ਰਮਾ ਤੇ ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾ ਆਗੂ ਗੋਬਿੰਦ ਸਿੰਘ ਛਾਜਲੀ ਤੇ ਕਿਸਾਨ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਮੌਜੂਦਾ ਸਮੇਂ ਸਾਡਾ ਦੇਸ਼ ਫਾਸ਼ੀਵਾਦ ਦੇ ਹਮਲਿਆਂ ਦੀ ਮਾਰ ਹੇਠ ਹੈ ਤੇ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਸਾਡੇ ਦੇਸ਼ ਦਾ ਜਲ, ਜੰਗਲ, ਜ਼ਮੀਨ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ ਅਤੇ ਇਸ ਖਿਲਾਫ਼ ਆਵਾਜ਼ ਉਠਾਉਣ ਵਾਲੇ ਆਦਿਵਾਸੀਆਂ, ਪੱਤਰਕਾਰਾਂ, ਜਮਹੂਰੀ ਲਹਿਰ ਦੇ ਆਗੂਆਂ ਨੂੰ ਝੂਠੇ ਪੁਲਸ ਕੇਸਾਂ, ਜੇਲ੍ਹਾਂ ਤੇ ਝੂਠੇ ਪੁਲਸ ਮੁਕਾਬਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਦੇਸ਼ ਵਿੱਚ ਜਮਹੂਰੀ ਲਹਿਰ ਖਿਲਾਫ਼ ਇੱਕ ਵੱਡਾ ਹਮਲਾ ਮੋਦੀ ਸਰਕਾਰ ਵੱਲੋਂ ਵਿੱਢਿਆ ਹੋਇਆ ਹੈ।ਲੋਕਾਂ ਦੇ ਏਕੇ ਨੂੰ ਤੋੜਨ ਲਈ ਲਗਾਤਾਰ ਧਰਮ, ਬੋਲੀ ਤੇ ਜਾਤ ਆਧਾਰਤ ਦੰਗਿਆਂ ਨੂੰ ਹਵਾ ਦਿੱਤੀ ਜਾ ਰਹੀ ਹੈ, ਇਸੇ ਤਰ੍ਹਾਂ ਦੇਸ਼ ਦਾ ਨਿਆਂਤੰਤਰ ਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਵਿਰੋਧੀਆਂ ਨੂੰ ਕੁਚਲਣ ਤੇ ਆਪਣੇ ਹਿੰਦੂਤਵੀ ਫਾਸ਼ੀਵਾਦੀ ਏਜੰਡੇ ਨੂੰ ਅੱਗੇ ਵਧਾਉਣ ਲਈ ਕੀਤੀ ਜਾ ਰਹੀ ਹੈ।ਇਸ ਹੱਲੇ ਦਾ ਜਵਾਬ ਏਕਤਾਬੱਧ ਕਮਿਊਨਿਸਟ ਲਹਿਰ ਖੜੀ ਕਰਕੇ ਦਿੱਤਾ ਜਾਵੇਗਾ।ਆਗੂਆਂ ਨੇ ਦੇਸ਼ ਵਿੱਚ ਇਸ ਹੱਲੇ ਖਿਲਾਫ ਰਾਜਨੀਤਕ ਤੇ ਸਿਧਾਂਤਕ ਲੜਾਈ ਤੇਜ਼ ਕਰਨ ਦਾ ਸੱਦਾ ਦਿੱਤਾ।ਅੱਜ ਦੀ ਕਨਵੈਨਸ਼ਨ ਨੂੰ ਘੁਮੰਡ ਸਿੰਘ ਉਗਰਾਹਾਂ, ਨਿਰਮਲ ਸਿੰਘ ਬਟੜਿਆਣਾ ਨੇ ਵੀ ਸੰਬੋਧਨ ਕੀਤਾ ਤੇ ਸਟੇਜ ਸਕੱਤਰ ਦੀ ਭੂਮਿਕਾ ਉੱਦਮ ਸਿੰਘ ਸੰਤੋਖਪੁਰਾ ਨੇ ਨਿਭਾਈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਖੇਡਾਂ ਦਾ ਅਹਿਮ ਯੋਗਦਾਨ : ਡਾ. ਢਿੱਲੋਂ




**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸ਼ਹੀਦ ਭਗਤ ਸਿੰਘ ਯੂਨੀਵਰਸਿਟੀ ਵਿੱਚ ਡਾਕਟਰ ਗਜ਼ਲ ਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਕਿਰਨਜੀਤ ਕੌਰ ਹੈੱਡ ਅਪਲਾਈਡ ਸਾਇੰਸ ਤੇ ਹਮਿਊਨਟੀ ਦੀ ਅਗਵਾਈ ਹੇਠ ਕਾਲਜ ਵਿੱਚ ਪੜ੍ਹਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਇੰਡਕਸ਼ਨ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਫਿਰੋਜ਼ਪੁਰ ਜ਼ਿਲ੍ਹੇ ਦੇ ਮਸ਼ਹੂਰ ਚਮੜੀ ਰੋਗਾਂ ਦੇ ਮਾਹਰ ਅੰਤਰਰਾਸ਼ਟਰੀ ਐਥਲੀਟ ਤੇ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਗੁਰਿੰਦਰਜੀਤ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਨਾਲ ਸਪੁੱਤਰ ਸ਼ਿਵਾਜੀਤ ਸਿੰਘ ਢਿੱਲੋਂ, ਨੂੰਹ ਮਨਪ੍ਰੀਤ ਕੌਰ, ਪੋਤਰੇ ਤੇਗਵੀਰ ਸਿੰਘ ਤੇ ਉਦੇ ਵੀਰ ਸਿੰਘ ਦਾ ਕਾਲਜ ਵਿਖੇ ਪਹੁੰਚਣ 'ਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਦੇਖ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਮਾਸਟਰ ਐਥਲੀਟ ਡਾ. ਢਿੱਲੋਂ ਨੇ ਦੱਸਿਆ ਕਿ ਖੇਡਾਂ ਨਸ਼ਿਆਂ ਦੀ ਦਲਦਲ ਵਿੱਚ ਫਸਣ ਤੋਂ ਬਚਣ ਵਿੱਚ ਕਿਵੇਂ ਸਹਾਈ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਇੱਕ ਤੰਦਰੁਸਤ ਸਰੀਰ ਅੰਦਰ ਹੀ ਇੱਕ ਤੰਦਰੁਸਤ ਮਨ ਪਲਦਾ ਹੈ ਅਤੇ ਤੰਦਰੁਸਤ ਮਨ ਦੇ ਅੰਦਰ ਹੀ ਇਨਸਾਨ ਸਹੀ ਸੋਚ ਰੱਖ ਸਕਦਾ ਹੈ। ਇਕ ਖਿਡਾਰੀ ਖੇਡਾਂ ਖੇਡਦਾ ਗਰਾਊਂਡ ਵਿੱਚ ਜਿੱਤਣਾ ਤੇ ਹਾਰਨਾ ਸਿੱਖਦਾ ਹੈ ਅਤੇ ਉਹ ਜ਼ਿੰਦਗੀ ਦੇ ਉਤਰਾਵ ਚੜ੍ਹਾਅ ਨੂੰ ਬੜੇ ਸੌਖੇ ਢੰਗ ਨਾਲ ਪਾਰ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਕੱਲਾਪਣ ਵੀ ਨਸ਼ਿਆਂ ਵੱਲ ਜਾਣ ਲਈ ਇਕ ਕਾਰਨ ਬਣਦਾ ਹੈ, ਜਿਸ ਦੇ ਵਪਰੀਤ ਇੱਕ ਖਿਡਾਰੀ ਦੂਜੇ ਖਿਡਾਰੀਆਂ ਨਾਲ ਖੇਡਦਾ ਕਦੇ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ, ਉਸ ਦੀ ਜਾਣ ਪਹਿਚਾਣ ਅਤੇ ਸਾਂਝ ਦਾ ਦਾਇਰਾ ਕੁਦਰਤੀ ਤੌਰ 'ਤੇ ਵਿਸਤਾਰ ਹੋ ਜਾਂਦਾ ਹੈ। ਡਾ. ਢਿੱਲੋਂ ਨੇ ਦੱਸਿਆ ਕਿ ਖੇਡਾਂ ਖਿਡਾਰੀ ਨੂੰ ਅਨੁਸ਼ਾਸਨ ਤੇ ਮਰਿਆਦਾ ਵਿੱਚ ਰਹਿਣਾ ਸਿਖਾਉਂਦੀਆਂ ਹਨ। ਖੇਡਾਂ ਖਿਡਾਰੀ ਨੂੰ ਵਿਧੀਬੱਧ ਤਰੀਕੇ ਨਾਲ ਨਵੀਂ ਸੋਚ ਤੇ ਪਲੈਨਿੰਗ ਕਰਨਾ ਸਿਖਾਉਂਦੀਆਂ ਹਨ ਅਤੇ ਉਹ ਹਰ ਖੇਤਰ ਵਿੱਚ ਕਾਮਯਾਬੀ ਹਾਸਲ ਕਰਨ ਦੇ ਯੋਗ ਬਣ ਜਾਂਦਾ ਹੈ।

ਨਸ਼ਿਆਂ ਨੂੰ ਰੋਕਣ ਵਿੱਚ ਖੇਡਾਂ ਦੇ ਯੋਗਦਾਨ ਬਾਰੇ ਡਾਕਟਰ ਢਿੱਲੋਂ ਨੇ ਵਿਦਿਆਰਥੀਆਂ ਤੇ ਹਾਜ਼ਰ ਸਟਾਫ ਮੈਂਬਰਾਂ ਨੂੰ ਚਮੜੀ ਦੇ ਰੋਗਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਇਸ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਬੱਚਿਆਂ ਨੇ ਉਨ੍ਹਾਂ ਨੂੰ ਕਈ ਚਮੜੀ ਦੀਆਂ ਬਿਮਾਰੀਆਂ ਤੇ ਨਸ਼ਿਆਂ ਪ੍ਰਤੀ ਸਵਾਲ ਕੀਤੇ ਤੇ ਡਾ. ਢਿੱਲੋਂ ਨੇ ਬਾਖੂਬੀ ਉਨ੍ਹਾਂ ਦਾ ਜਵਾਬ ਦਿੱਤਾ। ਇਸ ਮੌਕੇ ਮੈਡਮ ਸੁਨੀਤਾ ਸ਼ਰਮਾ, ਪ੍ਰੋਫੈਸਰ ਗੁਰਭੇਜ ਸਿੰਘ, ਪ੍ਰੋਫੈਸਰ ਬਹਿਲ ਤੇ ਮਾਂਗਟ ਵੀ ਹਾਜ਼ਰ ਸਨ।

## ਕਾਤਰਾਂ

### ਕਾਂਝਲਾ ਨੂੰ ਮਸਜਿਦ ਤੇ ਕਬਰਸਤਾਨ ਲਈ ਸਾਢੇ 4 ਲੱਖ ਦੀ ਗਰਾਂਟ ਦਿੱਤੀ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਨੇੜਲੇ ਪਿੰਡ ਕਾਂਝਲਾ ਦੀ ਮਸਜਿਦ ਅਤੇ ਕਬਰਸਤਾਨ ਦੇ ਵਿਕਾਸ ਲਈ ਪੰਜਾਬ ਵਕਫ਼ ਬੋਰਡ ਵੱਲੋਂ 4 ਲੱਖ 50 ਹਜ਼ਾਰ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ। ਇਸ ਗਰਾਂਟ ਦਾ ਚੈਕ ਇੱਕ ਸਧਾਰਨ ਸਮਾਗਮ ਦੌਰਾਨ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਅਤੇ ਈ.ਓ ਮੋਸ਼ਨ ਖਾਂ ਵੱਲੋਂ ਸੌਂਪਿਆ ਗਿਆ ਅਤੇ ਨੀਂਹ ਪੱਥਰ ਰੱਖਿਆ ਗਿਆ।ਡਾ. ਅਨਵਰ ਭਸੌੜ ਨੇ ਕਿਹਾ ਕਿ ਪੰਜਾਬ ਵਕਫ਼ ਬੋਰਡ ਵੱਲੋਂ ਧਾਰਮਿਕ ਤੇ ਸਮਾਜਿਕ ਸਥਾਨਾਂ ਦੇ ਸੰਭਾਲ ਅਤੇ ਸੁਧਾਰ ਲਈ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਇਹ ਗਰਾਂਟ ਮਸਜਿਦ ਦੀ ਮੁਰੰਮਤ, ਸੁਵਿਧਾਵਾਂ ਦੇ ਵਾਧੇ ਅਤੇ ਕਬਰਸਤਾਨ ਦੇ ਸੰਭਾਲ 'ਤੇ ਖਰਚੀ ਜਾਵੇਗੀ, ਤਾਂ ਜੋ ਲੋਕਾਂ ਨੂੰ ਵਧੀਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।ਇਸ ਮੌਕੇ ਮਲਕੀਤ ਖਾਂ, ਤੋਤਾ ਖਾਂ, ਕਾਮਰੇਡ ਅਮਰੀਕ ਸਿੰਘ, ਰਣਜੋਧ ਸਿੰਘ, ਪਰਮਜੀਤ ਸਿੰਘ, ਬਸੰਤ ਕੁਮਾਰ ਸਮੇਤ ਕਈ ਪਿੰਡ ਵਾਸੀ ਹਾਜ਼ਰ ਸਨ।

### 2027 'ਚ ਪੰਜਾਬ 'ਚ ਮੁੜ ਆਪ ਦੀ ਸਰਕਾਰ ਬਣੇਗੀ : ਹੈਪੀ ਗਰਗ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਸ਼ਹਿਰੀ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਕਾਸ ਕਾਰਜਾਂ ਅਤੇ ਲੋਕ-ਹਿਤੈਸ਼ੀ ਨੀਤੀਆਂ ਨਾਲ ਸੰਤੁਸ਼ਟ ਹਨ, ਜਿਸ ਕਾਰਨ 2027 ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਨਾ ਨਿਸ਼ਚਿਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਰਾਜ ਸਰਕਾਰ ਨੇ ਸਿੱਖਿਆ, ਸਿਹਤ, ਬਿਜਲੀ, ਕਿਸਾਨੀ ਅਤੇ ਰੋਜ਼ਗਾਰ ਖੇਤਰ ਵਿੱਚ ਇਤਿਹਾਸਕ ਫੈਸਲੇ ਕੀਤੇ ਹਨ, ਜਿਸ ਦਾ ਲਾਭ ਸਿੱਧਾ ਆਮ ਜਨਤਾ ਤੱਕ ਪਹੁੰਚਿਆ ਹੈ। ਹੈਪੀ ਗਰਗ ਨੇ ਕਿਹਾ ਕਿ ਮੁਫ਼ਤ ਬਿਜਲੀ, ਸਰਕਾਰੀ ਸਕੂਲਾਂ 'ਚ ਸੁਧਾਰ, ਆਮ ਲੋਕਾਂ ਲਈ ਸਿਹਤ ਸੇਵਾਵਾਂ ਦਾ ਵਿਸਤਾਰ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਕਾਰਵਾਈ ਵਰਗੇ ਕਦਮਾਂ ਨੇ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਵਿਸ਼ਵਾਸ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਸਿਰਫ਼ ਬੇਬੁਨਿਆਦ ਇਲਜ਼ਾਮ ਲਗਾ ਰਹੀਆਂ ਹਨ, ਪਰ ਲੋਕ ਹਕੀਕਤ ਜਾਣਦੇ ਹਨ ਅਤੇ 2027 ਵਿੱਚ ਫਿਰ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣਾਉਣ ਲਈ ਵੋਟ ਪਾਉਣਗੇ।

### ਸ਼੍ਰੋਮਣੀ ਅਕਾਲੀ ਦਲ (ਅ) ਦੀ ਮੀਟਿੰਗ ਅੱਜ

**ਧੂਰੀ (ਮਨੋਹਰ ਸਿੰਘ ਸੱਗੂ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹਲਕਾ ਧੂਰੀ ਦੀ ਮੀਟਿੰਗ 10 ਅਗਸਤ ਨੂੰ ਸ਼ਾਮ 4 ਵਜੇ ਗੁਰਦੁਆਰਾ ਨਾਨਕਸਰ ਸਾਹਿਬ ਧੂਰੀ ਵਿਖੇ ਹੋਵੇਗੀ।ਪਾਰਟੀ ਦੇ ਹਲਕਾ ਇੰਚਾਰਜ ਹਰਬੰਸ ਸਿੰਘ ਸਲੇਮਪੁਰ, ਵਰਕਿੰਗ ਕਮੇਟੀ ਮੈਂਬਰ ਤੇ ਇੰਚਾਰਜ ਮੁਲਾਜ਼ਮ ਵਿੰਗ ਵਾਸਵੀਰ ਸਿੰਘ ਭੁੱਲਰ ਤੇ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਅਮਰਜੀਤ ਸਿੰਘ ਬਾਦਸ਼ਾਹਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦੌਰਾਨ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਚੱਲ ਰਹੀ ਭਰਤੀ ਪ੍ਰਕਿਰਿਆ ਨੂੰ ਤੇਜ਼ ਕਰਨ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਆ ਰਹੀਆਂ ਚੋਣਾਂ ਤੋਂ ਇਲਾਵਾ ਪਾਰਟੀ ਦੇ ਹੋਰ ਪ੍ਰੋਗਰਾਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗੀ।

# ਮਨਰੇਗਾ ਕਾਮਿਆਂ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਬੀ ਡੀ ਪੀ ਓ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਨਰੇਗਾ ਕਾਮਿਆਂ ਦੀ ਭਖਦੀਆਂ ਮੰਗਾਂ ਨੂੰ ਲੈ ਕੇ ਮਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਵੱਲੋਂ ਮਹਿਲ ਕਲਾਂ ਬੀ ਡੀ ਪੀ ਓ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਕੇ ਰਾਜ ਸਰਕਾਰ, ਮਨਰੇਗਾ ਅਫ਼ਸਰਸ਼ਾਹੀ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਧਰਨਾਕਾਰੀ ਪਿੰਡ ਚੁਹਾਨਕੇ ਖੁਰਦ, ਚੰਨਣਵਾਲ, ਕਲਾਲ ਮਾਜਰਾ, ਕ੍ਰਿਪਾਲ ਸਿੰਘ ਵਾਲਾ ਤੇ ਨਿਹਾਲੂਵਾਲ 'ਚ ਮਨਰੇਗਾ ਸਕੀਮ ਅਧੀਨ ਬੰਦ ਪਏ ਕੰਮ ਮੁੜ ਚਾਲੂ ਕਰਨ ਅਤੇ ਪਿੰਡ ਧਨੇਰ ਅਤੇ ਗੰਗੋਹਰ ਵਿੱਚ ਨਵੇਂ ਮੇਟ ਨਿਯੁਕਤ ਕੀਤੇ ਜਾਣ ਦੀ ਮੰਗ ਕਰ ਰਹੇ ਸਨ।ਇਸ ਮੌਕੇ ਮਜ਼ਦੂਰ ਆਗੂ ਖੁਸ਼ੀਆ ਸਿੰਘ ਬਰਨਾਲਾ, ਮੀਤ ਪ੍ਰਧਾਨ ਕੌਰ ਸਿੰਘ ਕਲਾਲ ਮਾਜਰਾ, ਪਰਮਜੀਤ ਸਿੰਘ ਛੀਨੀਵਾਲ ਨੇ ਕਿਹਾ ਕਿ ਖੱਬੀਆਂ ਧਿਰਾਂ ਨੇ ਦਹਾਕਿਆਂ ਦੇ ਸੰਘਰਸ਼ ਰਾਹੀਂ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਮਨਰੇਗਾ ਐਕਟ ਤੇ ਫੂਡ ਸਿਕਿਉਰਟੀ ਐਕਟ ਲਾਗੂ ਕਰਵਾਏ ਸਨ, ਜਿਨ੍ਹਾਂ ਤਹਿਤ ਮਜ਼ਦੂਰਾਂ ਨੂੰ ਰੁਜ਼ਗਾਰ ਤੇ ਸਸਤੀਆਂ ਦਰਾਂ 'ਤੇ ਅਨਾਜ ਮਿਲਦਾ ਸੀ, ਪਰ ਹੁਣ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਇਹ ਹੱਕ ਹੌਲੀ-ਹੌਲੀ ਖੋਹੇ ਜਾ ਰਹੇ ਹਨ।ਉਨ੍ਹਾਂ ਦੋਸ਼ ਲਗਾਇਆ ਕਿ ਅਫ਼ਸਰਸ਼ਾਹੀ ਪੰਚਾਇਤਾਂ 'ਤੇ ਦਬਾਅ ਪਾ ਕੇ ਪਿੰਡਾਂ ਦੇ ਅੰਦਰ ਮਜ਼ਦੂਰਾਂ ਤੋਂ ਜਬਰੀ ਕੰਮ ਕਰਵਾ ਰਹੀ ਹੈ, ਜਦਕਿ ਮਸਟਰੋਲ ਕਿਸੇ ਹੋਰ ਥਾਂ ਦਾ ਕੱਢਿਆ ਜਾਂਦਾ ਹੈ।ਜਥੇਬੰਦੀ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਫੈਸਲੇ ਕਦੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ।ਮਜ਼ਦੂਰਾਂ ਵੱਲੋਂ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਮਜ਼ਦੂਰ ਆਗੂਆਂ ਨੇ ਮੰਗ ਕੀਤੀ ਕਿ ਬਲਾਕ ਮਹਿਲ ਕਲਾਂ ਦੇ ਪਿੰਡਾਂ ਵਿੱਚ ਮਨਰੇਗਾ ਸਕੀਮ ਦੇ ਬੰਦ ਪਏ ਕੰਮ ਪਹਿਲ ਦੇ ਅਧਾਰ 'ਤੇ ਮੁੜ ਚਾਲੂ ਕਰਕੇ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਅਤੇ ਪਿੰਡਾਂ ਵਿੱਚ ਮੰਗ ਅਨੁਸਾਰ ਨਵੇਂ ਮੇਟ ਤੁਰੰਤ ਲਗਾਏ ਜਾਣ। ਇਸ ਮੌਕੇ ਦਰਸ਼ਨ ਸਿੰਘ ਨਿਹਾਲੂਵਾਲ, ਗੁਰਮੇਲ ਸਿੰਘ ਗੰਗੋਹਰ, ਗੁਰਮੀਤ ਕੌਰ ਛਾਪਾ, ਗੁਰਮੇਲ ਸਿੰਘ ਚੰਨਣਵਾਲ, ਮਹਿੰਦਰ ਸਿੰਘ ਧਨੇਰ, ਦਿਆ ਸਿੰਘ ਕ੍ਰਿਪਾਲ ਸਿੰਘ ਵਾਲਾ, ਦਰਸ਼ਨ ਸਿੰਘ ਨਿਹਾਲੂਵਾਲ, ਚਰਨ ਸਿੰਘ ਕ੍ਰਿਪਾਲ ਸਿੰਘ ਵਾਲਾ ਆਦਿ ਆਗੂਆਂ ਨੇ ਮਨਰੇਗਾ ਮਜ਼ਦੂਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕਰਨ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਈ।ਆਗੂਆਂ ਨੇ ਸਪੱਸ਼ਟ ਕਿਹਾ ਕਿ ਜੇਕਰ ਮਨਰੇਗਾ ਕਾਮਿਆਂ ਦੀਆਂ ਵੱਲ ਸਰਕਾਰ ਨੇ ਧਿਆਨ ਨਾ ਦਿੱਤਾ ਗਿਆ ਤਾਂ ਜਥੇਬੰਦੀ ਦੀ ਅਗਵਾਈ ਹੇਠ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਗੁਰਪਿਆਰ ਕੋਟਲੀ ਦੀ ਪੁਸਤਕ 'ਗਿਆਨ ਦਾ ਦੀਵਾ ਬਲ਼ਦਾ ਰਹੇ' ਰਿਲੀਜ਼



**ਭੀਖੀ (ਗੁਰਿੰਦਰ ਸਿੰਘ ਔਲਖ)**-ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਭੀਖੀ ਵਿਖੇ ਨਵਯੁਗ ਸਾਹਿਤ ਕਲਾ ਮੰਚ ਵੱਲੋਂ ਮਾ. ਗੁਰਪਿਆਰ ਸਿੰਘ ਕੋਟਲੀ ਦੀ ਪਲੇਠੀ ਪੁਸਤਕ 'ਗਿਆਨ ਦਾ ਦੀਵਾ ਬਲ਼ਦਾ ਰਹੇ' ਇਕਾਂਗੀ ਲੋਕ ਅਰਪਣ ਕੀਤੀ ਗਈ।ਮੰਚ ਪ੍ਰਧਾਨ ਕਹਾਣੀਕਾਰ ਭੁਪਿੰਦਰ ਫ਼ੌਜੀ ਨੇ ਕਿਹਾ ਕਿ ਗੁਰਪਿਆਰ ਕੋਟਲੀ ਦਾ ਇਕਾਂਗੀ ਲਿਖਣ ਦਾ ਬਹੁਤ ਖੂਬਸੂਰਤ ਉਪਰਾਲਾ ਹੈ।ਉਹ ਅਧਿਆਪਕ ਵਜੋਂ ਆਪਣਾ ਕਾਰਜ ਕਰਦੇ ਹਨ ਤੇ ਅਕਸਰ ਹੀ ਬੱਚਿਆਂ ਦੇ ਬਾਲ਼ ਮਨ ਭਾਂਪਦੇ ਹਨ।ਇਹ ਵਿਚਾਰ ਵੀ ਉਸ ਨੂੰ ਬੱਚਿਆਂ ਨਾਲ਼ ਵਿਚਰਦਿਆਂ ਆਏ ਹਨ, ਜਿਸ ਨੇ ਇਹ ਕਿਤਾਬ ਦਾ ਰੂਪ ਧਾਰਨ ਕਰ ਲਿਆ।ਗੁਰਪਿਆਰ ਕੋਟਲੀ ਨੇ ਕਿਹਾ ਕਿ ਮੈਂ ਬੱਚਿਆਂ ਦੇ ਮਨੋਵਿਗਿਆਨ ਨੂੰ ਨੇੜੇ ਤੋਂ ਫੜਨ ਦੀ ਕੋਸ਼ਿਸ਼ ਕੀਤੀ ਹੈ।ਮੈਂ ਉਨ੍ਹਾਂ ਨਾਲ਼ ਬੱਚਿਆਂ ਵਾਂਗ ਹੀ ਵਿਚਰਦਾ ਹਾਂ ਤੇ ਉਹ ਆਪਣਾ ਸਾਰਾ ਕੁੱਝ ਖੋਲ੍ਹ ਕੇ ਰੱਖ ਦਿੰਦੇ ਹਨ।ਮੈਂ ਉਨ੍ਹਾਂ ਦੇ ਹਾਵਭਾਵ ਨੂੰ ਕਲਮ ਬੰਦ ਕਰ ਲਿਆ।ਉਨ੍ਹਾਂ ਕਿਹਾ ਕਿ ਇਸ ਕਿਤਾਬ 'ਚ ਬਾਲ ਮਨਾਂ ਦੀਆਂ ਸਮੱਸਿਆਵਾਂ ਜਾਨਣ ਦੇ ਨਾਲ ਨਾਲ ਉਨ੍ਹਾਂ ਦੇ ਹੱਲ ਵੀ ਦਿੱਤੇ ਗਏ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਚ ਸਕੱਤਰ ਮਾ. ਅਮਰੀਕ ਭੀਖੀ, ਜਸਪਾਲ ਅਤਲਾ, ਐਡਵੋਕੇਟ ਮਨੋਜ ਕੁਮਾਰ, ਅਵਤਾਰ ਡਿਜੀਟਲ, ਇੰਜ. ਲੱਖਾ ਸਿੰਘ, ਕਰਨ ਭੀਖੀ, ਹਰਮੇਸ਼ ਭੋਲਾ ਮੱਤੀ, ਹਰਵਿੰਦਰ ਭੀਖੀ, ਹਰਭਗਵਾਨ ਭੀਖੀ, ਹਰਸੁਖਮਨ ਕੌਰ, ਸਾਹਿਬਦੀਪ, ਗੁਰਬੀਰ ਸਿੰਘ ਹਾਜ਼ਰ ਸਨ।

# ਅੱਠਵੀਂ 'ਚ ਪੜ੍ਹਦੀ ਬੱਚੀ ਨਾਲ ਸ਼ੈਲਰ ਮਾਲਕ ਵੱਲੋਂ ਜਬਰ ਜ਼ਨਾਹ, ਦੋ ਔਰਤਾਂ ਸਣੇ 5 ਖ਼ਿਲਾਫ਼ ਮਾਮਲਾ ਦਰਜ

**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਸ਼ਹਿਰ ਅੰਦਰ ਸ਼ੈਲਰ ਮਾਲਕ ਵੱਲੋਂ ਇੱਕ ਨਾਬਾਲਗ 14 ਸਾਲਾ ਲੜਕੀ ਨਾਲ ਜਬਰ-ਜ਼ਨਾਹ ਦਾ ਮਾਮਲਾ ਸਾਹਮਣੇ ਆਇਆ ਹੈ।ਪੁਲਸ ਵੱਲੋਂ ਮਾਮਲੇ 'ਚ ਪੀੜਤ ਲੜਕੀ ਦੇ ਪਿਤਾ ਦੇ ਬਿਆਨਾਂ 'ਤੇ ਦੋ ਔਰਤਾਂ ਸਮੇਤ 5 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਪੁਲਸ ਅਨੁਸਾਰ 45 ਸਾਲਾ ਸ਼ੈਲਰ ਮਾਲਕ ਵੱਲੋਂ 14 ਸਾਲਾਂ ਦੀ ਨਾਬਾਲਗ ਲੜਕੀ ਨਾਲ ਜਬਰ-ਜ਼ਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਪੀੜਤ ਲੜਕੀ ਦੇ ਪਿਤਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਬੇਟੀ ਨੂੰ ਗੁਆਂਢ ਵਿੱਚ ਰਹਿੰਦੀ ਔਰਤ ਵੱਲੋਂ ਕੁੱਝ ਦਿਨ ਪਹਿਲਾਂ ਮਹਿੰਦੀ ਲਗਵਾਉਣ ਦੇ ਬਹਾਨੇ ਆਪਣੇ ਘਰ ਬੁਲਾਇਆ, ਜਿੱਥੇ ਉਨ੍ਹਾਂ ਦੀ ਲੜਕੀ ਦੇ ਨਾਲ ਸ਼ੈਲਰ ਮਾਲਕ ਵੱਲੋਂ ਜ਼ਬਰਦਸਤੀ ਕੀਤੀ ਗਈ।ਉਸ ਤੋਂ ਬਾਅਦ ਲੜਕੀ ਨੂੰ ਕਿਸੇ ਕੋਲ ਗੱਲ ਨਾ ਕਰਨ ਲਈ ਜਾਨੋਂ ਮਾਰਨ ਧਮਕੀਆਂ ਵੀ ਦਿੱਤੀਆਂ ਗਈਆਂ।ਪੀੜਤਾਂ ਵੱਲੋਂ ਕਸੂਰਵਾਰਾਂ ਲਈ ਪੁਲਸ ਪ੍ਰਸ਼ਾਸਨ ਤੋਂ ਸਖ਼ਤ ਸਜ਼ਾ ਦੀ ਮੰਗ ਕੀਤੀ ਗਈ ਹੈ।ਇਸੇ ਦੌਰਾਨ ਕਿਸਾਨ ਆਗੂ ਇਕਬਾਲ ਸਿੰਘ ਫਫੜੇ ਭਾਈਕੇ ਤੇ ਮਹਿੰਦਰ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਪੀੜਤ ਲੜਕੀ ਦਾ ਪਿਤਾ ਇੱਕ ਹਫ਼ਤੇ ਤੋਂ ਥਾਣੇ ਦੇ ਚੱਕਰ ਕੱਢ ਰਿਹਾ ਸੀ, ਪ੍ਰੰਤੂ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਸੀ।ਉਨ੍ਹਾਂ ਦੱਸਿਆ ਕਿ ਕਿਸਾਨ ਜਥੇਬੰਦੀ ਦੇ ਦਬਾਅ ਤੋਂ ਬਾਅਦ ਪੁਲਸ ਨੇ ਬੀਤੇ ਕੱਲ੍ਹ ਸਥਾਨਕ ਹਸਪਤਾਲ ਵਿਖੇ ਲੜਕੀ ਦਾ ਮੈਡੀਕਲ ਕਰਵਾਇਆ, ਜਿਸ ਤੋਂ ਬਾਅਦ ਹੁਣ ਪੁਲਸ ਵੱਲੋਂ ਪਰਚਾ ਦਰਜ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ ਹੈ। ਥਾਣਾ ਸਿਟੀ-2 ਮਾਨਸਾ ਦੇ ਮੁਖੀ ਬਲਵੀਰ ਸਿੰਘ ਨੇ ਪੀੜਤ ਦੇ ਬਿਆਨਾਂ ਦੇ ਅਧਾਰ 'ਤੇ ਕਸੂਰਵਾਰ ਸ਼ੈਲਰ ਮਾਲਕ ਭੀਮ ਸੈਨ, ਮਨਦੀਪ ਸਿੰਘ ਬੱਬੂ ਵਾਸੀ ਮੋਗਾ ਹਾਲ ਆਬਾਦ ਜਵਾਹਰਕੇ, ਅਮਨਦੀਪ ਸਿੰਘ ਅਮਨਾ ਵਾਸੀ ਮਾਨਸਾ ਤੋਂ ਇਲਾਵਾ ਦੋ ਔਰਤਾਂ ਵੀਨਾ ਰਾਣੀ, ਗੀਤੂ ਰਾਣੀ ਵਾਸੀ ਮਾਨਸਾ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।ਉਨ੍ਹਾਂ ਦੱਸਿਆ ਕਿ ਕਸੂਰਵਾਰਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ ਤੇ ਬਾਕੀ ਮੁਲਜ਼ਮਾਂ ਦੀ ਭਾਲ ਜਾਰੀ ਹੈ।ਭੀਮ ਸੈਨ ਕਈ ਧਾਰਮਿਕ ਸੰਸਥਾਵਾਂ ਦਾ ਆਗੂ ਵੀ ਦੱਸਿਆ ਜਾ ਰਿਹਾ ਹੈ।

## 20 ਗ੍ਰਾਮ ਹੈਰੋਇਨ, 2 ਲੱਖ 35 ਹਜ਼ਾਰ ਡਰੱਗ ਮਨੀ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 20 ਗ੍ਰਾਮ ਹੈਰੋਇਨ ਤੇ 2 ਲੱਖ 35 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਮੌਜੂਦ ਸੀ ਤੇ ਐੱਫ-ਐੱਫ ਰੋਡ ਤੋਂ ਲਿੰਕ ਰੋਡ ਪਿੰਡ ਮੁਹੰਮਦੇ ਵਾਲਾ ਨੂੰ ਜਾ ਰਹੇ ਸੀ ਤਾਂ ਸਾਹਮਣੇ ਤੋਂ ਇਕ ਮੋਨਾ ਨੌਜਵਾਨ ਵਿਅਕਤੀ ਦਿਖਾਈ ਦਿੱਤਾ, ਜਿਸ ਦੇ ਕਬਜ਼ੇ ਵਿੱਚੋਂ 20 ਗ੍ਰਾਮ ਹੈਰੋਇਨ ਤੇ 2 ਲੱਖ 35 ਹਜ਼ਾਰ ਰੁਪਏ ਡਰੱਗ ਮਨੀ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਇਸ ਵਿਅਕਤੀ ਦੀ ਪਹਿਚਾਣ ਕਰਨ ਪੁੱਤਰ ਮੱਖਣ ਸਿੰਘ ਵਾਸੀ ਇਸਮਾਇਲ ਖਾਂ ਥਾਣਾ ਸਦਰ ਫਿਰੋਜ਼ਪੁਰ ਵਜੋਂ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

# ਸਟੀਫਨ ਸਕੂਲ ਦੇ ਵਿਦਿਆਰਥੀਆਂ ਨੇ ਸੜਕ ਕਿਨਾਰੇ ਪੌਦੇ ਲਗਾਏ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਵਾਤਾਵਰਣ ਚੇਤਨਾ ਤੇ ਸਮਾਜਿਕ ਜ਼ਿੰਮੇਵਾਰੀ ਦਾ ਸ਼ਲਾਘਾਯੋਗ ਪ੍ਰਦਰਸ਼ਨ ਕਰਦਿਆਂ ਸਟੀਫਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਹਿਰ ਦੀਆਂ ਸੜਕਾਂ ਦੇ ਕਿਨਾਰੇ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ।ਸਮਾਜਿਕ ਜੰਗਲਾਤ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇਹ ਪਹਿਲ ਸਥਾਨਕ ਅਧਿਕਾਰੀਆਂ ਦੇ ਸਹਿਯੋਗ ਨਾਲ ਕੀਤੀ ਗਈ ਸੀ।ਇਸ ਮੌਕੇ ਸਹਾਇਕ ਖੇਤਰੀ ਟਰਾਂਸਪੋਰਟ ਅਫਸਰ (ਏ.ਆਰ.ਟੀ.ਓ.) ਗੁਰਜੀਤ ਸਿੰਘ ਔਲਖ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਵਿਦਿਆਰਥੀਆਂ ਨੂੰ ਆਪਣਾ ਸਹਿਯੋਗ ਦਿੱਤਾ।ਸ੍ਰੀ ਔਲਖ ਨੇ ਨਾ ਸਿਰਫ ਵਿਦਿਆਰਥੀਆਂ ਦੇ ਨਾਲ ਰੁੱਖ ਲਗਾਏ, ਬਲਕਿ ਉਨ੍ਹਾਂ ਨੂੰ ਟ੍ਰੈਫਿਕ ਨਿਯਮਾਂ ਤੇ ਸੜਕ ਸੁਰੱਖਿਆ ਦੀ ਮਹੱਤਤਾ ਬਾਰੇ ਜਾਗਰੂਕ ਵੀ ਕੀਤਾ।ਸਕੂਲ ਪ੍ਰਸ਼ਾਸਨ ਤੇ ਸਥਾਨਕ ਅਧਿਕਾਰੀਆਂ ਨੇ ਸਮਾਜਿਕ ਜੰਗਲਾਤ ਤੇ ਸੜਕ ਸੁਰੱਖਿਆ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਲਈ ਵਿਦਿਆਰਥੀਆਂ ਦੀ ਪਹਿਲ ਦੀ ਸ਼ਲਾਘਾ ਕੀਤੀ।ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਦੱਸਿਆ ਕਿ ਜਿਵੇਂ ਕਿ ਵਿਦਿਆਰਥੀ ਬਿਹਤਰ ਵਾਤਾਵਰਣ ਬਣਾਉਣ ਲਈ ਕੰਮ ਕਰਨਾ ਜਾਰੀ ਰੱਖਦੇ ਹਨ, ਉਨ੍ਹਾਂ ਦੇ ਯਤਨ ਦੂਜਿਆਂ ਲਈ ਪ੍ਰੇਰਣਾ ਦਾ ਕੰਮ ਕਰਦੇ ਹਨ।ਅਜਿਹੀਆਂ ਪਹਿਲਕਦਮੀਆਂ ਨਾਲ, ਸਾਡੇ ਗ੍ਰਹਿ ਦਾ ਭਵਿੱਖ ਉੱਜਵਲ ਦਿਖਾਈ ਦਿੰਦਾ ਹੈ ਤੇ ਇਸ ਨੂੰ ਆਕਾਰ ਦੇਣ ਵਿੱਚ ਨੌਜਵਾਨ ਪੀੜ੍ਹੀ ਦੀ ਭੂਮਿਕਾ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

# ਦੇਸ਼ ਭਗਤ ਗਲੋਬਲ 'ਚ ਕਰਵਾਇਆ ਰੱਖੜੀ ਮੁਕਾਬਲਾ

## ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ 'ਚ ਸੱਭਿਆਚਾਰ ਤੇ ਭਾਈਚਾਰੇ ਦੀ ਭਾਵਨਾ ਨੂੰ ਉਤਸ਼ਾਹਤ ਕਰਦੇ : ਪ੍ਰਿੰ. ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਦੇਸ਼ ਦੀ ਸੱਭਿਆਚਾਰਕ ਵਿਰਾਸਤ ਨੂੰ ਜ਼ਿੰਦਾ ਰੱਖਣ ਤੇ ਵਿਦਿਆਰਥੀਆਂ ਵਿੱਚ ਰਚਨਾਤਮਕਤਾ ਨੂੰ ਉਭਾਰਨ ਦੇ ਉਦੇਸ਼ ਨਾਲ ਸਥਾਨਕ ਸਕੂਲ ਵਿੱਚ ਰੱਖੜੀ ਬਣਾਉਣ ਮੁਕਾਬਲੇ ਤੇ ਰੱਖੜੀ ਸਜਾਵਟ ਮੁਕਾਬਲੇ ਦਾ ਆਯੋਜਨ ਕੀਤਾ ਗਿਆ।ਇਸ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਰਚਨਾਤਮਕਤਾ, ਕਾਰੀਗਰੀ ਤੇ ਭਾਈਚਾਰੇ ਦੀ ਭਾਵਨਾ ਨੂੰ ਉਤਸ਼ਾਹਤ ਕਰਨਾ ਸੀ।ਰੱਖੜੀ ਸਜਾਵਟ ਮੁਕਾਬਲੇ ਵਿੱਚ ਪਲੇਅਵੇ ਤੋਂ ਦੂਜੀ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਵਿਦਿਆਰਥੀਆਂ ਨੇ ਵੱਖ-ਵੱਖ ਕਿਸਮ ਦੀਆਂ ਰੱਖੜੀਆਂ ਨੂੰ ਰੰਗੀਨ ਰਿਬਨ, ਮੋਤੀ, ਕਲਰ ਪੇਪਰ ਤੇ ਹੋਰ ਸਜਾਵਟੀ ਸਾਮਾਨ ਦੀ ਵਰਤੋਂ ਕਰਕੇ ਖੂਬਸੂਰਤੀ ਨਾਲ ਸਜਾਇਆ।ਰੱਖੜੀ ਬਣਾਉਣ ਦੇ ਮੁਕਾਬਲੇ ਵਿੱਚ ਜਮਾਤ ਤੀਜੀ ਤੋਂ ਅੱਠਵੀਂ ਤੱਕ ਦੇ ਬੱਚਿਆਂ ਨੇ ਰੰਗ-ਬਿਰੰਗੀਆਂ, ਰਚਨਾਤਮਕ ਤੇ ਆਕਰਸ਼ਕ ਰੱਖੜੀਆਂ ਤਿਆਰ ਕਰ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਇਸ ਮੌਕੇ ਪ੍ਰੋਫੈਸਰ ਡਾਕਟਰ ਸੰਦੀਪ ਸਿੰਘ, ਪ੍ਰੈਜ਼ੀਡੈਂਟ, ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਉਚੇਚੇ ਤੌਰ 'ਤੇ ਪਹੁੰਚੇ।ਉਨ੍ਹਾਂ ਕਿਹਾ ਕਿ ਰੱਖੜੀ ਦਾ ਤਿਉਹਾਰ ਭਰਾ-ਭੈਣਾਂ ਦੇ ਅਟੁੱਟ ਪਿਆਰ ਤੇ ਵਿਸ਼ਵਾਸ ਦਾ ਪ੍ਰਤੀਕ ਹੈ।ਸਕੂਲ ਵੱਲੋਂ ਕਰਵਾਏ ਗਏ ਮੁਕਾਬਲੇ ਵਿਦਿਆਰਥੀਆਂ ਦੀ ਰਚਨਾਤਮਕਤਾ ਤੇ ਕਲਾ ਨੂੰ ਉਭਾਰਣ ਦਾ ਸੁਨਹਿਰਾ ਮੌਕਾ ਹਨ।ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਵਿੱਚ ਦਿਮਾਗੀ ਵਿਕਾਸ ਦੇ ਨਾਲ ਨਾਲ ਸੱਭਿਆਚਾਰਕ ਤੇ ਦੇਸ਼ ਭਗਤੀ ਦੀ ਸਮਝ ਵੀ ਵਧਾਉਂਦੇ ਹਨ।ਵਿਦਿਆਰਥੀਆਂ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਮੁਕਾਬਲੇ ਦੌਰਾਨ ਬੱਚਿਆਂ ਦੀ ਕਲਾ ਤੇ ਉਤਸ਼ਾਹ ਨੇ ਹਰ ਕਿਸੇ ਦਾ ਦਿਲ ਜਿੱਤ ਲਿਆ।ਜੱਜਾਂ ਵੱਲੋਂ ਰਚਨਾਤਮਕਤਾ, ਸਫਾਈ ਤੇ ਥੀਮ ਅਨੁਸਾਰ ਨਿਰਣਾ ਲੈ ਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵਜੋਂ ਸਨਮਾਨ ਪੱਤਰ ਦਿੱਤੇ ਗਏ।

ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਸੱਭਿਆਚਾਰ ਤੇ ਭਾਈਚਾਰੇ ਦੀ ਭਾਵਨਾ ਨੂੰ ਉਤਸ਼ਾਹਤ ਕਰਦੇ ਹਨ।ਪ੍ਰੋਫੈਸਰ ਡਾਕਟਰ ਸੰਦੀਪ ਸਿੰਘ ਪ੍ਰੈਜ਼ੀਡੈਂਟ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਭ ਦੀ ਹੌਸਲਾ ਅਫ਼ਜ਼ਾਈ ਕਰਦੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਹਰ ਛੋਟੇ ਵੱਡੇ ਮੁਕਾਬਲੇ ਦਾ ਹਿੱਸਾ ਬਣਨਾ ਚਾਹੀਦਾ ਹੈ, ਜਿਸ ਨਾਲ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਸੰਭਵ ਹੈ।

# ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਸਦਮਾ, ਭਰਾ ਦਾ ਦੇਹਾਂਤ



**ਦੇਵੀਗੜ੍ਹ/ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਬੀਤੇ ਦਿਨੀਂ ਉਨ੍ਹਾਂ ਦੇ ਭਰਾ ਟਰੱਕ ਯੂਨੀਅਨ ਦੇਵੀਗੜ੍ਹ ਦੇ ਪ੍ਰਧਾਨ ਸਾਹਿਬ ਸਿੰਘ ਸੰਧੂ ਘੜਾਮ ਕੁਝ ਸਮਾਂ ਬਿਮਾਰ ਰਹਿਣ ਉਪਰੰਤ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ।ਜਿਨ੍ਹਾਂ ਦਾ ਸਸਕਾਰ ਪਿੰਡ ਦੀ ਸ਼ਮਸ਼ਾਨ ਘਾਟ 'ਚ ਕਰ ਦਿੱਤਾ ਗਿਆ।ਇਸ ਦੁਖਦਾਈ ਸਮੇਂ ਦੌਰਾਨ ਸੇਜਲ ਅੱਖਾਂ ਨਾਲ ਗੱਲਬਾਤ ਕਰਦਿਆਂ ਪਠਾਣਮਾਜਰਾ ਨੇ ਕਿਹਾ ਕਿ ਅੱਜ ਮੇਰੇ ਜੀਵਨ ਦਾ ਸਭ ਤੋਂ ਦੁਖਦਾਈ ਦਿਨ ਹੈ।ਮੇਰੇ ਭਰਾ ਸਾਹਿਬ ਸਿੰਘ ਸੰਧੂ ਦਾ ਸਾਥ ਛੁੱਟ ਗਿਆ।ਜਿਸ ਨੇ ਸਦਾ ਮੈਨੂੰ ਹੌਸਲਾ ਦਿੱਤਾ, ਮੇਰੇ ਹਰ ਫ਼ੈਸਲੇ ਵਿਚ ਮੇਰਾ ਸਾਥ ਦਿੱਤਾ। ਉਨ੍ਹਾ ਕਿਹਾ ਕਿ ਸਾਹਿਬ ਸਿੰਘ ਨੇ ਪਰਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਕਦੇ ਵੀ ਆਪਣੇ ਲਈ ਨਹੀਂ ਸੋਚਿਆ।

ਉਨ੍ਹਾਂ ਦੀ ਪਿਆਰ ਭਰੀ ਗੱਲਬਾਤ ਹਮੇਸ਼ਾ ਦਿਲ ਨੂੰ ਸਹਾਰਾ ਦਿੰਦੀ ਰਹੀ।ਇਸ ਦੁੱਖ ਦੀ ਘੜੀ 'ਚ ਇਲਾਕੇ ਦੇ ਮੁਹਤਬਰ ਵਿਅਕਤੀਆਂ ਜਿਨ੍ਹਾਂ ਵਿਚ ਇੰਸ. ਕੁਲਵਿੰਦਰ ਸਿੰਘ, ਬੀ.ਡੀ.ਪੀ.ਓ. ਸੰਦੀਪ ਸਿੰਘ, ਹਰਜਸ਼ਨ ਸਿੰਘ ਪਠਾਣਮਾਜਰਾ, ਗੁਰਪ੍ਰੀਤ ਸਿੰਘ ਗੁਰੀ ਪੀ.ਏ.,ਬਲਜੀਤ ਸਿੰਘ ਝੂਗੀਆਂ, ਆਮ ਆਦਮੀ ਪਾਰਟੀ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਮਰਦੀਪ ਸੰਘੇੜਾ ਜਸਵਿੰਦਰ ਸਿੰਘ ਰਾਣਾ ਸੂਬਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਜਸਵੀਰ ਸਿੰਘ ਜੱਸੀ ਸਰਪੰਚ ਹਸਨਪੁਰ ਕੰਬੋਆਂ, ਮਨਜੀਤ ਸਿੰਘ ਜੀਤੂ ਥਿੰਦ, ਟਰੱਕ ਯੂਨੀਅਨ ਦੇ ਪ੍ਰਧਾਨ ਹਰਦੇਵ ਸਿੰਘ ਘੜਾਮ, ਪ੍ਰਧਾਨ ਸਿਮਰਜੀਤ ਸਿੰਘ ਸੋਹਲ, ਪ੍ਰਿਥੀਪਾਲ ਸਿੰਘ ਧਾਂਦੀਆਂ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਨੰਬਰਦਾਰ ਕਰਮਜੀਤ ਸਿੰਘ, ਨਿਸ਼ਾਨ ਸਿੰਘ ਘੜਾਮ, ਹਰਜੀਤ ਸਿੰਘ ਬਿੱਟੂ, ਹਰਵਿੰਦਰ ਸਿੰਘ ਬੱਬੂ, ਡਾ. ਕਰਮਜੀਤ ਸਿੰਘ, ਚੌਂਕੀ ਇੰਚਾਰਜ ਗੁਰਪ੍ਰਤਾਪ ਸਿੰਘ, ਕਪਿਲ ਚੋਪੜਾ, ਗੁਰਬਚਨ ਸਿੰਘ ਵਿਰਕ ਸਾਬਕਾ ਪ੍ਰਧਨ ਟਰੱਕ ਯੂਨੀਅਨ ਸਰਬਜੀਤ ਸਿੰਘ ਘੜਾਮ, ਸਵਿੰਦਰ ਕੌਰ ਧੰਜੂ, ਪ੍ਰਧਾਨ ਨਗਰ ਪੰਚਾਇਤ ਦੇਵੀਗੜ੍ਹ ਰਾਜਾ ਧੰਜੂ, ਸ਼ਵਿੰਦਰ ਸਿੰਘ ਪ੍ਰਧਾਨ ਕੰਬੋਜ ਮਹਾਂ ਸਭਾ, ਦਵਿੰਦਰ ਸਿੰਘ ਮਾਰੂ, ਇੰਸ. ਗੁਰਪ੍ਰੀਤ ਸਿੰਘ ਭਿੰਡਰ, ਆੜ੍ਹਤੀਆ ਐਸੋਸੀਏਸ਼ਨ ਦੇਵੀਗੜ੍ਹ ਦੇ ਪ੍ਰਧਾਨ ਵੇਦ ਪ੍ਰਕਾਸ਼, ਰਾਈਸ ਮਿਲਰਜ਼ ਐਸੋ ਦੇ ਪ੍ਰਧਾਨ ਭੁਪਿੰਦਰ ਸਿੰਘ ਅਤੇ ਗੁਰਨਾਮ ਸਿੰਘ ਆਦਿ ਨੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨਾਲ ਦੁੱਖ ਸਾਂਝਾ ਕੀਤਾ।

# ਬਾਘਾ ਪੁਰਾਣਾ-ਮੋਗਾ ਰੋਡ 'ਤੇ ਪਏ ਖੱਡਿਆਂ ਤੋਂ ਮਿਲੇਗੀ ਨਿਜਾਤ, ਪ੍ਰਧਾਨ ਗੁਪਤਾ ਨੇ ਪੈਚਵਰਕ ਦਾ ਕੰਮ ਕਰਵਾਇਆ ਸ਼ੁਰੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਬਾਘਾ ਪੁਰਾਣਾ-ਮੋਗਾ ਰੋਡ ਉਪਰ ਪਏ ਵੱਡੇ ਵੱਡੇ ਡੂੰਘੇ ਖੱਡਿਆਂ ਤੇ ਥਾਂ ਥਾਂ ਤੋਂ ਟੁੱਟੀ ਸੜਕ ਦੇ ਕਾਰਨ ਰਾਹਗੀਰਾਂ ਤੇ ਬਾਘਾ ਪੁਰਾਣਾ ਸ਼ਹਿਰ ਵਾਸੀਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਰਾਤ ਬਰਾਤੇ ਇਸ ਰਸਤੇ ਕਦੇ-ਕਦਾਈਂ ਬਾਘਾ ਪੁਰਾਣਾ ਸ਼ਹਿਰ ਅੰਦਰ ਦੀ ਲੰਘਣ ਵਾਲੇ ਵ੍ਹੀਕਲ ਚਾਲਕਾਂ ਲਈ ਇਹ ਖੱਡੇ ਜਾਨ ਦਾ ਖੌਅ ਬਣੇ ਹੋਏ ਸਨ, ਜਿਸ 'ਤੇ ਰਾਹਗੀਰਾਂ ਤੇ ਲੋਕ ਸਮੱਸਿਆ ਨੂੰ ਦੇਖਦੇ ਹੋਏ ਅੱਜ ਬਾਘਾ ਪੁਰਾਣਾ-ਮੋਗਾ ਰੋਡ ਉੱਪਰ ਪਏ ਵੱਡੇ ਵੱਡੇ ਡੂੰਘੇ ਖੱਡਿਆਂ 'ਤੇ ਪੇਚ ਵਰਕ ਦਾ ਕੰਮ ਨਗਰ ਕੌਂਸਲ ਬਾਘਾ ਪੁਰਾਣਾ ਦੇ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਧਾਨ ਪਵਨ ਗੁਪਤਾ ਵੱਲੋਂ ਸ਼ੁਰੂ ਕਰਵਾਇਆ ਗਿਆ।ਪ੍ਰਧਾਨ ਪਵਨ ਗੁਪਤਾ ਵੱਲੋਂ ਆਪਣੀ ਦੇਖ ਰੇਖ ਹੇਠ ਪੇਚ ਵਰਕ ਦਾ ਕੰਮ ਕਰਵਾਉਂਦਿਆਂ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਨਗਰ ਕੌਂਸਲ ਬਾਘਾ ਪੁਰਾਣਾ ਦੇ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜਾਂ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ, ਜਿਸ ਤਹਿਤ ਬਾਘਾ ਪੁਰਾਣਾ ਰੋਡ ਦਾ ਕੰਮ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਆਖਿਆ ਕਿ ਮੋਗਾ ਰੋਡ ਬਾਘਾ ਪੁਰਾਣਾ 'ਤੇ ਪਏ ਡੂੰਘੇ ਖੱਡਿਆਂ ਤੇ ਦੋ-ਢਾਈ ਕਿਲੋਮੀਟਰ ਦੀ ਟੋਟਾ ਨੀਵਾਂ ਹੋਣ ਕਾਰਨ ਜਿੱਥੇ ਬਾਰਿਸ਼ਾਂ ਦੇ ਦਿਨਾਂ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਸੀ ਅਤੇ ਸ਼ਹਿਰ ਵਾਸੀਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਉਨ੍ਹਾਂ ਵੱਲੋਂ ਇਹ ਮਸਲਾ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਸ 'ਤੇ ਉਨ੍ਹਾਂ ਤੁਰੰਤ ਇਸ ਵੱਲ ਧਿਆਨ ਦਿੰਦਿਆਂ ਨਗਰ ਕੌਂਸਲ ਬਾਘਾ ਪੁਰਾਣਾ ਸੜਕ ਬਣਾਉਣ ਤੇ ਪੇਚਵਰਕ ਕਰਨ ਲਈ ਫੰਡ ਮੁਹੱਈਆ ਕਰਵਾਏ, ਜਿਸ ਦੇ ਬਾਅਦ ਅੱਜ ਸੜਕ 'ਤੇ ਪੇਚਵਰਕ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਜਲਦੀ ਹੀ ਜੋ ਟੋਟਾ ਸੜਕ ਦਾ ਨੀਵਾਂ ਹੈ, ਇਸ ਨੂੰ ਉੱਚਾ ਕਰਨ ਦਾ ਕੰਮ ਵੀ ਚਲਾਇਆ ਜਾਵੇਗਾ ਤਾਂ ਜੋ ਦੁਕਾਨਦਾਰਾਂ ਨੂੰ ਬਾਰਿਸ਼ਾਂ ਦੇ ਦਿਨਾਂ ਵਿੱਚ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਨਿਜਾਤ ਮਿਲ ਸਕੇ।

# ਮਨੀਪਾਲ ਹਸਪਤਾਲ ਵੱਲੋਂ ਵਰਲਡ ਯੂਨੀਵਰਸਿਟੀ ਨਾਲ ਸਮਝੌਤਾ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਫਿਜੀਓਥੈਰੇਪੀ ਵਿਭਾਗ ਨੇ ਮਨੀਪਾਲ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਇੱਕ ਰੋਜ਼ਾ ਪ੍ਰੋਗਰਾਮ ਕੀਤਾ, ਜਿਸ ਵਿੱਚ ਇੱਕ ਮਾਹਰ ਭਾਸ਼ਣ, ਸਿਹਤ ਜਾਗਰੂਕਤਾ ਸੈਸ਼ਨ, ਆਰਥੋਪੀਡਿਕ ਜਾਂਚ ਤੇ ਫਿਜੀਓਥੈਰੇਪੀ ਕੈਂਪ ਸ਼ਾਮਲ ਸੀ।ਮਾਹਰ ਭਾਸ਼ਣ ਡਾ. ਪਰਮਜੀਤ ਸਿੰਘ ਚਾਹਲ, ਐੱਮ ਬੀ ਬੀ ਐੱਸ, ਐੱਮਐੱਸ (ਸਰਜਰੀ), ਐੱਮ ਸੀ ਐੱਚ (ਆਰਥੋਪੀਡਿਕਸ), ਸੀਨੀਅਰ ਸਲਾਹਕਾਰ-ਆਰਥੋਪੀਡਿਕਸ ਤੇ ਜੋੜ ਬਦਲਣ ਦੀ ਸਰਜਰੀ, ਮਨੀਪਾਲ ਹਸਪਤਾਲ ਪਟਿਆਲਾ ਦੁਆਰਾ ਦਿੱਤਾ ਗਿਆ।ਡਾ. ਚਾਹਲ ਨੇ 'ਸੰਪੂਰਨ ਗੋਡੇ ਬਦਲਣ' 'ਤੇ ਇੱਕ ਦਿਲਚਸਪ ਤੇ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ, ਜਿਸ ਵਿੱਚ ਨਵੀਨਤਮ ਸਰਜੀਕਲ ਤਰੱਕੀ, ਕਲੀਨਿਕਲ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ, ਮਰੀਜ਼ ਚੋਣ ਮਾਪਦੰਡ, ਪੋਸਟ-ਆਪ੍ਰੇਟਿਵ ਦੇਖਭਾਲ ਤੇ ਪੁਨਰਵਾਸ ਪ੍ਰੋਟੋਕੋਲ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ। ਲੈਕਚਰ ਤੋਂ ਬਾਅਦ, ਭਾਈ ਗੁਰਦਾਸ ਅਕਾਦਮਿਕ ਬਲਾਕ ਵਿੱਚ ਫਿਜੀਓਥੈਰੇਪੀ ਓਪੀਡੀ ਵਿਖੇ ਮੁਫਤ ਆਰਥੋਪੀਡਿਕ ਜਾਂਚ ਤੇ ਫਿਜੀਓਥੈਰੇਪੀ ਕੈਂਪ ਲਗਾਇਆ ਗਿਆ, ਜਿਸ 'ਚ 100 ਤੋਂ ਵੱਧ ਮਰੀਜ਼ਾਂ ਨੇ ਮੁਫ਼ਤ ਡਾਕਟਰੀ ਸੇਵਾਵਾਂ ਪ੍ਰਾਪਤ ਕੀਤੀਆਂ।ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਤੇ ਮਨੀਪਾਲ ਹਸਪਤਾਲ ਪਟਿਆਲਾ ਵਿਚਕਾਰ ਤਿੰਨ ਸਾਲਾਂ ਦੀ ਭਾਈਵਾਲੀ ਲਈ ਇੱਕ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ ਗਏ।ਇਹ ਸਮਝੌਤਾ ਦੋਵਾਂ ਸੰਸਥਾਵਾਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦਾ ਹੈ ਤਾਂ ਜੋ ਸਮਾਜ ਦੀ ਬਿਹਤਰੀ ਲਈ ਕਲੀਨਿਕਲ ਮੁਹਾਰਤ ਨਾਲ ਅਕਾਦਮਿਕ ਉੱਤਮਤਾ ਨੂੰ ਜੋੜਿਆ ਜਾ ਸਕੇ।

ਇਸ ਸਮਾਗਮ ਦੀ ਪ੍ਰਧਾਨਗੀ ਮਾਣਯੋਗ ਵਾਇਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਕੀਤੀ, ਜਿਨ੍ਹਾਂ ਇਸ ਨੇਕ ਯਤਨ ਵਿੱਚ ਹੱਥ ਮਿਲਾਉਣ ਲਈ ਮਨੀਪਾਲ ਹਸਪਤਾਲ ਦਾ ਦਿਲੋਂ ਧੰਨਵਾਦ ਕੀਤਾ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸਮਾਗਮ ਦੀ ਸਹਿਯੋਗੀ ਭਾਵਨਾ ਦੀ ਸ਼ਲਾਘਾ ਕੀਤੀ ਅਤੇ ਪ੍ਰਬੰਧਕ ਕਮੇਟੀ ਤੇ ਫੈਕਲਟੀ ਮੈਂਬਰਾਂ ਦੇ ਸਮਰਪਣ ਦਾ ਧੰਨਵਾਦ ਕੀਤਾ। ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ ਨੇ ਵੀ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।ਧੰਨਵਾਦ ਦਾ ਮਤਾ ਪੇਸ਼ ਕਰਦੇ ਹੋਏ ਡਾ. ਪੰਕਜਪ੍ਰੀਤ ਸਿੰਘ, ਐੱਮਪੀਟੀ (ਨਿਊਰੋਲੋਜੀ) ਡੀਨ ਫੈਕਲਟੀ ਆਫ਼ ਮੈਡੀਕਲ ਸਾਇੰਸਜ਼ ਨੇ ਸਾਰੇ ਪਤਵੰਤਿਆਂ, ਮਾਹਰ ਬੁਲਾਰੇ, ਫੈਕਲਟੀ, ਵਿਦਿਆਰਥੀਆਂ ਤੇ ਸਥਾਨਕ ਭਾਈਚਾਰੇ ਦਾ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਲਈ ਧੰਨਵਾਦ ਕੀਤਾ।

# ਬਰਿੰਦਰ ਸ਼ਰਮਾ ਨੂੰ ਚੇਅਰਮੈਨ ਨਿਯੁਕਤ ਕਰਨ ਦਾ ਸਰਪੰਚ ਰਾਜਾ ਮੱਲਕੇ ਵੱਲੋਂ ਸਵਾਗਤ

## 'ਆਪ' ਮਿਹਨਤੀ ਵਰਕਰਾਂ ਨੂੰ ਸਮਾਂ ਆਉਣ 'ਤੇ ਅਹਿਮ ਅਹੁਦੇ ਦੇ ਕੇ ਨਿਵਾਜਦੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜ਼ਿਲ੍ਹਾ ਮੋਗਾ ਦੇ ਆਪ ਪ੍ਰਧਾਨ ਤੇ ਮਾਰਕੀਟ ਕਮੇਟੀ ਨਿਹਾਲ ਸਿੰਘ ਵਾਲਾ ਦੇ ਮੌਜੂਦਾ ਚੇਅਰਮੈਨ ਬਰਿੰਦਰ ਸ਼ਰਮਾ ਦੀ ਪਲੈਨਿੰਗ ਬੋਰਡ ਦੇ ਚੇਅਰਮੈਨ ਨਿਯੁਕਤੀ ਦਾ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪਿੰਡ ਮੱਲਕੇ ਦੇ ਮੌਜੂਦਾ ਸਰਪੰਚ ਰਾਜਾ ਮੱਲਕੇ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ ਅਤੇ ਸਰਪੰਚ ਮੱਲਕੇ ਨੇ ਬਰਿੰਦਰ ਸ਼ਰਮਾ ਨੂੰ ਇਕ ਹੋਰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਉਨ੍ਹਾਂ ਮੁਬਾਰਕਬਾਦ ਦਿੱਤੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਮਿਹਨਤੀ ਵਰਕਰਾਂ ਨੂੰ ਸਮੇਂ-ਸਮੇਂ 'ਤੇ ਅਹਿਮ ਅਹੁਦੇ ਦੇ ਕੇ ਉਨ੍ਹਾਂ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਕੀਤੀ ਗਈ ਮਿਹਨਤ ਦਾ ਮੁੱਲ ਹਮੇਸ਼ਾ ਮੋੜਦੀ ਰਹੀ ਹੈ।

ਇਸ ਮੌਕੇ ਸਰਪੰਚ ਮੱਲਕੇ ਨੇ ਆਖਿਆ ਕਿ ਨਵ-ਨਿਯੁਕਤ ਚੇਅਰਮੈਨ ਬਰਿੰਦਰ ਸ਼ਰਮਾ ਮੋਗਾ ਜ਼ਿਲ੍ਹੇ ਦੇ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਸ਼ਾਨਦਾਰ ਨਿਭਾਅ ਰਹੇ ਹਨ ਅਤੇ ਚੇਅਰਮੈਨ ਬਰਿੰਦਰ ਸ਼ਰਮਾ ਆਮ ਆਦਮੀ ਪਾਰਟੀ ਦੇ ਬਹੁਤ ਹੀ ਮਿਹਨਤੀ ਆਗੂ ਹਨ, ਜੋ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਕੇ ਪਾਰਟੀ ਦੀ ਮਜ਼ਬੂਤੀ ਲਈ ਇਨ੍ਹਾਂ ਵੱਲੋਂ ਦਿਨ-ਰਾਤ ਇਕ ਕੀਤਾ ਅਤੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਵੀ ਮੋਗਾ ਜ਼ਿਲ੍ਹੇ ਦੀਆਂ ਚਾਰੋਂ ਸੀਟਾਂ ਆਪ ਦੀ ਝੋਲੀ ਵਿੱਚ ਪਾਉਣ ਵਿੱਚ ਵੀ ਬਰਿੰਦਰ ਸ਼ਰਮਾ ਦਾ ਅਹਿਮ ਯੋਗਦਾਨ ਹੈ।ਉਨ੍ਹਾਂ ਆਖਿਆ ਕਿ ਪਾਰਟੀ ਹਾਈਕਮਾਂਡ ਨੇ ਬਰਿੰਦਰ ਸ਼ਰਮਾ ਵੱਲੋਂ ਪਾਰਟੀ ਲਈ ਕੀਤੀ ਗਈ ਮਿਹਨਤ ਦਾ ਮੁੱਲ ਮੋੜਦਿਆਂ ਪਹਿਲਾਂ ਜ਼ਿਲ੍ਹਾ ਪ੍ਰਧਾਨਗੀ ਤੇ ਹੁਣ ਚੇਅਰਮੈਨੀ ਦੇ ਕੇ ਉਨ੍ਹਾਂ ਵੱਲੋਂ ਕੀਤੀ ਗਈ ਮਿਹਨਤ ਦਾ ਮੁੱਲ ਮੋੜਿਆ ਹੈ, ਜਿਸ 'ਤੇ ਮੋਗਾ ਜ਼ਿਲ੍ਹੇ ਦਾ ਹਰ ਪਾਰਟੀ ਆਗੂ ਤੇ ਵਰਕਰ ਆਪ ਪਾਰਟੀ ਤੋਂ ਖੁਸ਼ ਹੈ। ਸਰਪੰਚ ਰਾਜਾ ਮੱਲਕੇ ਨੇ ਚੇਅਰਮੈਨ ਬਰਿੰਦਰ ਸ਼ਰਮਾ ਦੀ ਪਲੈਨਿੰਗ ਬੋਰਡ ਦੇ ਚੇਅਰਮੈਨ ਵਜੋਂ ਕੀਤੀ ਗਈ ਨਿਯੁਕਤੀ 'ਤੇ ਪਾਰਟੀ ਦੇ ਕੌਮੀ ਕਨਵੀਨਰ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਆਪ ਪ੍ਰਧਾਨ ਅਮਨ ਅਰੋੜਾ ਦਾ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਬਰਿੰਦਰ ਸ਼ਰਮਾ ਨੂੰ ਇੱਕ ਅਹਿਮ ਅਹੁਦਾ ਦੇ ਕੇ ਉਨ੍ਹਾਂ ਵੱਲੋਂ ਪਾਰਟੀ ਲਈ ਕੀਤੀ ਗਈ ਮਿਹਨਤ ਦਾ ਮੁੱਲ ਮੋੜਿਆ ਹੈ।ਇਸ ਮੌਕੇ ਉਨ੍ਹਾਂ ਨਾਲ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

# ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ 'ਚ 6,000 ਤੋਂ ਵੱਧ ਨਵੇਂ ਵਿਦਿਆਰਥੀਆਂ ਦਾ ਸੁਆਗਤ

**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਨਵੇਂ ਅਕਾਦਮਿਕ ਸਾਲ ਦੀ ਸ਼ੁਰੂਆਤ AARAMBH 2025 ਅਨੰਤ ਸੰਭਾਵਨਾਵਾਂ ਦੀ ਸ਼ੁਰੂਆਤ ਨਾਲ ਕੀਤੀ। ਇਹ ਪੰਜ-ਦਿਨੀਂ ਓਰੀਐਂਟੇਸ਼ਨ ਪ੍ਰੋਗਰਾਮ ਸ਼ਾਹਪੁਰ ਅਤੇ ਮਕਸੂਦਾਂ ਕੈਂਪਸ ਵਿੱਚ ਇਕੱਠੇ ਆਯੋਜਿਤ ਕੀਤਾ ਗਿਆ ਸੀ।ਇਸ ਸਾਲ ਸੀ.ਟੀ. ਪਰਵਾਰ ਵਿੱਚ 6,000 ਤੋਂ ਵੱਧ ਨਵੇਂ ਵਿਦਿਆਰਥੀ ਸ਼ਾਮਲ ਹੋਏ। 4 ਤੋਂ 8 ਅਗਸਤ ਤੱਕ ਚੱਲੇ ਇਸ ਪ੍ਰੋਗਰਾਮ ਵਿੱਚ ਇੰਜੀਨੀਅਰਿੰਗ, ਫਾਰਮੇਸੀ, ਮੈਨੇਜਮੈਂਟ, ਲਾਅ, ਹੋਸਪੀਟੈਲਿਟੀ, ਆਰਕੀਟੈਕਚਰ, ਮੀਡੀਆ, ਆਰਟਸ ਅਤੇ ਡਿਜ਼ਾਈਨ ਵਰਗੇ ਵੱਖ-ਵੱਖ ਖੇਤਰਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁੱਖ ਮਹਿਮਾਨਾਂ ਅਤੇ ਪ੍ਰਮੁੱਖ ਵਕਤਾਵਾਂ ਦੀ ਇੱਕ ਸ਼ਾਨਦਾਰ ਲੜੀ ਸ਼ਾਮਲ ਸੀ।ਸ਼ਾਹਪੁਰ ਕੈਂਪਸ ਵਿੱਚ, ਆਈ.ਪੀ.ਐਸ. ਰਵੀ ਕੁਮਾਰ, ਏ.ਆਈ.ਜੀ. ਕਾਊਂਟਰ-ਇੰਟੈਲੀਜੈਂਸ, ਨੇ ਪ੍ਰੇਰਨਾਦਾਇਕ ਭਾਸ਼ਣ ਨਾਲ ਪ੍ਰੋਗਰਾਮ ਦਾ ਉਦਘਾਟਨ ਕੀਤਾ। ਜਦਕਿ ਮਕਸੂਦਾਂ ਕੈਂਪਸ ਵਿੱਚ ਸਚਦੇਵਾ ਸਟਾਕਸ ਪ੍ਰਾਈਵੇਟ ਲਿਮਿਟੇਡ ਦੇ ਮੈਨੇਜਿੰਗ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ ਮੁੱਖ ਮਹਿਮਾਨ ਵਜੋਂ ਉਪਸਥਿਤ ਸਨ।ਹੋਰ ਮਾਣਯੋਗ ਹਸਤੀਆਂ ਵਿੱਚ ਕਰਨਲ ਦੀਪਕ ਰਾਮਪਾਲ, ਵੀ.ਆਰ.ਸੀ. (ਰਿਟਾਇਰਡ), ਕਾਰਗਿਲ ਯੁੱਧ ਦੇ ਵੀਰ; ਕਰਨਲ ਵਿਨੋਦ ਜੋਸ਼ੀ, 2 ਪੰਜਾਬ ਬਟਾਲੀਅਨ ਐਨ.ਸੀ.ਸੀ. ਦੇ ਕਮਾਂਡਿੰਗ ਆਫਿਸਰ; ਇੰਦਰਬੀਰ ਸਿੰਘ, ਡੀ.ਆਈ.ਜੀ.; ਅਤੇ ਡਾ. ਦਿਨੇਸ਼ ਪਾਠਕ, ਸਕਾਲਰਸ਼ਿਪ ਅਤੇ ਕਰੀਅਰ ਮਾਰਗਦਰਸ਼ਨ ਦੇ ਮਾਹਿਰ, ਸ਼ਾਮਲ ਹੋਏ। ਉਦਯੋਗਪਤੀ ਸੌਰਭ ਮੁੰਜਾਲ, ਸਹ-ਸੰਸਥਾਪਕ ਅਤੇ ਸੀ.ਈ.ਓ., ਲਾਹੌਰੀ ਜ਼ੀਰਾ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਸਟਾਰਟਅਪ ਤਜ਼ਰਬੇ ਸਾਂਝੇ ਕੀਤੇ।ਵਿਦਿਆਰਥੀਆਂ ਨੂੰ ਹੋਰ ਪ੍ਰੇਰਿਤ ਕਰਨ ਵਾਲੇ ਵਕਤਾਵਾਂ ਵਿੱਚ ਜੀਵਨ ਕੋਚ ਅਤੇ ਮੋਟੀਵੇਸ਼ਨਲ ਸਪੀਕਰ ਸ਼੍ਰੀਮਤੀ ਅਮਨ ਭਾਟੀਆ; ਹੀਲਿੰਗ ਅਤੇ ਕੋਚਿੰਗ ਸੈਸ਼ਨਾਂ ਲਈ ਮਸ਼ਹੂਰ ਸ਼੍ਰੀਮਤੀ ਤਰਵੀਨ ਕੌਰ; ਕਾਰਪੋਰੇਟ ਟ੍ਰੇਨਰ ਅਤੇ ਚਾਰਟਰਡ ਅਕਾਊਂਟੈਂਟ ਸੀ.ਏ. ਹਰਪ੍ਰੀਤ ਸਿੰਘ ਖਰਬੰਦਾ; ਐਚ.ਆਰ.ਡੀ.ਸੀ. ਦੇ ਡਿਪਟੀ ਡਾਇਰੈਕਟਰ ਅਤੇ ਲੀਡਰਸ਼ਿਪ ਕੋਚ ਰਿਸ਼ਭ ਸ਼ਰਮਾ; ਅਤੇ ਫਿਟਨੈਸ ਇਨਫਲੂਐਂਸਰ ਹਰਮਿੰਦਰ ਦੁੱਲੋਵਾਲ ਸ਼ਾਮਲ ਸਨ।ਵਿਦਿਆਰਥੀਆਂ ਨੇ ਭੰਗੜਾ, ਗਿੱਧਾ, ਫੈਸ਼ਨ ਵਾਕ, ਸੈਕਸੋਫੋਨ ਅਤੇ ਸੰਗੀਤ ਪ੍ਰਦਰਸ਼ਨ, ਲਾਈਵ ਬੈਂਡ ਸ਼ੋਅ ਵਰਗੀਆਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲਿਆ।ਨਵੇਂ ਅਕਾਦਮਿਕ ਸਾਲ ਦੀ ਸਫਲਤਾ ਕੈਂਪਸ ਡਾਇਰੈਕਟਰ ਡਾ. ਸੰਗਰਾਮ ਸਿੰਘ ਅਤੇ ਡਾ. ਅਨੁਰਾਗ ਸ਼ਰਮਾ, ਡਾਇਰੈਕਟਰ ਆਫ਼ ਐਡਮਿਸ਼ਨ ਡਾ. ਵਨੀਤ ਠਾਕੁਰ, ਅਤੇ ਡੀਨ ਸਟੂਡੈਂਟ ਵੈਲਫੇਅਰ ਡਾ. ਅਰਜਨ ਸਿੰਘ ਦੇ ਯਤਨਾਂ ਨਾਲ ਸੰਭਵ ਹੋਈ।ਚੇਅਰਮੈਨ ਐਸ. ਚਰਨਜੀਤ ਸਿੰਘ ਚੰਨੀ ਨੇ ਕਿਹਾ, AARAMBH ਸਿਰਫ਼ ਕਾਲਜ ਜੀਵਨ ਦੀ ਸ਼ੁਰੂਆਤ ਨਹੀਂ, ਸਗੋਂ ਚਰਿੱਤਰ, ਨੇਤ੍ਰਤ ਅਤੇ ਮਕਸਦ ਦੀ ਸ਼ੁਰੂਆਤ ਹੈ। ਇਸ ਸਾਲ 6,000 ਤੋਂ ਵੱਧ ਨੌਜਵਾਨਾਂ ਦਾ ਸੁਆਗਤ ਕਰਕੇ, ਅਸੀਂ ਭਾਰਤ ਦੇ ਭਵਿੱਖ ਨੂੰ ਸਹੀ ਦਿਸ਼ਾ ਦੇਣ ਦੀ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰ ਰਹੇ ਹਾਂ।ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਕਿਹਾ ਕਿ ਇਹ ਪ੍ਰੋਗਰਾਮ ਸਾਰੇ ਅਕਾਦਮਿਕ ਸਾਲ ਲਈ ਦਿਸ਼ਾ ਨਿਰਧਾਰਤ ਕਰਦਾ ਹੈ।



# ਮਹਿੰਗਰੋਵਾਲ ਨੂੰ ਮਿਲਿਆ ਵਿਕਾਸ ਦਾ ਤੋਹਫ਼ਾ, ਪੁਲ ਦਾ ਸੁਪਨਾ ਹੋਇਆ ਸਾਕਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਮਹਿੰਗਰੋਵਾਲ ਪੁਲ ਦੀ ਉਸਾਰੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਜਨਤਕ ਮੰਗ ਨੂੰ ਪੂਰਾ ਕਰਨ ਦਾ ਐਲਾਨ ਕਰਦੇ ਹੋਏ ਕਿਹਾ ਕਿ ਹੁਣ ਇਲਾਕੇ ਦੇ ਲੋਕਾਂ ਦਾ ਪੁਰਾਣਾ ਸੁਪਨਾ ਸਾਕਾਰ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ 100 ਮੀਟਰ ਲੰਬਾ ਪੁਲ ਲਗਭਗ 7 ਕਰੋੜ 8 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ। ਇਸ ਪ੍ਰੋਜੈਕਟ ਲਈ ਟੈਂਡਰ 8 ਅਗਸਤ ਨੂੰ ਜਾਰੀ ਕੀਤਾ ਗਿਆ ਹੈ, ਜਿਸ ਨੂੰ 21 ਦਿਨਾਂ ਦੇ ਅੰਦਰ ਖੋਲ੍ਹ ਦਿੱਤਾ ਜਾਵੇਗਾ। ਇਸ ਤੋਂ ਬਾਅਦ ਨਿਰਮਾਣ ਕਾਰਜ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ ਤਾਂ ਜੋ ਜਨਤਾ ਜਲਦੀ ਤੋਂ ਜਲਦੀ ਇਸਦਾ ਲਾਭ ਲੈ ਸਕੇ। ਇਸ ਪੁਲ ਦੇ ਨਿਰਮਾਣ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਆ ਰਹੀਆਂ ਭਾਰੀ ਮੁਸ਼ਕਲਾਂ ਤੋਂ ਰਾਹਤ ਮਿਲੇਗੀ। ਇਸ ਵੇਲੇ ਲੋਕ ਆਵਾਜਾਈ ਲਈ ਕਾਜ਼ਵੇਅ ਦੀ ਵਰਤੋਂ ਕਰਦੇ ਹਨ, ਜੋ ਕਿ ਬਰਸਾਤ ਦੇ ਮੌਸਮ ਵਿੱਚ ਖਾਸ ਤੌਰ 'ਤੇ ਖ਼ਤਰਨਾਕ ਅਤੇ ਅਸੁਵਿਧਾਜਨਕ ਹੋ ਜਾਂਦਾ ਹੈ। ਪੁਲ ਦੇ ਨਿਰਮਾਣ ਨਾਲ ਨਾ ਸਿਰਫ਼ ਆਵਾਜਾਈ ਦੀ ਸਹੂਲਤ ਮਿਲੇਗੀ, ਸਗੋਂ ਲੋਕਾਂ ਦੀ ਸੁਰੱਖਿਆ ਵੀ ਯਕੀਨੀ ਬਣੇਗੀ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨੇ ਕਰਵਾਇਆ ਕੈਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਦਸੂਹਾ ਵਿਖੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵੱਖ-ਵੱਖ ਸਟ੍ਰੀਮਾਂ ਦੀ ਪੜ੍ਹਾਈ, ਆਈ.ਟੀ.ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ ਅਤੇ ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵੀ ਜਾਣਕਾਰੀ ਦਿੱਤੀ।



ਇਸੇ ਤਰ੍ਹਾਂ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਯੰਗ ਪ੍ਰੋਫੈਸ਼ਨਲ ਨੇ ਵਿਦਿਆਰਥੀਆਂ ਨੂੰ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਦੀ ਮੋਬਾਇਲ ਐਪ ਡੀ ਬੀ ਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਦੱਸਿਆ।ਜੇਕਰ ਕੋਈ ਮੁਸ਼ਕਲ ਆਉਂਦੀ ਹੈ ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ ਗਿਆ।ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿੱਤਾਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਲ ਹੋ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਸਬੰਧਤ ਸਕੂਲ ਦੇ ਸਮੂਹ ਸਟਾਫ ਅਤੇ 75 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਰਾਜੇਸ਼ ਗੁਪਤਾ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ ਗਿਆ।

# ਹਾਦਸੇ 'ਚ ਲੋਕ ਇਨਸਾਫ ਮੰਚ ਦਾ ਆਗੂ ਅਮਰਜੀਤ ਲਾਡੀ ਗੰਭੀਰ ਜ਼ਖ਼ਮੀ

**ਫਿਲੌਰ (ਨਿਰਮਲ)**- ਫਿਲੌਰ ਵੇਰਕਾ ਪਲਾਂਟ ਦੇ ਬਿਲਕੁਲ ਸਾਹਮਣੇ ਖੂਨੀ ਕੱਟ ਵਿਖੇ ਲੋਕ ਇਨਸਾਫ ਮੰਚ ਦੇ ਸਕੱਤਰੇਤ ਆਗੂ ਅਮਰਜੀਤ ਲਾਡੀ ਮਹਿਸਮਪੁਰ ਹਾਦਸੇ ਦਾ ਸ਼ਿਕਾਰ ਹੋ ਗਏ ਹਨ ਅਤੇ ਉਹਨਾਂ ਨੂੰ ਗੰਭੀਰ ਸੱਟ ਲੱਗੀ ਹੈ। ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਅਤੇ ਸਕੱਤਰ ਪਰਸ਼ੋਤਮ ਫਿਲੌਰ ਨੇ ਕਿਹਾ ਕਿ ਇਥੇ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਲਈ ਆਮ ਲੋਕਾਂ ਦੀਆਂ ਜਾਨਾਂ ਦੀਆਂ ਕੋਈ ਕੀਮਤ ਨਹੀਂ ਹੈ। ਇਹ ਖੂਨੀ ਕੱਟ ਪਹਿਲਾਂ ਵੀ ਬਹੁਤ ਜਾਨਾਂ ਲੈ ਚੁੱਕਾ ਹੈ ਅਤੇ ਕਿੰਨੇ ਹੀ ਲੋਕ ਜ਼ਖ਼ਮੀ ਹੋ ਚੁੱਕੇ ਹਨ। ਜੇਕਰ ਪ੍ਰਸ਼ਾਸਨ ਨੇ ਇਸ ਸਬੰਧੀ ਕੋਈ ਵੱਡਾ ਕਦਮ ਨਾ ਚੁੱਕਿਆ ਤਾਂ ਇਸ ਮਸਲੇ ਨੂੰ ਲੋਕਾਂ ਵਿੱਚ ਲੈ ਕੇ ਜਾਵਾਂਗੇ ਤੇ ਵੱਡਾ ਅੰਦੋਲਨ ਉਲੀਕਾਂਗੇ।ਇਸ ਮੌਕੇ ਮਾਸਟਰ ਹੰਸ ਰਾਜ , ਰਾਜ ਮੁੱਠੱਡਾ , ਰਾਮਜੀ ਗੰਨਾਪਿੰਡ , ਸੰਦੀਪ ਸੰਤੋਖਪੁਰਾ , ਡਾ. ਅਸ਼ੋਕ ਕੁਮਾਰ , ਸੁਨੀਲ ਗੰਨਾਪਿੰਡ , ਹਨੀ ਸੰਤੋਖਪੁਰਾ , ਸੌਰਵ ਮਹਿਸਮਪੁਰ , ਪਰਦੀਪ ਮਹਿਸਮਪੁਰ , ਸਰਬਜੀਤ ਸਾਬੀ ਰਾਮਗੜ੍ਹ , ਬਿੰਦਰ ਫਿਲੌਰ , ਗੋਬਿੰਦ ਫਿਲੌਰ ਆਦਿ ਹਾਜ਼ਰ ਸਨ।






# 16 ਦੀ ਸੰਗਰੂਰ ਰੈਲੀ 'ਚ ਮਿਡ-ਡੇ-ਮੀਲ ਵਰਕਰ ਹੋਣਗੇ ਸ਼ਾਮਲ

**ਮੋਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਬਲਾਕ ਕੋਟ ਫਤੂਹੀ ਦੀ ਇੱਕ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਅਮਰਵੀਰ ਕੌਰ ਅਤੇ ਜਨਰਲ ਸਕੱਤਰ ਕੁਲਵੀਰ ਕੌਰ ਦੀ ਪ੍ਰਧਾਨਗੀ ਵਿੱਚ ਅੱਡਾ ਈਸਪੁਰ ਵਿਖੇ ਹੋਈ। ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਕਮਲਜੀਤ ਕੌਰ ਖਡੌਦੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮਿਡ-ਡੇ-ਮੀਲ ਵਰਕਰਾਂ ਦਾ ਲਗਾਤਾਰ ਸ਼ੋਸ਼ਣ ਕਰ ਰਹੀ ਹੈ, ਵਰਕਰ ਨਿਗੂਣੇ ਮਾਣਭੱਤੇ 'ਤੇ ਕੰਮ ਕਰ ਰਹੇ ਹਨ।ਆਗੂਆਂ ਨੇ ਕਿਹਾ ਕਿ ਉਹ ਸੋਲਾਂ ਅਗਸਤ ਦੀ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨਗੇ।ਇਸ ਮੌਕੇ ਨਰਿੰਦਰ ਕੌਰ, ਕੁਲਵਿੰਦਰ ਕੌਰ, ਬਖਸ਼ੋ, ਰਾਜ ਕੁਮਾਰੀ, ਸੁਰਿੰਦਰ ਕੌਰ, ਮੀਨੂੰ, ਪਰਮਜੀਤ ਕੌਰ, ਬਲਵਿੰਦਰ ਕੌਰ, ਹਰਬੰਸ ਕੌਰ, ਪਰਮਜੀਤ ਕੌਰ, ਜਸਵੀਰ ਕੌਰ, ਰਾਣੀ, ਸੁਨੀਤਾ, ਅਵਤਾਰ ਕੌਰ, ਯਮਨਾ ਦੇਵੀ, ਸੁਖਵਿੰਦਰ ਕੌਰ, ਰਵੀਨਾ, ਸਤਵੀਰ ਕੌਰ, ਕਮਲੇਸ਼ ਕੌਰ ਆਦਿ ਵੱਡੀ ਗਿਣਤੀ ਵਿੱਚ ਮਿਡ-ਡੇ-ਮੀਲ ਵਰਕਰ ਹਾਜ਼ਰ ਸਨ।

# ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਰਾਜਪਾਲ ਦੇ ਨਾਂਅ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਮੰਗ ਪੱਤਰ ਦਿੱਤਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਕਾਂਗਰਸ ਕਮੇਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਅਰੁਣ ਡੋਗਰਾ ਮਿੱਕੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਰਾਜਪਾਲ ਦੇ ਨਾਂਅ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਵਿਧਾਇਕ ਪਵਨ ਆਦੀਆ, ਸਾਬਕਾ ਚੇਅਰਮੈਨ ਸਰਵਣ ਸਿੰਘ ਅਤੇ ਸ਼ਹਿਰੀ ਕਾਂਗਰਸ ਪ੍ਰਧਾਨ ਨਵਪ੍ਰੀਤ ਰਾਇਲ ਤੋਂ ਇਲਾਵਾ ਰਜਨੀਸ਼ ਟੰਡਨ, ਪੁਨੀਤ ਸ਼ਰਮਾ, ਕੌਂਸਲਰ ਅਸ਼ੋਕ ਮਹਿਰਾ, ਪੀ ਐੱਸ ਮਾਨ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਪੀ ਐੱਸ ਘੁੰਮਣ, ਸਕੱਤਰ ਨਵਜਿੰਦਰ ਸਿੰਘ ਬੇਦੀ ਅਤੇ ਉਪ ਪ੍ਰਧਾਨ ਵਿਕਰਮ ਸਿੰਘ ਵੀ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਕਾਂਗਰਸ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਦੀ 50 ਹਜ਼ਾਰ ਏਕੜ ਤੋਂ ਵੱਧ ਵਾਹੀਯੋਗ ਜ਼ਮੀਨ ਐਕੁਆਇਰ ਕਰਨ ਦੇ ਲਏ ਗਏ ਫੈਸਲੇ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਵਾਤਾਵਰਣ ਅਤੇ ਕਿਸਾਨਾਂ ਦੋਵਾਂ ਲਈ ਘਾਤਕ ਹੈ। ਕਾਂਗਰਸੀ ਆਗੂਆਂ ਨੇ ਕਿਹਾ ਕਿ ਪੰਜਾਬ ਇੱਕ ਖੇਤੀਬਾੜੀ ਅਧਾਰਤ ਸੂਬਾ ਹੈ। ਜ਼ਿਆਦਾਤਰ ਕਿਸਾਨਾਂ ਕੋਲ ਛੋਟੀਆਂ ਜ਼ਮੀਨਾਂ ਹਨ ਅਤੇ ਇਸ ਨੀਤੀ ਨਾਲ ਉਨ੍ਹਾਂ ਨੂੰ ਵੱਡਾ ਨੁਕਸਾਨ ਹੋਵੇਗਾ। ਕਾਂਗਰਸੀ ਆਗੂਆਂ ਨੇ




ਉਕਤ ਨੀਤੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਜੇਕਰ ਸਰਕਾਰ ਇਸਨੂੰ ਰੱਦ ਨਹੀਂ ਕਰਦੀ ਹੈ, ਤਾਂ ਕਾਂਗਰਸ ਕਿਸਾਨਾਂ ਦੇ ਨਾਲ ਹਰ ਪੱਧਰ 'ਤੇ ਇਸ ਦਾ ਵਿਰੋਧ ਕਰਨ ਲਈ ਤਿਆਰ ਹੈ ਤੇ ਇਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਇਸ ਦੌਰਾਨ ਜ਼ਿਲ੍ਹਾ ਮੈਜਿਸਟਰੇਟ ਨੇ ਉਨ੍ਹਾਂ ਦਾ ਮੰਗ ਪੱਤਰ ਰਾਜਪਾਲ ਨੂੰ ਭੇਜਣ ਦਾ ਭਰੋਸਾ ਦਿੱਤਾ।

# ਸਤਲੁੱਜ ਪ੍ਰੈਸ ਕਲੱਬ ਸੁਖਸਾਲ ਵੱਲੋਂ ਲਗਾਏ ਜਾਣਗੇ ਔਸ਼ਧੀ ਯੁਕਤ ਪੌਦੇ

**ਭਲਾਣ (ਹਰਭਜਨ ਢਿੱਲੋਂ)** ਸਤਲੁਜ ਪ੍ਰੈਸ ਕਲੱਬ ਸੁਖਸਾਲ (ਰਜਿ.) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਜ਼ਾਦੀ ਦਿਵਸ ਮੌਕੇ 15 ਅਗਸਤ ਤੋਂ ਲੋਕਾਂ ਦੇ ਘਰਾਂ ਵਿੱਚ ਔਸ਼ਧੀ ਯੁਕਤ ਪੌਦੇ ਲਗਾਏ ਜਾਣਗੇ। ਕਲੱਬ ਮੈਂਬਰਾਂ ਨੇ ਦੱਸਿਆ ਕਿ ਅਸੀਂ ਹਰ ਸਾਲ ਅਜ਼ਾਦੀ ਦਿਵਸ ਮੌਕੇ ਵਧੀਆ ਕਿਸਮ ਦੇ ਪੌਦੇ ਜਿਹੜੇ ਵਿਅਕਤੀ ਪੌਦੇ ਦੀ ਸਾਂਭ ਸੰਭਾਲ ਕਰ ਸਕਦੇ ਹੋਣ ਉਨ੍ਹਾਂ ਦੇ ਘਰਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾ ਰਹੇ ਹਾਂ। ਉਨ੍ਹਾਂ ਦਸਿਆ ਕਿ ਸਾਡੇ ਕਲੱਬ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਪਿੰਡ ਦੀਆਂ ਸਾਂਝੀਆਂ ਥਾਵਾਂ 'ਤੇ ਤ੍ਰਿਵੇਣੀ ਦੇ ਪੌਦੇ ਵੀ ਨਿਰੰਤਰ ਲਗਾਏ ਜਾ ਰਹੇ ਹਨ। ਇਸ ਮੌਕੇ ਪ੍ਰਧਾਨ ਮਲਕੀਅਤ ਸਿੰਘ, ਜੁਝਾਰ ਸਿੰਘ, ਧਰਮ ਪਾਲ, ਜਸੇ ਕੌਂਸਲ, ਪੂਨਮ ਜੋਸ਼ੀ, ਹਰਭਜਨ ਢਿੱਲੋਂ, ਪ੍ਰਿੰਸ ਧੰਜੀਵਾਲ, ਅਸ਼ਵਨੀ ਸੈਣੀ ਆਦਿ ਹਾਜ਼ਰ ਸਨ।

# ਬਲੇਰ ਖ਼ਾਨਪੁਰ 'ਚ ਦੋ ਦੁਕਾਨਾਂ ਤੋਂ ਏ ਸੀ ਦੇ ਕੰਪਰੈਸ਼ਰ ਚੋਰੀ

**ਕਾਲਾ ਸੰਘਿਆਂ (ਮਨਜੀਤ ਮਾਨ)**— ਕਪੂਰਥਲਾ-ਨਕੋਦਰ ਮੁੱਖ ਸੜਕ 'ਤੇ ਸਥਿਤ ਪਿੰਡ ਬਲੇਰ ਖ਼ਾਨਪੁਰ ਵਿਖੇ ਚੋਰਾਂ ਨੇ ਮੇਨ ਸੜਕ ਤੇ ਸਥਿਤ ਦੋ ਦੁਕਾਨਾਂ 'ਤੋਂ ਰਾਤ ਸਮੇਂ ਏ ਸੀ ਦੇ ਕੰਪ੍ਰੈਸ਼ਰ ਚੋਰੀ ਹੋ ਗਏ ਹਨ। ਇਕ ਲੈਬੋਰਟੀ ਦੀ ਦੁਕਾਨ ਅਤੇ ਇਕ ਫਿਜ਼ੀਓਥੈਰੇਪੀ ਦੀ ਦੁਕਾਨ ਜੋ ਕਿ ਨਾਲ ਨਾਲ ਹੀ ਹਨ ਅਤੇ ਇਹਨਾਂ ਦੁਕਾਨਾਂ 'ਤੇ ਲੱਗੇ ਏ ਸੀ ਦੇ ਆਊਟ ਡੋਰ ਕੰਮਪ੍ਰੈਸ਼ਰ ਦੁਕਾਨ ਦੀ ਛੱਤ 'ਤੇ



ਰੱਖੇ ਹੋਏ ਸਨ ਜੋ ਕਿ ਰਾਤ ਸਮੇਂ ਚੋਰ ਚੋਰੀ ਕਰਕੇ ਰਫੂਚੱਕਰ ਹੋ ਗਏ।ਪੀੜਤ ਦੁਕਾਨ ਵਾਲਿਆਂ ਨੇ ਦੱਸਿਆ ਜਦੋਂ ਉਨ੍ਹਾਂ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਆ ਕੇ ਦੁਕਾਨਾਂ ਖੋਲ੍ਹੀਆਂ ਅਤੇ ਏ ਸੀ ਚਲਾਏ ਤਾਂ ਏ ਸੀ ਵਿੱਚੋਂ ਹਵਾ ਨਾ ਆਈ। ਜਿਸ 'ਤੇ ਉਹਨਾਂ ਮਕੈਨਿਕ ਬੁਲਾਏ ਤੇ ਜਦੋਂ ਮਕੈਨਿਕ ਦੁਕਾਨਾਂ ਦੇ ਅੰਦਰੋਂ ਚੈੱਕ ਕਰਨ ਉਪਰੰਤ ਛੱਤ 'ਤੇ ਰੱਖੇ ਆਊਟ ਡੋਰ ਕੰਮਪ੍ਰੈਸ਼ਰ ਚੈੱਕ ਕਰਨ ਗਏ ਤਾਂ ਉਨ੍ਹਾਂ ਵੇਖਿਆ ਕਿ ਉਪਰੋਂ ਕੰਮਪ੍ਰੈਸ਼ਰ ਹੀ ਗ਼ਾਇਬ ਸਨ। ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।


# ਦਲ ਖਾਲਸਾ ਵੱਲੋਂ ਮਨਾਈ ਜਾਏਗੀ ਕਾਲੀ ਤੇ ਅੰਨ੍ਹੀ ਆਜ਼ਾਦੀ, 14 ਨੂੰ ਜਲੰਧਰ 'ਚ ਹੋਵੇਗਾ ਮਾਰਚ : ਗੁਰਨਾਮ ਸਿੰਘ ਮੂਣਕਾਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਦਲ ਖਾਲਸਾ ਅਤੇ ਸਿੱਖ ਯੂਥ ਆਫ਼ ਪੰਜਾਬ ਵੱਲੋਂ ਭਾਰਤੀ ਸਟੇਟ ਵੱਲੋਂ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਅਤੇ ਬੇਇਨਸਾਫੀਆਂ ਦੇ ਰੋਸ ਵੱਜੋਂ ਹਮੇਸ਼ਾ ਵਾਂਗ ਕਾਲੀ ਤੇ ਅੰਨ੍ਹੀ ਆਜ਼ਾਦੀ ਮਨਾਈ ਜਾ ਰਹੀ ਹੈ ਜਿਸ ਤਹਿਤ 14 ਅਗਸਤ ਨੂੰ ਜਲੰਧਰ ਵਿੱਚ ਰੋਸ ਮਾਰਚ ਕੀਤਾ ਜਾ ਰਿਹਾ ਹੈ। ਇਹ ਵਿਚਾਰ ਪ੍ਰੇਜ਼ੀਡੈਂਸੀ ਹੋਟਲ ਵਿੱਚ ਸਕੱਤਰ ਰਣਬੀਰ ਸਿੰਘ ਗੀਗਨੋਵਾਲ, ਤਜਿੰਦਰ ਸਿੰਘ ਅਤੇ ਹੋਰ ਸੀਨੀਅਰ ਮੈਂਬਰਾਂ ਦੀ ਹਾਜ਼ਰੀ ਵਿੱਚ ਦਲ ਖਾਲਸਾ, ਸਿੱਖ ਯੂਥ ਆਫ਼ ਪੰਜਾਬ ਵੱਲੋਂ ਕਰਵਾਈ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਗੁਰਨਾਮ ਸਿੰਘ ਮੂਣਕਾਂ ਨੇ ਪ੍ਰਗਟ ਕਰਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਕੌਮ ਦੇ ਨਾਲ ਧੱਕੇਸ਼ਾਹੀਆਂ ਅਤੇ ਬੇਇਨਸਾਫੀਆਂ ਕੀਤੀਆਂ। ਇੱਕ ਸਵਾਲ ਦੇ ਜਵਾਬ ਵਿੱਚ ਗੁਰਨਾਮ ਸਿੰਘ ਮੂਨਕਾਂ ਨੇ ਕਿਹਾ ਕਿ ਸਿੱਖਾਂ ਵਾਸਤੇ ਅਤੇ ਮੁਲਕ ਦੇ ਹੋਰ ਬਸ਼ਿੰਦਿਆਂ ਵਾਸਤੇ ਕਾਨੂੰਨ ਵੱਖਰੇ ਹਨ, ਜਿਸ ਦੀ ਇੱਕ ਮਿਸਾਲ ਸਿਰਸਾ ਵਾਲੇ ਸਾਧ ਦੀ ਵਾਰ-ਵਾਰ ਮਿਲ ਰਹੀ ਪੈਰੋਲ ਤੋਂ ਦਿੱਤੀ ਜਾ ਸਕਦੀ ਹੈ। ਜਦ ਕਿ ਦੂਜੇ ਪਾਸੇ ਸਿੱਖ ਕੌਮ ਦੇ ਜੁਝਾਰੂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਜੇਲ੍ਹਾਂ ਵਿੱਚ ਗੈਰ ਕਾਨੂੰਨੀ ਢੰਗ ਨਾਲ ਡੱਕੇ ਹੋਏ ਹਨ ਅਤੇ ਉਹਨਾਂ ਦੀਆਂ ਰਿਹਾਈ ਦੀਆਂ ਸਾਰੀਆਂ ਕੋਸ਼ਿਸ਼ਾਂ ਹੁਣ ਤੱਕ ਫੇਲ ਹੋ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਦਲ ਖਾਲਸਾ ਤੇ ਸਿੱਖ ਯੂਥ ਆਫ਼ ਪੰਜਾਬ ਵੱਲੋਂ ਆਯੂਰ ਜੀਵਨ ਸੰਸਥਾ ਦੇ ਸਹਿਯੋਗ ਨਾਲ ਪੂਰੇ ਪੰਜਾਬ ਵਿੱਚ 'ਨਸ਼ਿਆਂ ਤੋਂ ਆਜ਼ਾਦੀ' ਮੁਹਿੰਮ ਚਲਾਈ ਹੋਈ ਹੈ ਜਿਸ ਤਹਿਤ ਨੌਜਵਾਨਾਂ ਨੂੰ ਕੌਂਸਲਿੰਗ ਅਤੇ ਦਵਾਈਆਂ ਦੇ ਨਾਲ ਨਸ਼ਾ ਛੱਡਣ ਤੋਂ ਪ੍ਰੇਰਿਤ ਕੀਤਾ ਜਾ ਰਿਹਾ ਹੈ। ਹੁਣ ਦਲ ਖਾਲਸਾ ਅਤੇ ਆਯੂਰ ਜੀਵਨ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਪਹਿਲਾਂ 20 ਸਾਲ ਤੱਕ ਦੀ ਉਮਰ ਦੇ ਨੌਜਵਾਨਾਂ ਨੂੰ ਮੁਫਤ ਦਵਾਈ ਦਿੱਤੀ ਜਾ ਰਹੀ ਹੈ ਅਤੇ ਹੁਣ ਕੇਵਲ ਹੁਸ਼ਿਆਰਪੁਰ ਜ਼ਿਲ੍ਹੇ ਦੇ 25 ਸਾਲ ਦੀ ਉਮਰ ਤੱਕ ਜਿਹੜੇ ਨੌਜਵਾਨ ਲੋੜਵੰਦ ਤੇ ਗਰੀਬ ਪਰਿਵਾਰ ਨਾਲ ਸੰਬੰਧ ਰੱਖਦੇ ਹੋਣ, ਨੂੰ ਵੀ ਦਵਾਈ ਮੁਫਤ ਦਿਤੀ ਜਾਏਗੀ।




# ਡਾ. ਅਸ਼ੋਕ ਕੁਮਾਰ ਮਿੱਤਲ ਨੇ ਟਰੰਪ ਨੂੰ ਚੇਤਾਵਨੀ ਭਰਿਆ ਖੁੱਲ੍ਹਾ ਪੱਤਰ ਲਿਖਿਆ

**ਜਲੰਧਰ (ਸ਼ੈਲੀ ਐਲਬਰਟ)** ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਫ਼ਾਊਂਡਰ, ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਨੂੰ ਇਕ ਚੇਤਾਵਨੀ ਭਰਿਆ ਖੁੱਲ੍ਹਾ ਪੱਤਰ ਲਿਖਿਆ। ਇਹ ਕਦਮ ਅਮਰੀਕਾ ਵੱਲੋਂ ਭਾਰਤੀ ਸਾਮਾਨ 'ਤੇ 25 ਪ੍ਰਤੀਸ਼ਤ ਵਾਧੂ ਟੈਰਿਫ਼ ਲਗਾਉਣ ਤੋਂ ਬਾਅਦ ਚੁੱਕਿਆ ਗਿਆ। ਹੁਣ ਕੁੱਲ ਟੈਰਿਫ਼ ਵਾਧਾ 50 ਪ੍ਰਤੀਸ਼ਤ ਹੋ ਗਿਆ ਹੈ।ਪੱਤਰ ਵਿੱਚ ਡਾ. ਮਿੱਤਲ ਨੇ ਇਸ ਫ਼ੈਸਲੇ ਨੂੰ ਬਹੁਤ ਜ਼ਿਆਦਾ ਨਿਰਾਸ਼ਾਜਨਕ ਕਰਾਰ ਦਿੱਤਾ, ਖਾਸ ਕਰਕੇ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਕਿ ਭਾਰਤ ਅਤੇ ਅਮਰੀਕਾ ਇਤਿਹਾਸਕ ਤੌਰ 'ਤੇ ਮੁੱਲ-ਆਧਾਰਿਤ ਭਾਈਚਾਰੇ ਅਤੇ ਆਪਸੀ ਰਣਨੀਤਿਕ ਹਿਤਾਂ ਨੂੰ ਸਾਂਝਾ ਕਰਦੇ ਆਏ ਹਨ। ਉਨ੍ਹਾਂ ਨੇ ਸਵਾਲ ਕੀਤਾ, ਕੀ ਕੋਈ ਦੇਸ਼ ਭਾਰਤ 'ਤੇ ਰੂਸ ਨਾਲ ਵਪਾਰ ਰੋਕਣ ਦਾ ਦਬਾਅ ਬਣਾ ਸਕਦਾ ਹੈ, ਜਦੋਂ ਕਿ ਉਹ ਖੁਦ ਆਪਣੀਆਂ ਲੋੜਾਂ ਲਈ ਕ੍ਰੇਮਲਿਨ 'ਤੇ ਨਿਰਭਰ ਹੋ? ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕਾ ਅਤੇ ਯੂਰਪ ਅਜੇ ਵੀ ਰੂਸ ਨਾਲ ਵਪਾਰ ਕਰ ਰਹੇ ਹਨ, ਜਿਸ ਵਿੱਚ ਉਹ ਯੂਰੇਨੀਅਮ ਅਤੇ ਪੈਲੇਡੀਅਮ ਦਾ ਆਯਾਤ ਰੂਸ ਤੋਂ ਕਰਦੇ ਹਨ।ਡਾ. ਮਿੱਤਲ ਨੇ ਰਾਸ਼ਟਰਪਤੀ ਟਰੰਪ ਦੇ ਹਾਲੀਆ ਬਿਆਨ, ਜਿਸ ਵਿੱਚ ਉਨ੍ਹਾਂ ਨੇ ਭਾਰਤ ਨੂੰ ਡੈੱਡ ਅਕਾਨੌਮੀ ਕਿਹਾ ਸੀ, ਨੂੰ ਸਖ਼ਤ ਸ਼ਬਦਾਂ ਵਿੱਚ ਖ਼ਾਰਜ ਕੀਤਾ। ਉਨ੍ਹਾਂ ਨੇ ਦੱਸਿਆ ਕਿ ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਤੇ ਸਭ ਤੋਂ ਤੇਜ਼ੀ ਨਾਲ ਵੱਧ ਰਹੀ ਅਰਥਵਿਵਸਥਾ ਹੈ। ਪੱਤਰ ਵਿੱਚ ਲਿਖਿਆ ਗਿਆ ਕਿ ਅਮਰੀਕੀ ਕੰਪਨੀਆਂ ਹਰ ਸਾਲ ਭਾਰਤੀ ਬਾਜ਼ਾਰ ਤੋਂ 80 ਅਰਬ ਡਾਲਰ ਤੋਂ ਵੱਧ ਕਮਾਉਂਦੀਆਂ ਹਨ, ਅਤੇ ਅਮਰੀਕੀ ਡਿਜ਼ਿਟਲ ਅਰਥਵਿਵਸਥਾ ਦਾ ਵੱਡਾ ਹਿੱਸਾ ਉਸ ਕੋਡ 'ਤੇ ਚਲਦਾ ਹੈ ਜੋ ਭਾਰਤ ਵਿੱਚ ਲਿਖਿਆ ਜਾਂਦਾ ਹੈ। ਪੱਤਰ ਵਿੱਚ ਇਹ ਵੀ ਯਾਦ ਦਿਵਾਇਆ ਗਿਆ ਕਿ ਸਿਰਫ 2022 ਵਿੱਚ ਹੀ ਭਾਰਤ ਦੇ ਏਵੀਏਸ਼ਨ ਸੈਕਟਰ ਨੇ ਅਮਰੀਕੀ ਕੰਪਨੀਆਂ ਨਾਲ 2.45 ਅਰਬ ਡਾਲਰ ਦੇ ਸੌਦੇ ਕੀਤੇ ਸਨ। ਪੱਤਰ ਵਿੱਚ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਕਿ 7 ਅਗਸਤ 1905 ਦੇ ਸਵਦੇਸ਼ੀ ਅੰਦੋਲਨ ਦੀ ਅੱਜ ਵਰ੍ਹੇਗੰਢ ਹੈ। ਡਾ. ਮਿੱਤਲ ਨੇ ਚੇਤਾਵਨੀ ਦਿੱਤੀ ਕਿ ਜੇ ਅੱਜ 146 ਕਰੋੜ ਭਾਰਤੀ ਉਸੇ ਜਜ਼ਬੇ ਨਾਲ ਅਮਰੀਕੀ ਸਮਾਨ ਦਾ ਬਹਿਸਕਾਰ ਕਰਕੇ ਸਵਦੇਸ਼ੀ ਅਪਨਾਉਣ, ਤਾਂ ਇਸ ਦਾ ਅਸਰ ਅਮਰੀਕਾ 'ਤੇ ਭਾਰਤ ਨਾਲੋਂ ਕਈ ਗੁਣਾ ਗੰਭੀਰ ਹੋਵੇਗਾ। ਵਸੁਧੈਵ ਕੁਟੁੰਬਕਮ (ਸਾਰੀ ਦੁਨੀਆ ਇੱਕ ਪਰਵਾਰ ਹੈ) ਦੀ ਭਾਵਨਾ ਹੇਠ ਡਾ. ਮਿੱਤਲ ਨੇ ਅਮਰੀਕਾ ਨੂੰ ਦਬਾਅ ਦੀ ਬਜਾਏ ਸਹਿਯੋਗ ਚੁਣਨ ਦੀ ਅਪੀਲ ਕੀਤੀ। ਉਨ੍ਹਾਂ ਨੇ ਅੰਤ ਵਿੱਚ ਕਿਹਾ ਕਿ ਭਵਿੱਖ ਉਹਨਾਂ ਦਾ ਹੋਵੇਗਾ ਜੋ ਸਮਝਦੇ ਹਨ ਕਿ ਅੱਗੇ ਵਧਣ ਦਾ ਰਾਹ ਕੂਟਨੀਤੀ ਅਤੇ ਸਹਿਯੋਗ ਹੈ, ਨਾ ਕਿ ਭਾਰੀ-ਭਰਕਮ ਟੈਰਿਫ਼ ਲਗਾਉਣਾ। ਡਾ. ਮਿੱਤਲ ਦੇਸ਼ ਹਿੱਤ ਲਈ ਲਗਾਤਾਰ ਆਵਾਜ਼ ਉਠਾਉਂਦੇ ਰਹੇ ਹਨ। ਆਪਣੇ ਇਸ ਹਾਲੀਆ ਕਦਮ ਨਾਲ ਉਨ੍ਹਾਂ ਨੇ ਇੱਕ ਵਾਰ ਫਿਰ ਰਾਸ਼ਟਰੀ ਹਿੱਤ ਪ੍ਰਤੀ ਆਪਣੀ ਵਚਨਬੱਧਤਾ ਦਿਖਾਈ ਹੈ। ਉਨ੍ਹਾਂ ਨੇ ਅੱਜ ਦੀ ਵੱਧਦੀ ਅਸਥਿਰ ਵਿਸ਼ਵ ਸਥਿਤੀ ਵਿੱਚ ਅਜਿਹੀ ਭਾਰਤ-ਅਮਰੀਕਾ ਭਾਗੀਦਾਰੀ ਦਾ ਸਮਰਥਨ ਕੀਤਾ ਜੋ ਸਿਧਾਂਤਾਂ, ਨਿਆਂ ਅਤੇ ਆਪਸੀ ਸਤਿਕਾਰ 'ਤੇ ਅਧਾਰਤ ਹੋਵੇ।



# ਭਾਜਪਾ ਵੱਲੋਂ ਵੋਟ ਚੋਰੀ ਦੇ ਨਾਪਾਕ ਹੱਥਕੰਡਿਆਂ ਵਿਰੁੱਧ ਦੇਸ਼ ਭਰ 'ਚ ਜ਼ਬਰਦਸਤ ਰੋਸ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇੱਥੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਵੋਟ ਚੋਰੀ ਦੇ ਮਸਲੇ ਉੱਤੇ ਚਿੰਤਾ ਜਤਾਈ ਅਤੇ ਕਿਹਾ ਕਿ ਇਹ ਮੁੱਦਾ ਕਿਸੇ ਇੱਕ ਸੂਬੇ ਜਾਂ ਖੇਤਰ ਤੱਕ ਸੀਮਤ ਨਹੀਂ, ਸੰਵਿਧਾਨ ਅਤੇ ਲੋਕਤੰਤਰ ਦੀ ਪਾਵਨ ਵਿਵਸਥਾ ਉੱਤੇ ਹੋ ਰਹੇ ਸਿੱਧੇ ਹਮਲੇ ਦੀ ਨਿਸ਼ਾਨੀ ਹੈ।ਬਲਬੀਰ ਸਿੱਧੂ ਨੇ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਵਿੱਚੋਂ ਹਜ਼ਾਰਾਂ ਨਾਂਅ ਹਟਾ ਕੇ ਅਤੇ ਨਕਲੀ ਵੋਟਾਂ ਬਣਾ ਕੇ ਵੋਟ ਚੋਰੀ ਦਾ ਨਵਾਂ ਧੰਦਾ ਚਲਾਇਆ ਜਾ ਰਿਹਾ ਹੈ, ਜੋ ਕਿ ਸਿੱਧਾ-ਸਿੱਧਾ ਲੋਕਤੰਤਰ ਦਾ ਕਤਲ ਹੈ।ਇਹ ਨਾ ਸਿਰਫ਼ ਕਰਨਾਟਕਾ ਵਿੱਚ ਹੋਇਆ ਅਤੇ ਬਿਹਾਰ ਵਿੱਚ ਹੋ ਰਿਹਾ ਹੈ, ਸਗੋਂ ਹਰਿਆਣਾ, ਮਹਾਰਾਸ਼ਟਰ ਅਤੇ ਪੂਰੇ ਦੇਸ਼ ਵਿੱਚ ਇਹ ਤਾਨਾਸ਼ਾਹੀ ਦੇਖੀ ਗਈ ਹੈ, ਜਿਸ ਬਾਰੇ ਰਾਹੁਲ ਗਾਂਧੀ ਵੱਲੋਂ ਪੂਰੀ ਜਾਣਕਾਰੀ ਕੱਲ੍ਹ ਉਠਾਈ ਜਾ ਚੁੱਕੀ ਹੈ। ਇਤਿਹਾਸ ਵਿੱਚ ਪਹਿਲੀ ਵਾਰ ਚੋਣਾਂ ਤੋਂ ਪਹਿਲਾਂ ਇੰਨੀ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਂਅ ਹਟਾਏ ਗਏ ਸਨ ਅਤੇ ਨਕਲੀ ਵੋਟਾਂ ਬਣਾਈਆਂ ਗਈਆਂ ਸਨ।ਸਿੱਧੂ ਨੇ ਕਿਹਾ ਕਿ ਅਸੀਂ ਇਸ ਗੰਭੀਰ ਮਾਮਲੇ ਨੂੰ ਹਰ ਸੰਵਿਧਾਨਕ ਮੰਚ 'ਤੇ ਉਠਾਵਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਕਿਸੇ ਵੀ ਸਰਕਾਰ ਨੂੰ ਲੋਕਾਂ ਦੇ ਵੋਟ ਦੇ ਅਧਿਕਾਰ ਨਾਲ ਖੇਡਣ ਦੀ ਇਜਾਜ਼ਤ ਨਾ ਮਿਲੇ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਇਸ ਮੁੱਦੇ ਨੂੰ ਜਨਤਾ ਦੇ ਦਰਬਾਰ ਵਿੱਚ ਲਿਆਂਦਾ ਜਾਣਾ ਸਿਰਫ਼ ਵਕਤ ਦੀ ਲੋੜ ਨਹੀਂ ਸੀ, ਸਗੋਂ ਲੋਕਤੰਤਰ ਦੀ ਰੱਖਿਆ ਲਈ ਇੱਕ ਬਹੁਤ ਹੀ ਸਾਹਸੀ ਕਦਮ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਜੋ ਸਵਾਲ ਚੁੱਕੇ ਹਨ, ਉਹ ਹਰ ਸੱਚੇ ਭਾਰਤੀ ਨਾਗਰਿਕ ਦੇ ਮਨ ਵਿਚ ਉੱਠ ਰਹੇ ਸਵਾਲ ਹਨ। ਕਾਂਗਰਸ ਪਾਰਟੀ, ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਬੇਹੱਦ ਕੁਰਬਾਨੀਆਂ ਦਿੱਤੀਆਂ, ਉਹ ਇਸ ਨਵੀਂ ਲੜਾਈ ਵਿੱਚ ਵੀ ਸੰਵਿਧਾਨ ਅਤੇ ਲੋਕਤੰਤਰ ਦੀ ਰੱਖਿਆ ਲਈ ਪੂਰੇ ਜੋਸ਼ ਨਾਲ ਮੈਦਾਨ 'ਚ ਉੱਤਰੇਗੀ। ਸਿੱਧੂ ਨੇ ਕਿਹਾ ਕਿ ਕਾਂਗਰਸ ਰਾਹੁਲ ਗਾਂਧੀ ਦੀ ਅਗਵਾਈ ਹੇਠ ਭਾਜਪਾ ਦੀ ਤਾਨਾਸ਼ਾਹੀ ਅਤੇ ਚੋਣਾਂ ਦੀਆਂ ਧੱਜੀਆਂ ਉਡਾਉਣ ਵਾਲੇ ਹੱਥਕੰਡਿਆਂ ਦਾ ਡਟ ਕੇ ਵਿਰੋਧ ਕਰੇਗੀ।

# ਗੋਸਵਾਮੀ ਤੁਲਸੀਦਾਸ ਜੈਯੰਤੀ 'ਤੇ ਸੈਣੀ ਦੇ ਨਿਵਾਸ ਵਿਖੇ ਰਾਜ ਪੱਧਰੀ ਪ੍ਰੋਗਰਾਮ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਗੋਸਵਾਮੀ ਤੁਲਸੀਦਾਸ ਜੈਯੰਤੀ ਦੇ ਪਵਿੱਤਰ ਮੌਕੇ 'ਤੇ ਸ਼ੁੱਕਰਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਿਵਾਸ ਸੰਤ ਕਬੀਰ ਕੁਟੀਰ 'ਤੇ ਰਾਜ ਪੱਧਰੀ ਪ੍ਰੋਗਰਾਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸੂਬੇ ਭਰ ਤੋਂ ਗੋਸਵਾਮੀ ਸਮਾਜ ਦੇ ਪ੍ਰਮੁੱਖ ਪ੍ਰਤੀਨਿਧੀਆਂ ਸਮੇਤ ਸੂਬੇ ਦੇ ਕੋਣੇ ਕੋਣੇ ਤੋਂ ਆਏ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਮੁੱਖ ਮੰਤਰੀ ਨੇ ਸਮਾਜ ਵੱਲੋਂ ਰੱਖੀ ਗਈਆਂ ਮੰਗਾਂ 'ਤੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਗੋਸਾਈ ਸਮਾਜ ਨੂੰ ਕੇਂਦਰੀ ਓਬੀਸੀ ਲਿਸਟ ਵਿੱਚ ਸ਼ਾਮਲ ਕਰਨ ਲਈ ਹਰਿਆਣਾ ਸਰਕਾਰ ਓਬੀਸੀ ਕਮਿਸ਼ਨ ਨੂੰ ਪੱਤਰ ਲਿੱਖ ਕੇ ਲਿਸਟ ਵਿੱਚ ਨਾਂਅ ਸ਼ਾਮਲ ਕਰਵਾਉਣ ਲਈ ਸਿਫਾਰਿਸ਼ ਕਰੇਗੀ।ਇਸ ਦੇ ਇਲਾਵਾ ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਸੂਬੇ ਵਿੱਚ ਕਿਸੇ ਇੱਕ ਚੌਕ ਦਾ ਨਾਂਅ ਅਤੇ ਹਿਸਾਰ ਵਿੱਚ ਸਥਾਪਿਤ ਕੀਤੀ ਜਾਣ ਵਾਲੀ ਵੱਡੀ ਲਾਇਬ੍ਰੇਰੀ ਦਾ ਨਾਂਅ ਗੋਸਵਾਮੀ ਤੁਲਸੀਦਾਸ ਦੇ ਨਾਂਅ 'ਤੇ ਰੱਖਿਆ ਜਾਵੇਗਾ। ਨਾਲ ਹੀ ਗੋਸਵਾਮੀ ਸਮਾਜ ਸਭਾ ਦੀ ਕੁਰੂਕਸ਼ੇਤਰ ਵਿੱਚ ਬਣ ਰਹੀ ਧਰਮਸ਼ਾਲਾ ਲਈ ਮੁੱਖ ਮੰਤਰੀ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ 31 ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਉਨ੍ਹਾਂ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਪਿਛੜਾ ਵਰਗ (ਏ) ਨੂੰ 8 ਫੀਸਦੀ ਅਤੇ ਪਿਛੜਾ ਵਰਗ (ਬੀ) ਨੂੰ 5 ਫੀਸਦੀ ਰਿਜਰਵੇਸ਼ਨ ਅਤੇ ਪੰਚ ਅਹੁਦੇ ਲਈ ਉਨ੍ਹਾਂ ਦੀ ਜਨਸੰਖਿਆ ਦੇ 50 ਫੀਸਦੀ ਦੇ ਅਨੁਪਾਤ ਵਿੱਚ ਰਿਜਰਵੇਸ਼ਨ ਦਿੱਤਾ ਹੈ। ਸ਼ਹਿਰੀ ਸਥਾਨਕ ਸੰਗਠਨਾਂ ਵਿੱਚ ਵੀ ਪਿਛੜਾ ਵਰਗ (ਬੀ) ਨੂੰ ਮੇਅਰ/ਪ੍ਰਧਾਨ ਦੇ ਅਹੁਦਿਆਂ ਵਿੱਚ 5 ਫੀਸਦੀ ਅਤੇ ਮੈਂਬਰਾਂ ਲਈ ਸਬੰਧਿਤ ਪਾਲਿਕਾ ਵਿਚ ਉਨ੍ਹਾਂ ਦੀ ਜਨਸੰਖਿਆ ਦੇ 50 ਫੀਸਦੀ ਦੇ ਅਨੁਪਾਤ ਵਿੱਚ ਰਿਜਰਵੇਸ਼ਨ ਦਿੱਤਾ ਹੈ। ਪਿਛੜੇ ਵਰਗਾਂ ਦੇ 3 ਲੱਖ ਰੁਪਏ ਤੱਕ ਸਾਲਾਨਾ ਆਮਦਨ ਵਾਲੇ ਪਰਵਾਰਾਂ ਦੇ ਬੱਚਿਆਂ ਦੀ ਦੇਸ਼ ਵਿੱਚ ਪਢਾਈ ਲਈ 15 ਲੱਖ ਰੁਪਏ ਅਤੇ ਵਿਦੇਸ਼ ਵਿੱਚ ਪੜ੍ਹਾਈ ਲਈ 20 ਲੱਖ ਰੁਪਏ ਤੱਕ ਦੀ ਰਕਮ 4 ਫੀਸਦੀ ਸਾਲਾਨਾ ਵਿਆਜ 'ਤੇ ਦਿੱਤਾ ਜਾਂਦਾ ਹੈ।ਪ੍ਰੋਗਰਾਮ ਵਿੱਚ ਨਗਰ ਪਾਲਿਕਾ ਪੁੰਡਰੀ ਦੀ ਚੇਅਰਮੈਨ ਸ੍ਰੀਮਤੀ ਬਬਲੀ ਗੋਸਵਾਮੀ, ਗੋਸਵਾਮੀ ਤੁਲਸੀਦਾਸ ਲਾਇਬ੍ਰੇਰੀ ਕਮੇਟੀ ਹਿਸਾਰ ਦੇ ਪ੍ਰਧਾਨ ਡਾ. ਰਾਮ ਪ੍ਰਸਾਦ ਗੋਸਵਾਮੀ, ਮੁੱਖ ਮੰਤਰੀ ਦੇ ਓਐਸਡੀ ਭਾਰਤ ਭੂਸ਼ਣ ਭਾਰਤੀ, ਸਾਬਕਾ ਚੇਅਰਮੈਨ ਡਾ. ਸੁਬੋਧ ਗਿਰੀ ਸਮੇਤ ਹੋਰ ਮਾਣਯੋਗ ਮਹਿਮਾਨ ਮੌਜੂਦ ਰਹੇ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਰੱਖੜੀ ਦਾ ਦਿਹਾੜਾ ਮਨਾਇਆ



**ਸੁਲਤਾਨਪੁਰ ਲੋਧੀ (ਹਨੀ)** ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਜਿਸਦੀ ਸ਼ੁਰੂਆਤ ਸਪੈਸ਼ਲ ਅਸੈਂਬਲੀ ਨਾਲ ਕੀਤੀ ਗਈ। ਇਸ ਦੌਰਾਨ ਵਿਦਿਆਰਥੀਆਂ ਨੇ ਰੱਖੜੀ ਸਬੰਧੀ ਸੁੰਦਰ ਕਵਿਤਾਵਾਂ, ਗੀਤ ਅਤੇ ਸਪੀਚ ਆਦਿ ਪੇਸ਼ ਕਰਦਿਆਂ, ਇਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਇਸ ਤੋਂ ਇਲਾਵਾ ਪ੍ਰੀ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦੁਆਰਾ ਬਹੁਤ ਹੀ ਸੁੰਦਰ ਰੱਖੜੀਆਂ ਬਣਾਈਆਂ ਗਈਆਂ। ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿਚ ਰੱਖੜੀ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਦੁਆਰਾ ਬਹੁਤ ਹੀ ਸੁੰਦਰ ਰੱਖੜੀਆਂ ਬਣਾਈਆਂ ਗਈਆਂ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਕਿਹਾ ਹੈ ਕਿ ਰੱਖੜੀ ਕੋਈ ਕੱਚਾ ਧਾਗਾ ਨਹੀਂ ਹੈ, ਬਲਕਿ ਇਹ ਭੈਣ ਅਤੇ ਭਰਾ ਦੇ ਪਿਆਰ ਦਾ ਪ੍ਰਤੀਕ ਹੈ ਅਤੇ ਕਦੇ ਵੀ ਨਾ ਟੁੱਟਣ ਵਾਲਾ ਰਿਸ਼ਤਾ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।

# ਮੋਦੀ ਦੀ ਵਿਦੇਸ਼ ਨੀਤੀ ਕਾਰਨ ਜਲੰਧਰ ਦੇ ਉਦਯੋਗਾਂ 'ਤੇ ਅਮਰੀਕਾ ਦੇ ਟੈਕਸਾਂ ਦਾ ਸਿੱਧਾ ਅਸਰ : ਅੰਮ੍ਰਿਤਪਾਲ ਸਿੰਘ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਸਿਰਫ਼ ਸਾਡਾ ਸ਼ਹਿਰ ਨਹੀਂ, ਇਹ ਰਾਸ਼ਟਰ ਦਾ ਖੇਡਾਂ ਦਾ ਮੱਧ ਅਤੇ ਫਰਨੀਚਰ ਉਦਯੋਗ ਦਾ ਹੱਬ ਹੈ। ਇਹ ਗੱਲ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਵੱਲੋਂ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਹੀ ਗਈ। ਉਨ੍ਹਾਂ ਦੱਸਿਆ ਕਿ ਜਲੰਧਰ ਤੋਂ ਤਿਆਰ ਕੀਤੀਆਂ ਚੀਜ਼ਾਂ ਅਮਰੀਕਾ, ਯੂਰਪ ਅਤੇ ਕੈਨੇਡਾ ਤੱਕ ਐਕਸਪੋਰਟ ਹੁੰਦੀਆਂ ਹਨ, ਪਰ ਹੁਣ ਅਮਰੀਕਾ ਵੱਲੋਂ ਲਾਏ ਗਏ ਟੈਰਿਫ਼ ਸਿੱਧਾ ਇਥੋਂ ਦੇ ਉਦਯੋਗਾਂ ਅਤੇ ਲੱਖਾਂ ਕਰਮਚਾਰੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ।ਅੰਮ੍ਰਿਤਪਾਲ ਸਿੰਘ ਨੇ ਸਵਾਲ ਉਠਾਇਆ ਕਿੱਥੇ ਹੈ ਅਬਕੀ ਬਾਰ, ਟਰੰਪ ਸਰਕਾਰ ਵਾਲਾ ਨਾਅਰਾ ਜੋ ਮੋਦੀ ਨੇ ਅਮਰੀਕਾ ਵਿੱਚ ਲਾਇਆ ਸੀ? ਜਲੰਧਰ ਦੇ ਫਰਨੀਚਰ ਅਤੇ ਸਪੋਰਟਸ ਗੁੱਡਜ਼ ਇੰਡਸਟਰੀ ਅਤੇ ਇਨ੍ਹਾਂ ਉੱਤੇ ਨਿਰਭਰ ਲੱਖਾਂ ਹੱਥਾਂ ਦੀ ਰੋਟੀ ਲਈ ਜ਼ਿੰਮੇਵਾਰ ਕੌਣ ਹੋਵੇਗਾ? ਉਨ੍ਹਾਂ ਵੱਲੋਂ ਕੇਂਦਰ ਸਰਕਾਰ ਕੋਲ ਤਤਕਾਲ ਮੰਗ ਕੀਤੀ ਗਈ ਕਿ ਅਮਰੀਕਾ ਨਾਲ ਤੁਰੰਤ ਉੱਚ ਪੱਧਰੀ ਗੱਲਬਾਤ ਕੀਤੀ ਜਾਵੇ, ਜਲੰਧਰ ਵਰਗੇ ਉਦਯੋਗਿਕ ਸ਼ਹਿਰਾਂ ਲਈ ਵਿਸ਼ੇਸ਼ ਰਾਹਤ ਪੈਕੇਜ ਦਾ ਐਲਾਨ ਕੀਤਾ ਜਾਵੇ ।ਉਨ੍ਹਾਂ ਕਿਹਾ ਕਿ ਇਹ ਸਮਾਂ ਸ਼ਬਦਾਂ ਦਾ ਨਹੀਂ, ਕਾਰਵਾਈ ਦਾ ਹੈ। ਜਲੰਧਰ ਦੀ ਅਵਾਜ਼ ਹੁਣ ਦਿੱਲੀ ਤੱਕ ਜਾਣੀ ਚਾਹੀਦੀ ਹੈ। ਆਪ ਸਰਕਾਰ ਹਮੇਸ਼ਾ ਉਦਯੋਗਿਕ ਸ਼ਹਿਰਾਂ ਅਤੇ ਹੁਨਰਮੰਦ ਹੱਥਾਂ ਦੇ ਹੱਕ 'ਚ ਖੜ੍ਹੀ ਰਹੀ ਹੈ ਅਤੇ ਅਸੀਂ ਇਹ ਮਾਮਲਾ ਹਰ ਪੱਧਰ 'ਤੇ ਉਠਾਉਣਗੇ।

# ਪੱਛੜੀਆਂ ਸ਼੍ਰੇਣੀਆਂ ਲਈ 2 ਆਧੁਨਿਕ ਹੋਸਟਲ ਲਈ, 1.12 ਕਰੋੜ ਦੀ ਪਹਿਲੀ ਕਿਸ਼ਤ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਪਹਿਲੀ ਵਾਰ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 2 ਆਧੁਨਿਕ ਹੋਸਟਲ ਬਣਾਏ ਜਾ ਰਹੇ ਹਨ। ਇਨ੍ਹਾਂ ਦੋਵੇਂ ਹੋਸਟਲਾਂ ਦੀ ਪਹਿਲੀ ਕਿਸ਼ਤ 1.12 ਕਰੋੜ ਰੁਪਏ ਦੀ ਮਨਜ਼ੂਰੀ ਦੇ ਦਿੱਤੀ ਹੈ, ਜੋ ਜਲਦੀ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖਾਤਿਆਂ ਵਿੱਚ ਜਾਵੇਗੀ ਅਤੇ ਨਿਰਮਾਣ ਕੰਮ ਤੁਰੰਤ ਸ਼ੁਰੂ ਹੋ ਜਾਵੇਗਾ। ਇਹ ਹੋਸਟਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਲੜਕਿਆਂ ਅਤੇ ਲੜਕੀਆਂ ਲਈ 100-100 ਸੀਟਾਂ ਦੇ ਹੋਣਗੇ ਅਤੇ ਕੁੱਲ 6.99 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾਣਗੇ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਹਰ ਇੱਕ ਹੋਸਟਲ ਦੀ ਲਾਗਤ 3.49 ਕਰੋੜ ਰੁਪਏ ਹੋਵੇਗੀ। ਦੋਵੇਂ ਹੋਸਟਲਾਂ ਵਿੱਚ ਵਿਦਿਆਰਥੀਆਂ ਲਈ ਆਧੁਨਿਕ ਸੁਵਿਧਾਵਾਂ ਵਾਲੇ ਕਮਰੇ, ਪੜ੍ਹਾਈ ਲਈ ਸੁਚੱਜਾ ਵਾਤਾਵਰਣ ਅਤੇ ਹੋਰ ਜ਼ਰੂਰੀ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ, ਤਾਂ ਜੋ ਉਹ ਆਪਣੀ ਪੜ੍ਹਾਈ ਵਿੱਚ ਪੂਰੀ ਤਰ੍ਹਾਂ ਧਿਆਨ ਕੇਂਦਰਤ ਕਰ ਸਕਣ। ਇਹ ਉਪਰਾਲਾ ਦੂਰ-ਦਰਾਜ਼ ਇਲਾਕਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਉਚਿਤ ਰਹਿਣ-ਸਹਿਣ ਦੀ ਸਹੂਲਤ ਦੇ ਕੇ ਉੱਚ ਸਿੱਖਿਆ ਹਾਸਲ ਕਰਨ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰੇਗਾ। ਉਨ੍ਹਾਂ ਦੱਸਿਆ ਕਿ ਹੋਸਟਲਾਂ ਦੀ ਘਾਟ ਕਾਰਨ ਪੱਛੜੀਆਂ ਸ਼੍ਰੇਣੀਆਂ ਦੇ ਕਈ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਵਾਂਝਾ ਰਹਿਣਾ ਪੈਂਦਾ ਸੀ, ਜਿਸ ਕਰਕੇ ਸਰਕਾਰ ਵੱਲੋਂ ਨਵੇਂ ਹੋਸਟਲ ਪ੍ਰਾਜੈਕਟਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਕੇਵਲ ਢਾਂਚਾਗਤ ਵਿਕਾਸ ਨਹੀਂ, ਸਗੋਂ ਪੱਛੜੀਆਂ ਸ਼੍ਰੇਣੀਆਂ ਦੇ ਨੌਜਵਾਨਾਂ ਨੂੰ ਸਮਾਜਿਕ ਤੌਰ 'ਤੇ ਮਜ਼ਬੂਤ ਕਰਕੇ ਰਾਜ ਦੇ ਵਿਕਾਸ ਵਿੱਚ ਭਾਗੀਦਾਰ ਬਣਾਉਣ ਵੱਲ ਇੱਕ ਵੱਡਾ ਕਦਮ ਹੈ।

# ਜ਼ੋਨਲ ਖੇਡਾਂ 'ਚ ਅਕਾਲ ਗਲੈਕਸੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਬੈਡਮਿੰਟਨ ਤੇ ਖੋ-ਖੋ 'ਚ ਮਾਰੀਆਂ ਮੱਲਾਂ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਬੀਤੇ ਦਿਨੀਂ ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਜੋਨਲ ਖੇਡਾਂ 2025 -26 ਜੋਨ ਨੰਬਰ 16, ਡਾਕਟਰ ਭੁਪਿੰਦਰ ਸਿੰਘ (ਡੀ ਪੀ ਈ), ਪਰਮਿੰਦਰ ਸਿੰਘ ਮੁੱਤੀ ਪੀਟੀ ਆਈ (ਜੋਨਲ ਸੈਕਰੇਟਰੀ) ਦੀ ਨਿਗਰਾਨੀ ਹੇਠ ਆਯੋਜਿਤ ਕੀਤੀਆਂ ਗਈਆਂ। ਇਸ ਸਮੇਂ ਅਮਨਦੀਪ ਸਿੰਘ ਡੀ ਪੀ.ਈ, ਹਰਪਿੰਦਰ ਸਿੰਘ, ਡਾਕਟਰ ਹੀਨਾ ਕੁਮਾਰੀ,ਡਾਕਟਰ ਸੁਖਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਹਰਮਨਜੋਤ ਸਿੰਘ ਵੀ ਇਹਨਾਂ ਦੇ ਨਾਲ ਸਨ। ਇਹਨਾਂ ਜੋਨਲ ਖੇਡਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਵੱਖ-ਵੱਖ ਸਕੂਲਾਂ ਦੀਆਂ ਅੰਡਰ 14 ਅਤੇ 17 ਵਿੱਚ ਖੋ-ਖੋ ਅਤੇ ਬੈਡਮਿੰਟਨ ਖੇਡਾਂ ਆਯੋਜਿਤ ਕਰਵਾਈਆਂ ਗਈਆਂ,ਜਿਸ ਵਿੱਚ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ (ਪੂਨੀਆ) ਸਰਕਾਰੀ ਹਾਈ ਸਕੂਲ (ਕਾਸੂ ਮੁੰਡੀ) ਸਰਕਾਰੀ ਹਾਈ ਸਕੂਲ (ਕੋਟਲੀ ਗਾਜਰਾਂ ) ਬਾਬੇ ਕੇ ਸੀਨੀਅਰ ਸੈਕੈਂਡਰੀ ਸਕੂਲ,ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ (ਨਿਹਾਲੂਵਾਲ ),ਸਰਕਾਰੀ ਹਾਈ ਸਕੂਲ (ਮਹਿਰਾਜ ਵਾਲਾ) ਸੰਤ ਸਰਦਾਰ ਅਵਤਾਰ ਸਿੰਘ ਸੀਚੇਵਾਲ ਸੀਨੀਅਰ ਸੈਕੰਡਰੀ ਸਕੂਲ, ਮਿਡਲ ਹਾਈ ਸਕੂਲ (ਬਾਹਮਣੀਆਂ), ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕਾਕੜ ਕਲਾਂ, ਸੈਂਟ ਜੋਸਫ਼ ਸਕੂਲ( ਸ਼ਾਹਕੋਟ ) ਅਤੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਲੋਹੀਆਂ ਖਾਸ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਖੇਡ ਪ੍ਰਤੀਯੋਗਤਾ ਵਿੱਚ ਖੋ-ਖੋ ਅੰਡਰ 17 ਵਿੱਚ ਪਹਿਲੇ ਨੰਬਰ 'ਤੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਪੂਨੀਆ, ਦੂਜੇ ਨੰਬਰ 'ਤੇ ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਅਤੇ ਤੀਸਰੇ ਨੰਬਰ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਿਹਾਲੂਵਾਲ ਦੇ ਵਿਦਿਆਰਥੀ ਆਏ ਅਤੇ ਅੰਡਰ 14 ਖੋ-ਖੋ ਵਿੱਚ ਪਹਿਲੇ ਨੰਬਰ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੂਨੀਆ ਦੂਸਰੇ ਨੰਬਰ 'ਤੇ ਸਰਕਾਰੀ ਸਕੂਲ ਤਲਵੰਡੀ ਬੂਟੀਆਂ ਅਤੇ ਤੀਸਰੇ ਨੰਬਰ 'ਤੇ ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਦੀਆਂ ਟੀਮਾਂ ਰਹੀਆਂ। ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੁਆਰਾ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਅੰਡਰ 17 ਲੜਕੀਆਂ ਬੈਡਮਿੰਟਨ ਵਿੱਚ ਜਾਨਵੀ, ਸੁਪ੍ਰੀਤ ਕੌਰ,ਪਲਕਪ੍ਰੀਤ ਕੌਰ ਅਤੇ ਯਸ਼ਤਾ ਨੇ ਤੀਜਾ ਸਥਾਨ ਅਤੇ ਅੰਡਰ 19 ਵਿੱਚ ਸ਼ਬਨਮਪ੍ਰੀਤ ਕੌਰ,ਮੰਨਤਪ੍ਰੀਤ ਕੌਰ, ਨਵਰੋਜਪ੍ਰੀਤ ਕੌਰ,ਸੁਪ੍ਰੀਤ ਕੌਰ, ਅਰਸ਼ਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਤੀਜਾ ਸਥਾਨ, ਅੰਡਰ 19 ਮੁੰਡਿਆਂ ਦੀ ਟੀਮ ਬੈਡਮਿੰਟਨ ਵਿੱਚ ਸਾਹਿਲਪ੍ਰੀਤ ਸਿੰਘ, ਸਾਹਿਬ ਸਿੰਘ, ਹਰਮਨਦੀਪ ਸਿੰਘ, ਤਾਨਿਸ਼, ਅਤੇ ਹਰਕੀਰਤ ਸਿੰਘ ਨੇ ਤੀਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਸਕੂਲ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਦੁਆਰਾ ਸਮੂਹ ਵਿਦਿਆਰਥੀਆਂ ਅਤੇ ਸਕੂਲ ਡੀ.ਪੀ. ਮਨਜੀਤ ਸਿੰਘ ਅਤੇ ਅਮਨਦੀਪ ਸਿੰਘ ਨੂੰ ਇਸ ਸ਼ਾਨਦਾਰ ਖੇਡਾਂ ਦੀ ਉਪਲਬਧੀ ਲਈ ਵਧਾਈ ਦਿੱਤੀ।



# ਖਾਲਸਾ ਸਕੂਲ ਵਿਖੇ ਜ਼ੋਨ ਨੰਬਰ 06 ਦੀਆਂ ਇਨ ਡੋਰ ਖੇਡਾਂ ਸ਼ਾਨੋ-ਸ਼ੌਕਤ ਨਾਲ ਸਮਾਪਤ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਚੰਡੀਗੜ੍ਹ ਰੋਡ 'ਤੇ ਸਥਿਤ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਜ਼ੋਨ ਨੰਬਰ 06 ਦੀਆਂ ਇਨ ਡੋਰ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਈਆਂ। ਖਾਲਸਾ ਸਕੂਲ ਦੇ ਪ੍ਰਿੰਸੀਪਲ ਕਮ ਜੋਨਲ ਪ੍ਰਧਾਨ ਦਲਜੀਤ ਸਿੰਘ ਬੋਲਾ ਨੇ ਦੱਸਿਆ ਕਿ ਇਨ ਡੋਰ ਖੇਡਾਂ ਜਿਨ੍ਹਾਂ ਵਿੱਚ ਬੈਡਮਿੰਟਨ,ਸ਼ਤਰੰਜ,ਟੇਬਲ ਟੈਨਿਸ,ਰੱਸਾ ਕੱਸੀ ਅਤੇ ਵਾਲੀਵਾਲ ਆਦਿ ਸ਼ਾਮਲ।ਇਨਡੋਰ ਖੇਡਾਂ ਦੇ ਨਤੀਜੇ ਜਿਨ੍ਹਾਂ ਵਿਚ ਬੈਡਮਿੰਟਨ ਅੰਡਰ 14 ਉਮਰ ਗੁੱਟ ਲੜਕਿਆਂ ਦੀ ਖੇਡ ਵਿੱਚ ਸੰਤ ਬਾਬਾ ਖੇਮ ਸਿੰਘ ਸਕੂਲ ਅਲਾਚੌਰ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਭੀਣ ਦੂਸਰਾ ਸਥਾਨ, ਅੰਡਰ 17 ਸਰਕਾਰੀ ਹਾਈ ਸਕੂਲ ਅਲਾਚੌਰ ਪਹਿਲਾ ਸਥਾਨ, ਜੇ ਐਸ ਐਫ ਐਚ ਖਾਲਸਾ ਸਕੂਲ ਦੂਸਰਾ ਸਥਾਨ, ਅੰਡਰ 19 ਖਾਲਸਾ ਸਕੂਲ ਪਹਿਲਾਂ ਸਥਾਨ ਤੇ ਦੋਆਬਾ ਆਰੀਆ ਸਕੂਲ ਦੂਸਰਾ ਸਥਾਨ, ਇਸੇ ਤਰਾਂ ਲੜਕੀਆਂ ਵਿੱਚ ਅੰਡਰ 14 ਸਕੂਲ ਆਫ ਐਮੀਨੈਂਸ ਨਵਾਂਸ਼ਹਿਰ ਨੇ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਅਲਾਚੌਰ ਦੂਸਰਾ ਸਥਾਨ, ਅੰਡਰ 17 ਸਕੂਲ ਆਫ ਐਮੀਨੈਂਸ ਪਹਿਲਾ ਸਥਾਨ, ਖਾਲਸਾ ਸਕੂਲ ਦੂਸਰਾ ਸਥਾਨ, ਅੰਡਰ 19 ਸਕੂਲ ਅਤੇ ਦੋਆਬਾ ਆਰੀਆ ਸਕੂਲ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸ਼ਤਰੰਜ ਦੀ ਖੇਡ ਵਿੱਚ ਅੰਡਰ 14 ਮਹਾਲੋਂ ਲੜਕਿਆਂ ਦੀ ਟੀਮ ਜੇਤੂ ਰਹੀ ਅੰਡਰ 17 ਮਹਾਲੋਂ ਪਹਿਲਾ ਅਲਾਚੌਰ ਨੇ ਦੂਸਰਾ ਸਥਾਨ ਅਤੇ ਅੰਡਰ 19 ਵਿੱਚ ਸਕੂਲ ਆਫ ਐਮੀਨੈਂਸ ਨੇ ਪਹਿਲਾ ਅਤੇ ਖਾਲਸਾ ਸਕੂਲ ਨੇ ਦੂਸਰਾ ਸਥਾਨ ਹਾਸਲ ਕੀਤਾ। ਲੜਕੀਆਂ ਦੀ ਸ਼ਤਰੰਜ 14 ਸਾਲਾ ਲੜਕੀਆਂ ਮੱਲਪੁਰ ਅੜਕਾਂ ਨੇ ਪਹਿਲਾਂ ਸਥਾਨ, ਮਹਾਲੋਂ ਦੂਸਰਾ ਸਥਾਨ, 17 ਸਾਲਾਂ ਲੜਕੀਆਂ ਖਾਲਸਾ ਸਕੂਲ ਪਹਿਲਾ ਸਥਾਨ ਅਤੇ ਮਹਾਲੋਂ ਨੇ ਦੂਸਰਾ ਸਥਾਨ ਹਾਸਿਲ ਕੀਤ। ਰੱਸਾ ਕੱਸੀ ਦੇ ਮੁਕਾਬਲਿਆਂ ਵਿੱਚ 14 ਸਾਲਾ ਲੜਕੇ ਜੱਬੋਵਾਲ ਨੇ ਪਹਿਲਾ, ਖਾਲਸਾ ਸਕੂਲ ਨੇ ਦੂਸਰਾ ਸਥਾਨ, 17 ਸਾਲਾ ਨਵਾਂਸ਼ਹਿਰ ਪਹਿਲਾ ਸਥਾਨ ਅਤੇ ਕਰੀਹਾ ਦੂਸਰਾ ਸਥਾਨ 19 ਸਾਲਾਂ ਖਾਲਸਾ ਪਹਿਲਾ ਸਥਾਨ ਅਤੇ ਨਵਾਂਸ਼ਹਿਰ ਨੇ ਦੂਸਰਾ ਸਥਾਨ ਹਾਸਲ ਕੀਤਾ। ਲੜਕੀਆਂ ਦੀ ਰੱਸਾ ਕਸੀ ਟੀਮ ਵਿੱਚ 14 ਸਾਲਾ ਮਹਾਲੋਂ ਪਹਿਲੇ ਸਥਾਨ ਅਤੇ ਭੰਗਲ ਖੁਰਦ ਦੂਸਰੇ ਸਥਾਨ ਤੇ ਰਹੇ, 17 ਸਾਲਾ ਉਮਰ ਗੁੱਟ ਵਿੱਚ ਕਰੀਹਾ ਨੇ ਪਹਿਲਾ ਸਥਾਨ, ਮਹਾਲੋਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਟੇਬਲ ਟੈਨਿਸ ਦੀ ਖੇਡ ਵਿੱਚ 17 ਸਾਲਾ ਲੜਕੇ ਦੋਆਬਾ ਸਿੱਖ ਨੈਸ਼ਨਲ ਸਕੂਲ ਨੇ ਪਹਿਲਾ ਸਥਾਨ, ਖਾਲਸਾ ਸਕੂਲ ਨੇ ਦੂਸਰਾ ਸਥਾਨ ਅਤੇ 19 ਸਾਲ ਉਮਰ ਵਰਗ ਵਿੱਚ ਲੰਗੜੋਆ ਨੇ ਪਹਿਲਾ ਸਥਾਨ ਅਤੇ ਦੋਆਬਾ ਸਿੱਖ ਨੈਸ਼ਨਲ ਨੇ ਦੂਸਰਾ ਸਥਾਨ ਹਾਸਲ ਕੀਤਾ। ਵਾਲੀਬਾਲ ਦੀ ਟੀਮ ਵਿੱਚ 14 ਸਾਲਾ ਲੜਕੇ ਭੀਣ ਪਹਿਲਾ ਸਥਾਨ ਜੇਤੂ ਹਾਸਲ ਕੀਤਾ ਅਤੇ 17 ਸਾਲਾਂ ਉਮਰ ਵਰਗ ਵਿੱਚ ਪੱਲੀ ਝਿੱਕੀ ਪਹਿਲੇ ਸਥਾਨ ਤੇ ਅਤੇ ਮੱਲਪੁਰ ਅੜਕਾਂ ਦੂਸਰੇ ਸਥਾਨ ਤੇ ਵਾਲੀਬਾਲ ਵਿੱਚ 19 ਸਾਲਾ ਉਮਰ ਵਰਗ ਵਿੱਚ ਪੀ ਐਮ ਸ਼੍ਰੀ ਲੰਗੜੋਆ ਸਕੂਲ ਜੋਨ ਵਿੱਚੋਂ ਜੇਤੂ ਰਿਹਾ।ਦੋ ਦਿਨਾਂ ਇਸ ਟੂਰਨਾਮੈਂਟ ਵਿੱਚ ਬਤੌਰ ਕਨਵੀਨਰ ਸੰਜੀਵ ਕੁਮਾਰ ਡੀਪੀਈ ਅਲਾਚੌਰ, ਮਨਜੀਤ ਸਿੰਘ ਡੀਪੀਈ, ਕੁਲਵਿੰਦਰ ਕੌਰ ਮਹਾਲੋਂ ਬਲਦੇਵ ਰਾਏ ਲੈਕਚਰਾਰ ਕਰੀਹਾ, ਹਰਿੰਦਰ ਸਿੰਘ ਲੰਗੜੋਆ ਕੋ ਕਨਵੀਨਰ, ਪ੍ਰਦੀਪ ਕੁਮਾਰ ਡੀਪੀਈ ਪੱਲੀ ਝਿੱਕੀ ਨੇ ਸੇਵਾਵਾਂ ਨਿਭਾਈਆਂ।



# ਕਮਿਊਨਿਸਟ ਇਤਿਹਾਸਕ ਕਸਬਾ ਧਿਆਨਪੁਰ 'ਚ ਮਨਾਉਣਗੇ ਆਜ਼ਾਦੀ ਦਿਹਾੜਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ ਆਜ਼ਾਦੀ ਦਿਹਾੜਾ ਇਤਿਹਾਸਕ ਕਸਬਾ ਧਿਆਨਪੁਰ ਦੇ ਬਾਵਾ ਲਾਲ ਦਿਆਲ ਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਿਆਨਪੁਰ ਵਿਖੇ 15 ਅਗਸਤ ਦਿਨ ਸ਼ੁੱਕਰਵਾਰ ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ ਤੇ ਕਾਮਰੇਡ ਬਲਦੇਵ ਸਿੰਘ ਖਹਿਰਾ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕੀਤਾ।ਉਨ੍ਹਾਂ ਦੱਸਿਆ ਕਿ ਆਜ਼ਾਦੀ ਦਿਹਾੜੇ ਮੌਕੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੇ ਨਾਲ-ਨਾਲ 15 ਅਗਸਤ ਨੂੰ ਧਿਆਨਪੁਰ ਵਿਖੇ ਭਾਰੀ ਕਾਨਫਰੰਸ ਵੀ ਕੀਤੀ ਜਾਵੇਗੀ।ਉਨ੍ਹਾਂ ਆਖਿਆ ਕਿ ਦੇਸ਼ ਨੂੰ ਆਜ਼ਾਦ ਹੋਇਆਂ 78 ਸਾਲ ਹੋ ਗਏ ਹਨ ਪਰ ਦੇਸ਼ ਭਗਤਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਆਈ। ਹੁਣ ਤਾਂ ਰਾਜਸੀ ਆਜ਼ਾਦੀ ਨੂੰ ਮੋਦੀ ਸਰਕਾਰ ਦੀਆਂ ਆਰਥਿਕ ਅਤੇ ਰਾਜਨੀਤਿਕ ਨੀਤੀਆਂ ਤੋਂ ਖਤਰਾ ਪੈਦਾ ਹੋ ਗਿਆ ਹੈ। ਇਸ ਕਰਕੇ ਲੋਕਾਂ ਦੀ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ, ਦੇਸ਼ ਵਿਚ ਫਿਰਕੂਵਾਦੀ ਡਰਾਮੇ ਹੋ ਰਹੇ ਹਨ।ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਮੋਦੀ ਸਰਕਾਰ ਦੀਆਂ ਨੀਤੀਆਂ ਉੱਪਰ ਪਹਿਰਾ ਦੇ ਰਹੀ ਹੈ ਜਿਸ ਕਰਕੇ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਿਲਾਂ ਵੱਧਦੀਆਂ ਜਾ ਰਹੀਆਂ ਹਨ। ਇਨ੍ਹਾਂ ਸਭ ਗੱਲਾਂ 'ਤੇ ਵਿਚਾਰ ਕਰਨ ਲਈ ਤੇ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਧਿਆਨਪਰ ਪਹੁੰਚਿਆ ਜਾਵੇ।ਝੰਡਾ ਲਹਿਰਾਉਣ ਦੀ ਰਸਮ ਮੈਂਬਰ ਨੈਸ਼ਨਲ ਕੌਂਸਲ ਕਾਮਰੇਡ ਹਰਦੇਵ ਸਿੰਘ ਅਰਸ਼ੀ ਠੀਕ 12 ਵਜੇ ਕਰਨਗੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਕਾਮਰੇਡ ਅਮਰਜੀਤ ਸਿੰਘ ਆਸਲ, ਲਖਬੀਰ ਸਿੰਘ ਨਿਜ਼ਾਮਪੁਰ, ਬਲਬੀਰ ਸਿੰਘ ਅਤੇ ਰਣਜੀਤ ਸਿੰਘ ਪਹੁੰਚ ਰਹੇ ਹਨ।ਵੱਖ-ਵੱਖ ਕਲਾਕਾਰਾਂ ਵੱਲੋਂ ਲੋਕ ਗੀਤ, ਕੋਰੀਓਗਰਾਫੀਆਂ, ਡਰਾਮੇ ਅਤੇ ਸਕਿੱਟਾਂ ਪੇਸ਼ ਕੀਤੀਆਂ ਜਾਣਗੀਆਂ।ਇਸ ਮੌਕੇ ਕਾਮਰੇਡ ਸੁਖਦੇਵ ਸਿੰਘ ਉੱਦੋਵਾਲੀ, ਕਾਮਰੇਡ ਮਨਜੀਤ ਸਿੰਘ ਰਾਊਵਾਲ, ਕਾਮਰੇਡ ਬਲਵਿੰਦਰ ਸਿੰਘ ਖਹਿਰਾ ਅਤੇ ਕਾਮਰੇਡ ਜਨਕ ਰਾਜ ਜੋਸ਼ੀ ਹਾਜ਼ਰ ਸਨ।



# ਜੀ ਟੀ ਬੀ ਆਈ ਸਕੂਲ ਕਲਿਆਣਪੁਰ 'ਚ ਗੁਰੂ ਲਾਧੋ ਰੇ ਦਿਵਸ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ (ਧਾਰੀਵਾਲ) ਵਿੱਚ ਗੁਰੂ ਲਾਧੋ ਰੇ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਅਤੇ ਪ੍ਰਿੰਸੀਪਲ ਸੈਮੂਅਲ ਦਾਸ ਦੇ ਪ੍ਰਬੰਧਾਂ ਹੇਠ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਵੱਲੋਂ ਸੰਗਤੀ ਰੂਪ ਵਿੱਚ ਸ਼ਲੋਕ ਮਹੱਲਾ 9ਵਾਂ ਦੇ ਪਾਠ ਕੀਤੇ ਗਏ। ਉਪਰੰਤ ਵਿਦਿਆਰਥੀਆਂ ਸਬਦ ਗਾਇਨ ਕੀਤੇ ਅਤੇ ਕਵੀਸ਼ਰੀਆਂ ਪੇਸ਼ ਕੀਤੀਆਂ।

ਪ੍ਰਿੰਸੀਪਲ ਸੈਮੂਅਲ ਦਾਸ ਨੇ ਦੱਸਿਆ ਕਿ ਸਮਾਗਮ ਦੌਰਾਨ ਵਿਦਿਆਰਥੀਆਂ ਹਰਫਤਿਹ ਸਿੰਘ, ਗੁਰਨੂਰ ਸਿੰਘ, ਹੁਸਨਦੀਪ ਸਿੰਘ ਤੇ ਗੁਰਬਾਜ ਸਿੰਘ ਨੇ ਕਵੀਸ਼ਰੀ ਵਿੱਚ ਹਿੱਸਾ ਲਿਆ ਅਤੇ ਪੰਜਵੀਂ ਕਲਾਸ ਦੇ ਬੱਚਿਆਂ ਨੇ ਸ਼ਬਦ ਗਾਇਨ ਕੀਤੇ। ਅਧਿਆਪਿਕਾ ਜਸਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਗੁਰੂ ਲਾਧੋ ਰੇ ਦਿਵਸ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸਕੂਲ ਚੇਅਰਮੈਨ ਸੁਰਜੀਤ ਸਿੰਘ ਨੇ ਸਮੁੱਚੇ ਸਕੂਲ ਨੂੰ ਗੁਰੂ ਲਾਧੂ ਰੇ ਦਿਵਸ ਦੀ ਵਧਾਈ ਦਿੰਦਿਆਂ ਦੱਸਿਆ ਕਿ ਇਸ ਦਿਨ ਭਾਈ ਮੱਖਣ ਸ਼ਾਹ ਲੁਬਾਣਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਰੂਪ ਵਿੱਚ ਪ੍ਰਗਟ ਕੀਤਾ ਸੀ।

ਉਨ੍ਹਾਂ ਦੱਸਿਆ ਕਿ ਇਸ ਸਮਾਗਮ ਲਈ ਬੱਚਿਆਂ ਨੂੰ ਤਿਆਰੀ ਅਧਿਆਪਕਾ ਕੁਲਵਿੰਦਰ ਕੌਰ ਵੱਲੋਂ ਕਰਵਾਈ ਗਈ। ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।



# ਤੀਆਂ ਦਾ ਤਿਉਹਾਰ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ 'ਚ ਬੜੀ ਧੂਮਧਾਮ ਨਾਲ ਮਨਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਤੀਆਂ ਦਾ ਤਿਉਹਾਰ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ ਵਿੱਚ ਬੜੇ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਅਗਵਾਈ ਸਕੂਲ ਦੇ ਡਾਇਰੈਕਟਰ ਐਸ. ਕੇ. ਦੁੱਗਲ ਨੇ ਕੀਤੀ।ਇਸ ਮੌਕੇ ਵਿਦਿਆਰਥਣਾਂ ਅਤੇ ਅਧਿਆਪਕਾਂ ਵੱਲੋਂ ਗਿੱਧਾ, ਗੀਤ, ਨਾਚ, ਸਕਿੱਟ ਅਤੇ ਹੋਰ ਕਈ ਮਨਮੋਹਕ ਆਈਟਮ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਦਰਸ਼ਕਾਂ ਨੂੰ ਮੋਹ ਲਿਆ।ਹਰ ਪ੍ਰਸਤੁਤੀ ਵਿੱਚ ਸੁਹਾਵਣੇ ਮੀਂਹ ਦੇ ਮੌਸਮ ਦੀ ਰੌਣਕ ਅਤੇ ਪੰਜਾਬੀ ਲੋਕ-ਰੰਗ ਦੀ ਮਹਿਕ ਝਲਕਦੀ ਰਹੀ।ਥੀਮਾਂ ਵਿੱਚ ਉਹ ਮੰਜ਼ਰ ਵੀ ਦਰਸਾਏ ਗਏ ਜਿੱਥੇ ਇੱਕ ਨਵੀਂ ਵਿਆਹੀ ਔਰਤ ਆਪਣੇ ਪਤੀ ਦੀ ਸੰਗਤ ਦੀ ਖ਼ਾਹਿਸ਼ ਜ਼ਾਹਿਰ ਕਰਦੀ ਹੈ, ਜੋ ਦੇਸ਼ ਦੀ ਰੱਖਿਆ ਲਈ ਸਰਹੱਦ ਤੇ ਡਿਊਟੀ ਨਿਭਾ ਰਿਹਾ ਹੈ।ਗੀਤਾਂ ਰਾਹੀਂ ਪਿਆਰ, ਵਿਛੋੜੇ ਅਤੇ ਮਿੱਟੀ ਦੀ ਮਹਿਕ ਨੂੰ ਸੁੰਦਰ ਢੰਗ ਨਾਲ ਪ੍ਰਗਟਾਇਆ ਗਿਆ।ਕਿਸਾਨਾਂ ਵੱਲੋਂ ਹਰੇ ਭਰੇ ਖੇਤਾਂ ਵਿੱਚ ਢੋਲ ਦੀ ਤਾਲ 'ਤੇ ਨੱਚਦਿਆਂ ਦੇ ਦ੍ਰਿਸ਼ ਵੀ ਪ੍ਰੋਗਰਾਮ ਦੀ ਸ਼ਾਨ ਬਣੇ।ਸਕੂਲ ਦੀ ਪ੍ਰਿੰਸੀਪਲ ਡਾ. ਰਿਤੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੁਦਰਤ ਵੱਲੋਂ ਦਿੱਤੇ ਮੌਸਮ ਮਨੁੱਖਤਾ ਲਈ ਅਮੁੱਲਾ ਤੋਹਫ਼ਾ ਹਨ।ਉਨ੍ਹਾਂ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਸਿਰਫ਼ ਪਾਠਕ੍ਰਮ ਹੀ ਨਹੀਂ ਸਿਖਾਉਂਦੀਆਂ, ਸਗੋਂ ਉਹ ਜੀਵਨ ਦੇ ਉਹ ਮੁੱਲ ਵੀ ਦ੍ਰਿੜ੍ਹ ਕਰਵਾਉਂਦੀਆਂ ਹਨ ਜੋ ਵਿਦਿਆਰਥੀਆਂ ਨੂੰ ਚੰਗਾ ਨਾਗਰਿਕ ਬਣਾਉਂਦੇ ਹਨ।ਪ੍ਰੋਗਰਾਮ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ।



# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਸ਼ੂਟਿੰਗ ਮੁਕਾਬਲੇ 'ਚ ਅੱਠ ਮੈਡਲ ਜਿੱਤੇ

ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਆਪਣੀ ਖੇਡ ਪ੍ਰਤਿਭਾ ਨੂੰ ਦੁਬਾਰਾ ਸਾਬਤ ਕਰਦੇ ਹੋਏ ਜ਼ਿਲ੍ਹਾ ਸਕੂਲ ਖੇਡਾਂ-2025 ਜੋ ਕਿ ਜ਼ਿਲ੍ਹਾ ਸਿੱਖਿਆ ਵਿਭਾਗ ਪੰਜਾਬ ਦੁਆਰਾ ਆਯੋਜਿਤ ਕੀਤੀਆਂ ਗਈਆਂ ਸਨ, ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪੀਡਬਲਯੂਐੱਸ ਸ਼ੂਟਿੰਗ ਅਕੈਡਮੀ ਦੇ ਪ੍ਰਤਿਭਾਵਾਨ ਨਿਸ਼ਾਨੇਬਾਜ਼ਾਂ ਨੇ ਵੱਖ-ਵੱਖ ਉਮਰ ਸਮੂਹਾਂ ਦੀਆਂ 10 ਮੀਟਰ ਏਅਰ ਪਿਸਟਲ ਅਤੇ ਏਅਰ ਰਾਈਫਲ ਸ਼ੂਟਿੰਗ ਮੁਕਾਬਲਿਆਂ ਵਿੱਚ ਕੁੱਲ 8 ਮੈਡਲ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਸੰਨੀ ਮਹਾਜਨ ਡਾਇਰੈਕਟਰ ਪ੍ਰਤਾਪ ਵਰਲਡ ਸਕੂਲ ਨੇ ਕਿਹਾ ਕਿ ਇਹ ਸ਼ਾਨਦਾਰ ਕਾਮਯਾਬੀ ਸਾਡੇ ਵਿਦਿਆਰਥੀਆਂ ਅਤੇ ਕੋਚਾਂ ਦੀ ਮਿਹਨਤ ਅਤੇ ਲਗਨ ਦਾ ਸਬੂਤ ਹੈ।ਸਾਡੀ ਸ਼ੂਟਿੰਗ ਅਕੈਡਮੀ ਉੱਚ ਪੱਧਰ ਤੇ ਆਪਣਾ ਨਾਮ ਦਰਜ ਕਰਵਾਉਣ ਵਾਲੇ ਚੈਂਪੀਅਨਾਂ ਨੂੰ ਤਿਆਰ ਕਰਨ ਲਈ ਪ੍ਰਤੀਬੱਧ ਹੈ।ਸ਼ੁਭਰਾ ਰਾਣੀ ਪ੍ਰਿੰਸੀਪਲ ਪ੍ਰਤਾਪ ਵਰਲਡ ਸਕੂਲ ਨੇ ਕਿਹਾ ਕਿ ਸਾਡੇ ਨੌਜਵਾਨ ਨਿਸ਼ਾਨੇਬਾਜ਼ਾਂ ਦੀ ਸਫਲਤਾ ਪੂਰੇ ਪੀਡਬਲਯੂਐੱਸ ਪਰਿਵਾਰ ਲਈ ਮਾਣਮੱਤਾ ਪਲ ਹੈ।ਉਨ੍ਹਾਂ ਦੀ ਮਿਹਨਤ ਅਤੇ ਸਾਡੇ ਕੋਚਾਂ ਦੇ ਮਾਰਗਦਰਸ਼ਨ ਨੇ ਸੱਚਮੁੱਚ ਸ਼ਾਨਦਾਰ ਨਤੀਜੇ ਦਿੱਤੇ ਹਨ।



# ਨੈਸ਼ਨਲ ਅਚੀਵਮੈਂਟ ਸਰਵੇਖਣ 2024-25 'ਚ ਜ਼ਿਲ੍ਹਾ ਗੁਰਦਾਸਪੁਰ ਦਾ ਦੂਸਰਾ ਸਥਾਨ

ਬਟਾਲਾ (ਡਾ. ਮਲਵਿੰਦਰ ਸਿੰਘ)-ਜ਼ਿਲ੍ਹਾ ਗੁਰਦਾਸਪੁਰ ਕਰਵਾਏ ਪੰਜਾਬ ਅਚੀਵਮੈਂਟ ਸਰਵੇਖਣ ਵਿੱਚ ਦੂਸਰੇ ਸਥਾਨ ਉਪਰ ਰਿਹਾ ਹੈ।ਇਸ ਖੁਸ਼ੀ ਵਿੱਚ ਤੇ ਸਿੱਖਿਆ ਵਿਭਾਗ ਦੀ ਚੜ੍ਹਦੀ ਕਲਾ ਲਈ ਸਿੱਖਿਆ ਤੇ ਸਿਖਲਾਈ ਸੰਸਥਾ (ਡਾਈਟ) ਗੁਰਦਾਸਪੁਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਪਰਮਜੀਤ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਿੱਖਿਆ ਕਾਰਗੁਜ਼ਾਰੀ ਪਰਖਣ ਤਹਿਤ ਰਾਸ਼ਟਰੀ ਪ੍ਰਾਪਤੀ ਸਰਵੇਖਣ ਕਰਵਾਇਆ ਗਿਆ ਸੀ, ਜਿਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਵਿਦਿਆਰਥੀਆਂ ਵੱਲੋਂ ਬਿਹਤਰੀਨ ਕਾਰਗੁਜ਼ਾਰੀ ਦਿਖਾਈ ਤੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੰਜਾਬ ਪੱਧਰ ਤੇ ਦੂਸਰਾ ਸਥਾਨ ਹਾਸਲ ਕੀਤਾ ਗਿਆ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡਾ. ਅਨਿਲ ਸ਼ਰਮਾ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਤੇ ਆਸ ਪ੍ਰਗਟਾਈ ਕਿ ਉਹ ਇਸੇ ਤਰ੍ਹਾਂ ਮਿਹਨਤ ਕਰਕੇ ਸਮਾਜ ਅਤੇ ਅਪਣੇ ਪਰਿਵਾਰ ਦਾ ਨਾਮ ਰੋਸ਼ਨ ਕਰਨਗੇ।

ਇਸ ਮੌਕੇ ਨਵਦੀਪ ਸਿੰਘ, ਰਿਟਾ: ਡੀਈਓ ਹਰਪਾਲ ਸਿੰਘ ਸੰਧਾਵਾਲੀਆ, ਰਿਟਾ: ਡੀਈਓ ਸੁਰਜੀਤਪਾਲ, ਪ੍ਰਿੰ. ਬਲਬੀਰ ਸਿੰਘ, ਲੈਕਚਰਾਰ ਨਰੇਸ਼ ਕੁਮਾਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਖਵਿੰਦਰ ਸਿੰਘ ਸੇਖੋਂ, ਬਲਵਿੰਦਰ ਸਿੰਘ ਗਿੱਲ, ਭਾਰਤ ਰਤਨ, ਸੁਦੇਸ਼ ਸ਼ਰਮਾ, ਗੁਰਇਕਬਾਲ ਸਿੰਘ ਗੋਰਾਇਆ, ਸੈਂਟਰ ਮੁੱਖ ਅਧਿਆਪਕ ਤੇ ਸਮਰੱਥ ਦੀ ਟੀਮ ਹਾਜ਼ਰ ਸੀ।



# ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਝਬਾਲ ਵਿਖੇ ਮਨਾਇਆ ਰੱਖੜੀ ਦਾ ਤਿਉਹਾਰ

ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਰੱਖੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ ।ਮੈਡਮ ਮਨਦੀਪ ਕੌਰ ਵੱਲੋਂ ਬੱਚਿਆਂ ਨੂੰ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਦੁਆਰਾ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਵੱਖ-ਵੱਖ ਜਮਾਤਾਂ ਵਿੱਚ ਵੱਖ-ਵੱਖ ਗਤੀਵਿਧੀਆਂ ਜਿਵੇਂ ਥਾਲੀ ਡੈਕੋਰੇਸ਼ਨ, ਰਾਖੀ ਮੇਕਿੰਗ ਆਦਿ ਕਰਵਾਈਆਂ ਗਈਆਂ।ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਅਜੋਕੇ ਵਪਾਰੀਕਰਨ ਦੇ ਯੁੱਗ ਵਿੱਚ ਭੈਣ- ਭਰਾ ਦੇ ਰਿਸ਼ਤੇ ਨੂੰ ਪਵਿੱਤਰ ਰਿਸ਼ਤਾ ਦੱਸਿਆ। ਇਸ ਨੂੰ ਸਾਨੂੰ ਰਲ ਮਿਲ ਕੇ ਮਨਾਉਣਾ ਚਾਹੀਦਾ ਹੈ ।ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।



# ਸੇਂਟ ਕਬੀਰ ਸਕੂਲ 'ਚ ਭੈਣ-ਭਰਾ ਦੇ ਸੱਚੇ-ਸੁੱਚੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਮਨਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਸਕੂਲ ਪਬਲਿਕ ਸਕੂਲ ਸੁਲਤਾਨਪੁਰ ਵਿੱਚ ਭੈਣਾਂ ਤੇ ਭਰਾਵਾਂ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਪ੍ਰਿੰ. ਐੱਸ. ਬੀ. ਨਾਯਰ ਦੀ ਸਰਪ੍ਰਸਤੀ ਅਧੀਨ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਦੀ ਅਗਵਾਈ ਵਿੱਚ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਰੱਖੜੀ ਤੇ ਕਾਰਡ ਬਣਾਉਣ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸਕੂਲ ਵਿੱਚ ਪੜ੍ਹਦੀਆਂ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟਾਂ ਤੇ ਰੱਖੜੀਆਂ ਸਜਾ ਕੇ ਮੂੰਹ ਮਿੱਠਾ ਕਰਾਉਂਦੇ ਹੋਏ ਇਕ-ਦੂਜੇ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਪ੍ਰੋਗਰਾਮ ਦੀ ਸ਼ੁਰੂਆਤ ਦਸਵੀਂ ਜਮਾਤ ਦੇ ਵਿਦਿਆਰਥੀ ਗਿਮਲਪ੍ਰੀਤ ਸਿੰਘ ਦੁਆਰਾ ਰੱਖੜੀ ਦੇ ਤਿਉਹਾਰ ਦੀ ਇਤਿਹਾਸਕ ਮਹਾਨਤਾ ਦੱਸਦਿਆ ਕੀਤੀ ਗਈ। ਉਪਰੰਤ ਸਕੂਲ ਦੀ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਦਿਲਖਿੱਚਵੀਂ ਆਵਾਜ਼ ਵਿੱਚ ਗਰੁੱਪ ਗੀਤ ਦੀ ਪੇਸ਼ਕਾਰੀ ਕੀਤੀ। ਨਰਸਰੀ ਅਤੇ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਕਵਿਤਾਵਾਂ ਸੁਣਾਈਆਂ। ਐੱਲਕੇਜੀ ਤੇ ਯੂਕੇਜੀ ਦੇ ਵਿਦਿਆਰਥੀਆਂ ਨੇ ਡਾਂਸ ਦੀ ਪੇਸ਼ਕਾਰੀ ਕੀਤੀ। ਜੇਤੂ ਵਿਦਿਆਰਥੀਆ ਨੂੰ ਪ੍ਰਿੰ. ਨਾਯਰ ਅਤੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟਾਫ਼ ਮੈਂਬਰ ਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।



# ਕਰਮ ਸ਼ਾਹ ਦਾਤਾ ਵਿਖੇ ਮਾਲ੍ਹ-ਪੂੜਿਆਂ ਤੇ ਖੀਰ ਦਾ ਲੰਗਰ ਲਗਾਇਆ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਰਮਸ਼ਾਹ ਦਾਤਾ ਜੀ ਦੀ ਪਵਿੱਤਰ ਯਾਦ ਵਿੱਚ ਸਮੂਹ ਸਾਧ ਸੰਗਤਾਂ ਵੱਲੋਂ ਮਾਲ ਪੂੜਿਆਂ ਤੇ ਖੀਰ ਦਾ ਲੰਗਰ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਪ੍ਰਬੰਧਕ ਕਮੇਟੀ ਆਗੂਆਂ ਸਵਰਨ ਸਿੰਘ ਪੱਪੂ, ਹਰੀਸ਼ ਕੁਮਾਰ ਗੁੱਜਰ, ਭੁਪਿੰਦਰ ਸਿੰਘ ਟੀਟੂ ਆਦਿ ਨੇ ਦੱਸਿਆ ਕਿ ਬਾਬਾ ਦਾਤਾ ਕਰਮਸ਼ਾਹ ਦੀ ਯਾਦ ਵਿੱਚ ਹਰ ਸਾਲ ਸਾਉਣ ਮਹੀਨੇ ਦੇ ਵੀਰਵਾਰ ਖੀਰ ਤੇ ਮਾਲ੍ਹ ਪੂੜਿਆਂ ਦੇ ਲੰਗਰ ਤੋਂ ਇਲਾਵਾ ਸ਼ਰਧਾਲੂਆਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਜਾਂਦੇ ਹਨ।ਪ੍ਰਬੰਧਕ ਆਗੂਆਂ ਕਿਹਾ ਕਿ ਦਾਤਾ ਕਰਮਸ਼ਾਹ ਦੇ ਦਰਬਾਰ ਵਿੱਚ ਮੂੰਹ ਮੰਗੀਆਂ ਮੁਰਾਦਾਂ ਪ੍ਰਾਪਤ ਹੁੰਦੀਆਂ ਹਨ ਤੇ ਸ਼ਰਧਾਲੂਆਂ ਵੱਲੋਂ ਲੰਗਰ ਲਗਾਏ ਜਾਂਦੇ ਹਨ।ਇਸ ਮੌਕੇ ਕੁਲਵਿੰਦਰ ਕੌਰ, ਤਰਵਿੰਦਰ ਕੌਰ, ਮਨਜੀਤ ਕੌਰ, ਨਵਪ੍ਰੀਤ ਕੌਰ, ਪਰਮਜੀਤ ਕੌਰ, ਪਰਵਿੰਦਰ ਕੌਰ, ਪਰਦੀਪ ਕੌਰ, ਰਣਜੀਤ ਕੌਰ, ਰਾਜ ਰਾਣੀ, ਸੁਖਜਿੰਦਰ ਕੌਰ, ਬਲਜੀਤ ਕੌਰ, ਸ਼ਿੰਦਰ ਕੌਰ, ਕਾਂਤੀ ਕੌਰ, ਅਮਨਦੀਪ ਕੌਰ, ਬੀਰੋ ਕੌਰ, ਜਸਵਿੰਦਰ ਕੌਰ, ਕਸ਼ਮੀਰ ਕੌਰ, ਕੁਲਵਿੰਦਰ ਕੌਰ, ਰਾਜਵਿੰਦਰ ਕੌਰ, ਖੁਸ਼ੀ ਸ਼ਰਮਾ, ਪੂਜਾ ਸ਼ਰਮਾ, ਪਿਆਰਾ, ਕੁਲਦੀਪ ਕੌਰ, ਰਾਜਵੰਤ ਕੌਰ, ਲਖਵਿੰਦਰ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਤੇ ਬੱਚੇ ਹਾਜ਼ਰ ਸਨ।



# ਮੁੱਖ ਮੰਤਰੀ ਦੇ ਹਲਕੇ 'ਚ ਵਿਰੋਧੀ ਪਾਰਟੀਆਂ ਬਿਨਾਂ 'ਕਪਤਾਨ' ਦੇ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੀ ਰਾਜਨੀਤੀ ਵਿੱਚ ਵਿਸ਼ੇਸ਼ ਮਹੱਤਵ ਰੱਖਣ ਵਾਲਾ ਵਿਧਾਨ ਸਭਾ ਹਲਕਾ ਧੂਰੀ, ਜੋ ਇਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਧਾਇਕ ਦੇ ਤੌਰ 'ਤੇ ਨੁਮਾਇੰਦਗੀ ਹੇਠ ਕੰਮ ਕਰ ਰਿਹਾ ਹੈ, ਇੱਕ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ਜੋ ਵਿਰੋਧੀ ਪਾਰਟੀਆਂ ਲਈ ਚਿੰਤਾਜਨਕ ਮੰਨੀ ਜਾ ਰਹੀ ਹੈ। ਹਲਕੇ ਵਿੱਚ ਪੰਜਾਬ ਦੀਆਂ ਦੋ ਪ੍ਰਮੁੱਖ ਵਿਰੋਧੀ ਪਾਰਟੀਆਂ ਪੰਜਾਬ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਸ ਵੇਲੇ ਕੋਈ ਸਰਕਾਰੀ ਹਲਕਾ ਇੰਚਾਰਜ ਜਾਂ ਮੁੱਖ ਸੰਗਠਨਕ ਅਧਿਕਾਰੀ ਨਹੀਂ ਹੈ। ਇਸ ਕਰਕੇ ਦੋਵੇਂ ਪਾਰਟੀਆਂ ਨੂੰ ਲੋਕ ਸੰਪਰਕ ਤੇ ਸੰਗਠਨਾਤਮਕ ਕਾਰਜ ਬਿਨਾਂ ਕਿਸੇ ਕਪਤਾਨ ਦੇ ਕਰਨਾ ਪੈ ਰਿਹਾ ਹੈ।ਇਹ ਹਾਲਾਤ ਖਾਸ ਕਰਕੇ ਇਸ ਲਈ ਵੀ ਗੰਭੀਰ ਹਨ ਕਿ ਧੂਰੀ ਨਾ ਸਿਰਫ ਮੁੱਖ ਮੰਤਰੀ ਦਾ ਹਲਕਾ ਹੈ, ਸਗੋਂ ਪਿਛਲੇ ਕਈ ਦਹਾਕਿਆਂ ਤੋਂ ਰਾਜਨੀਤਿਕ ਦ੍ਰਿਸ਼ਟੀ ਨਾਲ ਸਰਗਰਮ ਮੰਚ ਬਣਿਆ ਹੋਇਆ ਹੈ। ਇਸ ਹਲਕੇ ਵਿੱਚ ਹਰ ਚੋਣ 'ਚ ਵੱਡੇ ਨੇਤਾ ਆਪਣੀ ਸਿਆਸੀ ਪੜਤਾਲ ਲਈ ਆਉਂਦੇ ਹਨ, ਪਰ ਅਜਿਹਾ ਪਹਿਲੀ ਵਾਰ ਹੈ ਜਦੋਂ ਮੁੱਖ ਵਿਰੋਧੀ ਪਾਰਟੀਆਂ ਕਿਸੇ ਨਿਯੁਕਤ ਹਲਕਾ ਇੰਚਾਰਜ ਤੋਂ ਬਿਨਾਂ ਕੰਮ ਕਰ ਰਹੀਆਂ ਹਨ। ਪੰਜਾਬ ਕਾਂਗਰਸ, ਜੋ ਕਦੇ ਧੂਰੀ ਹਲਕੇ ਵਿੱਚ ਮਜ਼ਬੂਤ ਪਕੜ ਰੱਖਦੀ ਸੀ, ਇਸ ਵੇਲੇ ਬਿਨਾਂ ਅਧਿਕਾਰਤ ਹਲਕਾ ਇੰਚਾਰਜ ਦੇ ਕੰਮ ਕਰ ਰਹੀ ਹੈ। ਪਾਰਟੀ ਦੇ ਮੁੱਖ ਵਰਕਰਾਂ ਵਿੱਚ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕੇ ਦੇ ਨੌਜਵਾਨਾਂ ਵਿੱਚ ਮਜ਼ਬੂਤ ਜਨ-ਅਧਾਰ ਰੱਖਣ ਵਾਲੇ ਹਰਦੀਪ ਸਿੰਘ ਦੌਲਤਪੁਰ ਅਤੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਸ਼ਾਮਲ ਹਨ। ਇਹ ਨੇਤਾ ਆਪਣੇ-ਆਪਣੇ ਤਰੀਕੇ ਨਾਲ ਹਲਕੇ ਵਿੱਚ ਪਾਰਟੀ ਦੀ ਹਾਜ਼ਰੀ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸੰਗਠਨਾਤਮਕ ਢਾਂਚੇ ਵਿੱਚ ਅਗਵਾਈ ਦੀ ਘਾਟ ਸਪਸ਼ਟ ਮਹਿਸੂਸ ਕੀਤੀ ਜਾ ਰਹੀ ਹੈ।ਹਰਦੀਪ ਸਿੰਘ ਦੌਲਤਪੁਰ, ਜੋ ਕਿਸਾਨ ਮੋਰਚਿਆਂ ਤੇ ਨੌਜਵਾਨ ਪੀੜ੍ਹੀ ਵਿੱਚ ਕਾਫ਼ੀ ਸਰਗਰਮ ਰਹੇ ਹਨ, ਲੋਕਾਂ ਨਾਲ ਸੰਪਰਕ ਬਣਾਏ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਦਲਵੀਰ ਸਿੰਘ ਗੋਲਡੀ, ਜਿਨ੍ਹਾਂ ਦਾ ਹਲਕੇ ਵਿੱਚ ਵਿਧਾਇਕ ਰਹਿਣ ਦਾ ਅਨੁਭਵ ਹੈ, ਮੌਕੇ-ਮੌਕੇ 'ਤੇ ਲੋਕਾਂ ਦੇ ਮੁੱਦੇ ਉਠਾਉਂਦੇ ਹਨ, ਪਰ ਕੇਂਦਰੀ ਸੰਗਠਨ ਵੱਲੋਂ ਹਲਕਾ ਇੰਚਾਰਜ ਨਾ ਹੋਣ ਕਰਕੇ ਕਈ ਵਾਰ ਉਨ੍ਹਾਂ ਦੇ ਯਤਨ ਵਿਆਪਕ ਪ੍ਰਭਾਵ ਨਹੀਂ ਪਾ ਸਕਦੇ।ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਧੂਰੀ ਵਿੱਚ ਵੋਟਾਂ ਦਾ ਵੱਡਾ ਹਿੱਸਾ ਜਿੱਤਦਾ ਸੀ, ਇਸ ਸਮੇਂ ਸੰਗਠਨਕ ਪੱਖੋਂ ਕਮਜ਼ੋਰ ਦਿਖਾਈ ਦੇ ਰਿਹਾ ਹੈ। ਪਾਰਟੀ ਦੇ ਪ੍ਰਮੁੱਖ ਵਰਕਰਾਂ ਵਿੱਚ ਸਾਬਕਾ ਹਲਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ, ਉਨ੍ਹਾਂ ਦੇ ਫਰਚੰਦ ਸਿਮਰਪ੍ਰਤਾਪ ਸਿੰਘ ਬਰਨਾਲਾ, ਸਾਬਕਾ ਵਿਧਾਇਕ ਗੋਬਿੰਦ ਸਿੰਘ ਲੌਂਗੋਵਾਲ, ਅਤੇ ਕਿਸੇ ਵੇਲੇ ਧੂਰੀ ਤੋਂ ਚੋਣ ਲੜ ਚੁੱਕੇ ਹਰੀ ਸਿੰਘ ਨਾਭਾ ਸ਼ਾਮਲ ਹਨ। ਹਰੀ ਸਿੰਘ ਨਾਭਾ ਨੇ ਹਾਲ ਹੀ ਵਿੱਚ ਇੱਕ ਸਮਾਗਮ ਦੌਰਾਨ ਖੁੱਲ੍ਹ ਕੇ ਕਿਹਾ ਕਿ ਉਨ੍ਹਾਂ ਦਾ ਧੂਰੀ ਨਾਲ ਅਥਾਹ ਪਿਆਰ ਹੈ, ਪਰ ਉਹ ਅਗਲੀ ਚੋਣ ਇਸ ਹਲਕੇ ਤੋਂ ਨਹੀਂ ਲੜਨਗੇ।ਹਲਕੇ ਦੇ ਲੋਕਾਂ ਵਿੱਚ ਇਹ ਚਰਚਾ ਹੈ ਕਿ ਜਦੋਂ ਮੁੱਖ ਵਿਰੋਧੀ ਪਾਰਟੀਆਂ ਹੀ ਸੰਗਠਨਕ ਤੌਰ 'ਤੇ ਮਜ਼ਬੂਤ ਨਹੀਂ, ਤਾਂ ਸਰਕਾਰ ਵਿਰੁੱਧ ਪ੍ਰਭਾਵਸ਼ਾਲੀ ਵਿਰੋਧ ਕਿਵੇਂ ਹੋਵੇਗਾ।

# ਟੈਕਨੀਕਲ ਸਰਵਿਸ ਯੂਨੀਅਨ ਥਰਮਲ ਪਲਾਂਟ ਲਹਿਰਾ ਮੁਹੱਬਤ ਵੱਲੋਂ ਰੋਸ ਰੈਲੀ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਟੈਕਨੀਕਲ ਸਰਵਿਸ ਯੂਨੀਅਨ (ਰਜਿ. 49) ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਅਗਵਾਈ 'ਚ ਬਿਜਲੀ ਮੁਲਾਜ਼ਮਾਂ ਵੱਲੋਂ ਰੈਲੀ ਕੀਤੀ ਗਈ। ਜਥੇਬੰਦੀ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਤੇ ਸਲਾਹਕਾਰ ਰਵਿੰਦਰ ਕੁਮਾਰ ਰਾਮਪੁਰਾ ਨੇ ਕਿਹਾ ਪੀ ਐੱਸ ਈ ਬੀ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਹੋਰਨਾਂ ਭਰਾਤਰੀ ਜਥੇਬੰਦੀਆਂ ਦੀ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨਾਲ 6 ਅਗਸਤ ਨੂੰ ਹੋਈ ਮੀਟਿੰਗ ਬੇਸਿੱਟਾ ਰਹੀ ਤੇ ਉਸ ਤੋਂ ਬਾਅਦ ਪਾਵਰਕਾਮ ਦੀ ਮੈਨੇਜਮੈਂਟ ਨਾਲ ਹੈੱਡ ਆਫਿਸ ਪਟਿਆਲਾ ਵਿਖੇ ਹੋਈ ਮੀਟਿੰਗ ਵਿੱਚ ਪਾਵਰਕਾਮ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਸ੍ਰੀ ਅਜੋਏ ਕੁਮਾਰ ਸਿਨਹਾ ਆਈ ਏ ਐੱਸ ਨਹੀਂ ਆਏ। ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਨੇ ਐਲਾਨ ਕੀਤਾ ਕਿ ਪਾਵਰਕਾਮ ਤੇ ਟਰਾਂਸਕੋ ਦੇ ਕਰਮਚਾਰੀਆਂ ਵੱਲੋਂ 11 ਅਗਸਤ 2025 ਤੋਂ 13 ਅਗਸਤ 2025 ਤੱਕ ਅਚਨਚੇਤ ਛੁੱਟੀ ਲੈ ਕੇ ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇ। ਸੰਬੋਧਨ ਕਰਦਿਆਂ ਸਲਾਹਕਾਰ ਰਵਿੰਦਰ ਕੁਮਾਰ ਰਾਮਪੁਰਾ, ਜਨਰਲ ਸਕੱਤਰ ਅੰਤਰ ਸਿੰਘ ਜੇ ਈ, ਪ੍ਰਚਾਰ ਸਕੱਤਰ ਪਿਆਰਾ ਸਿੰਘ, ਕੈਸ਼ੀਅਰ ਵਰਿੰਦਰ ਸਿੰਘ ਪਰਮਾਰ ਤੇ ਹਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਮੰਗਾਂ ਦਾ ਹੱਲ ਨਾ ਕਰਨ 'ਤੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## ਅਦਾਲਤੀ ਇਸ਼ਤਿਹਾਰ

ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂ ਸ਼ਹਿਰ

ਮਿਸਲ ਨੰ. 06 ਐੱਨ ਟੀ,
ਦਾਇਰ ਮਿਤੀ : 08/06/2023
ਕਿਸਮ : ਤਕਸੀਮ,
ਪੇਸ਼ੀ ਮਿਤੀ : 07/05/2025
ਪਿੰਡ : ਹੁਸੈਨਪੁਰ

ਅਨੁਵਾਨ ਮੁਕੱਦਮਾ : ਪ੍ਰੇਮ ਵਗੈਰਾ ਬਨਾਮ ਰਘੂਬੀਰ ਸਿੰਘ ਵਗੈਰਾ

1. ਪ੍ਰੇਮ, 2. ਕਸ਼ਮੀਰ ਸਿੰਘ ਪੁੱਤਰ ਗਰੀਬੂ ਪੁੱਤਰ ਜਵਾਲਾ ਪਿੰਡ ਹੁਸੈਨਪੁਰ, ਤਹਿਸੀਲ ਨਵਾਂ ਸ਼ਹਿਰ : ਫਰੀਕ ਅੱਵਲ

ਬਨਾਮ

(1) ਰਘੂਬੀਰ ਸਿੰਘ (2) ਸਰਬਜੀਤ ਸਿੰਘ (3) ਰੁਪਿੰਦਰਜੀਤ ਕੌਰ ਪਤਨੀ ਪਰਦੀਪ ਸਿੰਘ ਪੁੱਤਰ ਪਰਮਿੰਦਰ ਸਿੰਘ ਸਾਰੇ ਵਾਸੀਆਨ ਪਿੰਡ ਹੁਸੈਨਪੁਰ, ਤਹਿਸੀਲ ਨਵਾਂ ਸ਼ਹਿਰ (4) ਪੰਜਾਬ ਨੈਸ਼ਨਲ ਬੈਂਕ ਬਰਾਂਚ ਰਾਹੀਂ, ਜ਼ਿਲ੍ਹਾ ਐੱਸ ਬੀ ਐੱਸ ਨਗਰ।

ਫਰੀਕ ਦੋਇਮ

ਦਰਖਾਸਤ ਕੀਏ ਜਾਣ ਤਕਸੀਮ ਅਰਾਜ਼ੀ ਖੇਵਟ ਨੰ. 191, ਖਤੌਨੀ ਨੰ. 197 (ਰਕਬਾ 03 ਕਨਾਲ 16 ਮਰਲੇ) ਬਰੂਏ ਜਮ੍ਹਾਂਬੰਦੀ ਸਾਲ 2015-16

ਉੱਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 07-05-2025 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦਾਇਲਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 08/05/2024 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਪਬਲੀਕੇਸ਼ਨ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂ ਸ਼ਹਿਰ।
ਨੰਬਰ 10 ਰੀਡਰ/2-ਮਿਤੀ 1/4/25


# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ-70/0138 ਗੁੱਜਰ ਸਿੰਘ ਪੁੱਤਰ ਮਿੱਤ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਅਵਤਾਰ ਸਿੰਘ ਪੁੱਤਰ ਰੇਸ਼ਮ ਸਿੰਘ ਰਕਬਾ ਬੱਗੂਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਵਿੱਚ ਐੱਸ ਡੀ ਓ (ਵੰਡ) ਮੱਲਾਂਵਾਲਾ ਨਾਲ ਸੰਪਰਕ ਕਰੇ।

## ਬੇਦਖਲੀ ਨੋਟਿਸ

ਮੈਂ, ਸਾਲੀਕ ਰਾਮ ਪੁੱਤਰ ਲੇਟ ਸੁੰਦਰ ਲਾਲ ਵਾਸੀ ਮਕਾਨ ਨੰ. 122/ਏ, ਗੁਰੂ ਅਰਜਨ ਨਗਰ, ਮਿੱਠੂ ਬਸਤੀ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਰ ਅਤੇ ਉਸ ਦੀ ਪਤਨੀ ਸਰੀਤਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹਰਪਾਲ ਕੌਰ ਵਿਧਵਾ ਜ਼ੋਰਾ ਸਿੰਘ ਵਾਸੀ ਤਖਤੂਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਰਜੀਤ ਸਿੰਘ ਉਰਫ ਕਾਕੂ ਅਤੇ ਮੇਰੀ ਨੂੰਹ ਸਿਮਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਪਰਮਜੀਤ ਸਿੰਘ ਪੁੱਤਰ ਸਰਵਣ ਰਾਮ ਅਤੇ ਕਮਲਜੀਤ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਪਿੰਡ ਉੱਚਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਇਸ਼ਵਿੰਦਰ ਕੌਲ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜ ਕੁਮਾਰੀ ਸ਼ਰਮਾ ਪਤਨੀ ਲੇਟ ਰਾਮ ਸਵਰੂਪ ਸ਼ਰਮਾ ਵਾਸੀ 5, ਪੰਜਾਬੀ ਗਲੀ, ਨੇੜੇ ਮਾਨ ਬਾਜ਼ਾਰ, ਅਸਾਮ, ਸਚਿਵਾਲਯ, ਕਾਮਰੂਪ ਮੈਟਰੋ ਅਸਾਮ 781006 ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਵਿਜੇ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੋਨੂੰ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਮਕਾਨ ਨੰਬਰ 708, ਨੇੜੇ ਮਾਡਲ ਟਾਊਨ, ਲਿੰਕ ਰੋਡ, ਨਿਊ ਬਾਲਮਿਕੀ ਕਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਨੈ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮਹਿੰਦਰ ਲਾਲ ਪੁੱਤਰ ਅਮਰ ਚੰਦ ਵਾਸੀ ਮਕਾਨ ਨੰ: 721, ਅਲੀਵਾਲ ਰੋਡ ਗਲੀ ਗੁਰਦੁਆਰਾ ਅਜੀਤ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵਿੰਦਰ ਸਿੰਘ ਅਤੇ ਮੇਰੀ ਨੂੰਹ ਜਸਲੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ, ਉਮਾ ਸ਼ੰਕਰ ਪੁੱਤਰ ਲੇਟ ਸ੍ਰੀ ਰਾਮ ਕ੍ਰਿਸ਼ਨ ਅਤੇ ਇੰਦੂ ਬਾਲਾ ਪਤਨੀ ਉਮਾ ਸ਼ੰਕਰ ਵਾਸੀ ਮਕਾਨ ਨੰ. ਈ ਜੀ 1084/ਬੀ, ਐੱਸ ਡੀ ਕਾਲਜ ਰੋਡ, ਗੋਬਿੰਦਗੜ੍ਹ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਦੀਪਕ ਮਹਿਤਾ (ਸ਼ਾਦੀਸ਼ੁਦਾ) ਜੋ ਬੰਗਲੌਰ (ਕਰਨਾਟਕ) 'ਚ ਰਹਿ ਰਿਹਾ ਹੈ, ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਨੀਤੂ ਪੁੱਤਰੀ ਫਕੀਰ ਚੰਦ ਵਾਸੀ ਪਿੰਡ ਮਗਰਾਲਾ, ਡਾਕਖਾਨਾ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਿਸ਼ਵ ਪੁੱਤਰ ਰਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਭੂਮਿਕਾ ਪੁੱਤਰੀ ਤਿਲਕ ਰਾਜ, ਮਕਾਨ ਨੰਬਰ 16 ਗਲੀ ਨੰਬਰ- 8, ਕਬੀਰ ਨਗਰ, ਜਲੰਧਰ ਦੀ ਰਹਿਣ ਵਾਲੀ ਹਾਂ। ਮੈਂ ਆਪਣਾ ਨਾਮ ਭੂਮਿਕਾ ਤੋਂ ਬਦਲ ਕੇ ਭੂਮਿਕਾ ਭਾਰਦਵਾਜ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਹਰਭਜਨ ਸਿੰਘ ਉਰਫ ਭਜਨ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਡੀ.ਏ.ਵੀ. ਕਾਲਜ, ਕੰਨਲਾ ਵਾਲੇ ਝੁੱਗੇ ਜਲਾਲਾਬਾਦ (ਪੱਛਮੀ) ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਹਰਭਜਨ ਸਿੰਘ ਅਤੇ ਭਜਨ ਸਿੰਘ ਇਕੋ ਨਾਮ ਦਾ ਵਿਅਕਤੀ ਹਾਂ ਅਤੇ ਮੈਨੂੰ ਅੱਜ ਤੋਂ ਬਾਅਦ ਹਰਭਜਨ ਸਿੰਘ ਨਾਮ ਨਾਲ ਜਾਣਿਆ ਜਾਵੇ। ਸਬੰਧਤ ਨੋਟ ਕਰਨ

ਮੈਂ ਪਵਨਜੀਤ ਪੁੱਤਰ ਸਵਰਨਾ ਵਾਸੀ ਪਿੰਡ ਖਰੌੜ ਡਾਕਘਰ ਸਾਹਦੜਾ ਤਹਿਸੀਲ ਬਲਾਚੌਰ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੀ ਨਾਬਾਲਗ ਲੜਕੀ ਦਾ ਨਾਮ ਸਿਮਰ ਤੋਂ ਬਦਲੀ ਕਰਕੇ ਸਿਮਰ ਕੌਰ ਰੱਖ ਲਿਆ ਹੈ ਸਬੰਧੀ ਨੋਟ ਕਰਨ ।

ਮੈਂ ਹਰਜੋਤ ਸਿੰਘ ਪੁੱਤਰ ਵੀਰ ਸਿੰਘ ਵਾਸੀ ਭਕਨਾ ਕਲਾਂ ਜ਼ਿਲਾ ਅੰਮ੍ਰਿਤਸਰ ਨੇ ਆਪਣਾ ਨਾਮ ਹਰਜੋਤ ਸਿੰਘ ਤੋਂ ਬਦਲ ਕੇ ਸੁਰਜੀਤ ਰਖ ਲਿਆ ਹੈ ਸੰਬੰਧਤ ਨੋਟ ਕਰਨ ।

## Change of Name

I Vipan S/O Surinder Singh, Have Changed My Name From Vipan To Vipan Sahota, R/O Kishanpura, Jalandhar,Punjab, 144008,India, Aadhar No 4342 8553 3884

I Sonia D/o Narinder Singh having Indian Passport No. Z 3483967, R/o 1A Whitty street, Sunshine Victoria 3020 Australia, hereby give notice that I have changed my name to Ruchitaa Bs Lamsar and I will be known by this new name from now on.

I, Rajinder Kaur W/o Gurdeep Singh R/o VPO Dehriwal Daroga Distt Gurdaspur have changed my name from Rajwinder Kaur to Rajinder Kaur. Concerned note.

I Princepal Singh S/O Satwinder Singh R/O Village Sarje Chak, Tehsil Kalanaur, Distt Gurdaspur Punjab,

I Have Changed My Name Princepal Singh To Singh Principal, My Given Name Is Principal And Surname Is Singh, Please Note All Concern.

I, Gurlal Singh S/o Mangal Singh R/o Vill Mugal Chak, Distt.Tarn Taran have changed my name Gurlal is my Given name and Singh is my Surname all concerned please note

I, Tarnbir Singh S/o Gurdeep Singh R/o Vill Mugal Chak, PO Kadgill, Distt Tarn Taran have changed my name Tarnbir is my Given name and Singh is my Surname all concerned please note

I, Attar Singh Sandhu S/o Sawinder Singh R/o Village Malia Kalan, Distt Tarn Taran have changed my name Attar Singh Sandhu to Attar Singh all concerned please note

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸਮਰਾਲਾ ਹਾਕੀ ਕਲੱਬ ਵੱਲੋਂ ਲੋੜਵੰਦ ਵਿਦਿਆਰਥਣਾਂ ਦੀ ਫ਼ੀਸ ਲਈ 15 ਹਜ਼ਾਰ ਦੀ ਰਾਸ਼ੀ ਦਿੱਤੀ



ਸਮਰਾਲਾ (ਸੁਰਜੀਤ ਸਿੰਘ) ਵਾਤਾਵਰਨ ਨੂੰ ਸਮਰਪਿਤ ਸੰਸਥਾ ਸਮਰਾਲਾ ਹਾਕੀ ਕਲੱਬ ਵੱਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਗੋਸਲਾਂ ਦੀਆਂ ਲੋੜਵੰਦ ਵਿਦਿਆਰਥਣਾਂ ਦੀਆਂ ਫੀਸਾਂ ਲਈ 15 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਾ ਚੈੱਕ ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਸੱਦੀ ਅਤੇ ਸਮੂਹ ਸਟਾਫ ਨੂੰ ਦਿੱਤਾ ਗਿਆ। ਇਸ ਮੌਕੇ ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਅਤੇ ਪਰਮਿੰਦਰ ਕੌਰ ਗੋਸਲਾਂ ਨੇ ਕਿਹਾ ਇਲਾਕੇ ਵਿੱਚ ਲੋੜਵੰਦ ਵਿਦਿਆਰਥਣਾਂ ਜੋ ਉੱਚ ਸਿੱਖਿਆ ਹਾਸਲ ਕਰਨ ਦੀਆਂ ਚਾਹਵਾਨ ਹਨ, ਪ੍ਰੰਤੂ ਫੀਸ ਪੱਖੋਂ ਪੜ੍ਹਾਈ ਜ਼ਾਰੀ ਰੱਖਣ ਵਿਚ ਦਿੱਕਤ ਆ ਰਹੀ ਹੈ, ਇਸੇ ਸੰਦਰਭ ਵਿੱਚ ਸਮਰਾਲਾ ਹਾਕੀ ਕਲੱਬ ਵੱਲੋਂ ਪੜ੍ਹਾਈ ਵਿੱਚ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥਣਾਂ ਦੀ ਪੜ੍ਹਾਈ ਜ਼ਾਰੀ ਰੱਖਣ ਹਿੱਤ ਫੀਸ ਦੇਣ ਦਾ ਨਿਰਣਾ ਕੀਤਾ ਗਿਆ। ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੱਲੋਂ ਇਸ ਸਹਾਇਤਾ ਲਈ ਕਲੱਬ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਹਾਕੀ ਕਲੱਬ ਦੇ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੀ ਸਮਾਜ ਸੇਵਾ ਨਾਲ ਭਵਿੱਖ ਵਿੱਚ ਸਾਨੂੰ ਪੜ੍ਹਿਆ ਲਿਖਿਆ ਵਰਗ ਮਿਲੇਗਾ ਜੋ ਵਿੱਤੀ ਸਾਧਨਾਂ ਤੋਂ ਬੇਸ਼ੱਕ ਕਮਜ਼ੋਰ ਹੈ, ਪ੍ਰੰਤੂ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹਨ। ਅਜਿਹੀਆਂ ਸੰਸਥਾਵਾਂ ਸਮਾਜ ਵਿੱਚ ਅਜਿਹੇ ਕਾਰਜ ਕਰਕੇ ਪੁੰਨ ਦਾ ਕੰਮ ਕਰ ਰਹੀਆਂ ਹਨ। ਇਸ ਮੌਕੇ ਇਸ ਭੁਪਿੰਦਰ ਸਿੰਘ, ਹਰਪਿੰਦਰ ਸਿੰਘ ਸ਼ਾਹੀ, ਬਿੱਕਰ ਸਿੰਘ ਅਤੇ ਇਕਬਾਲ ਕੌਰ ਆਦਿ ਹਾਜ਼ਰ ਸਨ।

# ਸ੍ਰੀ ਮਨੀ ਮਹੇਸ਼ ਲੰਗਰ ਸੇਵਾ ਸਮਿਤੀ ਵੱਲੋਂ ਲੰਗਰ ਦੀ ਸ਼ੁਰੂਆਤ

ਪਠਾਨਕੋਟ (ਦਵਿੰਦਰ ਸਿੰਘ)-ਸ੍ਰੀ ਮਨੀ ਮਹੇਸ਼ ਲੰਗਰ ਸੇਵਾ ਸਮਿਤੀ ਇੰਦਰਾ ਕਲੋਨੀ ਸ਼ਾਹਪੁਰ ਕੰਢੀ ਵੱਲੋਂ ਪਵਿੱਤਰ ਸ੍ਰੀ ਮਨੀ ਮਹੇਸ਼ ਦੇ ਦਰਸ਼ਨ ਕਰਨ ਵਾਲੇ ਭਗਵਾਨ ਸ਼ਿਵ ਦੇ ਸ਼ਰਧਾਲੂਆਂ ਲਈ ਸ਼ੁਰੂ ਕੀਤਾ ਗਿਆ।ਲੰਗਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਕਮੇਟੀ ਮੈਂਬਰਾਂ ਨੇ ਹਵਨ ਯੱਗ ਕੀਤਾ, ਆਹੂਤੀਆਂ ਦਿੱਤੀਆਂ ਅਤੇ ਪੂਰੀ ਦੁਨੀਆ ਲਈ ਸ਼ਾਂਤੀ ਤੇ ਵਿਕਾਸ ਲਈ ਪ੍ਰਾਰਥਨਾ ਕੀਤੀ। ਕੰਜਕ ਪੂਜਨ ਕਰਕੇ ਧਾਰਮਿਕ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਗਈ।ਲੰਗਰ ਸੇਵਾ ਕਮੇਟੀ ਵੱਲੋਂ ਸਮਾਜ ਸੇਵਕ ਸੋਹਨ ਲਾਲ, ਸਾਬਕਾ ਸਰਪੰਚ ਭੂਸ਼ਣ ਧੰਨਾ, ਆਪ ਪਾਰਟੀ ਦੇ ਬਲਾਕ ਮੁਖੀ ਕੇਵਲ ਕ੍ਰਿਸ਼ਨ, ਦਲਵਿੰਦਰ ਰਾਣਾ, ਅਸ਼ਵਨੀ ਕੁਮਾਰ, ਐਡਵੋਕੇਟ ਹਰਸ਼ ਸੋਹਲੀਆਂ, ਮੁਨੀਸ਼ ਕੁਮਾਰ ਮੁੰਨਾ, ਪੰਚ ਕਿਸ਼ੋਰ ਲਾਲ, ਸੈਮਸੰਗ ਮਿੰਟੂ, ਕਬੀਰ ਸੋਨੀ, ਰਾਹੁਲ ਸ਼ਰਮਾ, ਵਿਜੇ ਕੁਮਾਰ ਅਤੇ ਹੋਰ ਅਧਿਕਾਰੀਆਂ ਨੇ ਹਰ-ਹਰ ਮਹਾਦੇਵ ਦੇ ਨਾਂਅ ਦਾ ਜਾਪ ਕੀਤਾ ।ਉਨ੍ਹਾਂ ਦੱਸਿਆ ਕਿ ਹਰ ਸਾਲ ਸ਼ਿਵ ਭਗਤਾਂ ਲਈ ਉਨ੍ਹਾਂ ਦੀ ਲੰਗਰ ਸੇਵਾ ਸਮਿਤੀ ਦਿਨ-ਰਾਤ ਨਿਰੰਤਰ ਲੰਗਰ ਚਲਾਏਗੀ।ਉਨ੍ਹਾਂ ਦੱਸਿਆ ਕਿ ਇਹ ਲੰਗਰ ਲਗਭਗ ਇੱਕ ਮਹੀਨਾ ਚੱਲੇਗਾ।


## Change of Name

I, Hari Singh Sandhu S/o Attar Singh Sandhu R/o Village Malia Kalan, Distt Tarn Taran have changed my name Hari Singh Sandhu to Hari Singh all concerned please note

I, Nirvail Singh S/o Kulwinder Singh R/o Vill. Dashmesh Nagar Lola Tehsil Baba Bakala Distt. Amritsar have changed my name From Nirvail Singh to Given Name Nirvail Surname Singh.


# ਬਜ਼ੁਰਗਾਂ ਦੇ ਵਿਹੜੇ 'ਚ ਮਨਾਈ ਧੀਆਂ ਦੀ ਤੀਜ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਬਜ਼ੁਰਗਾਂ ਦੇ ਵਿਹੜੇ ਵਿੱਚ ਧੀਆਂ ਦੀ ਤੀਜ ਮਨਾਈ।ਇਸ ਮੌਕੇ ਬਾਬਾ ਸ਼੍ਰੀ ਚੰਦ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਚੂੜਚੱਕ ਦੀਨਾਨਗਰ ਦੀਆਂ ਵਿਦਿਆਰਥਣਾਂ ਨੇ ਗਿੱਧਾ, ਭੰਗੜਾ, ਪਾ ਕੇ ਵਿਹੜੇ ਵਿੱਚ ਰੌਣਕਾਂ ਲਾਈਆਂ।ਆਸ਼ਰਮ ਸੁਪਰਡੈਂਟ ਅੰਜਲੀ ਸ਼ਰਮਾ ਨੇ ਮਹਿਮਾਨਾਂ ਨੂੰ ਤੀਜ ਦੇ ਤਿਉਹਾਰ ਦਾ ਮਹੱਤਵ ਦੱਸਿਆ।ਇਹ ਤਿਉਹਾਰ ਸਾਉਣ ਦੇ ਮਹੀਨੇ ਵਿੱਚ ਧੀਆਂ ਦੇ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਕਾਲਜ ਪ੍ਰਿੰ. ਸਰੋਜਨੀ ਬਾਲਾ, ਐਡਵੋਕੇਟ ਸੁਖਵਿੰਦਰ ਕੌਰ ਨਾਂਗਲਾ, ਕੁਲਵਿੰਦਰ ਕੌਰ ਨਾਂਗਲਾ, ਐਡਵੋਕੇਟ ਮਮਤਾ, ਚੇਅਰਪਰਸਨ ਸਤਨਾਮ ਸਿੰਘ, ਕੋਆਰਡੀਨੇਟਰ ਇੰਦਰਜੀਤ ਕੌਰ, ਵਾਇਸ ਪ੍ਰਿੰਸੀਪਲ ਅਸ਼ਵਨੀ ਕੁਮਾਰ, ਸਟਾਫ ਮੈਂਬਰ ਸਵਿਤਾ, ਰੂਪ ਰਾਣੀ, ਰਾਜ ਰਾਣੀ, ਰਮੇਸ਼ ਚੰਦਰ, ਪ੍ਰੀਆ, ਚੰਦ ਦੇਵ ਅਤੇ ਵਿਪਨ ਕੁਮਾਰ ਆਦਿ ਮੌਜੂਦ ਸਨ।



# ਬਾਬਾ ਹਰਨਾਮ ਸਿੰਘ ਖਾਲਸਾ ਨੇ ਭਾਜਪਾ ਜ਼ਿਲ੍ਹਾ ਪ੍ਰਧਾਨ ਹਰਦੀਪ ਗਿੱਲ ਨੂੰ ਦਿੱਤਾ ਆਸ਼ੀਰਵਾਦ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ) : ਦਮਦਮੀ ਟਕਸਾਲ ਅਤੇ ਸੰਤ ਸਮਾਜ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਭਾਰਤੀ ਜਨਤਾ ਪਾਰਟੀ ਦੇ ਨਵੇਂ ਬਣੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਹਰਦੀਪ ਸਿੰਘ ਗਿੱਲ ਨੂੰ ਅਸ਼ੀਰਵਾਦ ਦਿੱਤਾ।ਇਸ ਦੌਰਾਨ ਹਰਦੀਪ ਗਿੱਲ ਨੇ ਦਿਹਾਤੀ ਖੇਤਰ ਵਿਚ ਟਕਸਾਲ ਵੱਲੋਂ ਵਿੱਢੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਤੇ ਹਰ ਤਰ੍ਹਾਂ ਦੇ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ।ਹਰਦੀਪ ਸਿੰਘ ਗਿੱਲ ਨੇ ਸਾਥੀਆਂ ਸਮੇਤ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮੱਥਾ ਟੇਕਿਆ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।ਹਰਦੀਪ ਗਿੱਲ ਨੇ ਕਿਹਾ ਕਿ ਵਿੱਦਿਆ ਦੇ ਖੇਤਰ ਟਕਸਾਲ ਵੱਲੋਂ ਸ਼ਲਾਘਾਯੋਗ ਕੰਮ ਕੀਤੇ ਜਾ ਰਹੇ ਹਨ।ਲੋੜਵੰਦ ਤੇ ਗਰੀਬ ਬੱਚਿਆਂ ਦੀ ਸਹਾਇਤਾ ਕਰਨ ਨਾਲ ਮਾਝੇ ਖੇਤਰ ਵਿੱਚ ਸਿੱਖਿਆ ਤੋਂ ਵਾਂਝੇ ਰਹਿਣ ਵਾਲੇ ਬੱਚਿਆਂ ਨੂੰ ਟਕਸਾਲ ਵੱਲੋਂ ਪੜ੍ਹਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਤੇ ਸੰਤ ਸਮਾਜ ਪੰਜਾਬ ਅਤੇ ਸਿੱਖਾਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਦੇ ਹੱਲ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ।

ਇਸ ਮੌਕੇ ਹਰਸ਼ਦੀਪ ਸਿੰਘ, ਪ੍ਰਭਦੀਪ ਸਿੰਘ, ਕੇਵਲ ਸਿੰਘ ਖੱਬੇ ਸਰਕਲ ਪ੍ਰਧਾਨ ਮਹਿਤਾ, ਗੁਲਜਿੰਦਰ ਸਿੰਘ ਲਾਡੀ ਨੰਬਰਦਾਰ, ਸਰਕਲ ਪ੍ਰਧਾਨ ਮਨਜੀਤ ਸਿੰਘ ਸੰਧੂ ਤਰਸਿੱਕਾ, ਬਿਕਰਮਜੀਤ ਸਿੰਘ ਫੌਜੀ, ਰਾਜਬੀਰ ਸਿੰਘ ਮਹਿਤਾ ਤੋਂ ਇਲਾਵਾ ਹੋਰ ਵੀ ਇਲਾਕਾ ਨਿਵਾਸੀ ਹਾਜ਼ਰ ਸਨ।



# ਹਿੰਦੂ ਕੰਨਿਆ ਮਹਾਂਵਿਦਿਆਲਾ 'ਚ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਥਾਨਕ ਹਿੰਦੂ ਕੰਨਿਆ ਮਹਾਵਿਦਿਆਲਾ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਐੱਨ. ਡੀ. ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰ. ਡਾ. ਰਜਵਿੰਦਰ ਕੌਰ ਦੀ ਅਗਵਾਈ ਵਿੱਚ ਵਿੱਦਿਅਕ ਸੈਸ਼ਨ 2025-26 ਦੀ ਸ਼ੁਰੂਆਤ ਮੌਕੇ ਹਵਨ ਕਰਵਾਇਆ ਗਿਆ।ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਹਵਨ ਦੀ ਵਿਧੀ ਵਿਚ ਬੈਠੇ।

ਪ੍ਰਿੰ. ਡਾ. ਰਜਵਿੰਦਰ ਕੌਰ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਪਰਮਾਤਮਾ ਦਾ ਨਾਮ ਲੈਂਦੇ ਹਾਂ ਉਸੇ ਤਰ੍ਹਾਂ ਅਸੀਂ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਮੌਕੇ ਪਰਮਾਤਮਾ ਨੂੰ ਯਾਦ ਕਰਕੇ ਹਵਨ ਕੀਤਾ ਹੈ ਤਾਂ ਕਿ ਪਵਿੱਤਰ ਅਗਨੀ ਤੇ ਸਿਮਰਨ ਨਾਲ ਕਾਲਜ ਦੇ ਵਿਦਿਆਰਥੀਆਂ ਵਿੱਚ ਪੜ੍ਹਨ ਲਈ ਹੋਰ ਰੁਚੀ ਪੈਦਾ ਹੋਵੇ ਅਤੇ ਕਾਲਜ ਉੱਚੀਆਂ ਬੁਲੰਦੀਆਂ 'ਤੇ ਪਹੁੰਚੇ।ਇਸ ਮੌਕੇ ਮੈਡਮ ਅਮਨਜੀਤ, ਮੀਨਾਕਸ਼ੀ, ਰੇਖਾ, ਸਮੁੱਚੀ ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸਮੂਹ ਸਟਾਫ ਹਾਜ਼ਰ ਸੀ।



10 Aug Page 8.qxd 8/9/2025 10:16 PM Page 1



# ਐੱਲ ਪੀ ਯੂ ਦੇ ਫਰੈਸ਼ਮੈਨ ਇੰਡਕਸ਼ਨ ਦੌਰਾਨ ਚੋਟੀ ਦੇ ਸੀ ਈ ਓਜ਼ ਨੇ ਕੀਤਾ ਮਾਰਗ-ਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਕਰੀਅਰ ਲਈ ਤਿਆਰ ਹੋਣ ਦੇ ਅਰਥ ਨੂੰ ਮੁੜ ਪਰਿਭਾਸ਼ਿਤ ਕਰ ਰਹੀ ਹੈ, ਅਤੇ ਇਹ ਕੈਂਪਸ ਵਿੱਚ ਪਹਿਲੇ ਦਿਨ ਤੋਂ ਹੀ ਸ਼ੁਰੂ ਹੁੰਦੀ ਹੈ। "ਅਸਲ ਦੁਨੀਆ ਨਾਲ ਸਿੱਖਣ" ਦੀ ਗੱਲ ਨੂੰ ਪੂਰਾ ਕਰਦੇ ਹੋਏ, ਐਲਪੀਯੂ ਦੇ ਫਰੈਸ਼ਮੈਨ ਇੰਡਕਸ਼ਨ 2025 ਦੀ ਸ਼ੁਰੂਆਤ ਭਾਰਤ ਦੇ ਕੁਝ ਸਭ ਤੋਂ ਵੱਧ ਕਾਮਯਾਬ ਸੀਈਓ ਅਤੇ ਉਦਯੋਗ ਦੇ ਨੇਤਾਵਾਂ ਦੁਆਰਾ ਐਲਪੀਯੂ ਫਰੈਸ਼ਰਾਂ ਨੂੰ ਸੰਬੋਧਨ ਕਰਨ ਅਤੇ ਮਾਰਗਦਰਸ਼ਨ ਕਰਨ ਨਾਲ ਹੋਈ। ਤਿੰਨ ਹਫਤਿਆਂ ਤੱਕ ਚੱਲਣ ਵਾਲਾ ਇਹ ਇੰਡਕਸ਼ਨ ਪ੍ਰੋਗਰਾਮ ਸਿਰਫ ਵਿਦਿਆਰਥੀਆਂ ਦਾ ਸਵਾਗਤ ਕਰਨ ਬਾਰੇ ਨਹੀਂ ਸੀ, ਸਗੋਂ ਇੱਕ ਨੇਤਾ, ਉੱਦਮੀ ਅਤੇ ਉਦਯੋਗ ਦੇ ਭਵਿੱਖ ਬਾਰੇ ਇੱਕ ਮਾਸਟਰ ਕਲਾਸ ਵੀ ਸੀ। ਭਾਵੇਂ ਇਹ ਐਫਐਮਸੀਜੀ ਦੇ ਆਗੂ ਹੋਣ ਜਾਂ ਨਿਰਮਾਣ ਦੇ ਦਿੱਗਜ, ਹਰੇਕ ਸੈਸ਼ਨ ਦਾ ਉਦੇਸ਼ ਗਿਆਨ ਅਤੇ ਅਭਿਆਸ, ਇੱਛਾ ਅਤੇ ਕਾਰਵਾਈ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਸੀ, ਇੱਕ ਅਜਿਹੀ ਸਿੱਖਿਆ ਦੀ ਨੀਂਹ ਰੱਖਣਾ ਸੀ ਜੋ ਭਵਿੱਖ, ਨਵੀਨਤਾ ਅਤੇ ਵਿਸ਼ਵਵਿਆਪੀ ਪ੍ਰਭਾਵ ਦੇ ਆਲੇ-ਦੁਆਲੇ ਬਣੀ ਹੋਵੇ। ਪਹਿਲੇ ਦਿਨ ਤੋਂ ਹੀ, ਵਿਦਿਆਰਥੀਆਂ ਵਿੱਚ ਵਿਸ਼ਵਾਸ ਪੈਦਾ ਕਰਨ ਅਤੇ ਪ੍ਰੇਰਿਤ ਕਰਨ ਲਈ ਇੱਕ ਵਾਤਾਵਰਣ ਬਣਾਇਆ ਗਿਆ ਸੀ। ਨਿਰਮਾਣ ਅਤੇ ਗਤੀਸ਼ੀਲਤਾ ਤੋਂ ਲੈ ਕੇ ਆਯੁਰਵੇਦ, ਸਥਿਰਤਾ ਅਤੇ ਬ੍ਰਾਂਡਿੰਗ ਤੱਕ ਵੱਖ-ਵੱਖ ਉਦਯੋਗਾਂ ਦੇ ਚੋਟੀ ਦੇ ਨੇਤਾਵਾਂ ਦੇ ਨਾਲ, ਇੰਡਕਸ਼ਨ ਵਿੱਚ ਇੰਟਰਐਕਟਿਵ ਸੈਸ਼ਨ ਸ਼ਾਮਲ ਸਨ ਜਿਨ੍ਹਾਂ ਨੇ ਕਲਾਸ ਰੂਮ ਸਿੱਖਣ ਅਤੇ ਅਸਲ-ਸੰਸਾਰ ਪ੍ਰਭਾਵ ਵਿਚਕਾਰ ਪਾੜੇ ਨੂੰ ਪੂਰਾ ਕਰਨ ਵਿੱਚ ਮਦਦ ਕੀਤੀ। ਬੁਲਾਰਿਆਂ




ਵਿੱਚ ਅਕਸ਼ੈ ਸਾਂਗਵਾਨ, ਸੋਨਾਲੀਕਾ ਗਰੁੱਪ ਦੇ ਡਾਇਰੈਕਟਰ ਵਿਕਾਸ ਅਤੇ ਵਪਾਰਕ ਸ਼ਾਮਲ ਸਨ, ਜੋ ਕਿ 10,000 ਕਰੋੜ ਦੀ ਵਿਸ਼ਵਵਿਆਪੀ ਮੌਜੂਦਗੀ ਵਾਲੀ ਫਾਰਚੂਨ 500 (2024) ਕੰਪਨੀ ਹੈ। ਉਨ੍ਹਾਂ ਨੇ ਗਲੋਬਲ ਨੇਤਾਵਾਂ ਅਤੇ ਨਵੀਨਤਾ 'ਤੇ ਗੱਲ ਕੀਤੀ ਅਤੇ ਵਿਦਿਆਰਥੀਆਂ ਨੂੰ ਸੀਮਾਵਾਂ ਤੋਂ ਪਰੇ ਸੋਚਣ ਅਤੇ ਉਦੇਸ਼ ਨਾਲ ਅਗਵਾਈ ਕਰਨ ਲਈ ਉਤਸ਼ਾਹਿਤ ਕੀਤਾ। ਪ੍ਰਾਣ ਸ਼ਰਮਾ ਪ੍ਰਧਾਨ ਸ੍ਰੀ ਬੈਦਿਆਨਾਥ ਆਯੁਰਵੇਦ ਭਵਨ ਪ੍ਰਾਈਵੇਟ ਲਿਮਟਿਡ ਨੇ ਰਵਾਇਤੀ ਗਿਆਨ ਨੂੰ ਆਧੁਨਿਕ ਰਣਨੀਤੀਆਂ ਨਾਲ ਜੋੜ ਕੇ ਇੱਕ ਵਿਰਾਸਤੀ ਆਯੁਰਵੈਦਿਕ ਬ੍ਰਾਂਡ ਵਿਕਸਤ ਕਰਨ ਦੇ ਆਪਣੇ ਸਫ਼ਰ ਨੂੰ ਸਾਂਝਾ ਕੀਤਾ। ਉਨ੍ਹਾਂ ਦਾ ਸੁਨੇਹਾ ਵਿਦਿਆਰਥੀਆਂ ਨਾਲ ਗੂੰਜਿਆ ਜੋ ਭਾਰਤੀ ਕਦਰਾਂ-ਕੀਮਤਾਂ 'ਤੇ ਖਰਾ ਉਤਰਦੇ ਹੋਏ ਭਵਿੱਖ-ਮੁਖੀ ਕਾਰੋਬਾਰ ਬਣਾਉਣ ਦੇ ਚਾਹਵਾਨ ਸਨ। ਸਭ ਤੋਂ ਦਿਲਚਸਪ ਸੈਸ਼ਨਾਂ ਵਿੱਚੋਂ ਇੱਕ ਵਿੱਚ, ਸੌਰਭ ਮੁੰਜਾਲ, ਸਹਿ-ਸੰਸਥਾਪਕ ਅਤੇ ਸੀਈਓ, ਆਰਸੀਅਨ ਫੂਡਜ਼ ਪ੍ਰਾਈਵੇਟ ਲਿਮਟਿਡ (ਲਾਹੌਰੀ ਜੀਰਾ) ਨੇ ਵਿਦਿਆਰਥੀਆਂ ਨੂੰ ਇੱਕ ਘਰੇਲੂ ਪੀਣ ਵਾਲੇ ਪਦਾਰਥ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਬ੍ਰਾਂਡ ਵਿੱਚ ਬਦਲਣ ਦੀ ਆਪਣੀ ਉੱਦਮੀ ਯਾਤਰਾ ਨਾਲ ਮੋਹਿਤ ਕੀਤਾ। ਬ੍ਰਾਂਡਿੰਗ, ਧੀਰਜ ਅਤੇ ਲਗਨ 'ਤੇ ਉਨ੍ਹਾਂ ਦੇ ਭਾਸ਼ਣ ਨੇ ਉਭਰਦੇ ਉੱਦਮੀਆਂ 'ਤੇ ਡੂੰਘਾ ਪ੍ਰਭਾਵ ਪਾਇਆ। ਲੋਕੇਸ਼ ਜੈਨ, ਡਾਇਰੈਕਟਰ, ਟੀਕੇ ਸਟੀਲਜ਼ ਨੇ ਭਾਰਤ ਦੇ ਮੋਹਰੀ ਉਦਯੋਗ ਖੇਤਰ ਤੋਂ ਲਚਕੀਲੇਪਣ ਅਤੇ ਪੁਨਰ ਨਿਰਮਾਣ 'ਤੇ ਸ਼ਕਤੀਸ਼ਾਲੀ ਸਬਕ ਸਾਂਝੇ ਕੀਤੇ, ਜਦੋਂ ਕਿ ਵਿਸ਼ਾਲ ਵਿਨਾਇਕ, ਐਮਡੀ, ਨੈਨੋ ਟੈਕ ਕੈਮੀਕਲ ਬ੍ਰਦਰਜ਼ ਨੇ ਪ੍ਰਭਾਵਸ਼ਾਲੀ ਉੱਦਮੀਆਂ ਦੇ ਮੁੱਖ ਚਾਲਕਾਂ ਵਜੋਂ ਸਥਿਰਤਾ ਅਤੇ ਵਿਲੱਖਣ ਨਵੀਨਤਾ ਨੂੰ ਉਜਾਗਰ ਕੀਤਾ। ਲੀਡਰਸ ਨੇ ਕਰੀਅਰ ਦੀ ਤਿਆਰੀ, ਰੈਜ਼ਿਊਮੇ ਬਿਲਡਿੰਗ, ਨਿੱਜੀ ਬ੍ਰਾਂਡਿੰਗ, ਪੇਸ਼ਕਾਰੀ ਹੁਨਰ ਅਤੇ ਅੱਜ ਦੀ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਚੁਸਤ ਰਹਿਣ ਵਰਗੇ ਜ਼ਰੂਰੀ ਵਿਸ਼ਿਆਂ ਤੇ ਵਿਦਿਆਰਥੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ।

# ਚੋਣ ਕਮਿਸ਼ਨ ਵੱਲੋਂ ਅਧਿਕਾਰੀਆਂ ਦੇ ਮਿਹਨਤਾਨੇ 'ਚ ਵਾਧਾ : ਸਿਬਿਨ ਸੀ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਚੋਣਾਂ ਦੇ ਸੰਚਾਲਨ ਵਿੱਚ ਕੇਂਦਰ ਸਰਕਾਰ, ਰਾਜ ਸਰਕਾਰਾਂ, ਜਨਤਕ ਖੇਤਰ ਦੇ ਅਦਾਰਿਆਂ ਅਤੇ ਵੱਖ-ਵੱਖ ਵਿਭਾਗਾਂ ਦੇ ਸਥਾਨਕ ਅਧਿਕਾਰੀਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਇਹ ਅਧਿਕਾਰੀ ਤੇ ਕਰਮਚਾਰੀ ਚੋਣਾਂ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ, ਗਰਾਊਂਡ ਜ਼ੀਰੋ 'ਤੇ ਤਾਇਨਾਤ ਪੂਰੀ ਮਸ਼ੀਨਰੀ ਸਖ਼ਤ ਅਤੇ ਸੰਵੇਦਨਸ਼ੀਲ ਡਿਊਟੀਆਂ ਨਿਭਾਉਂਦੀ ਹੈ, ਜੋ ਕਿ ਕਈ ਵਾਰ ਲੰਬੇ ਸਮੇਂ ਤੱਕ ਚੱਲਦੀ ਹੈ ਅਤੇ ਕਈ ਮਹੀਨਿਆਂ ਤੱਕ ਵੀ ਜਾਰੀ ਰਹਿੰਦੀ ਹੈ। ਚੋਣ ਅਮਲੇ ਵੱਲੋਂ ਚੋਣਾਂ ਦੌਰਾਨ ਇੱਕ ਅਨੁਕੂਲ ਮਾਹੌਲ ਯਕੀਨੀ ਬਣਾਇਆ ਜਾਂਦਾ ਹੈ, ਤਾਂ ਜੋ ਵੋਟਰ ਆਪਣਾ ਵੋਟ ਦੇਣ ਦਾ ਅਧਿਕਾਰ ਵਰਤ ਸਕਣ ਅਤੇ ਆਪਣੀ ਪਸੰਦ ਦੀ ਸਰਕਾਰ ਚੁਣ ਸਕਣ।ਉਨ੍ਹਾਂ ਅੱਗੇ ਦੱਸਿਆ ਕਿ ਇਹ ਯਕੀਨੀ ਬਣਾਉਣ ਲਈ ਕਿ ਚੋਣ ਡਿਊਟੀ 'ਤੇ ਤੈਨਾਤ ਕਰਮਚਾਰੀਆਂ ਨੂੰ ਉਚਿਤ ਭੁਗਤਾਨ ਕੀਤਾ ਜਾਵੇ, ਭਾਰਤੀ ਚੋਣ ਕਮਿਸ਼ਨ ਨੇ ਚੋਣ ਡਿਊਟੀ 'ਤੇ ਤੈਨਾਤ ਕਰਮਚਾਰੀਆਂ ਲਈ ਭੁਗਤਾਨ/ਮਾਣਭੱਤੇ ਦੇ ਰੇਟਾਂ ਵਿੱਚ ਸੋਧ ਕਰਨ ਦਾ ਫ਼ੈਸਲਾ ਕੀਤਾ ਹੈ। ਭੁਗਤਾਨ/ਮਾਣਭੱਤੇ ਵਿੱਚ ਇਸ ਤਰ੍ਹਾਂ ਦਾ ਆਖਰੀ ਵੱਡਾ ਵਾਧਾ 2014 ਤੋਂ 2016 ਦੇ ਵਿਚਕਾਰ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਪ੍ਰੀਜ਼ਾਈਡਿੰਗ ਅਫ਼ਸਰਾਂ, ਪੋਲਿੰਗ ਅਫ਼ਸਰਾਂ, ਗਿਣਤੀ ਕਰਨ ਵਾਲੇ ਅਮਲੇ, ਮਾਈਕ੍ਰੋ ਅਬਜ਼ਰਵਰਾਂ ਅਤੇ ਹੋਰ ਅਧਿਕਾਰੀਆਂ ਦੇ ਮਿਹਨਤਾਨੇ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਡਿਪਟੀ ਜ਼ਿਲ੍ਹਾ ਚੋਣ ਅਧਿਕਾਰੀਆਂ, ਸੀ.ਏ.ਪੀ.ਐੱਫ. ਕਰਮਚਾਰੀਆਂ ਅਤੇ ਸੈਕਟਰ ਅਧਿਕਾਰੀਆਂ ਲਈ ਵੀ ਮਾਣ ਭੱਤਾ ਵਧਾਇਆ ਗਿਆ ਹੈ। ਵੋਟਿੰਗ/ਗਿਣਤੀ ਦੀ ਡਿਊਟੀ ਲਈ ਭੋਜਨ/ਰਿਫਰੈਸ਼ਮੈਂਟ ਦੀਆਂ ਦਰਾਂ ਵਿੱਚ ਵੀ ਚੋਣ ਕਮਿਸ਼ਨ ਵੱਲੋਂ ਵਾਧਾ ਕੀਤਾ ਗਿਆ ਹੈ।



# ਵਿਧਾਇਕ ਰੰਧਾਵਾ ਨੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਚਲਾਈ ਮੁਹਿੰਮ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਨਿਰਦੇਸ਼ਾਂ ਅਨੁਸਾਰ, ਵਾਰਡ ਨੰਬਰ 13 ਅਤੇ 14 ਵਿੱਚ ਬਰਸਾਤੀ ਪਾਣੀ ਦੇ ਨਾਲਿਆਂ ਦੀ ਸਫਾਈ ਦਾ ਕੰਮ ਅਧਿਕਾਰਤ ਤੌਰ 'ਤੇ ਸ਼ੁਰੂ ਕਰਵਾਇਆ ਗਿਆ। ਸਫਾਈ ਪ੍ਰਕਿਰਿਆ ਵਾਰਡ ਇੰਚਾਰਜ ਹਰਜੋਤ ਸਿੰਘ, ਨਿਊ ਜਨਰੇਸ਼ਨ ਅਪਾਰਟਮੈਂਟ ਅਤੇ ਸਪੈਂਗਲ ਹਾਈਟਸ ਦੇ ਪ੍ਰਧਾਨਾਂ ਸਮੇਤ ਨੇੜਲੇ ਸੁਸਾਇਟੀ ਦੇ ਨਿਵਾਸੀਆਂ ਦੀ ਮੌਜੂਦਗੀ ਵਿੱਚ ਸ਼ੁਰੂ ਕੀਤੀ ਗਈ। ਬਰਸਾਤੀ ਪਾਣੀ ਦੇ ਨਾਲਿਆਂ ਦੀ ਸਫਾਈ ਇੱਕ ਜ਼ਰੂਰੀ ਕੰਮ ਹੈ ਜੋ ਮਾਨਸੂਨ ਦੌਰਾਨ ਪਾਣੀ ਦੇ ਵਹਾਅ ਨੂੰ ਯਕੀਨੀ ਬਣਾਉਂਦਾ ਹੈ ।ਬਰਸਾਤੀ ਮੌਸਮ ਦੀ ਸ਼ੁਰੂਆਤ ਦੇ ਨਾਲ, ਕਿਸੇ ਵੀ ਸੰਭਾਵੀ ਪਾਣੀ ਭਰਨ ਜਾਂ ਹੜ੍ਹ ਨੂੰ ਰੋਕਣ ਲਈ ਇਨ੍ਹਾਂ ਨਾਲਿਆਂ ਦੀ ਸਫਾਈ ਬਣਾਈ ਰਖਣਾ ਬਹੁਤ ਜ਼ਰੂਰੀ ਹੈ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਇਸ ਕੰਮ ਦੀ ਮਹੱਤਤਾ ਨੂੰ ਪਛਾਣਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਨਿਊ ਜਨਰੇਸ਼ਨ ਅਪਾਰਟਮੈਂਟ ਅਤੇ ਸਪੈਂਗਲ ਹਾਈਟਸ ਦੇ ਪ੍ਰਧਾਨਾਂ ਨੇ ਵੀ ਇਸ ਪਹਿਲਕਦਮੀ ਲਈ ਵਿਧਾਇਕ ਰੰਧਾਵਾ ਦੀ ਸ਼ਲਾਘਾ ਕੀਤੀ।



ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਨੂੰ ਦਰਸਾਉਣ ਵਾਲੇ ਰੱਖੜੀ ਦੇ ਤਿਉਹਾਰ 'ਤੇ ਇਬਾਦਤ ਕੌਰ ਆਪਣੇ ਭਰਾ ਹਿੰਮਤ ਸਿੰਘ ਦੇ ਰੱਖੜੀ ਬੰਨ੍ਹਦੀ ਹੋਈ ਅਤੇ ਦੂਜੀ ਤਸਵੀਰ ਵਿੱਚ ਦਲਜੀਤ ਕੌਰ ਆਪਣੇ ਭਰਾ ਗੁਰਪ੍ਰੀਤ ਸਿੰਘ ਦੇ ਰੱਖੜੀ ਬੰਨ੍ਹਦੀ ਹੋਈ। (ਫ਼ੋਟੋ ਤੇ ਵੇਰਵਾ : ਯੋਗੇਸ਼ਵਰ)

# ਨਵੋਦਿਆ ਵਿਦਿਆਲਿਆ 'ਚ ਦਾਖ਼ਲਾ ਲੈਣ ਲਈ ਵਿਸ਼ੇਸ਼ ਕਲਾਸਾਂ ਸ਼ੁਰੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿੱਦਿਆ ਦੇ ਖੇਤਰ ਵਿੱਚ ਲੰਮੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਯੂ ਕੇ ਵੱਲੋਂ ਗਰੀਬ ਅਤੇ ਲੋੜਵੰਦ ਲੋਕਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਲਈ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪ੍ਰੀਤ ਨਗਰ ਪਿੰਡ ਅੱਜੋਵਾਲ ਨੂੰ ਗੋਦ ਲੈ ਕੇ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਅਤੇ ਇਲਾਕੇ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਨੂੰ ਅੱਗੇ ਵਧਾਉਣ ਲਈ ਇਸ ਸਕੂਲ ਵਿੱਚ ਪੜ੍ਹਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਨਵੋਦਿਆ ਵਿਦਿਆਲਿਆ ਵਿੱਚ ਦਾਖਲਾ ਲੈਣ ਲਈ ਹੋਣ ਵਾਲੇ ਦਾਖਲਾ ਇਮਤਿਹਾਨ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਸਕੂਲ ਵਿਖੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ, ਸਕੂਲ ਦੇ ਅਧਿਆਪਕਾਂ ਵੱਲੋਂ ਵਿਸ਼ੇਸ਼ ਇਕੱਤਰਤਾ ਕੀਤੀ ਗਈ, ਜਿਸ ਵਿੱਚ ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਨਵੋਦਿਆ ਵਿਦਿਆਲਿਆ ਵਿੱਚ ਦਾਖ਼ਲਾ ਲੈਣ ਅਤੇ ਇਸ ਦੀ ਮਹੱਤਤਾ ਸਬੰਧੀ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਵੀ ਜਾਣਕਾਰੀ ਦਿੱਤੀ। ਸਕੂਲ ਦੇ ਹੈਡ ਟੀਚਰ ਅੰਜੂ ਬਾਲਾ, ਪ੍ਰਵੀਨ ਕੁਮਾਰ, ਅਤੇ ਬਲਵਿੰਦਰ ਕੌਰ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ। ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਦੇ ਚੇਅਰਮੈਨ ਰਣਜੀਤ ਸਿੰਘ, ਮੈਂਬਰ ਜਸਜੀਤ ਸਿੰਘ ਆਹਲੂਵਾਲੀਆ, ਪ੍ਰਿੰਸੀਪਲ ਰਚਨਾ ਕੌਰ, ਗੁਰਪ੍ਰੀਤ ਸਿੰਘ, ਜਤਿੰਦਰ ਕੌਰ ਨੇ ਆਪਣੇ ਵਿਸ਼ੇਸ਼ ਸੰਦੇਸ਼ ਰਾਹੀਂ ਵਿਦਿਆਰਥੀਆਂ ਨੂੰ ਉਹਨਾਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰਵਾਉਣ ਤਾਂ ਕਿ ਜ਼ਿੰਦਗੀ ਵਿੱਚ ਅੱਗੇ ਵਧ ਸਕਣ ਅਤੇ ਉਚੇ ਅਹੁਦਿਆਂ 'ਤੇ ਪਹੁੰਚ ਸਕਣ ਅਤੇ ਟਰੱਸਟ ਵੱਲੋਂ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇਗੀ। ਇਸ ਮੌਕੇ ਤੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਵੱਲੋਂ ਜਵਾਹਰ ਨਵੋਦਿਆ ਵਿਦਿਆਲੇ ਦਾ ਟੈਸਟ ਦੇਣ ਵਾਲੇ ਬੱਚਿਆਂ ਨੂੰ ਲੋੜੀਂਦੀ ਸਟੇਸ਼ਨਰੀ ਅਤੇ ਕਿਤਾਬਾਂ ਵੰਡੀਆਂ ਗਈਆਂ।

# ਏ ਜੀ ਆਈ ਗਲੋਬਲ ਸਕੂਲ ਨੇ ਰੱਖੜੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

**ਜਲੰਧਰ (ਰਾਜੇਸ਼ ਥਾਪਾ)** ਏਜੀਆਈ ਗਲੋਬਲ ਸਕੂਲ ਵਿੱਚ ਰੱਖੜੀ ਦਾ ਤਿਉਹਾਰ ਵੱਡੇ ਉਤਸ਼ਾਹ, ਰਚਨਾਤਮਕਤਾ ਅਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਨੇ ਮਿਲ ਕੇ ਭੈਣ-ਭਰਾ ਦੇ ਪੱਕੇ ਰਿਸ਼ਤੇ ਨੂੰ ਮਨਾਇਆ।ਸਕੂਲ ਦਾ ਸਾਰਾ ਮਾਹੌਲ ਤਿਉਹਾਰ ਵਰਗਾ ਸੀ। ਕਲਾਸਾਂ ਤੇ ਗਲੀਆਂ ਵਿੱਚ ਰੰਗੀਨ ਰੱਖੜੀ ਬਣਾਉਣ ਦੀਆਂ ਵਰਕਸ਼ਾਪਾਂ, ਕਲਾ ਦੇ ਸਟਾਲ ਅਤੇ ਸੱਭਿਆਚਾਰਕ ਪ੍ਰੋਗਰਾਮ ਹੋਏ। ਹਰ ਕਲਾਸ ਦੇ ਬੱਚਿਆਂ ਨੇ ਕਪੜੇ, ਧਾਗੇ, ਮੋਤੀ ਅਤੇ ਕੁਦਰਤੀ ਰੰਗ ਨਾਲ ਪਰਿਆਵਰਣ-ਮਿੱਤਰ ਰੱਖੜੀਆਂ ਬਣਾਈਆਂ। ਕਲਾ ਦੇ ਅਧਿਆਪਕਾਂ ਅਤੇ ਵੱਡੇ ਬੱਚਿਆਂ ਨੇ ਉਹਨਾਂ ਦੀ ਮਦਦ ਕੀਤੀ।ਸਕੂਲ ਦੀ ਡਾਇਰੈਕਟਰ ਸ਼੍ਰੀਮਤੀ ਹਰਲੀਨ ਮੇਹੰਦੀ ਨੇ ਕਿਹਾ, ਰੱਖੜੀ ਸਿਰਫ਼ ਇਕ ਰਸਮ ਨਹੀਂ, ਇਹ ਬੱਚਿਆਂ ਨੂੰ ਸੁਰੱਖਿਆ, ਆਦਰ ਅਤੇ ਜ਼ਿੰਮੇਵਾਰੀ ਦਾ ਸਬਕ ਦੇਣ ਦਾ ਮੌਕਾ ਹੈ। ਮੈਨੂੰ ਮਾਣ ਹੈ ਕਿ ਸਾਡੇ ਬੱਚਿਆਂ ਨੇ ਇੰਨੀ ਰਚਨਾਤਮਕਤਾ ਦਿਖਾਈ। ਸਕੂਲ ਦੀ ਪ੍ਰਿੰਸਿਪਲ ਸ਼੍ਰੀਮਤੀ ਆਰਤੀ ਸ਼ਰਮਾ ਨੇ ਕਿਹਾ ਕਿ ਇਹ ਦਿਨ ਮਜ਼ੇਦਾਰ ਅਤੇ ਮਾਇਨੇਦਾਰ ਰਿਹਾ, ਕਿਉਂਕਿ ਬੱਚਿਆਂ ਨੇ ਕਲਾ ਅਤੇ ਪ੍ਰੋਗਰਾਮਾਂ ਦਾ ਆਨੰਦ ਲੈਂਦੇ ਹੋਏ ਸਮਝਿਆ ਕਿ ਰੱਖੜੀ ਸਿਰਫ਼ ਮਿੱਠਾਈ ਅਤੇ ਰਿਬਨ ਤੱਕ ਹੀ ਸੀਮਿਤ ਨਹੀਂ ਹੈ।ਸਕੂਲ ਦੀ ਚੇਅਰਪਰਸਨ ਸ਼੍ਰੀਮਤੀ ਸਲਵਿੰਦਰਜੀਤ ਕੌਰ ਨੇ ਕਿਹਾ ਕਿ ਸਕੂਲ ਪੜ੍ਹਾਈ ਦੇ ਨਾਲ-ਨਾਲ ਚਰਿੱਤਰ ਨਿਰਮਾਣ 'ਤੇ ਵੀ ਧਿਆਨ ਦਿੰਦਾ ਹੈ।ਇਸ ਮੌਕੇ 'ਤੇ ਏਜੀਆਈ ਇੰਫ੍ਰਾ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਮੁੱਖ ਮਹਿਮਾਨ ਸਨ। ਛੋਟੀਆਂ ਕੁੜੀਆਂ ਨੇ ਉਹਨਾਂ ਨੂੰ ਰੱਖੜੀ ਬੰਨੀ, ਜਿਸ ਨਾਲ ਉਹ



ਬਹੁਤ ਭਾਵੁਕ ਹੋ ਗਏ।ਸੁਖਦੇਵ ਸਿੰਘ ਨੇ ਕਿਹਾ, ਰੱਖੜੀ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਹੈ, ਜੋ ਸਾਨੂੰ ਪਿਆਰ, ਭਰੋਸੇ ਅਤੇ ਸੁਰੱਖਿਆ ਦੇ ਮੁੱਲ ਸਿਖਾਉਂਦਾ ਹੈ। ਬੱਚਿਆਂ ਦੀਆਂ ਮਾਸੂਮ ਮੁਸਕਾਨਾਂ ਅਤੇ ਆਪਣੇ ਹੱਥ ਨਾਲ ਬਣਾਈਆਂ ਰੱਖੜੀਆਂ ਨੇ ਇਹ ਦਿਨ ਮੇਰੇ ਲਈ ਯਾਦਗਾਰ ਬਣਾ ਦਿੱਤਾ। ਉਹਨਾਂ ਨੇ ਇਹ ਵੀ ਕਿਹਾ ਕਿ ਅਜਿਹੇ ਮੌਕੇ ਬੱਚਿਆਂ ਵਿੱਚ ਭਾਰਤੀ ਸੱਭਿਆਚਾਰ ਅਤੇ ਰਵਾਇਤਾਂ ਲਈ ਆਦਰ ਪੈਦਾ ਕਰਦੇ ਹਨ।

# ਕਲਵਾਂ ਦੀਆਂ ਮਹਿਲਾਵਾਂ ਨੇ ਤੀਆਂ ਦਾ ਤਿਉਹਾਰ ਮਨਾਇਆ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਪਿੰਡ ਕਲਵਾਂ ਦੀਆਂ ਵਸਨੀਕ ਮਹਿਲਾਵਾਂ ਵੱਲੋਂ ਤੀਆਂ ਦਾ ਤਿਉਹਾਰ ਨਿਰਮਲ ਕੌਰ ਭੰਠਲ ਉਰਫ ਇੰਦੂ ਦੀ ਅਗਵਾਈ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਤੇ ਪੁਰਾਣਾ ਵਿਰਸਾ ਪੇਸ਼ ਕੀਤਾ ਗਿਆ।ਪਿੰਡ ਦੀਆਂ ਮੁਟਿਆਰਾਂ ਨੇ ਖੂਬਸੂਰਤ ਪੇਸ਼ਕਾਰੀਆਂ ਕੀਤੀਆਂ। ਬਜ਼ੁਰਗਾਂ ਦੀਆਂ ਪੁਰਾਣੀਆਂ ਸੁਗਾਤਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਜਿਥੇ ਸੁਆਣੀਆਂ ਨੇ ਪੀਂਘਾਂ ਦੇ ਝੂਟਿਆਂ ਦੇ ਹੁਲਾਰੇ ਲਏ ਗਏ ਉਥੇ ਵੱਖ-ਵੱਖ ਗੀਤਾਂ 'ਤੇ ਕੋਰੀਓਗਰਾਫੀ ਪੇਸ਼ ਕੀਤੀ ਗਈ। 200 ਤੋਂ ਵੱਧ ਮਹਿਲਾਵਾਂ ਨੇ ਭਾਗ ਲਿਆ ਤੇ ਖੀਰ ਪੂੜਿਆਂ ਦਾ ਲੰਗਰ ਵੀ ਲਗਾਇਆ।ਸਟੇਜ ਦਾ ਸੰਚਾਲਨ ਸ਼ਿਵਾਨੀ ਸ਼ਰਮਾ ਵੱਲੋਂ ਨਿਭਾਇਆ ਗਿਆ। ਸਮਾਗਮ ਵਿੱਚ ਮਹਿਲਾ ਮੰਡਲ ਦੀ ਪ੍ਰਧਾਨ ਨਿਰਮਲ ਕੌਰ (ਇੰਦੂ) ਭੰਠਲ, ਸ਼ਿਵਾਨੀ ਸ਼ਰਮਾ, ਪਰਮਜੀਤ ਕੌਰ ਪੰਮੀ, ਕ੍ਰਿਸ਼ਨਾ ਰੇਤ, ਕਿਰਨਾ ਦੇਵੀ, ਸੁਮਨ ਕੁਮਾਰੀ, ਤਮੰਨਾ, ਪ੍ਰਿਅਕਾ, ਐਫਲੀਨ, ਗੀਟਾ ਦੇਵੀ, ਨਿਸ਼ਾ ਰਾਣੀ, ਸ਼ਿਖਾ,ਕ੍ਰਿਸ਼ਨਾ ਦੇਵੀ, ਦਰਸ਼ਨਾ ਦੇਵੀ, ਸਮਰਜੀਤ ਕੌਰ (ਬੁੰਗੀ), ਵਿਜੇ ਕੁਮਾਰੀ, ਜਸਪ੍ਰੀਤ ਕੌਰ (ਜੋਨੂੰ) ਆਦਿ ਹਾਜ਼ਰ ਸਨ।

# ਸ੍ਰੀ ਹਨੂਮਤ ਇੰਸਟੀਚਿਊਟ ਵਿਖੇ ਹੋਈ ਬ੍ਰਾਂਡ ਵਾਰ ਡਿਬੇਟ ਪ੍ਰਤੀਯੋਗਿਤਾ



**ਗੁਰਾਇਆ (ਬਿੰਦਰ ਸੁਮਨ)**— 8 ਅਗਸਤ ਸ਼੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਦੇ ਵਣਜ ਅਤੇ ਪ੍ਰਬੰਧਨ ਵਿਭਾਗ ਵਲੋਂ ਇੱਕ ਅੰਤਰ-ਵਿਭਾਗੀ ਬ੍ਰਾਂਡ ਵਾਰ ਡਿਬੇਟ ਪ੍ਰਤਿਯੋਗਿਤਾ ਦਾ ਪ੍ਰਭਾਵਸ਼ਾਲੀ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਸਮੈਸਟਰਾਂ ਦੀਆਂ ਛੇ ਗਤੀਸ਼ੀਲ ਟੀਮਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਹਰੇਕ ਟੀਮ ਵਿੱਚ 2 ਮੈਂਬਰ ਸਨ, ਜਿਨ੍ਹਾਂ ਨੇ ਆਪਣੇ-ਆਪਣੇ ਬ੍ਰਾਂਡਾਂ ਦੀਆਂ ਖੂਬਸੂਰਤ ਤਸਵੀਰਾਂ ਅਤੇ ਅਸਾਧਾਰਨ ਢੰਗ ਨਾਲ ਮੌਖਿਕ ਪੇਸ਼ਕਾਰੀ ਦਿੱਤੀ। ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੋਈ ਵੀ ਮਸ਼ਹੂਰ ਬ੍ਰਾਂਡ ਸਿਰਫ਼ ਇੱਕ ਉਤਪਾਦ ਨਹੀਂ ਹੁੰਦਾ ਸਗੋਂ ਸਫਲਤਾ ਦੀ ਅਜਿਹੀ ਦਾਸਤਾਨ ਹੁੰਦਾ ਹੈ, ਜਿਸਦੇ ਪਿੱਛੇ ਉਤਪਾਦਕਾਂ ਦੀ ਅਣਥੱਕ ਮਿਹਨਤ ਅਤੇ ਜਨੂੰਨੀ ਸਮਰਪਣ ਛੁਪਿਆ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਰਚਨਾਤਮਕਤਾ, ਆਤਮਵਿਸ਼ਵਾਸ ਅਤੇ ਆਲੋਚਨਾਤਮਕ ਸੋਚ ਦਾ ਇੱਕ ਵਧੀਆ ਪ੍ਰਦਰਸ਼ਨ ਸੀ। ਸਾਰੇ ਭਾਗੀਦਾਰਾਂ ਨੇ ਪ੍ਰਭਾਵਸ਼ਾਲੀ ਦਲੀਲਾਂ ਅਤੇ ਮਨਮੋਹਕ ਦ੍ਰਿਸ਼ ਪੇਸ਼ ਕੀਤੇ, ਜਿਸਨੇ ਆਯੋਜਨ ਨੂੰ ਆਕਰਸ਼ਕ ਅਤੇ ਸੋਚ-ਉਭਾਰਨ ਵਾਲਾ ਬਣਾਇਆ। ਟੀਮਾਂ ਦੀ ਸਮੱਗਰੀ, ਪੇਸ਼ਕਾਰੀ ਅਤੇ ਪ੍ਰਭਾਵ ਦੇ ਆਧਾਰ 'ਤੇ ਦੋ ਟੀਮਾਂ ਨੂੰ ਜੇਤੂ ਐਲਾਨਿਆ ਗਿਆ। ਇਸ ਮੌਕੇ ਅਕਾਦਮਿਕ ਡੀਨ ਦੀਪਕ ਠਾਕੁਰ ਦੇ ਨਾਲ-ਨਾਲ ਵਿਭਾਗੀ ਫੈਕਲਟੀ ਮੈਂਬਰ ਵੀ ਮੌਜੂਦ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਰੱਖੜੀ ਪ੍ਰਤੀ ਪ੍ਰਤਿਯੋਗਤਾ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਰੱਖੜੀ ਦੇ ਤਿਉਹਾਰ ਸਬੰਧੀ ਰੱਖੜੀ ਬਣਾਉਣ ਦੀ ਪ੍ਰਤਿਯੋਗਤਾ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ । ਇਸ ਦੌਰਾਨ ਸਕੂਲ ਦੇ ਜੂਨੀਅਰ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਆਪਣੇ ਹੱਥੀ ਰੱਖੜੀਆਂ ਤਿਆਰ ਕੀਤੀਆਂ ।ਸੀਨੀਅਰ ਵਿੰਗ 'ਚੋਂ ਸੱਤਵੀਂ ਜਮਾਤ ਦੀ



ਤਨਵੀ ਅਤੇ ਛੇਵੀਂ ਜਮਾਤ ਦੀ ਜੈਸਮੀਨ ਸਾਂਝੇ ਤੌਰ ਤੇ ਪਹਿਲੇ ਸਥਾਨ 'ਤੇ ਰਹੀਆਂ । ਅੱਠਵੀਂ ਜਮਾਤ ਦੀ ਵਨੀਤ ਅਤੇ ਮਨਜੋਤ ਦੂਸਰੇ ਸਥਾਨ 'ਤੇ ਰਹੀਆਂ । ਛੇਵੀਂ ਦਾ ਰੂਹਾਨ ਅਤੇ ਸਤਵੀਂ ਦੀ ਗੁਰਸੀਰਤ ਤੀਜੇ ਸਥਾਨ 'ਤੇ ਰਹੇ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਰੱਖੜੀ ਦੇ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਰੱਖੜੀ ਬਣਾਉਣ ਦੇ ਮੁਕਾਬਲੇ ਨੂੰ ਉਤਸ਼ਾਹ ਨਾਲ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ, ਭੋਗਪੁਰ ਨੇ ਰੱਖੜੀ ਬਣਾਉਣ ਦੇ ਮੁਕਾਬਲੇ ਨੂੰ ਵੱਡੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੱਭਿਆਚਾਰਕ ਮੁੱਲਾਂ ਨੂੰ ਵਧਾਵਾ ਦੇਣਾ ਅਤੇ ਰੱਖੜੀ ਦੇ



ਤਿਉਹਾਰ ਨਾਲ ਜੁੜੇ ਭਾਵਨਾਤਮਕ ਬੰਧਨਾਂ ਨੂੰ ਮਜਬੂਤ ਕਰਨਾ ਸੀ। ਵਿਦਿਆਰਥੀਆਂ ਨੇ ਟੀਮਾਂ ਵਿੱਚ ਹਿੱਸਾ ਲਿਆ ਅਤੇ ਰਚਨਾਤਮਕ ਥੀਮਾਂ ਜਿਵੇਂ 'ਰਿਸ਼ਤੇ', 'ਲਹਿਜਾ', 'ਮਿਠਾਸ', 'ਸਾਂਝ' ਅਤੇ 'ਮੋਹ-ਪਿਆਰ' ਅਧੀਨ ਆਕਰਸ਼ਕ ਰੱਖੜੀਆਂ ਤਿਆਰ ਕੀਤੀਆਂ। ਹਰ ਟੀਮ ਨੇ ਆਪਣੇ ਵਿਲੱਖਣ ਵਿਚਾਰਾਂ ਅਤੇ ਆਪਣੀਆਂ ਭਾਵਨਾਵਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ। ਰੱਖੜੀ ਬਣਾਉਣ ਦੀ ਗਤੀਵਿਧੀ ਦੇ ਨਾਲ-ਨਾਲ, ਵਿਦਿਆਰਥੀਆਂ ਨੇ ਰੱਖੜੀ ਦੇ ਮਹੱਤਵ ਬਾਰੇ ਵੀ ਵਿਆਖਿਆ ਕੀਤੀ। ਉਨ੍ਹਾਂ ਨੇ ਇਸ ਤਿਉਹਾਰ ਨਾਲ ਜੁੜੀਆਂ ਗੀਤਾਂ ਅਤੇ ਭਾਵਨਾਵਾਂ ਬਾਰੇ ਗੱਲ ਕੀਤੀ, ਇਹ ਦੱਸਦੇ ਹੋਏ ਕਿ ਇਹ ਤਿਉਹਾਰ ਭੈਣ-ਭਰਾਵਾਂ ਦੇ ਪਵਿੱਤਰ ਰਿਸ਼ਤੇ ਨੂੰ ਮਨਾਉਂਦਾ ਹੈ। ਉਨ੍ਹਾਂ ਦੇ ਦਿਲ ਤੋਂ ਨਿਕਲੇ ਸ਼ਬਦਾਂ ਵਿੱਚ ਭਾਰਤੀ ਸੱਭਿਆਚਾਰ ਲਈ ਡੂੰਘਾ ਸਤਿਕਾਰ ਸੀ ਅਤੇ ਇਹ ਪਿਆਰ, ਸੁਰੱਖਿਆ ਅਤੇ ਏਕਤਾ ਦਾ ਸੰਦੇਸ਼ ਦਿੰਦਾ ਸੀ। ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਮਿਹਨਤ ਦੀ ਕਦਰ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਸਾਰਥਕ ਗਤੀਵਿਧੀਆਂ ਰਾਹੀਂ ਸੱਭਿਆਚਾਰਕ ਮੁੱਲਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਯਾਦ ਦਿਵਾਇਆ ਕਿ ਰੱਖੜੀ ਦਾ ਧਾਗਾ ਸਿਰਫ ਇੱਕ ਤੰਦ ਨਹੀਂ, ਸਗੋਂ ਭੈਣ-ਭਰਾਵਾਂ ਵਿਚਕਾਰ ਇੱਕ ਅਟੁੱਟ ਭਾਵਨਾਤਮਕ ਬੰਧਨ ਦਾ ਪ੍ਰਤੀਕ ਹੈ। ਇਹ ਪ੍ਰੋਗਰਾਮ ਖੁਸ਼ੀਆਂ ਨਾਲ ਸਮਾਪਤ ਹੋਇਆ, ਜਿਸ ਨਾਲ ਵਿਦਿਆਰਥੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੁੜੇ ਹੋਏ, ਆਪਣੇ ਸੱਭਿਆਚਾਰ 'ਤੇ ਮਾਣ ਮਹਿਸੂਸ ਕਰ ਰਹੇ ਸਨ।

# ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨਾ ਮਾਨ ਸਰਕਾਰ ਦੀ ਪਹਿਲੀ ਤਰਜੀਹ : ਅਸ਼ੋਕ ਕਟਾਰੀਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੇ ਤਹਿਤ, ਸੀਨੀਅਰ ਆਪ ਆਗੂ ਅਸੋਕ ਕਟਾਰੀਆ ਨੇ ਪਿੰਡ ਜਿਊਵਾਲ ਅਤੇ ਕਿਸ਼ਨਪੁਰ ਵਿਖੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਇੱਕ ਵਿਸ਼ਾਲ ਨਸ਼ਾ ਮੁਕਤੀ ਯਾਤਰਾ ਅਤੇ ਲੋਕ ਸੰਪਰਕ ਅਭਿਆਨ ਕੈਂਪ ਦਾ ਆਯੋਜਨ ਕੀਤਾ। ਇਸ ਮੌਕੇ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਦੀ ਭਿਆਨਕ ਸਮੱਸਿਆ



ਪ੍ਰਤੀ ਜਾਗਰੂਕ ਕਰਦਿਆਂ ਨਸ਼ਾ ਮੁਕਤੀ ਦੀ ਸਹੁੰ ਚੁਕਵਾਈ। ਕੈਂਪ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦੀ ਇਸ ਮੁਹਿੰਮ ਦੀ ਸ਼ਲਾਘਾ ਕੀਤੀ। ਸੀਨੀਅਰ ਆਪ ਆਗੂ ਅਸੋਕ ਕਟਾਰੀਆ ਨੇ ਕਿਹਾ, "ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨਾ ਭਗਵੰਤ ਮਾਨ ਸਰਕਾਰ ਦੀ ਪਹਿਲੀ ਤਰਜੀਹ ਹੈ। ਅਸੀਂ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਹਰ ਪਿੰਡ ਅਤੇ ਹਰ ਵਿਅਕਤੀ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੇ ਹਾਂ।" ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਦੀ ਅਪੀਲ ਕੀਤੀ। ਇਸ ਦੌਰਾਨ, ਪਿੰਡ ਵਾਸੀਆਂ ਨੇ ਨਸ਼ਾ ਮੁਕਤੀ ਮੁਹਿੰਮ ਵਿੱਚ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਵੀ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣੀ ਵਚਨਬੱਧਤਾ ਜਤਾਈ। ਕੈਂਪ ਵਿੱਚ ਸਥਾਨਕ ਲੋਕਾਂ ਨੇ ਨਸ਼ਿਆਂ ਦੇ ਮੁੱਦੇ 'ਤੇ ਚਰਚਾ ਕੀਤੀ ਅਤੇ ਇਸ ਨੂੰ ਰੋਕਣ ਲਈ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਕੈਂਪ ਪੰਜਾਬ ਸਰਕਾਰ ਦੇ ਉਸ ਉਪਰਾਲੇ ਦਾ ਹਿੱਸਾ ਹੈ, ਜਿਸ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਵੱਖ-ਵੱਖ ਜਾਗਰੂਕਤਾ ਪ੍ਰੋਗਰਾਮ ਅਤੇ ਪੁਨਰਵਾਸ ਸਹੂਲਤਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਕਟਾਰੀਆ ਨੇ ਅੱਗੇ ਕਿਹਾ ਕਿ ਅਜਿਹੇ ਕੈਂਪ ਸੂਬੇ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਲਗਾਏ ਜਾਣਗੇ, ਤਾਂ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ। ਪਿੰਡ ਜੀਓਵਾਲ ,ਕਿਸ਼ਨਪੁਰ, ਭਰਥਲਾ ਬੇਟ ਅਤੇ ਆਸਰੋ ਦੇ ਇਸ ਕੈਂਪ ਨੂੰ ਸਥਾਨਕ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਜਿਸ ਨੇ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਨੂੰ ਹੋਰ ਮਜਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਇਸ ਮੌਕੇ ਸਮੂਹ ਗ੍ਰਾਮ ਪੰਚਾਇਤਾਂ ਅਤੇ ਪਿੰਡ ਵਾਸੀ ਹਾਜਰ ਸਨ।

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲਗਾਈ ਪੈਨਸ਼ਨ ਅਦਾਲਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ.ਨਗਰ ਵਿਖੇ ਸਹਾਇਕ ਕਮਿਸ਼ਨਰ (ਜ) (ਵਧੀਕ ਚਾਰਜ ਸੀ.ਐਮ.ਐਫ.ਓ) ਡਾ. ਅੰਕਿਤਾ ਕਾਂਸਲ ਦੀ ਅਗਵਾਈ ਹੇਠ ਪੈਨਸ਼ਨ ਅਦਾਲਤ ਲਗਾਈ ਗਈ, ਜਿਸ ਵਿਚ ਲਗਭਗ 43 ਤੋਂ ਜ਼ਿਆਦਾ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ। ਵੱਖ-ਵੱਖ ਵਿਭਾਗਾਂ ਤੋਂ ਆਏ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਉਨ੍ਹਾਂ ਦੇ ਸੰਬੰਧਤ ਵਿਭਾਗਾਂ ਤੋਂ ਆਏ ਸੈਂਕਸ਼ਨ ਅਥਾਰਟੀ/ਡੀ.ਡੀ.ਓਜ਼ ਦੀ ਹਾਜ਼ਰੀ ਵਿਚ ਸੁਣਿਆ ਗਿਆ। ਹਾਜ਼ਰ ਆਏ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਮੌਕੇ 'ਤੇ ਤਸੱਲੀਬਖਸ਼ ਸੁਣਵਾਈ ਦਿੰਦੇ ਹੋਏ ਯੋਗ ਅਗਵਾਈ ਦਿੱਤੀ ਗਈ ਅਤੇ ਬਾਕੀ ਸ਼ਿਕਾਇਤਕਰਤਾਵਾਂ ਦੀਆਂ ਪ੍ਰਤੀ-ਬੇਨਤੀਆਂ ਨੂੰ ਸਬੰਧਤ ਵਿਭਾਗ ਜੋ ਕਿ ਮੌਕੇ 'ਤੇ ਮੌਜੂਦ ਸਨ, ਨੂੰ



ਤੁਰੰਤ ਹੱਲ ਕਰਨ ਸੰਬੰਧੀ ਆਦੇਸ਼ ਦਿੱਤੇ ਗਏ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਵਾਧੂ ਚਾਰਜ ਸੀ.ਐਮ.ਐਫ.ਓ ਡਾ. ਅੰਕਿਤਾ ਕਾਂਸਲ ਤੋਂ ਇਲਾਵਾ ਮਿਸ ਮਨੀਸ਼ਾ ਤੂਰ, ਡਿਪਟੀ ਅਕਾਊਂਟੈਂਟ ਜਨਰਲ (ਏ ਐਂਡ ਈ) ਪੰਜਾਬ ਤੋਂ ਆਏ ਨੁਮਾਇੰਦੇ ਭਾਰਤ ਸਿੰਘ ਭੰਡਾਰੀ, ਸੀਨੀਅਰ ਅਕਾਊਂਟਸ ਅਫਸਰ, ਮੁਕੇਸ਼ ਸ਼ੇਰਾਵਤ, ਸਹਾਇਕ ਅਕਾਊਂਟਸ ਅਫਸਰ, ਵਿੱਕੀ ਯਾਦਵ, ਅਕਾਊਟੈਂਟ ਅਤੇ ਵੱਖ ਵੱਖ ਵਿਭਾਗਾਂ ਦੇ ਡੀ.ਡੀ.ਓ. ਪੱਧਰ ਦੇ ਅਧਿਕਾਰੀ ਸ਼ਾਮਲ ਸਨ।

# ਸੜਕ ਹਾਦਸੇ 'ਚ ਔਰਤ ਦੀ ਮੌਤ

**ਫਿਲੌਰ (ਨਿਰਮਲ)**- ਸੜਕ ਹਾਦਸੇ ਦੌਰਾਨ ਇੱਕ ਔਰਤ ਦੀ ਮੌਤ ਹੋ ਗਈ। ਸੜਕ ਸੁਰੱਖਿਆ ਫੋਰਸ ਦੇ ਏ ਐਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਸ ਔਰਤ ਦੀ ਪਹਿਚਾਨ ਸੰਤੋਸ਼ ਕੌਰ (50) ਪਤਨੀ ਹਰਬੰਸ ਸਿੰਘ ਵਜੋਂ ਹੋਈ ਹੈ, ਜੋ ਕਿ ਸ਼ਿਮਲਾਪੁਰੀ ਲੁਧਿਆਣਾ ਦੇ ਰਹਿਣ ਵਾਲੀ ਸੀ। ਰਾਤ 8 ਵਜੇ ਦੇ ਕਰੀਬ ਸਿਕਸ ਲਾਈਨ ਨੂੰ ਕਰਾਸ ਕਰਦੇ ਹੋਏ ਉਸ ਨੂੰ



ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰ ਦਿੱਤੀ ਗਈ ਸੀ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਦੁਰਘਟਨਾ ਦੀ ਸੂਚਨਾ ਉਸ ਦੇ ਪੁੱਤਰ ਵਿੱਕੀ ਨੂੰ ਦੇ ਦਿੱਤੀ ਗਈ ਅਤੇ ਮੌਕੇ 'ਤੇ ਆਏ ਫਿਲੌਰ ਦੇ ਥਾਣਾ ਅਫਸਰ ਕਾਬਲ ਸਿੰਘ ਵੱਲੋਂ ਬਾਡੀ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ 108 ਨੰਬਰ ਦੀ ਐਂਬੂਲੈਂਸ ਦੀ ਮਦਦ ਨਾਲ ਪੋਸਟਮਾਰਟਮ ਲਈ ਫਿਲੌਰ ਸਿਵਿਲ ਹਸਪਤਾਲ ਵਿਖੇ ਭੇਜ ਦਿੱਤਾ ਗਿਆ।

# ਰਾਮਗੜ੍ਹੀਆ ਪਬਲਿਕ ਸਕੂਲ 'ਚ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦੇ ਸਰਟੀਫਿਕੇਟ ਵੰਡੇ

**ਸ਼ਾਹਕੋਟ (ਗਿਆਨ ਸੈਦਪੁਰੀ)**- ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪਿਛਲੇ ਸਾਲ ਲਈ ਗਈ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ' ਵਿਚ ਭਾਗ ਲੈਣ ਵਾਲੇ ਰਾਮਗੜ੍ਹੀਆ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ਼ਾਹਕੋਟ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮਨਜੀਤ ਸਿੰਘ




ਨੇ ਤਰਕਸ਼ੀਲ ਸੁਸਾਇਟੀ ਦੀ ਇਕਾਈ ਸ਼ਾਹਕੋਟ ਦੇ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਪਾਲ ਬਾਗਪੁਰ ਅਤੇ ਗੁਰਮੀਤ ਸਿੰਘ ਖੋਸਲਾ ਦਾ ਸਵਾਗਤ ਕਰਦਿਆਂ ਸੁਸਾਇਟੀ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ, ਵਾਤਾਵਰਣ ਪ੍ਰਤੀ ਜਾਗਰੂਕ ਕਰਨ, ਵਹਿਮਾਂ ਭਰਮਾਂ ਤੋਂ ਬਚਣ ਅਤੇ ਆਜ਼ਾਦੀ ਘੁਲਾਟੀਆਂ ਦੀ ਜੀਵਨੀ ਬਾਰੇ ਜਾਣੂ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਇਕਾਈ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਸ ਸਾਲ ਅਗਸਤ ਮਹੀਨੇ ਦੇ ਅਖੀਰ ਵਿਚ ਕਰਵਾਈ ਜਾ ਰਹੀ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ' ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਪ੍ਰਿੰਸੀਪਲ ਆਸ਼ੂ ਜੈਨ ਨੇ ਤਰਕਸ਼ੀਲ ਸੁਸਾਇਟੀ ਦੇ ਇਸ ਉਪਰਾਲੇ ਲਈ ਵਧਾਈ ਦਿੰਦਿਆਂ ਸੁਸਾਇਟੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਰਲੋਕ ਸਿੰਘ ਰੂਪਰਾ, ਪੀ ਟੀ ਏ ਕਮੇਟੀ ਦੇ ਵਾਈਸ ਪ੍ਰਧਾਨ ਸੁਰਿੰਦਰ ਸਿੰਘ ਪਦਮ, ਮੀਤ ਪ੍ਰਧਾਨ ਅਮਰੀਕ ਸਿੰਘ ਮਠਾੜੂ, ਸਕੱਤਰ ਅਮਰੀਕ ਸਿੰਘ ਬਾਂਸਲ, ਸੀਨੀ. ਮੀਤ ਪ੍ਰਧਾਨ ਜਥੇ ਨਿਰਮਲ ਸਿੰਘ ਸੋਖੀ, ਵਾਈਸ ਪ੍ਰਿੰਸੀਪਲ ਨਿਸ਼ਾ ਡਾਬਰਾ, ਮਾਸਟਰ ਕੁਲਜੀਤ ਸਿੰਘ ਪਨੇਸਰ, ਧਰਮਿੰਦਰ ਸਿੰਘ ਰੂਪਰਾ, ਮੈਡਮ ਨੀਲਮ ਸਿੰਗਲਾ, ਮੈਡਮ ਨੀਲਮ ਸ਼ਰਮਾ, ਪਾਇਲ ਗੋਇਲ ਆਦਿ ਹਾਜ਼ਰ ਸਨ।

# ਸੋਸ਼ਲ ਮੀਡੀਆ 'ਤੇ ਸ਼ੇਅਰ ਬਾਜ਼ਾਰ ਪ੍ਰਤੀ ਹੋ ਰਿਹਾ ਗੁੰਮਰਾਹਕੁੰਨ ਪ੍ਰਚਾਰ : ਪਰਮਜੀਤ ਸੱਚਦੇਵਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨੌਜਵਾਨ ਪੀੜ੍ਹੀ ਨੂੰ ਸੋਸ਼ਲ ਮੀਡੀਆ ਰਾਹੀਂ ਸ਼ੇਅਰ ਬਾਜ਼ਾਰ ਪ੍ਰਤੀ ਗਲਤ ਜਾਣਕਾਰੀ ਨੂੰ ਵੇਚਿਆ ਜਾ ਰਿਹਾ ਹੈ, ਜਿਸ ਤੋਂ ਨੌਜਵਾਨਾਂ ਨੂੰ ਬਚਣ ਦੀ ਲੋੜ ਹੈ, ਇਹ ਪ੍ਰਗਟਾਵਾ ਸੱਚਦੇਵਾ ਸਟਾਕਸ ਦੇ ਐਮ.ਡੀ. ਪਰਮਜੀਤ ਸਿੰਘ ਸੱਚਦੇਵਾ ਨੇ ਸੀ.ਟੀ. ਗਰੁੱਪ ਦੇ ਮਕਸੂਦਾਂ ਕੈਂਪਸ ਜਲੰਧਰ ਵਿਖੇ ਸ਼ੇਅਰ ਬਾਜ਼ਾਰ ਸਬੰਧੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਹ ਸੋਸ਼ਲ ਮੀਡੀਆ ਦਾ



ਯੁੱਗ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਆਪਣੇ ਆਪ ਨੂੰ ਸ਼ੇਅਰ ਬਾਜ਼ਾਰ ਦੇ ਮਾਹਰ ਹੋਣ ਦਾ ਦਾਅਵਾ ਕਰ ਰਹੇ ਹਨ ਅਤੇ ਨੌਜਵਾਨਾਂ ਨੂੰ ਗਲਤ ਥਾਵਾਂ 'ਤੇ ਨਿਵੇਸ਼ ਕਰਨ ਲਈ ਗੁੰਮਰਾਹ ਕਰ ਰਹੇ ਹਨ, ਜਿਸ ਕਾਰਨ ਲੋਕਾਂ ਦਾ ਪੈਸਾ ਖਰਾਬ ਹੋ ਰਿਹਾ ਹੈ। ਸੱਚਦੇਵਾ ਨੇ ਅੱਗੇ ਕਿਹਾ ਕਿ ਸ਼ੇਅਰ ਬਾਜ਼ਾਰ ਵਿੱਚ ਵਾਧੇ ਦੀਆਂ ਬਹੁਤ ਸੰਭਾਵਨਾਵਾਂ ਹਨ, ਪਰ ਬਿਨਾਂ ਕਿਸੇ ਤਿਆਰੀ ਦੇ ਇਸ ਬਾਜ਼ਾਰ ਵਿੱਚ ਦਾਖਲ ਹੋਣ ਵਾਲੇ ਲਈ ਨੁਕਸਾਨ ਦਾ ਡਰ ਹਮੇਸ਼ਾ ਬਣਿਆ ਰਹੇਗਾ। ਇਸ ਮੌਕੇ ਉਨ੍ਹਾ ਨੌਜਵਾਨਾਂ ਨੂੰ ਸਟਾਕ ਬਾਜ਼ਾਰ ਦੀਆਂ ਪੇਚੀਦਗੀਆਂ ਤੋਂ ਜਾਣੂ ਕਰਵਾਇਆ ਅਤੇ ਇਹ ਵੀ ਦੱਸਿਆ ਕਿ ਕਿਵੇਂ ਕੰਪਨੀਆਂ ਦੀ ਚੋਣ ਕਰਕੇ ਅਤੇ ਉਨ੍ਹਾਂ ਵਿੱਚ ਨਿਵੇਸ਼ ਕਰਕੇ ਆਪਣੀ ਵਿੱਤੀ ਸਥਿਤੀ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ।ਸੱਚਦੇਵਾ ਨੇ ਕਿਹਾ ਕਿ ਮਿਉਚੁਅਲ ਫੰਡਾਂ ਵਿੱਚ ਹੌਲੀ-ਹੌਲੀ ਨਿਵੇਸ਼ ਇੱਕ ਦਿਨ ਤੁਹਾਡੀ ਆਮਦਨ ਦਾ ਇੱਕ ਪੱਕਾ ਸਰੋਤ ਬਣ ਜਾਂਦਾ ਹੈ, ਇਸ ਲਈ ਨੌਜਵਾਨ ਪੀੜ੍ਹੀ ਨੂੰ ਇੱਕ ਸੁਰੱਖਿਅਤ ਭਵਿੱਖ ਲਈ ਇਸ ਫੰਡ ਵਿੱਚ ਨਿਵੇਸ਼ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। ਇਸ ਮੌਕੇ ਸੀ.ਟੀ. ਗਰੁੱਪ ਦੇ ਚੇਅਰਮੈਨ ਅਤੇ ਵਾਈਸ ਚਾਂਸਲਰ ਸੀ.ਟੀ. ਯੂਨੀਵਰਸਿਟੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਸਟਾਫ਼ ਵੱਲੋਂ ਪਰਮਜੀਤ ਸਿੰਘ ਸੱਚਦੇਵਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ, ਡਿਪਟੀ ਡਾਇਰੈਕਟਰ ਡਾ. ਰਮਨਦੀਪ ਕੌਰ, ਪ੍ਰਿੰਸੀਪਲ ਡਾ. ਅੰਜੂ ਸ਼ਰਮਾ, ਅਮਨਦੀਪ ਕੌਰ, ਰਿਲੇਸ਼ਨਸ਼ਿਪ ਮੈਨੇਜਰ ਸੱਚਦੇਵਾ ਸਟਾਕਸ ਵੀ ਮੌਜੂਦ ਸਨ।

# ਰੱਖੜੀ ਦਾ ਤਿਉਹਾਰ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਡਿਪਸ ਭੋਗਪੁਰ ਵਿਖੇ ਵਿਦਿਆਰਥੀਆਂ ਨੇ ਰੱਖੜੀ ਦੇ ਤਿਉਹਾਰ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆ ਵਿੱਚ ਭਾਗ ਲਿਆ। ਯੂਨੀਅਰ ਵਿੰਗ ਦੇ ਵਿਦਿਆਰਥੀਆਂ ਵਿੱਚ ਲੜਕੀਆਂ ਵਲੋਂ ਲੜਕਿਆਂ ਲਈ ਵਿਸ਼ੇਸ਼ ਰੱਖੜੀ ਤਿਆਰ ਕਰਕੇ ਬੰਨੀ ਗਈ। ਲੜਕਿਆਂ ਨੇ ਉਪਹਾਰ ਭੇਟ ਕੀਤੇ। ਸੀਨੀਅਰ ਵਿੰਗ ਦੇ ਵਿਦਿਆਰਥੀਆਂ ਵੱਲੋਂ ਰੱਖੜੀ ਬੰਨ੍ਹਣ ਅਤੇ ਤੋਹਫਿਆਂ ਲਈ ਧੰਨਵਾਦ ਪੱਤਰ, ਵਿਸ਼ੇਸ਼ ਕਰਕੇ ਵੰਨ ਸੁਵੰਨੇ, ਰੰਗ ਬਰੰਗੇ ਕਾਰਡ



ਤਿਆਰ ਕੀਤੇ ਗਏ। ਇਸ ਮੌਕੇ 'ਤੇ ਡਿਪਸ ਵਿਦਿਆਲਿਆ ਦੇ ਐੱਮ ਡੀ ਤਰਵਿੰਦਰ ਸਿੰਘ, ਸੀ ਈ ਓ ਮੋਨੀਕਾ ਮੰਡੋਤਰਾ, ਸੀ ਏ ਓ ਰਮਣੀਕ, ਸੀ ਏ ਓ ਜਸਨ ਸਿੰਘ, ਚੇਅਰਪਰਸਨ ਜਸਵਿੰਦਰ ਕੌਰ, ਵਾਇਸ ਚੇਅਰਪਰਸਨ ਪ੍ਰੀਤਿੰਦਰ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਗੁਰਵੀਨ ਕੌਰ ਨੇ ਰੱਖੜੀ ਦੇ ਤਿਉਹਾਰ ਦੀ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਹਰ ਘਰ ਤਿਰੰਗਾ, ਹਰ ਘਰ ਸਵੱਛਤਾ ਦੀ ਕੀਤੀ ਸ਼ੁਰੂਆਤ




**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਹਰ ਘਰ ਤਿਰੰਗਾ, ਹਰ ਘਰ ਸਵੱਛਤਾ: ਸੁਤੰਤਰਤਾ ਦਾ ਉਤਸਵ, ਸਵੱਛਤਾ ਦੇ ਨਾਲ ਦੀ ਸ਼ੁਰੂਆਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਐਸ ਡੀ ਐਮ ਦਮਨਦੀਪ ਕੌਰ ਵੱਲੋਂ ਕਰਵਾਈ ਗਈ।ਮੌਕੇ 'ਤੇ ਆਏ ਹੋਏ ਲੋਕਾਂ ਨੂੰ ਹਰ ਘਰ ਤਿਰੰਗਾ ਹਰ ਘਰ ਸਵੱਛਤਾ ਬਾਰੇ ਹਰਦੀਪ ਸਿੰਘ ਸਹਾਇਕ ਜ਼ਿਲ੍ਹਾ ਸੈਨੀਟੇਸ਼ਨ ਅਫ਼ਸਰ ਵਲੋਂ ਸੰਬੋਧਨ ਕੀਤਾ ਗਿਆ। ਜਲ ਜੀਵਨ ਮਿਸ਼ਨ ਅਧੀਨ ਪਾਣੀ ਦੀ ਸਾਂਭ ਸੰਭਾਲ ਅਤੇ ਸਵੱਛ ਭਾਰਤ ਮਿਸ਼ਨ ਤਹਿਤ ਸ੍ਰੀਮਤੀ ਰਿੰਪੀ ਸੀ ਡੀ ਐਸ ਵਲੋਂ ਲੋਕਾਂ ਨੂੰ ਸਾਫ਼-ਸਫਾਈ ਬਾਰੇ ਜਾਣੂ ਕਰਵਾਇਆ ਗਿਆ ਅਤੇ ਇਸ ਉਪਰੰਤ ਸਹੁੰ ਚੁਕਾਈ ਗਈ।

# ਜ਼ੋਨਲ ਖੇਡ ਮੁਕਾਬਲਿਆਂ 'ਚ ਉਧੋਵਾਲ ਸਕੂਲ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**ਮਹਿਤਪੁਰ (ਰਾਜਾ)**- ਪਿਛਲੇ ਦਿਨੀ ਸੰਪੰਨ ਹੋਏ ਜ਼ੋਨ ਨੰਬਰ 12 ਨਕੋਦਰ ਦੇ ਖੇਡ ਮੁਕਾਬਲੇ ਜੋ ਕਿ ਸਾਂਝੇ ਤੌਰ ਤੇ ਪੀਐਮ ਸ੍ਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਮਹਿਤਪੁਰ ਅਤੇ ਜੀ ਜੀ ਐੱਚ ਜੀ ਬੇਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਸਾਂਝੇ ਤੌਰ ਤੇ ਕਰਵਾਏ ਗਏ, ਵਿੱਚ ਉਧੋਵਾਲ ਸਕੂਲ ਦੇ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਸ਼ਾਨਦਾਰ ਰਿਹਾ। ਸਕੂਲ ਦੀ ਕਬੱਡੀ ਨੈਸ਼ਨਲ ਸਟਾਈਲ ਲੜਕਿਆਂ ਦੀ ਟੀਮ 17 ਸਾਲ ਤੋਂ ਘੱਟ ਉਮਰ ਵਰਗ ਵਿੱਚ ਜ਼ੋਨ ਵਿੱਚੋਂ ਪਹਿਲੇ ਸਥਾਨ ਤੇ ਰਹੀ ਤੇ ਜ਼ੋਨ ਵੱਲੋਂ ਜ਼ਿਲ੍ਹਾ ਪੱਧਰ ਤੇ ਖੇਡਣ ਦਾ ਮਾਣ ਪ੍ਰਾਪਤ ਕੀਤਾ। ਕਬੱਡੀ ਲੜਕੇ ਸਰਕਲ ਸਟਾਈਲ ਦੀ ਟੀਮ ਉਮਰ ਵਰਗ 17 ਸਾਲ ਤੋਂ ਘੱਟ ਵਿੱਚ ਵੀ ਜੋਨ ਵਿੱਚੋਂ ਪਹਿਲੇ ਸਥਾਨ ਤੇ ਰਹੀ। ਕਬੱਡੀ ਨੈਸ਼ਨਲ ਸਟਾਈਲ ਲੜਕੇ ਉਮਰ ਵਰਗ 14 ਸਾਲ ਤੋਂ ਘੱਟ ਅਤੇ 19 ਸਾਲ ਤੋਂ ਘੱਟ ਵਰਗ ਵਿੱਚ ਵੀ ਦੋਵੇਂ ਟੀਮਾਂ ਜੋਨ ਵਿੱਚੋਂ ਦੂਸਰੇ ਸਥਾਨ ਤੇ ਰਹੀਆਂ। ਬੈਡਮਿੰਟਨ ਲੜਕਿਆਂ ਦੀ ਟੀਮ ਉਮਰ ਵਰਗ 14 ਸਾਲ ਤੋਂ ਘੱਟ ਵੀ ਜੋਨ ਵਿੱਚੋਂ ਪਹਿਲੇ ਸਥਾਨ ਤੇ ਰਹੀ। ਇਸੇ ਤਰ੍ਹਾਂ ਵਾਲੀਬਾਲ ਲੜਕੇ 17 ਸਾਲ ਤੋਂ ਘੱਟ ਉਮਰ ਵਰਗ ਵਿੱਚ ਟੀਮ ਦੂਸਰੇ ਸਥਾਨ ਤੇ ਰਹੀ। ਵਾਲੀਬਾਲ ਉਮਰ ਵਰਗ 14 ਸਾਲ ਤੋਂ ਘੱਟ ਵਿੱਚ ਟੀਮ ਤੀਸਰੇ ਸਥਾਨ ਤੇ ਰਹੀ। ਲੜਕੀਆਂ ਦੇ ਵਰਗ ਵਿੱਚ ਬੈਡਮਿੰਟਨ ਦੀਆਂ ਟੀਮਾਂ ਨੇ ਵਧੀਆ ਖੇਡ ਦਾ ਮੁਜ਼ਾਹਰਾ ਕੀਤਾ ।ਬੈਡਮਿੰਟਨ ਲੜਕੀਆਂ ਉਮਰ ਵਰਗ 14 ਸਾਲ ਤੋਂ ਘੱਟ ਅਤੇ ਉਮਰ ਵਰਗ 17 ਸਾਲ ਤੋਂ ਘੱਟ ਦੋਵੇਂ ਟੀਮਾਂ ਜੋਨ ਵਿੱਚੋਂ ਦੂਸਰੇ ਸਥਾਨ ਤੇ ਰਹੀਆਂ ।ਖਿਡਾਰੀਆਂ ਦੀ ਇਸ ਸਫਲਤਾ ਪਿਛੇ ਸਕੂਲ ਮੁਖੀ ਸ੍ਰੀ ਅਮਰਜੀਤ ਦੀ ਯੋਗ ਅਗਵਾਈ, ਖਿਡਾਰੀਆਂ ਵੱਲੋਂ ਕੀਤੀ ਸਖਤ ਮਿਹਨਤ ਅਤੇ ਸਮੂਹ ਸਟਾਫ ਵੱਲੋਂ ਕਰਵਾਈ ਸਖਤ ਮਿਹਨਤ ਦਾ ਨਤੀਜਾ ਹੈ । ਸਕੂਲ ਪਹੁੰਚਣ ਤੇ ਸਕੂਲ ਮੁਖੀ ਸ੍ਰੀ ਅਮਰਜੀਤ ਵੱਲੋਂ ਖਿਡਾਰੀਆਂ ਅਤੇ ਉਹਨਾਂ ਦੇ ਕੋਚਾਂ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਸਕੂਲ ਮੁਖੀ ਅਮਰਜੀਤ ਤੋਂ ਇਲਾਵਾ ਕੰਵਲਜੀਤ ਕੌਰ, ਸਤਨਾਮ ਸਿੰਘ ਮੈਥ ਮਾਸਟਰ, ਅਨਿਲ ਕੁਮਾਰ ਹਿੰਦੀ ਮਾਸਟਰ, ਕਮਲਜੀਤ ਕੌਰ, ਜਸਪ੍ਰੀਤ ਕੌਰ, ਹਨੀਸ਼ ਰਾਣੀ, ਰਜਿੰਦਰ ਕੌਰ, ਸਤਨਾਮ ਸਿੰਘ ਮਾਨ, ਸੁਦੇਸ਼ ਸਿੰਘ, ਰਘਬੀਰ ਸਿੰਘ, ਖੁਸ਼ ਕਰਨ ਵਰਮਾ, ਅਨੀਤਾ ਰਾਣੀ ਹਾਜ਼ਰ ਸਨ।

# ਵਿਨੀਤ ਵਰਮਾ ਵੱਲੋਂ ਫੇਜ਼ 10 ਤੇ 11 ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ )**— ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਨੇ ਮੋਹਾਲੀ ਦੇ ਫੇਜ਼ 11 ਅਤੇ ਫੇਜ਼ 10 ਦੇ ਵਪਾਰੀਆਂ ਅਤੇ ਨਿਵਾਸੀਆਂ ਦੀਆਂ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਕਰਦਿਆਂ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ, ਜਿਨ੍ਹਾਂ ਵਿੱਚ ਜਨ ਸਿਹਤ ਵਿਭਾਗ ਦੇ ਐਸ.ਡੀ.ਓ. ਰਮਨਦੀਪ ਸਿੰਘ, ਨਗਰ ਨਿਗਮ ਦੇ ਐਸ.ਡੀ.ਓ. ਧਰਮਿੰਦਰ ਅਤੇ ਗਮਾਡਾ ਦੇ ਐਸ.ਡੀ.ਓ. ਆਕਾਸ਼ਦੀਪ ਸਿੰਘ ਸ਼ਾਮਲ ਸਨ। ਵਰਮਾ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਨੂੰ ਹਰ ਸਹੂਲਤ ਪ੍ਰਦਾਨ ਕਰਨ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾਵੇ।ਫੇਜ਼ 11 ਵਿੱਚ ਚੱਲ ਰਹੇ ਸੀਵਰੇਜ ਪ੍ਰਾਜੈਕਟ ਕਾਰਨ ਵਪਾਰੀਆਂ ਅਤੇ ਆਮ ਲੋਕਾਂ ਨੂੰ ਹੋ ਰਹੀ ਪ੍ਰੇਸ਼ਾਨੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਇਸ ਕੰਮ ਵਿੱਚ ਤੇਜ਼ੀ ਲਿਆਉਣ




ਅਤੇ ਇਸ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ। ਮਾਰਕੀਟ ਪ੍ਰਧਾਨ ਪਵਨ ਗਰਗ ਅਤੇ ਮਿੱਤਲ ਵੱਲੋਂ ਪਾਰਕਿੰਗ ਵਿੱਚ ਪਏ ਸੀਵਰੇਜ ਦੇ ਮਲਬੇ ਨੂੰ ਤੁਰੰਤ ਹਟਾਉਣ ਦੀ ਮੰਗ 'ਤੇ ਵਰਮਾ ਨੇ ਜਨ ਸਿਹਤ ਵਿਭਾਗ ਦੇ ਐਸ.ਡੀ.ਓ. ਨੂੰ ਹਦਾਇਤ ਕੀਤੀ ਕਿ ਕੰਮ ਦੇ ਨਾਲ-ਨਾਲ ਮਲਬੇ ਨੂੰ ਵੀ ਤੁਰੰਤ ਚੁੱਕਿਆ ਜਾਵੇ ਤਾਂ ਜੋ ਕਿਸੇ ਨੂੰ ਪ੍ਰੇਸ਼ਾਨੀ ਨਾ ਹੋਵੇ।ਫੇਜ਼ 10 ਅਤੇ 11 ਦੀਆਂ ਮਾਰਕੀਟ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਵੱਲੋਂ ਮਾਰਕੀਟ ਨੂੰ ਜਾਣ ਵਾਲੇ ਮੁੱਖ ਰਸਤੇ ਦੀ ਉਸਾਰੀ ਦੀ ਮੰਗ ਰੱਖੀ ਗਈ, ਜਿਸ 'ਤੇ ਵਰਮਾ ਨੇ ਭਰੋਸਾ ਦਿਵਾਇਆ ਕਿ ਵਪਾਰੀਆਂ ਦੀ ਇਹ ਜਾਇਜ਼ ਮੰਗ ਗਮਾਡਾ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਜਲਦ ਪੂਰੀ ਕਰਵਾਈ ਜਾਵੇਗੀ।ਇਸ ਤੋਂ ਇਲਾਵਾ, ਮੰਦਿਰ ਦੇ ਪ੍ਰਧਾਨ ਵੱਲੋਂ ਦੱਸੀ ਗਈ ਸਮੱਸਿਆ ਨੂੰ ਵੀ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਹਰ ਵਰਗ ਦੀਆਂ ਸਮੱਸਿਆਵਾਂ ਨੂੰ ਬਿਨਾਂ ਕਿਸੇ ਦੇਰੀ ਦੇ ਹੱਲ ਕਰਨਾ ਹੈ।ਇਸ ਮੌਕੇ ਪਲਾਨਿੰਗ ਕਮੇਟੀ ਮੋਹਾਲੀ ਦੇ ਮੈਂਬਰ ਕਸ਼ਮੀਰ ਕੌਰ, ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਮਿਤ ਜੈਨ, ਫੇਜ਼ 11 ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਪਵਨ ਗਰਗ, ਫੇਜ਼ 10 ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਗੁਰਚਰਨ ਸਿੰਘ, ਡਾ. ਸਤੀਸ਼ ਗਰਗ, ਸੁਰਿੰਦਰ ਸਿੰਘ ਮਟੌਰ, ਗੁਰਮੇਲ ਸਿੰਘ, ਐਸ.ਪੀ. ਪਾਂਧਰ, ਸ਼ੀਤਲ ਸਿੰਘ, ਜ਼ਿਲ੍ਹਾ ਸਕੱਤਰ ਸਵਰਨ ਲਤਾ, ਬਲਾਕ ਪ੍ਰਧਾਨ ਹਰਵਿੰਦਰ ਸੋਨੀਆ ਅਤੇ ਤਰਨਜੀਤ ਪੱਪੀ ਸਮੇਤ ਹੋਰ ਵੀ ਮਾਰਕੀਟਾਂ ਦੇ ਪ੍ਰਧਾਨ ਅਤੇ ਵਪਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।


ਡਾ. ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ

(ਆਖਰੀ ਤੋਂ ਪਹਿਲੇ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਟੁਰਿਆ ਸੀ ਸੱਚ ਲੱਭਣ
ਤੇ ਮੈਂ ਉਮਰ ਗੁਆ ਬੈਠਾ
ਸਕੂਨ ਏਸੇ ਗੱਲ ਦਾ
ਕਿ ਮੈਂ ਜਿਉਂਦਾ ਤਾਂ ਰਿਹਾ
- ਕਿੰਦ ਨਾਹਲ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 10 ਅਗਸਤ 2025 | www.nawanzamana.in | ਕੀਮਤ 5.00 ਰੁਪਏ




## ਚਟਗਾਂਵ ਸ਼ਸਤਰਬੰਦ ਛਾਪੇਮਾਰੀ ਦੀ ਨਾਇਕਾ

# ਕਲਪਨਾ ਦੱਤਾ


ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ


ਕਲਪਨਾ ਦੱਤਾ (ਬਾਅਦ ਵਿੱਚ ਕਲਪਨਾ ਜੋਸ਼ੀ) ਦਾ ਜਨਮ 27 ਜੁਲਾਈ 1913 ਨੂੰ ਪਿਤਾ ਵਿਨੋਦ ਬਿਹਾਰੀ ਦੱਤਾ ਅਤੇ ਮਾਤਾ ਸ਼ੋਭਨਾ ਦੇਵੀ ਦੇ ਘਰ ਛੋਟੇ ਜਿਹੇ ਪਿੰਡ ਸ਼੍ਰੀਪੁਰ ਉਪਜਿਲਾ ਬੋਅਲਖਲੀ, ਜ਼ਿਲ੍ਹਾ ਚਟਗਾਂਵ, ਬੰਗਾਲ ਪ੍ਰਾਂਤ (ਹੁਣ ਬੰਗਲਾਦੇਸ਼ ਵਿੱਚ) ਵਿੱਚ ਹੋਇਆ, ਜਿਸ ਦੀ ਆਬਾਦੀ ਸਿਰਫ 300 ਘਰਾਂ ਦੀ ਸੀ। ਉਨ੍ਹਾ ਦਾ ਪਰਵਾਰ ਇੱਕ ਰੂੜ੍ਹੀਵਾਦੀ ਵਿਚਾਰਾਂ ਵਾਲਾ ਵੱਡਾ ਜ਼ਿਮੀਂਦਾਰ ਪਰਵਾਰ ਸੀ, ਪੜ੍ਹਿਆ-ਲਿਖਿਆ ਸੀ, ਜਿਨ੍ਹਾਂ ਵਿੱਚੋਂ ਕੁਝ ਬਾਅਦ ਵਿੱਚ ਆਜ਼ਾਦੀ ਅੰਦੋਲਨ ਵਿੱਚ ਸ਼ਾਮਲ ਹੋਏ।

**ਸਿੱਖਿਆ ਅਤੇ ਰਾਜਨੀਤਕ ਸਰਗਰਮੀਆਂ**

ਘਰ ਵਿੱਚ ਸ਼ੁਰੂਆਤੀ ਸਿੱਖਿਆ ਤੋਂ ਬਾਅਦ ਕਲਪਨਾ ਨੇ ਡਾ. ਖਸਤਗੀਰ ਬਾਲਿਕਾ ਹਾਈ ਸਕੂਲ ਵਿੱਚ ਦਾਖਲਾ ਲਿਆ, ਜੋ ਕਿ ਪਰਵਾਰ ਦੇ ਇੱਕ ਮੈਂਬਰ ਦੁਆਰਾ ਚਲਾਇਆ ਜਾਂਦਾ ਸੀ। ਕਲਪਨਾ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ ਅਤੇ ਹਮੇਸ਼ਾ ਕਲਾਸ ਵਿੱਚ ਪਹਿਲੇ ਸਥਾਨ 'ਤੇ ਰਹਿੰਦੀ ਸੀ। ਉਸ ਨੇ 'ਪਾਥੇਰ ਡਾਬੀ' ਪੜ੍ਹਿਆ ਅਤੇ ਕਨੱਈਆ ਲਾਲ ਅਤੇ ਹੋਰ ਇਨਕਲਾਬੀਆਂ ਦੀਆਂ ਕਹਾਣੀਆਂ ਵੀ ਪੜ੍ਹੀਆਂ। ਉਸ ਦੇ ਦੋ ਚਾਚਿਆਂ ਨੇ ਅਸਹਿਯੋਗ ਅੰਦੋਲਨ ਵਿੱਚ ਹਿੱਸਾ ਲਿਆ, ਜਿਸ ਦਾ ਉਸ 'ਤੇ ਡੂੰਘਾ ਪ੍ਰਭਾਵ ਪਿਆ। ਉਹ ਵਿਗਿਆਨ ਵਿੱਚ ਬਹੁਤ ਦਿਲਚਸਪੀ ਰੱਖਦੀ ਸੀ ਅਤੇ ਮਹਾਨ ਵਿਗਿਆਨੀ ਆਚਾਰੀਆ ਪ੍ਰਫੁੱਲ ਚੰਦਰ ਰਾਏ ਉਸ ਦੇ ਆਦਰਸ਼ ਸਨ। ਉਹ ਗਣਿਤ ਅਤੇ ਸੰਸਕ੍ਰਿਤ ਵਿੱਚ ਵੀ ਬਹੁਤ ਹੁਸ਼ਿਆਰ ਸੀ।

ਸਮੇਂ ਦੇ ਨਾਲ ਪਰਵਾਰ ਰਾਜਨੀਤਕ ਤੌਰ 'ਤੇ ਵੰਡਿਆ ਗਿਆ। ਗਾਂਧੀ ਜੀ ਚਟਗਾਂਵ ਵਿੱਚ ਪਰਵਾਰ ਦੁਆਰਾ ਚਲਾਈ ਜਾ ਰਹੀ ਕੱਪੜੇ ਦੀ ਦੁਕਾਨ 'ਤੇ ਆਏ ਅਤੇ ਬੰਗਾ ਲਕਸ਼ਮੀ ਮਿੱਲ ਦੇ ਸਵਦੇਸ਼ੀ ਕੱਪੜੇ ਦੁਕਾਨ 'ਤੇ ਵੇਚਣ ਲਈ ਰੱਖੇ। ਪਰਵਾਰ ਦੀਆਂ ਬਹੁਤ ਸਾਰੀਆਂ ਔਰਤਾਂ ਗਾਂਧੀ ਜੀ ਦੇ ਦਰਸ਼ਨ ਲਈ ਗਈਆਂ ਅਤੇ ਆਪਣੇ ਗਹਿਣੇ ਵੀ ਉਨ੍ਹਾ ਦੇ ਆਜ਼ਾਦੀ ਦੇ ਅੰਦੋਲਨ ਲਈ ਭੇਟ ਕੀਤੇ।

ਕਲਪਨਾ ਨੇ 1929 ਵਿੱਚ ਚਟਗਾਂਵ ਤੋਂ ਦਸਵੀਂ ਪਾਸ ਕੀਤੀ। ਉਸੇ ਸਾਲ ਇੱਕ ਵਿਦਿਆਰਥੀ ਸੰਮੇਲਨ ਹੋਇਆ, ਜਿੱਥੇ ਕਲਪਨਾ ਨੇ ਆਪਣੇ ਚਾਚੇ ਦੀ ਮਦਦ ਨਾਲ ਭਾਸ਼ਣ ਦਿੱਤਾ। 'ਯੂਥ ਆਫ ਚਟਗਾਂਵ' ਨੇ ਇਨਕਲਾਬੀ ਸਮੂਹ ਦਾ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦੇ ਮੈਂਬਰ ਪੂਰਨੇਂਦੂ ਦਸਤੀਦਾਰ ਦਾ ਉਹਨਾ ਦੇ ਘਰ ਆਉਣ-ਜਾਣ ਸ਼ੁਰੂ ਹੋ ਗਿਆ ਅਤੇ ਉਹ ਪਰਵਾਰ ਨੂੰ ਮਿਲਣ ਲੱਗ ਪਏ। ਕਲਪਨਾ 'ਤੇ ਇਸ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ।

ਫਿਰ ਉਹ ਵਿਗਿਆਨ ਵਿੱਚ ਗ੍ਰੈਜੂਏਸ਼ਨ ਲਈ ਬੇਥੂਨ ਕਾਲਜ ਕਲਕੱਤਾ ਵਿੱਚ ਦਾਖਲ ਹੋ ਗਈ ਅਤੇ ਭੌਤਿਕ ਵਿਗਿਆਨ, ਗਣਿਤ ਅਤੇ ਬਨਸਪਤੀ ਵਿਗਿਆਨ ਦੀ ਪੜ੍ਹਾਈ ਕੀਤੀ। ਉਸ ਨੇ ਸਰੀਰਕ ਕਸਰਤ, ਜਿਵੇਂ ਕਿ ਬੋਟਿੰਗ ਆਦਿ ਵਿੱਚ ਸਿਖਲਾਈ ਲਈ। ਉਸ ਨੇ ਹਿੰਦੀ ਅਤੇ ਫ੍ਰੈਂਚ ਦੀ ਵੀ ਪੜ੍ਹਾਈ ਕੀਤੀ। ਉਹ ਸੂਰਿਆ ਸੇਨ, ਅਨੰਤ ਸਿੰਘ, ਗਣੇਸ਼ ਘੋਸ਼ ਅਤੇ ਹੋਰ ਮਸ਼ਹੂਰ ਇਨਕਲਾਬੀਆਂ ਦੇ ਸੰਪਰਕ ਵਿੱਚ ਆਈ। ਉਸ ਨੇ ਲਾਠੀ, ਖੰਜਰ ਆਦਿ ਚਲਾਉਣ ਦੀ ਸਿਖਲਾਈ ਵੀ ਲਈ। ਕਲਪਨਾ ਅਤੇ ਹੋਰਨਾਂ ਨੇ ਅਪ੍ਰੈਲ 1930 ਵਿੱਚ ਜਵਾਹਰ ਲਾਲ ਨਹਿਰੂ ਦੀ ਗ੍ਰਿਫਤਾਰੀ ਵਿਰੁੱਧ ਬੇਥੂਨ ਕਾਲਜ ਵਿੱਚ ਹੜਤਾਲ ਕੀਤੀ। ਮਹਿਲਾ ਪ੍ਰਿੰਸੀਪਲ ਨੇ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਅਤੇ ਅੰਤ ਵਿੱਚ ਉਸ ਨੂੰ ਮੁਆਫੀ ਮੰਗਣੀ ਪਈ।

ਕਲਪਨਾ ਛਾਤਰੀ ਸੰਘ (ਗਰਲ ਸਟੂਡੈਂਟਸ ਐਸੋਸੀਏਸ਼ਨ) ਵਿੱਚ ਵੀ ਸ਼ਾਮਲ ਹੋ ਗਈ। ਇਹ ਇੱਕ ਅਰਧ-ਇਨਕਲਾਬੀ ਸੰਗਠਨ ਸੀ, ਜਿਸ ਵਿੱਚ ਬੀਨਾ ਦਾਸ ਅਤੇ ਪ੍ਰੀਤੀਲਤਾ ਵਾਡੇਦਾਰ ਵਰਗੇ ਇਨਕਲਾਬੀ ਸ਼ਾਮਲ ਸਨ।

**ਚਟਗਾਓਂ ਹਥਿਆਰਾਂ ਦੇ ਜਖੀਰੇ 'ਤੇ ਛਾਪੇਮਾਰੀ**

18 ਅਪ੍ਰੈਲ 1931 ਨੂੰ ਚਟਗਾਓਂ ਵਿੱਚ ਇਨਕਲਾਬੀ ਨੌਜਵਾਨਾਂ ਨੇ ਬ੍ਰਿਟਿਸ਼ ਹਥਿਆਰਾਂ ਦੇ ਜਖੀਰੇ 'ਤੇ ਹਮਲਾ ਕੀਤਾ। ਇਸ ਖ਼ਬਰ ਨੇ ਬ੍ਰਿਟਿਸ਼ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਇਹ ਖ਼ਬਰ ਤੇਜ਼ੀ ਨਾਲ ਫੈਲ ਗਈ। ਕਲਪਨਾ ਚਟਗਾਓਂ ਵਿੱਚ ਦਾਖਲਾ ਚਾਹੁੰਦੀ ਸੀ ਅਤੇ ਅਪ੍ਰੈਲ ਦੇ ਅੰਤ ਵਿੱਚ ਇਥੇ ਗਈ ਵੀ, ਪਰ ਦਾਖਲਾ ਨਹੀਂ ਹੋ ਸਕਿਆ ਅਤੇ ਬਹੁਤ ਸਾਰਾ ਸਮਾਂ ਬਰਬਾਦ ਹੋ ਗਿਆ, ਜਿਸ ਨਾਲ ਉਸ ਦੀ ਪੜ੍ਹਾਈ 'ਤੇ ਮਾੜਾ ਅਸਰ ਪਿਆ। ਆਖਰਕਾਰ ਉਹ ਇੱਕ ਪ੍ਰਾਈਵੇਟ ਵਿਦਿਆਰਥੀ ਵਜੋਂ ਪ੍ਰੀਖਿਆ ਵਿੱਚ ਬੈਠੀ ਅਤੇ ਉਸ ਦਾ ਕੇਂਦਰ ਚਟਗਾਓਂ ਵਿੱਚ ਹੀ ਸੀ। ਕਲਪਨਾ ਨੇ ਚਟਗਾਓਂ ਕਾਲਜ ਵਿੱਚ ਬੀ ਐੱਸ ਸੀ ਵਿੱਚ ਦਾਖਲਾ ਲੈ ਲਿਆ।

ਉਹ ਇਨਕਲਾਬੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਬਹੁਤ ਉਤਸੁਕ ਸੀ। ਉਸ ਨੇ ਪਿਸਤੌਲ ਅਤੇ ਹੋਰ ਹਥਿਆਰ ਚਲਾਉਣੇ ਵੀ ਸਿੱਖ ਲਏ। ਉਹ ਪਹਿਲਾਂ ਹੀ ਮੈਟ੍ਰਿਕ ਦੇ ਦਿਨਾਂ ਵਿੱਚ ਇੱਕ ਕਮਿਊਨਿਸਟ ਕੁੜੀ ਸੁਰਭਾ ਦੱਤਾ ਦੇ ਸੰਪਰਕ ਵਿੱਚ ਆ ਚੁੱਕੀ ਸੀ। ਕਲਪਨਾ ਨੇ ਅਨੰਤ ਸਿੰਘ ਨੂੰ ਉਸ ਨੂੰ ਅਮਲੀ ਤੌਰ 'ਤੇ ਕਾਰਵਾਈਆਂ ਵਿੱਚ ਸ਼ਾਮਲ ਕਰਨ ਲਈ ਮਜਬੂਰ ਕੀਤਾ ਅਤੇ ਅੰਤ ਵਿੱਚ ਉਸ ਸਮੂਹ ਵਿੱਚ ਸ਼ਾਮਲ ਹੋ ਗਈ, ਜਿਸ ਨੇ ਰੇਲਵੇ ਲਾਈਨ ਨੂੰ ਵਿਸਫੋਟ ਕਰਕੇ ਉਡਾਣ ਦੀ ਯੋਜਨਾ ਬਣਾਈ। ਉਸ ਨੂੰ ਇੰਡੀਅਨ ਰਿਪਬਲਿਕਨ ਆਰਮੀ ਦੇ ਸੂਰਿਆ ਸੇਨ ਨੇ ਕਲਕੱਤਾ ਤੋਂ ਤੇਜ਼ਾਬ, ਰਸਾਇਣ ਅਤੇ ਹੋਰ ਚੀਜ਼ਾਂ ਦਾ ਪ੍ਰਬੰਧ ਕਰਨ ਲਈ ਕਿਹਾ। ਕਲਪਨਾ ਖੁਦ ਇਹ ਸਾਰੀਆਂ ਜ਼ਰੂਰੀ ਚੀਜ਼ਾਂ ਲੈ ਕੇ ਆਈ। ਉਹ ਗੰਨ-ਕੌਟਨ ਤਿਆਰ ਕਰਨ ਵਿੱਚ ਮਾਹਰ ਬਣ ਗਈ ਅਤੇ ਐਕਸ਼ਨ ਸਕੁਐਡ ਵਿੱਚ ਸ਼ਾਮਲ ਹੋ ਗਈ, ਜਿਸ ਜੇਲ੍ਹ ਵਿਚ ਦਿਨੇਸ਼ ਗੁਪਤਾ ਅਤੇ ਰਾਮਕ੍ਰਿਸ਼ਨ ਬਿਸਵਾਸ ਨੂੰ ਫਾਂਸੀ ਦਿੱਤੀ ਜਾਣੀ ਸੀ, ਉਸ ਨੂੰ ਡਾਇਨਾਮਾਈਟ ਨਾਲ ਉਡਾਉਣ ਦੀ ਉਨ੍ਹਾ ਦੀ ਪਹਿਲੀ ਕੋਸ਼ਿਸ਼ ਅਸਫਲ ਰਹੀ। 17 ਸਤੰਬਰ 1932 ਨੂੰ ਉਸ ਨੂੰ ਚਟਗਾਓਂ ਦੇ ਪਹਾੜਾਲੀ ਵਿਖੇ ਯੂਰਪੀਅਨ ਕਲੱਬ ਦੇ ਨੇੜੇ ਇੱਕ ਮਰਦ ਦੇ ਭੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਇੱਕ ਹਫ਼ਤੇ ਬਾਅਦ ਪ੍ਰੀਤੀਲਤਾ ਵਾਡੇਦਾਰ ਦੀ ਅਗਵਾਈ ਵਿੱਚ ਕਲੱਬ 'ਤੇ ਹਮਲਾ ਕੀਤਾ ਗਿਆ। ਇਹ ਜਲਾਲਾਬਾਦ ਵਿੱਚ ਪਹਿਲਾਂ ਹੋਏ ਖ਼ੂਨ-ਖਰਾਬੇ ਦਾ ਬਦਲਾ ਸੀ, ਜਿੱਥੇ ਬ੍ਰਿਟਿਸ਼ ਫ਼ੌਜਾਂ ਦੁਆਰਾ ਕਈ ਕਿਸ਼ੋਰ ਉਮਰ ਦੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਪ੍ਰੀਤੀਲਤਾ ਕਾਰਵਾਈ ਵਿੱਚ ਗੰਭੀਰ ਜ਼ਖਮੀ ਹੋ ਗਈ ਅਤੇ ਉਸ ਨੇ ਸਾਈਨਾਈਡ ਪੀ ਕੇ ਖੁਦਕੁਸ਼ੀ ਕਰ ਲਈ। ਉਹ ਕਲਪਨਾ ਦੀ ਸਹਿਪਾਠੀ ਅਤੇ ਸਾਥੀ ਇਨਕਲਾਬੀ ਸੀ।

ਪੁਲਸ ਨੇ ਕਲਪਨਾ ਨੂੰ ਇਸ ਮਾਮਲੇ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ, ਪਰ ਸਬੂਤਾਂ ਦੀ ਘਾਟ ਕਾਰਨ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਉਸ ਨੂੰ ਉਸ ਦੇ ਘਰ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਬਾਹਰ ਨਾ ਨਿਕਲਣ ਲਈ ਕਿਹਾ ਗਿਆ। ਘਰ ਦੇ ਆਲੇ-ਦੁਆਲੇ ਪੁਲਸ ਦੀ ਭਾਰੀ ਗਸ਼ਤ ਦੇ ਬਾਵਜੂਦ ਉਹ ਭੱਜਣ ਵਿੱਚ ਕਾਮਯਾਬ ਹੋ ਗਈ। ਉਸ ਦੇ ਪਿਤਾ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ। ਉਨ੍ਹਾ ਦੇ ਘਰ 'ਤੇ ਛਾਪਾ ਮਾਰਿਆ ਗਿਆ ਅਤੇ ਵੱਡੀ ਗਿਣਤੀ ਵਿੱਚ ਸਮਾਨ ਜ਼ਬਤ ਕਰ ਲਿਆ ਗਿਆ। ਉਹ ਅਤੇ ਸੂਰਿਆਦਾ ਕਿਸੇ ਤਰ੍ਹਾਂ ਰਾਤ ਨੂੰ ਪੁਲਸ ਦੇ ਜਾਲ ਤੋਂ ਬਚ ਗਏ। ਇੱਕ ਛਾਪੇਮਾਰੀ ਦੌਰਾਨ ਉਹ ਪੁਲਸ ਦੀ ਗੋਲੀਬਾਰੀ ਵਿੱਚ ਜ਼ਖਮੀ ਹੋ ਗਈ। ਉਸ ਨੇ ਮਨਿੰਦਰ ਦੱਤ ਦੇ ਨਾਲ ਪੂਰੇ ਦੋ ਘੰਟੇ ਇੱਕ ਤਲਾਅ ਵਿੱਚ ਆਪਣੇ ਆਪ ਨੂੰ ਲੁਕਾਈ ਰੱਖਿਆ। ਉਹ ਲਗਾਤਾਰ ਭੱਜਦੀ ਹੋਈ ਦੂਰ ਚਲੀ ਗਈ, ਪਰ ਚਟਗਾਓਂ ਦੇ ਨੇੜੇ ਇੱਕ ਸਮੁੰਦਰੀ ਕਿਨਾਰੇ ਵਾਲੇ ਸ਼ਹਿਰ ਤੋਂ ਉਸ ਨੂੰ ਅਤੇ ਉਸ ਦੇ ਕੁਝ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਪੁਲਸ ਅਧਿਕਾਰੀ ਨੇ ਜਦੋਂ ਉਸ ਨੂੰ ਥੱਪੜ ਮਾਰਿਆ ਤਾਂ ਫੌਜ ਦੇ ਕਮਾਂਡਰ ਨੇ ਉਸ ਅਧਿਕਾਰੀ ਨੂੰ ਇਹ ਕਹਿੰਦੇ ਹੋਏ ਝਿੜਕਿਆ— 'ਉਸ ਨੂੰ ਉਹ ਸਤਿਕਾਰ ਦਿਓ, ਜਿਸ ਦੀ ਉਹ ਹੱਕਦਾਰ ਹੈ।' ਉਹ ਪੁਲਸ ਵਾਲਿਆਂ ਅਤੇ ਇੱਥੋਂ ਤੱਕ ਕਿ ਬ੍ਰਿਟਿਸ਼ ਅਧਿਕਾਰੀਆਂ ਵਿੱਚ ਵੀ ਬਹੁਤ ਮਕਬੂਲ ਹੋ ਗਈ।

ਸੂਰਿਆ ਸੇਨ ਅਤੇ ਤਾਰਕੇਸ਼ਵਰ ਦਸਤੀਦਾਰ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਜਦੋਂ ਕਿ ਕਲਪਨਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਕਿਉਂਕਿ ਵਿਸ਼ੇਸ਼ ਟ੍ਰਿਬਿਊਨਲ ਜੱਜ ਦੇ ਅਨੁਸਾਰ ਉਹ ਸਿਰਫ਼ 18 ਸਾਲ ਦੀ ਸੀ। ਉਸ ਨੂੰ ਅੰਡੇਮਾਨ ਭੇਜ ਦਿੱਤਾ ਜਾਣਾ ਸੀ, ਪਰ ਰਬਿੰਦਰਨਾਥ ਟੈਗੋਰ ਦੇ ਦਖਲ ਕਾਰਨ ਉਸ ਨੂੰ ਪਹਿਲਾਂ ਹਿਜਲੀ ਅਤੇ ਰਾਜਸ਼ਾਹੀ ਜੇਲ੍ਹਾਂ ਵਿੱਚ ਭੇਜਿਆ ਗਿਆ ਅਤੇ ਫਿਰ ਸਤੰਬਰ 1934 ਤੋਂ ਅਕਤੂਬਰ 1935 ਤੱਕ ਮੇਦੀਨੀਪੁਰ ਜੇਲ੍ਹ ਵਿੱਚ ਭੇਜਿਆ ਗਿਆ। ਫਿਰ ਉਸ ਨੂੰ ਦਿਨਾਜਪੁਰ ਜੇਲ੍ਹ ਅਤੇ ਫਿਰ ਮੇਦੀਨੀਪੁਰ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ।

**ਕਮਿਊਨਿਸਟ ਪਾਰਟੀ ਵਿੱਚ**

ਉਸ ਦੀ ਰਿਹਾਈ ਲਈ ਦਬਾਅ ਵਧ ਰਿਹਾ ਸੀ। ਉਸ ਨੂੰ ਟੈਗੋਰ ਅਤੇ ਗਾਂਧੀ ਜੀ ਦੇ ਦਖਲ ਕਰਕੇ ਅਤੇ ਕੈਦੀਆਂ ਦੀ ਰਿਹਾਈ ਮੁਹਿੰਮ ਦੇ ਦਬਾਅ ਹੇਠ 1 ਮਈ 1939 ਨੂੰ ਰਿਹਾਅ ਕਰ

CENTENARY OF STRUGGLES & SACRIFICES

ਦਿੱਤਾ ਗਿਆ। ਰਿਹਾਈ ਤੋਂ ਬਾਅਦ ਉਸ ਨੂੰ ਰਬਿੰਦਰਨਾਥ ਟੈਗੋਰ ਦਾ ਇੱਕ ਪੱਤਰ ਮਿਲਿਆ, ਜਿਸ ਵਿੱਚ ਭਵਿੱਖ ਲਈ ਕਾਰਜਾਂ ਵੱਲ ਇਸ਼ਾਰਾ ਕੀਤਾ ਗਿਆ ਅਤੇ ਉਸ ਦੀ ਸਫਲਤਾ ਲਈ ਆਸ਼ੀਰਵਾਦ ਦਿੱਤਾ ਗਿਆ। ਉਸ ਦੇ ਜ਼ਿਆਦਾਤਰ ਸਾਥੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹ ਖੁਦ ਅਜੇ ਤੱਕ ਜੱਕੋਤੱਕੀ ਵਿਚ ਸੀ। ਇਸ ਤੋਂ ਇਲਾਵਾ ਉਹ ਵੇਦਾਂਤ ਅਤੇ ਗੀਤਾ ਦੇ ਦਰਸ਼ਨ ਦੇ ਅਧਿਆਤਮਿਕ ਪ੍ਰਭਾਵ ਹੇਠ ਵੀ ਸੀ।

ਕੋਈ ਵੀ ਕਾਲਜ ਉਸ ਨੂੰ ਦਾਖਲਾ ਦੇਣ ਲਈ ਤਿਆਰ ਨਹੀਂ ਸੀ। ਉਹ ਆਖਰਕਾਰ 1940 ਵਿੱਚ ਬੀ ਏ ਪਾਸ ਕਰ ਗਈ ਅਤੇ ਐੱਮ ਏ (ਗਣਿਤ) ਵਿੱਚ ਦਾਖਲਾ ਲੈ ਲਿਆ। ਉਹ 1940-41 ਵਿੱਚ ਚਟਗਾਓਂ ਵਿੱਚ ਘਰ ਵਿੱਚ ਨਜ਼ਰਬੰਦ ਸੀ। ਕਲਕੱਤਾ ਵਾਪਸ ਆ ਕੇ ਉਸ ਨੇ ਸਟੱਡੀ ਸਰਕਲ ਸਥਾਪਤ ਕੀਤਾ ਅਤੇ ਇੱਕ ਹੱਥ-ਲਿਖਤ ਰਸਾਲਾ 'ਪਥੇਆ' ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਉਸ ਨੇ ਲਗਭਗ ਸੌ ਮੈਂਬਰਾਂ ਨਾਲ 'ਨਾਰੀ ਸਮਿਤੀ' ਦੀ ਸਥਾਪਨਾ ਵੀ ਕੀਤੀ। ਉਸ ਨੇ ਰਾਤ ਅਤੇ ਦਿਨ ਦੇ ਸਕੂਲ ਸ਼ੁਰੂ ਕੀਤੇ, ਜਿੱਥੇ ਦੱਬੇ-ਕੁਚਲੇ ਲੋਕ ਪੜ੍ਹਨ ਲਈ ਆਉਂਦੇ ਸਨ। ਉਸ ਨੇ ਚਟਗਾਓਂ 'ਤੇ ਜਾਪਾਨੀ ਬੰਬ ਧਮਾਕਿਆਂ ਦੌਰਾਨ ਸਖ਼ਤ ਮਿਹਨਤ ਕੀਤੀ ਅਤੇ ਔਰਤਾਂ ਨੂੰ ਰੱਖਿਆ ਲਈ ਸਿਖਲਾਈ ਦੇਣ ਲਈ 'ਮਹਿਲਾ ਆਤਮ ਰਕਸ਼ਾ ਸਮਿਤੀ' ਬਣਾਉਣ ਵਿੱਚ ਮਦਦ ਕੀਤੀ। ਇਸ ਦੌਰਾਨ ਉਹ ਦੂਜੀ ਵਾਰ ਟਾਈਫਾਈਡ ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋ ਗਈ।

ਉਹ ਆਮ ਲੋਕਾਂ ਵਿਚ ਕੰਮ ਕਰਨਾ ਚਾਹੁੰਦੀ ਸੀ। ਉਸ ਨੂੰ ਚਟਗਾਓਂ ਵਿੱਚ ਸੰਥਾਲ ਮਜ਼ਦੂਰਾਂ, ਸਫ਼ਾਈ ਕਰਨ ਵਾਲਿਆਂ ਅਤੇ ਧੋਬੀਆਂ ਦੀਆਂ ਬਸਤੀਆਂ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਸ ਨੇ 1943 ਦੇ ਬੰਗਾਲ ਅਕਾਲ ਵਿੱਚ ਕੰਮ ਕੀਤਾ। ਉਹ ਕਮਿਊਨਿਜ਼ਮ ਦੇ ਬਹੁਤ ਨੇੜੇ ਆ ਗਈ। ਆਪਣੀ ਬਿਮਾਰੀ ਦੌਰਾਨ ਹੀ ਉਸ ਨੂੰ 1942 ਵਿੱਚ ਇਹ ਸੁਨੇਹਾ ਦਿੱਤਾ ਗਿਆ ਕਿ ਉਸ ਨੂੰ ਸੀ ਪੀ ਆਈ ਵਿੱਚ ਮੈਂਬਰ ਵਜੋਂ ਲੈ ਲਿਆ ਗਿਆ ਹੈ।

ਦਸੰਬਰ 1942 ਵਿੱਚ ਉਹ ਪਾਰਟੀ ਸਕੂਲਿੰਗ ਲਈ ਬੰਬਈ ਗਈ। ਉੱਥੇ ਉਸ ਦੀ ਮੁਲਾਕਾਤ ਪਾਰਟੀ ਦੇ ਜਨਰਲ ਸਕੱਤਰ ਪੀ ਸੀ ਜੋਸ਼ੀ ਨਾਲ ਹੋਈ। ਉਸ ਨੂੰ ਸੂਬਾਈ ਪੱਧਰ 'ਤੇ ਪਾਰਟੀ ਆਰਗੇਨਾਈਜ਼ਰ ਨਿਯੁਕਤ ਕੀਤਾ ਗਿਆ। ਉਨ੍ਹਾ ਦੀਆਂ ਚਾਰ ਭੈਣਾਂ ਵੀ ਪਾਰਟੀ ਦੀਆਂ ਮੈਂਬਰ ਬਣ ਗਈਆਂ। ਪੀ ਸੀ ਜੋਸ਼ੀ ਅਤੇ ਕਲਪਨਾ ਦੱਤਾ ਦਾ ਵਿਆਹ ਅਗਸਤ 1943 ਵਿੱਚ ਹੋਇਆ।

ਉਨ੍ਹਾਂ ਚਟਗਾਂਵ ਅਤੇ ਹੋਰ ਥਾਵਾਂ 'ਤੇ ਬਹੁਤ ਸਾਰੇ ਸੰਘਰਸ਼ਾਂ ਦੀ ਅਗਵਾਈ ਕੀਤੀ। ਜਨਵਰੀ 1946 ਵਿੱਚ ਚਟਗਾਂਵ ਦੇ ਪਾਟੀਆ ਦੀ ਹੜਤਾਲ ਸਭ ਤੋਂ ਵੱਡੀਆਂ ਹੜਤਾਲਾਂ ਅਤੇ ਪ੍ਰਦਰਸ਼ਨਾਂ ਵਿੱਚੋਂ ਇੱਕ ਸੀ, ਇਸ ਦੀ ਅਗਵਾਈ ਉਨ੍ਹਾ ਅਤੇ ਹੋਰ ਸਾਥੀਆਂ ਨੇ ਕੀਤੀ। ਇਹ ਅੰਦੋਲਨ ਬ੍ਰਿਟਿਸ਼ ਸੈਨਿਕਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦੇ ਵਿਰੁੱਧ ਸੀ। ਇਹ ਦੇਸ਼ ਭਰ ਵਿੱਚ ਜੰਗ ਤੋਂ ਬਾਅਦ ਦੇ ਉਭਾਰ ਦਾ ਹਿੱਸਾ ਸੀ।

1946 ਵਿੱਚ ਉਨ੍ਹਾ ਬੰਗਾਲ ਵਿਧਾਨ ਸਭਾ ਲਈ ਸੀ ਪੀ ਆਈ ਉਮੀਦਵਾਰ ਵਜੋਂ ਚੋਣ ਲੜੀ, ਪਰ ਜਿੱਤਣ ਵਿੱਚ ਅਸਫਲ ਰਹੇ।

**ਬੀ ਟੀ ਆਰ ਪੀਰੀਅਡ**

ਪੀ ਸੀ ਜੋਸ਼ੀ ਅਤੇ ਕਲਪਨਾ ਜੋਸ਼ੀ ਸ਼ਾਇਦ ਬੀ ਟੀ ਆਰ ਪੀਰੀਅਡ ਦੇ ਸਭ ਤੋਂ ਵੱਧ ਪੀੜਤਾਂ ਵਿਚੋਂ ਸਨ। ਪੀ ਸੀ ਜੋਸ਼ੀ ਨੂੰ ਪਾਰਟੀ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਬੇਰਹਿਮੀ ਨਾਲ ਹਟਾ ਦਿੱਤਾ ਗਿਆ, ਉਨ੍ਹਾ ਦੀ ਥਾਂ ਦਸੰਬਰ 1947 ਵਿੱਚ ਬੀ ਟੀ ਰਣਦੀਵੇ ਨੇ ਲਈ ਸੀ। ਫਰਵਰੀ-ਮਾਰਚ 1948 ਵਿੱਚ ਕਲਕੱਤਾ ਵਿੱਚ ਦੂਜੀ ਕਾਂਗਰਸ ਵਿੱਚ ਇੱਕ ਪੂਰੀ ਤਰ੍ਹਾਂ ਸੰਕੀਰਨ ਅਤੇ ਖੱਬੇ-ਪੱਖੀ ਮਾਅਰਕੇਬਾਜ਼ੀ ਦੀ ਲਾਈਨ ਨੇ ਪਾਰਟੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਪੀ ਸੀ ਜੋਸ਼ੀ 'ਤੇ ਹਰ ਤਰ੍ਹਾਂ ਦੇ ਦੋਸ਼ ਲਗਾਏ ਗਏ ਸਨ, ਜਿਸ ਵਿੱਚ ਬੁਰਜੂਆਜੀ ਅੱਗੇ ਸਮਰਪਣ ਕਰਨਾ ਆਦਿ ਸ਼ਾਮਲ ਸੀ। ਉਨ੍ਹਾ ਦੇ ਵਿਰੁੱਧ ਅਤੇ ਕਲਪਨਾ ਦੇ ਵਿਰੁੱਧ ਇੱਕ ਨਿਰੰਤਰ ਬਦਨਾਮ ਕਰਨ ਵਾਲੀ ਮੁਹਿੰਮ ਚਲਾਈ ਗਈ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਆਮ ਮੈਂਬਰਸ਼ਿਪ ਤੱਕ ਸੀਮਤ ਕਰ ਦਿੱਤਾ ਗਿਆ। ਉਨ੍ਹਾ ਦੇ ਨਾਲ ਕਲਪਨਾ ਜੋਸ਼ੀ ਨੇ ਰਾਜਨੀਤਕ ਅਤੇ ਨਿੱਜੀ ਜੀਵਨ ਦੇ ਦੁੱਖ ਅਤੇ ਤਕਲੀਫਾਂ ਵੀ ਝੱਲੀਆਂ। ਦੋਸ਼ ਬੇਬੁਨਿਆਦ ਸਨ ਅਤੇ ਵਰਤੇ ਗਏ ਤਰੀਕੇ ਸਭ ਤੋਂ ਵੱਧ ਤਾਨਾਸ਼ਾਹੀ, ਮਨਮਾਨੀ ਅਤੇ ਗੈਰ-ਜਮਹੂਰੀ ਸਨ।

ਕਲਪਨਾ ਜੋਸ਼ੀ 1948 ਵਿੱਚ ਰੂਪੋਸ਼ ਹੋ ਗਈ। ਜਦੋਂ 1951 ਵਿੱਚ ਪਾਰਟੀ ਤੋਂ ਪਾਬੰਦੀ ਹਟਾਈ ਗਈ ਤਾਂ ਉਨ੍ਹਾ ਨੂੰ ਵਿੱਤੀ ਅਤੇ ਰਾਜਨੀਤਕ ਮਜਬੂਰੀਆਂ ਕਾਰਨ ਇੰਡੀਅਨ ਸਟੈਟਿਸਟੀਕਲ ਇੰਸਟੀਚਿਊਟ ਵਿੱਚ ਪ੍ਰੋਫੈਸਰ ਪੀ ਸੀ ਮਹਾਲਨੋਬਿਸ ਦੀ ਅਗਵਾਈ ਹੇਠ ਨੌਕਰੀ ਕਰਨੀ ਪਈ। ਉਨ੍ਹਾ ਮੁੱਖ ਤੌਰ 'ਤੇ ਨੈਸ਼ਨਲ ਸੈਂਪਲ ਸਰਵੇ ਵਿੱਚ ਕੰਮ ਕੀਤਾ। ਉਹ ਰੂਸੀ ਭਾਸ਼ਾ ਵਿੱਚ ਅਧਿਐਨ ਸੰਸਥਾਨ ਦੀ ਸੰਸਥਾਪਕ-ਨਿਰਦੇਸ਼ਕ ਵੀ ਸਨ।

ਉਹਨਾ ਇੱਕ ਸਵੈ-ਜੀਵਨੀ ਕਿਤਾਬ 'ਚਿਟਾਗਾਂਗ ਆਰਮਰੀ ਰੇਡਰਜ਼: ਰੀਮਿਨਿਸੈਂਸ' ਲਿਖੀ। ਇਸ ਦਾ ਅੰਗਰੇਜ਼ੀ ਵਿੱਚ ਅਨੁਵਾਦ ਪੀ ਸੀ ਜੋਸ਼ੀ ਅਤੇ ਨਿਖਿਲ ਚੱਕਰਵਰਤੀ ਦੁਆਰਾ ਕੀਤਾ ਗਿਆ, ਜਿਸ ਦੀ ਪ੍ਰਸਤਾਵਨਾ ਪੀ ਸੀ ਜੋਸ਼ੀ ਦੁਆਰਾ ਲਿਖੀ ਗਈ। ਕਲਪਨਾ ਜੋਸ਼ੀ ਨੇ ਲਿਖਿਆ, 'ਸਾਡੇ ਸਕੂਲ ਦੇ ਦਿਨਾਂ ਵਿੱਚ ਭਵਿੱਖ ਬਾਰੇ ਸਾਡੇ ਕੋਈ ਸਪੱਸ਼ਟ ਵਿਚਾਰ ਨਹੀਂ ਸਨ। ਫਿਰ ਝਾਂਸੀ ਦੀ ਰਾਣੀ ਨੇ ਸਾਡੀ ਕਲਪਨਾ ਨੂੰ ਉਡਾਣ ਦਿੱਤੀ।'

ਉਹਨਾ ਦੀ ਮੌਤ 8 ਫਰਵਰੀ, 1995 ਨੂੰ ਨਵੀਂ ਦਿੱਲੀ ਵਿੱਚ ਹੋਈ।

**ਸੰਪਰਕ : 99884-91002**

ਸ਼ਬਦ ਚਿੱਤਰ

# ਬਾਲਜ਼ਾਕ ਆਪਣੇ ਮੇਜ਼ 'ਤੇ

ਚਾਰਲਸ ਗੁਰਹਾਮ

ਉਲਟ ਦੇਣ ਨਾਲ ਬਾਲਜ਼ਾਕ ਨੇ ਮਹਿਸੂਸ ਕੀਤਾ, 'ਟਾਈਮ ਟੇਬਲ' ਲੇਖਕ ਦੇ ਰੂਪ ਵਿਚ ਉਹ ਹੋਰ ਵੀ ਚੰਗੀ ਤਰ੍ਹਾਂ ਕੰਮ ਕਰ ਸਕਦਾ ਹੈ। ਉਹ ਛੇ ਵਜੇ ਸੌਂ ਜਾਂਦਾ। ਨੌਕਰ ਨੂੰ ਕਿਸੇ ਵੀ ਕੀਮਤ 'ਤੇ ਉਸ ਨੂੰ ਜਗਾਇਆ ਨਾ ਜਾਵੇ ਸਖ਼ਤ ਹੁਕਮ ਸੀ ਕਿ ਅੱਠ ਵਜੇ, ਜਦ ਉਸ ਦੇ ਮਿੱਤਰ ਤੇ ਸਾਥੀ ਹੋਟਲਾਂ, ਸਿਨਮਿਆਂ, ਥੀਏਟਰਾਂ ਵਿਚ ਜਾਣ ਲਈ ਤਿਆਰ ਹੋ ਰਹੇ ਹੁੰਦੇ, ਤਾਂ ਬਾਲਜ਼ਾਕ 'ਕੱਲਾ-ਕਾਰਾ ਆਪਣੇ ਕਮਰੇ ਵਿਚ ਸੁੱਤਾ ਹੁੰਦਾ।

ਨੌਂ ਵੱਜ ਜਾਂਦੇ, ਦਸ ਵੱਜ ਜਾਂਦੇ, ਬਾਲਜ਼ਾਕ ਸੁੱਤਾ ਹੁੰਦਾ। ਸਿਨਮਿਆਂ 'ਚੋਂ ਨਿਕਲ ਕੇ ਘਰਾਂ ਨੂੰ ਪਰਤਦੇ ਤੇ ਸੜਕਾਂ ਵਿਚ ਗਹਿਮਾ-ਗਹਿਮੀ ਹੁੰਦੀ, ਬਾਲਜ਼ਾਕ ਹਾਲੀਂ ਸੁੱਤਾ ਹੁੰਦਾ। ਅੱਧੀ ਰਾਤ ਹੋਣ ਤੋਂ ਕੁਝ ਪਹਿਲਾਂ ਜਦ ਪੈਰਿਸ ਉਬਾਸੀਆਂ ਲੈਂਦਾ ਉਂਘਲਾਉਣਾ ਸ਼ੁਰੂ ਕਰਦਾ ਤਾਂ ਬਾਲਜ਼ਾਕ ਸੁੱਤਾ ਪਿਆ ਉਸਲਵੱਟੇ ਲੈਣ ਲਗਦਾ।

ਬਾਰਾਂ ਵੱਜਣ 'ਤੇ ਉਹ ਉਠ ਬਹਿੰਦਾ। ਸਾਰਾ ਸ਼ਹਿਰ ਸੌਂ ਜਾਂਦਾ, ਤਾਂ ਬਾਲਜ਼ਾਕ ਨੂੰ ਵਿਸ਼ਵਾਸ ਹੁੰਦਾ ਕਿ ਉਹ ਇਕਾਂਤ ਸੁਖ-ਚੈਨ ਵਿਚ ਅਠ-ਦਸ ਘੰਟੇ ਲਿਖਣ ਵਿਚ ਬਿਤਾ ਸਕੇਗਾ। ਇਸ ਵਿਚਕਾਰ ਨਾ ਕੋਈ ਮਿਲਣ ਵਾਲਾ ਆਵੇਗਾ, ਨਾ ਕੋਈ ਖ਼ਤ-ਪੱਤਰ, ਨਾ ਪ੍ਰਕਾਸ਼ਕਾਂ ਵੱਲੋਂ ਪਰੂਫ਼ ਕਿਸੇ ਕਿਸਮ ਦਾ ਕੋਈ ਵਿਘਨ ਨਹੀਂ ਪਵੇਗਾ। ਭੱਠੀ ਇਕ ਵਾਰ ਤਪ ਪਵੇਗੀ, ਤਾਂ ਕੋਈ ਚੀਜ਼ ਉਸ ਨੂੰ ਸਹਿਜੇ ਠੰਢਿਆਂ ਨਹੀਂ ਹੋਣ ਦੇਵੇਗੀ।

ਵਿਚਾਰ ਮੇਰੇ ਦਿਮਾਗ਼ 'ਚੋਂ ਇਸ ਤਰ੍ਹਾਂ ਵਗਦੇ ਨੇ, ਜਿਵੇਂ ਕਿਸੇ ਝਰਨੇ 'ਚੋਂ ਪਾਣੀ ਵਗਦਾ ਏ, ਬਾਲਜ਼ਾਕ ਕਹਿੰਦਾ। ਰਾਤ ਦੇ ਸੰਨਾਟੇ ਵਿਚ ਮੈਂ ਆਪਣੇ ਮੇਜ਼ ਸਾਹਮਣੇ ਬੈਠਦਾ ਹਾਂ 'ਕੱਲਾ, ਚੁੱਪ-ਚੁਪੀਤਾ, ਬਿਨਾਂ ਕਿਸੇ ਵਿਘਨ ਦੇ ਤੇ ਪਤਾ ਨਹੀਂ ਕਿਥੋਂ ਵਾਕ ਤੇ ਪੈਰ੍ਹੇ ਤੇ ਪਾਤਰ ਤੇ ਘਟਨਾਵਾਂ ਤੇ ਵਿਚਾਰ ਮੇਰੇ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ ਨੇ ਤੇ ਇਕ ਦੂਜੇ-ਨਾਲ ਜੁੜਦੇ ਹੋਏ ਇਕ ਵਿਸ਼ੇਸ਼ ਰੂਪ ਵਿਚ ਬੱਝਣ ਲਗਦੇ ਨੇ। ਅਜਿਹੇ ਅਵਸਰਾਂ 'ਤੇ ਦੋ-ਤਿੰਨ ਘੰਟੇ ਦਾ ਸਮਾਂ ਬਹੁਤ ਥੋੜ੍ਹਾ ਜਾਪਦਾ ਏ, ਮੈਨੂੰ ਕਈ ਘੰਟਿਆਂ ਦਾ ਲੰਮਾ ਸਮਾਂ ਚਾਹੀਦਾ ਏ।

ਜਾਗਣ ਮਗਰੋਂ ਬਾਲਜ਼ਾਕ ਆਪਣੇ ਵਿਸ਼ੇਸ਼ ਵਸਤਰ ਪਾਉਂਦਾ, ਸਾਧੂਆਂ ਵਰਗਾ ਚਿੱਟਾ ਚੋਗਾ, ਜੋ ਬੜਾ ਖੁੱਲਾ-ਡੁੱਲ੍ਹਾ ਹੁੰਦਾ ਤੇ ਸਰੀਰ ਦਾ ਹਰ ਅੰਗ ਉਸ ਵਿਚ ਮੋਕਲਾ ਮਹਿਸੂਸ ਕਰਦਾ। ਉਹ ਹਲਕਾ-ਫੁਲਕਾ ਹੁੰਦਾ ਤੇ ਨਿੱਘਾ ਵੀ। ਚੋਗੇ ਉਤੇ ਕਮਰ ਦੁਆਲੇ ਸੋਨੇ ਦੀ ਜ਼ੰਜੀਰ ਪਾ ਲੈਂਦਾ, ਜਿਸ ਨਾਲ ਸਲੀਬ ਦੀ ਥਾਂ ਇਕ ਚਾਕ ਤੋਂ ਕੈਂਚੀ ਲਟਕੀ ਹੁੰਦੀ।

ਉਸ ਦੇ ਮਿੱਤਰ ਇਨ੍ਹਾਂ ਵਸਤਰਾਂ 'ਤੇ ਹੱਸਦੇ-ਹੱਸਦੇ ਕਹਿੰਦੇ, ਤੂੰ ਆਪਣੇ ਆਪ ਨੂੰ ਇਕ ਕਿਸਮ ਦਾ ਸਾਧੂ ਹੀ ਸਮਝ ਰਿਹਾ ਏਂ। ਮਿੱਤਰਾਂ ਦੀ ਇਹ ਗੱਲ ਇਕ ਤਰ੍ਹਾਂ ਸਹੀ ਵੀ ਸੀ। ਜੇ ਬਾਲਜ਼ਾਕ ਨੇ ਸਹੂਲਤ ਲਈ ਖੁੱਲ੍ਹਾ-ਡੁੱਲਾ ਲਿਬਾਸ ਚੁਣਨਾ ਸੀ ਤਾਂ ਉਹ ਚੋਗੇ ਦੀ ਥਾਂ ਡਰੈਸਿੰਗ ਗਾਊਨ ਵੀ ਚੁਣ ਸਕਦਾ ਸੀ।

ਉਸ ਦੇ ਕੋਲ ਸਿਆਲ ਲਈ ਗਰਮ ਚੰਗੇ ਸਨ ਤੇ ਹੁਨਾਲ ਲਈ ਵਧੀਆ ਲਿਨਨ ਦੇ ਚੋਗੇ, ਜੋ ਲੋੜੋਂ ਵੱਧ ਸਾਫ਼ ਹੁੰਦੇ। ਉਨ੍ਹਾਂ 'ਤੇ ਰਤਾ ਕੁਝ ਪੈ ਜਾਂਦਾ ਹੈ ਤਾਂ ਬਾਲਜ਼ਾਕ ਸਹਾਰ ਨਾ ਸਕਦਾ। ਸਿਆਹੀ ਤਾਂ ਅੰਧ-ਵਿਸ਼ਵਾਸ ਦੀ ਸੀਮਾ ਤੱਕ ਅਸਹਿ ਸੀ। ਕੁਝ ਹੀ ਪਲਾਂ ਵਿਚ ਤਿਆਰ ਹੋ ਕੇ ਉਹ ਰਸੋਈ ਵਿਚ ਜਾਂਦਾ ਤੇ ਕਾਫੀ ਦੇ ਇਕ ਜਾਂ ਦੋ ਕੱਪ ਪੀਂਦਾ। ਫੇਰ ਉਹ ਖਿਡਾਰੀਆਂ ਵਾਂਗ ਆਪਣੀਆਂ ਬਾਹਾਂ ਤੇ ਲੱਤਾਂ ਦੀ ਆਕੜ ਭੰਨਦਾ ਤੇ ਨੀਂਦ ਦੇ ਰਹਿੰਦੇ-ਖੂੰਹਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ।

ਪੂਰੀ ਤਰ੍ਹਾਂ ਸੁਚੇਤ ਹੋ ਕੇ ਉਹ ਆਪਣੇ ਲਿਖਣ ਕਮਰੇ ਵਿਚ ਜਾਂਦਾ। ਉਸ ਦੇ ਮੇਜ਼ 'ਤੇ ਹਰੇ ਰੰਗ ਦਾ ਊਨੀ ਵਸਤਰ ਵਿਛਿਆ ਹੁੰਦਾ, ਜਿਵੇਂ ਬਿਲੀਅਰਡ-ਟੇਬਲ 'ਤੇ ਲੱਗਾ ਹੁੰਦਾ ਹੈ। ਉਹ ਰੰਗ ਉਸ ਦੀ ਅੱਖਾਂ ਨੂੰ ਸੁਖਾਵਾਂ ਜਾਪਦਾ ਤੇ ਉਸ ਦੇ ਉਤੇ ਰੱਖੇ ਕਾਗਜ਼ਾਂ 'ਤੇ ਲਿਖਦਿਆਂ ਕਲਮ ਦਾ ਲੋੜੀਂਦਾ ਦਬਾਅ ਪਾਇਆ ਜਾ ਸਕਦਾ।

ਖੱਬੇ ਹੱਥ ਚਾਂਦੀ ਦਾ ਸ਼ਮ੍ਹਾਦਾਨ ਪਿਆ ਹੁੰਦਾ, ਜਿਸ ਵਿਚ ਰੋਜ਼ ਰਾਤੀਂ ਛੇ ਮੋਮਬੱਤੀਆਂ ਲਾ ਦਿੱਤੀਆਂ ਜਾਂਦੀਆਂ। ਉਨ੍ਹਾਂ ਦਾ ਚਾਨਣ ਕੇਵਲ ਮੇਜ਼ 'ਤੇ ਪੈਂਦਾ। ਬਾਕੀ ਦਾ ਕਮਰਾ ਹਨੇਰਾ ਹੁੰਦਾ, ਬੂਹਿਆਂ, ਬਾਰੀਆਂ 'ਤੇ ਅਜਿਹੇ ਪਰਦੇ ਲੱਗੇ ਹੁੰਦੇ, ਜਿਨ੍ਹਾਂ 'ਚੋਂ ਚਾਨਣ ਦੀ ਲੀਕ ਤੇ ਨਾ ਕੋਈ ਆਵਾਜ਼ ਅੰਦਰ ਆ ਸਕਦੀ। ਕੰਮ ਕਰ ਰਿਹਾ ਬਾਲਜ਼ਾਕ ਚੰਨ-ਚਾਨਣੀ ਤੇ ਤਾਰਿਆਂ ਦੀ ਲੋਅ ਨੂੰ ਵੀ ਕਮਰੇ ਵਿਚ ਸਹਾਰ ਨਾ ਸਕਦਾ। ਪਹੁ-ਫੁਟਾਲਾ ਵੀ ਲਿਖਣ ਕਮਰੇ ਵਿਚ ਨਾ ਝਾਕ ਸਕਦਾ।

ਸੱਜੇ ਹੱਥ ਸਾਰੀ ਰਾਤ ਲਈ ਲਿਖਣ ਜੋਗੀਆਂ ਵੱਡੀਆਂ ਕੀਮਤੀ ਕਲਮਾਂ ਪਈਆਂ ਹੁੰਦੀਆਂ, ਜੋ ਪਹਾੜੀ ਕਾਂ ਦੇ ਖੰਭਾਂ ਦੀਆਂ ਬਣੀਆਂ ਹੁੰਦੀਆਂ। ਕੋਲ ਹੀ ਸਿਆਹੀ ਨਾਲ ਭਰੀ ਦਵਾਤ ਹੁੰਦੀ ਤੇ ਸਿਆਹੀ ਦੀ ਇਕ ਵੱਖਰੀ ਬੋਤਲ। ਇਕ ਵਾਰ ਲਿਖਣਾ ਸ਼ੁਰੂ ਕਰਨ 'ਤੇ ਬਾਲਜ਼ਾਕ ਨੂੰ ਕਿਸੇ ਕਿਸਮ ਦਾ ਵਿਘਨ ਪਸੰਦ ਨਹੀਂ ਸੀ। ਸ਼ਮ੍ਹਾਦਾਨ ਦੇ ਕੋਲ ਇਕ ਹਰੇ ਰੰਗ ਦੀ ਕਾਪੀ ਪਈ ਹੁੰਦੀ, ਜਿਸ ਤਰ੍ਹਾਂ ਦੀ ਸਕੂਲਾਂ ਦੇ ਵਿਦਿਆਰਥੀ ਵਰਤਦੇ ਹਨ। ਉਸ ਵਿਚ ਕੋਈ ਸ਼ਬਦ-ਮੁਹਾਵਰੇ, ਬਿੰਬ ਆਦਿ ਹੁੰਦੇ, ਜਿਨ੍ਹਾਂ ਦੀ ਲਿਖਦਿਆਂ ਲੋੜ ਪੈ ਸਕਦੀ ਸੀ।

ਇਸ ਕਹਾਣੀ ਤੋਂ ਛੁੱਟ ਉਥੇ ਹੋਰ ਕੋਈ ਮਸਾਲਾ ਨਾ ਹੁੰਦਾ-ਨਾ ਨਾਵਲ ਦੀ ਰੂਪ-ਰੇਖਾ, ਨਾ ਕੋਈ ਕਿਤਾਬ, ਨਾ ਕੋਈ ਟਿੱਪਣੀ।ਬਾਲਜ਼ਾਕ ਮੇਜ਼ ਮੂਹਰੇ ਬੈਠਦਾ, ਚੋਗੇ ਦੀ ਸੱਜੀ ਬਾਂਹ



ਪਿਛਾਂਹ ਹਟਾਉਂਦਾ, ਬਾਂਹ ਨੂੰ ਮਲਦਾ, ਕਲਮ ਚੁੱਕਦਾ। ਨੋਕ ਨੂੰ 'ਗੂਠੇ 'ਤੇ ਦੱਬ ਕੇ ਪਰਖਦਾ, ਦਵਾਤ ਵਿਚੋਂ ਡੁਬੋ ਲੈਂਦਾ, ਫੇਰ ਨੋਕ ਨਾਲ ਕਾਗਜ਼ ਨੂੰ ਛੋਂਹਦਾ ਤੇ ਨਰਮੀ ਨਾਲ ਆਪਣੇ ਆਪ ਨੂੰ ਕਹਿੰਦਾ, ਜਿਵੇਂ ਸਵਾਰ ਘਬਰਾਏ ਹੋਏ ਬੇਚੈਨ ਘੋੜੇ ਨੂੰ ਕਹਿੰਦਾ ਹੈ : 'ਨਖ਼ਰੇ ਛੱਡ, ਲਿਖਣ ਦਾ ਸਮਾਂ।'

ਹੁਣ ਸ਼ੁਰੂ ਕਰ, ਬਾਲਜ਼ਾਕ ! ਇਹ ਹੋ ਗਿਆ ! ਉਸ ਦੀ ਕਲਮ ਹਲਕੇ-ਨੀਲੇ ਰੰਗ ਦੇ ਮਹਿੰਗੇ ਕਾਗਜ਼ 'ਤੇ ਤੁਰ ਪੈਂਦੀ। ਇਕ ਵਾਰ ਲਿਖਣਾ ਸ਼ੁਰੂ ਕਰਦੀ, ਤਾਂ ਬਿਨਾਂ ਰੁਕਿਆਂ ਅੱਠ, ਦਸ, ਬਾਰਾਂ, ਸੋਲਾਂ ਤੇ ਕਦੇ ਵੀਹਾਂ ਘੰਟਿਆਂ ਤੱਕ ਚਲਦੀ ਰਹਿੰਦੀ।ਲਿਖਣ ਨਾਲੋਂ ਕਿਤੇ ਤੇਜ਼ ਬਾਲਜ਼ਾਕ ਦੀ ਵਿਚਾਰ-ਗਤੀ ਹੁੰਦੀ। ਕਈ ਵਾਰ ਤਾਂ ਕਲਮ ਉੱਕਾ ਹੀ ਸਾਥ ਨਾ ਦੇ ਸਕਦੀ। ਬਾਲਜ਼ਾਕ ਅੱਧ-ਪਚੱਧੇ ਸ਼ਬਦ ਲਿਖਦਾ ਅਗੇ ਵਧ ਜਾਂਦਾ।

ਉਸ ਦੀ ਲਿਖਤ ਪੈਰਿਸ ਦੇ ਹਰ ਕੰਪੋਜ਼ੀਟਰ ਲਈ ਇਕ ਸਿਰ-ਦਰਦੀ ਸੀ। ਉਸ ਦੇ ਸ਼ਬਦ ਕੇਵਲ ਅੱਧ-ਪਚੱਧੇ ਲਿਖੇ ਹੋਏ ਹੀ ਨਾ ਹੁੰਦੇ, ਵਿੰਗ-ਤੜਿੰਗੇ ਤੇ ਅਸਪੱਸ਼ਟ ਵੀ ਹੁੰਦੇ, ਜਿਨ੍ਹਾਂ ਨੂੰ ਪੜ੍ਹਨ ਵਿਚ ਬੜੀ ਔਖ ਹੁੰਦੀ।

ਪੰਜ-ਛੇ ਘੰਟਿਆਂ ਦੀ ਇਕਸਾਰ ਬੈਠਕ ਪਿੱਛੋਂ ਵੀ ਬਾਲਜ਼ਾਕ ਦੀਆਂ ਸੋਚਾਂ ਓਸੇ ਰਫ਼ਤਾਰ ਨਾਲ ਦੌੜ ਰਹੀਆਂ ਹੁੰਦੀਆਂ।

ਸਰੀਰ ਸ਼ਿਕਾਇਤ ਕਰਨ ਲਗਦਾ। ਅੱਖਾਂ ਵਿੱਚ ਪੀੜ ਹੋਣ ਲਗਦੀ। ਸਿਰ ਵਿਚ ਚਟਾਕ ਪੈਂਦੇ। ਧੌਣ ਤੇ ਕਮਰ ਦੇ ਪੱਠੇ ਆਕੜ ਜਾਂਦੇ। ਸੱਜੇ ਹੱਥ ਦਾ 'ਗੂਠਾ ਤੇ ਉਂਗਲਾਂ ਜਿਵੇਂ ਸੌਂ ਰਹੀਆਂ ਹੁੰਦੀਆਂ ਤੇ ਅੰਦਰ ਇਕ ਅਜਿਹਾ ਮਾਨਸਿਕ ਤਣਾਅ ਹੁੰਦਾ ਕਿ ਕਿਸੇ ਵੇਲੇ ਮੋਮਬੱਤੀ ਦੀ ਲੋਅ 'ਤੇ ਵੀ ਉਹ ਤ੍ਰਭਕ ਉਠਦਾ।

ਨਾ ਚਾਹੁੰਦਿਆਂ ਵੀ ਬਾਲਜ਼ਾਕ ਅਖ਼ੀਰ ਕਲਮ ਮੇਜ਼ 'ਤੇ ਰੱਖ ਦਿੰਦਾ, ਕੁਰਸੀ ਤੋਂ ਉਠਦਾ, ਆਕੜ ਭੰਨਦਾ, ਕਮਰ ਸਿੱਧੀ ਕਰਦਾ। ਸੱਜੇ ਹੱਥ ਦੀਆਂ ਉਂਗਲਾਂ ਦੇ ਪਟਾਕੇ ਕੱਢਦਾ, ਪੁੜਪੁੜੀਆਂ ਮਲਦਾ। ਫੇਰ ਸਿਰ ਨੂੰ ਇੰਜ ਝਟਕਦਾ, ਜਿਵੇਂ ਪਾਣੀ 'ਚੋਂ ਨਿਕਲਣ 'ਤੇ ਕੁੱਤਾ ਆਪਣੀ ਦੇਹ ਛੰਡਦਾ ਹੈ।

ਆ-ਹਾ.. ਬਾਲਜ਼ਾਕ ਕਾਫ਼ੀ ਦਾ ਸਮਾਂ ਹੋ ਗਿਆ ! ਉਹ ਉੱਚੀ ਆਵਾਜ਼ ਵਿਚ ਕਹਿੰਦਾ।

ਉਸ ਨੂੰ ਤੰਮਾਕੂ ਨਾਲ ਘਿਰਣਾ ਸੀ ਤੇ ਸ਼ਰਾਬ ਵੀ ਚੰਗੀ ਨਹੀਂ ਸੀ ਲਗਦੀ

ਪਰ ਕਾਫ਼ੀ ! ਉਸ ਦੀ ਕਿਆ ਬਾਤ ! ਕਾਫ਼ੀ ਦਾ ਉਸ ਨੂੰ ਨਸ਼ਾ ਸੀ।

ਜ਼ਿਆਦਾ ਕਾਫ਼ੀ ਢਿੱਡ ਲਈ ਨੁਕਸਾਨਦੇਹ ਹੈ। ਉਸ ਦਾ ਦਿਮਾਗ਼ ਤੋਂ ਵੀ ਭੈੜਾ ਅਸਰ ਹੋ ਸਕਦਾ ਏ ! ਕੋਈ ਸ਼ੁਭਚਿੰਤਕ ਕਹਿੰਦਾ।

ਬਾਲਜ਼ਾਕ ਹੱਸ ਕੇ ਆਖਦਾ, ਕਾਫ਼ੀ ਤਾਂ ਦੇਵਤਿਆਂ ਦਾ ਵਰਦਾਨ ਹੈ।

ਏਨੀ ਸਵਾਦਲੀ ਚੀਜ਼ ਹਾਨੀਕਾਰਕ ਨਹੀਂ ਹੋ ਸਕਦੀ, ਉਹ ਦਲੀਲ ਦਿੰਦਿਆਂ ਹੀ ਹਰ ਚੀਜ਼ ਨੂੰ ਹਰਕਤ ਵਿਚ ਲੈ ਦਿੰਦਾ। 'ਕਾਫ਼ੀ ਢਿੱਡ ਵਿਚ ਆਉਂਦੀ ਏ। ਵਿਚਾਰ ਸੈਨਿਕਾਂ ਵਾਂਗ ਅੱਗੇ ਤੇਜ਼ ! ਕਾਫ਼ੀ ਤੋਂ ਬਿਨਾਂ ਮੈਂ ਕੰਮ ਨਹੀਂ ਕਰ ਨਹੀਂ ਸਕਦਾ।' ਉਹ ਆਪਣੇ ਹੱਥੀਂ ਕਾਫ਼ੀ ਤਿਆਰ ਕਰਦਾ, ਜਿਹੋ ਜਿਹੀ ਕਾਫ਼ੀ ਉਹ ਚਾਹੁੰਦਾ, ਉਸ ਦੇ ਵਿਚਾਰ ਅਨੁਸਾਰ ਉਹੋ ਜਿਹੀ ਕੋਈ ਹੋਰ ਨਹੀਂ ਸੀ ਬਣਾ ਸਕਦਾ—ਕਾਲੀ, ਗਾੜ੍ਹੀ ਤੇਲ ਵਰਗੀ ਕਾਫ਼ੀ, ਜੋ ਤਿੰਨਾਂ ਕਿਸਮਾਂ ਦੀ ਕਾਫ਼ੀ ਨੂੰ ਮਿਲਾ ਕੇ ਬਣਾਉਂਦਾ—'ਬਰਬਨ', 'ਮੋਚਾ' ਤੇ 'ਮਾਰਤੀਨਿਕ'। ਇਹ ਤਿੰਨੋਂ ਕਿਸਮਾਂ ਉਹ ਤਿੰਨਾਂ ਦੁਕਾਨਾਂ ਤੋਂ ਖ਼ਰੀਦਦਾ, ਜੋ ਪੈਰਿਸ ਦੇ ਵੱਖ-ਵੱਖ ਇਲਾਕਿਆਂ ਵਿਚ ਸਨ। ਬਾਲਜ਼ਾਕ ਉਨ੍ਹਾਂ ਦੁਕਾਨਾਂ 'ਤੇ ਜਾ ਕੇ ਆਪਣੀ ਨਿਗਰਾਨੀ ਵਿਚ ਕਾਫ਼ੀ ਤਿਆਰ ਕਰਾਉਂਦਾ। ਪਹਿਲਾਂ ਕਾਫ਼ੀ ਦੇ ਹਰੇ ਦਾਣਿਆਂ ਨੂੰ ਹੱਥ ਵਿਚ ਫੜ ਕੇ ਪਰਖਦਾ, ਨੱਕ ਕੋਲ ਲਿਆ ਕੇ ਸੁੰਘਦਾ, ਚੱਬ ਕੇ ਵੇਖਦਾ, ਫੇਰ ਖ਼ਾਸ ਦਾਇਤਾਂ ਦਿੰਦਾ ਤੇ ਆਪਣੇ ਸਾਹਮਣੇ ਭੁੰਨਣ ਲਈ ਕਹਿੰਦਾ। 'ਕੱਠੀ ਇਕ ਮਹੀਨੇ ਜੋਗੀ ਕਾਫ਼ੀ ਖ਼ਰੀਦਦਾ। ਇਸ ਵਿਚ ਚੋਖਾ ਸਮਾਂ ਲੱਗ ਜਾਂਦਾ ਤੇ ਅੱਧਾ ਪੈਰਿਸ ਗਾਹੁਣਾ ਪੈਂਦਾ। ਆਪਣੀ ਮਨਪਸੰਦ ਕਾਫ਼ੀ ਲਈ ਸਭ ਕੁਝ ਕਰ ਸਕਦਾ ਸੀ।

ਸਵੇਰੇ ਅੱਠ ਵਜੇ ਬਾਲਜ਼ਾਕ ਆਪਣੀ ਪਹਿਲੀ ਬੈਠਕ ਤੋਂ ਉਠਦਾ, ਤੇ ਘੰਟੀ ਵਜਾ ਕੇ ਆਪਣੇ ਨੌਕਰ ਔਗਸਤੇ ਨੂੰ ਬੁਲਾਉਂਦਾ।ਔਗਸਤੇ ਕੁਝ ਚਿਰ ਮਗਰੋਂ ਚਾਂਦੀ ਦੀ ਟਰੇਅ ਵਿਚ ਨਾਸ਼ਤਾ ਰੱਖੀ ਆਉਂਦਾ। ਬਾਲਜ਼ਾਕ ਦੀ ਹਦਾਇਤ ਅਨੁਸਾਰ ਇਕ ਸ਼ਬਦ ਵੀ ਨਾ ਆਖਦਾ, ਏਥੋਂ ਤੱਕ ਕਿ ਸ਼ੁਭ-ਸਵੇਰ ਵੀ ਨਾ ਕਹਿੰਦਾ।

ਬਾਲਜ਼ਾਕ ਨੇ ਹਾਲੀਂ ਹੋਰ ਲਿਖਣਾ ਹੁੰਦਾ, ਦਿਮਾਗ਼ ਵਿਚ ਕੋਈ ਵਿਚਾਰ ਘੁੰਮ ਰਿਹਾ ਹੁੰਦਾ, ਕੋਈ ਗੱਲ ਲਟਕੀ ਹੁੰਦੀ।

ਔਗਸਤੇ ਚੁੱਪ ਕੀਤਾ ਮੇਜ਼ 'ਤੇ ਟਰੇਅ ਰੱਖਦਾ, ਪਰਦੇ ਹਟਾਉਂਦਾ ਤੇ ਮੋਮਬੱਤੀਆਂ ਬੁਝਾ ਦਿੰਦਾ।

ਉਸ ਵੇਲੇ ਬਾਲਜ਼ਾਕ ਆਪ ਔਗਸਤੇ ਨੂੰ 'ਸ਼ੁਭ ਸਵੇਰ' ਕਹਿੰਦਾ।

ਬਾਲਜ਼ਾਕ ਨਾਸ਼ਤਾ ਕਰਨ ਲਗਦਾ, ਜੋ ਬੜਾ ਸਾਦਾ ਜਿਹਾ ਹੁੰਦਾ ਤੇ ਸੜਕ ਵੱਲੋਂ ਆਉਣ ਵਾਲੀਆਂ ਆਵਾਜ਼ਾਂ ਸੁਣਦਾ-ਸਕੂਲ ਜਾ ਰਹੇ ਬੱਚਿਆਂ ਦੀਆਂ ਟਿਚਕਰਾਂ, ਕੋਚਵਾਨਾਂ ਦੇ ਹਾਸੇ-ਮਖੌਲ ਤੇ ਘੋੜਿਆਂ ਦੇ ਸੁੰਮਾਂ ਦੀ ਦਰੁਤ-ਗਾਮੀ ਪੈਰ-ਚਾਪ .....ਇਹ ਸਾਰੀਆਂ ਆਵਾਜ਼ਾਂ ਉਸ ਨੂੰ ਕਿਸੇ ਹੋਰ ਸੰਸਾਰ ਤੋਂ ਆ ਰਹੀਆਂ ਪ੍ਰਾਪਤ ਹੁੰਦੀਆਂ।

ਉਹ ਨਾਸ਼ਤਾ ਕਰ ਰਿਹਾ ਹੁੰਦਾ ਤਾਂ ਔਗਸਤੇ ਨਹਾਉਣ ਲਈ ਵੱਡੇ ਸਾਰੇ ਟੱਬ ਵਿਚ ਗਰਮ ਪਾਣੀ ਪਾਉਂਦਾ, ਜੋ ਬਾਲਜ਼ਾਕ ਨੇ ਖ਼ਾਸ ਤੌਰ 'ਤੇ ਲੰਡਨ ਤੋਂ ਮੰਗਵਾਇਆ ਸੀ। ਪੈਰਿਸ ਵਿਚ ਉਹੋ ਜਿਹਾ ਟੱਬ ਕਿਤੇ ਨਹੀਂ ਸੀ ਮਿਲ ਸਕਿਆ। ਉਸ ਨੇ ਪੜ੍ਹਿਆ ਸੀ ਕਿ ਨੈਪੋਲੀਅਨ ਘੰਟਾ ਭਰ ਗਰਮ ਪਾਣੀ ਵਿਚ ਬੈਠ ਕੇ ਨਹਾਇਆ ਕਰਦਾ ਸੀ। ਉਹ ਵੀ ਨੈਪੋਲੀਅਨ ਵਾਂਗ ਨਹਾਉਣ ਲੱਗਾ। ਗਰਮ ਪਾਣੀ ਵਿਚ ਬੈਠਿਆਂ ਸਰੀਰ ਦਾ ਥਕੇਵਾਂ ਲੱਥ ਜਾਂਦਾ, ਮਾਨਸਿਕ ਤਣਾਅ ਘਟ ਜਾਂਦਾ ਤੇ ਬਾਲਜ਼ਕ ਤਾਜ਼ਾ ਦਮ ਹੋ ਕੇ ਅਗਲਾ ਕੰਮ ਅੱਗੇ ਤੋਰਦਾ। ਨਹਾ ਕੇ ਬਾਲਜ਼ਾਕ ਕਮਰੇ ਵਿਚ ਆਉਂਦਾ, ਤਾਂ ਬਹੁਤ ਸਾਰੇ ਲੋਕ ਉਸ ਨੂੰ ਮਿਲਣ ਲਈ ਦੂਜੇ ਕਮਰੇ ਵਿਚ ਉਡੀਕ ਰਹੇ ਹੁੰਦੇ—ਗਿੱਲੇ ਪਰੂਫ਼ ਲੈ ਕੇ ਆਏ ਪ੍ਰੈੱਸਾਂ ਦੇ ਮੁੰਡੇ, ਨਵਾਂ ਮੈਟਰ ਲੈਣ ਆਏ ਹੋਰਨਾਂ ਪ੍ਰੈੱਸਾਂ ਦੇ ਮੁੰਡੇ, ਨਵੀਆਂ ਕਿਤਾਬਾਂ ਬਾਰੇ ਗੱਲਬਾਤ ਕਰਨ ਆਏ ਪ੍ਰਕਾਸ਼ਕ, ਅਖ਼ਬਾਰਾਂ-ਰਸਾਲਿਆਂ ਲਈ ਰਚਨਾਵਾਂ ਮੰਗਣ ਆਏ ਸੰਪਾਦਕ,

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਵਕਤ ਭਾਰਤ ਦੇ ਨਾਗਰਿਕਾਂ ਨੂੰ ਹਾਲੇ ਹੋਰ ਪਤਾ ਨਹੀਂ ਕਿਹੋ ਜਿਹੇ ਕੌੜੇ ਤਜਰਬੇ ਤੋਂ ਲੰਘਾਉਣ ਵਾਲੈ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭਾਰਤ ਨੂੰ ਆਜ਼ਾਦੀ ਮਿਲਣ ਨੂੰ ਇਸ ਪੰਦਰਾਂ ਅਗਸਤ ਨੂੰ ਅਠੱਤਰ ਸਾਲ ਪੂਰੇ ਹੋ ਜਾਣਗੇ। ਸਰਕਾਰਾਂ ਰਾਜਾਂ ਦੀਆਂ ਵੀ ਤੇ ਕੇਂਦਰ ਵਾਲੀ ਵੀ ਵੱਡੇ ਇਸ਼ਤਿਹਾਰ ਜਾਰੀ ਕਰ ਕੇ ਇਸ ਸਮੇਂ ਦੌਰਾਨ ਭਾਰਤ ਵੱਲੋਂ ਕੀਤੀ ਤਰੱਕੀ ਦੇ ਦ੍ਰਿਸ਼ ਪੇਸ਼ ਕਰਨ ਬਹਾਨੇ ਆਪੋ-ਆਪਣੀ ਕਾਰਗੁਜ਼ਾਰੀ ਵਧਾ-ਚੜ੍ਹਾ ਕੇ ਪੇਸ਼ ਕਰਨ ਅਤੇ ਬਾਕੀ ਸਾਰਿਆਂ ਦੇ ਕੀਤੇ ਹੋਏ ਚੰਗੇ ਕੰਮਾਂ ਨੂੰ ਛੁਟਿਆਉਣ ਲਈ ਵਾਹ ਲਾਉਣਗੀਆਂ। ਮਨੁੱਖੀ ਸੁਭਾਅ ਅਤੇ ਸਿਆਸੀ ਆਗੂਆਂ ਦੀ ਲੋੜ ਵੀ ਹੈ ਕਿ ਜੇ ਆਪਣਾ ਅਕਸ ਚਮਕਾਉਣਾ ਹੈ ਤਾਂ ਬਹੁਤਾ ਜ਼ੋਰ ਆਪਣੇ ਆਪ ਲਈ ਲਾਉਣ ਦੀ ਥਾਂ ਆਪਣੇ ਮੁਕਾਬਲੇਬਾਜ਼ ਪੁਰਾਣੇ ਜਾਂ ਅਜੋਕੇ ਆਗੂਆਂ ਦੀ ਦਿੱਖ ਧੁੰਦਲੀ ਕਰਨ ਲਈ ਲਾਵੋ, ਤਾਂ ਕਿ ਹਨੇਰੇ ਵਿੱਚ ਰੋਸ਼ਨੀ ਦੀ ਆਸ ਵਾਲੀ ਕਿਰਨ ਸਿਰਫ ਖੁਦ ਨਜ਼ਰ ਆਓ। ਇਸ ਕੰਮ ਵਿੱਚ ਅੱਜ ਦੀ ਰਾਜਨੀਤੀ ਦਾ ਕੋਈ ਵੀ ਨੇਤਾ ਬਾਕੀਆਂ ਤੋਂ ਘੱਟ ਨਹੀਂ ਜਾਪਦਾ, ਪਰ ਜਿਸ ਆਮ ਆਦਮੀ ਨੂੰ ਭਲੇ ਦੇ ਸੁਫਨੇ ਇਹ ਸਾਰੇ ਆਗੂ ਲੋਕ ਵਿਖਾਉਂਦੇ ਹਨ, ਉਸ ਦਾ ਹਾਲ ਸੁਧਾਰਨ ਲਈ ਕਦੇ ਓਨਾ ਜ਼ੋਰ ਸੱਚਮੁੱਚ ਲਾਇਆ ਹੁੰਦਾ, ਜਿੰਨਾ ਇਹ ਸਾਰੇ ਲੋਕ ਦੱਸਦੇ ਹਨ ਤਾਂ ਅੱਜ ਭਾਰਤ ਵਿੱਚ ਗਰੀਬੀ ਨਾ ਹੁੰਦੀ ਤੇ ਝੁੱਗੀਆਂ-ਝੌਂਪੜੀਆਂ ਵਿੱਚ ਕੀੜਿਆਂ ਦੀ ਜੂਨ ਹੰਢਾਉਣ ਵਾਲੇ ਲੋਕ ਦਿਖਾਈ ਨਾ ਦਿਆ ਕਰਦੇ। ਹਕੀਕੀ ਤਸਵੀਰ ਲੁਕਾਈ ਨਹੀਂ ਜਾ ਸਕਦੀ।

ਆਜ਼ਾਦੀ ਤੋਂ ਬਾਅਦ ਇਨ੍ਹਾਂ ਅਠੱਤਰ ਸਾਲਾਂ ਵਿੱਚ ਜੇ ਕੋਈ ਸਭ ਤੋਂ ਮਾੜੀ ਗੱਲ ਸਮਝੀ ਜਾ ਸਕਦੀ ਹੈ, ਉਹ ਇਹ ਕਿ ਜਿਹੜਾ ਸੰਵਿਧਾਨ ਉਸ ਵਕਤ ਈਮਾਨਦਾਰ ਆਗੂਆਂ ਦੀ ਅਗਵਾਈ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਤੇ ਪ੍ਰਵਾਨ ਕੀਤਾ ਗਿਆ ਸੀ, ਉਹ ਹੌਲੀ-ਹੌਲੀ ਇੱਕ-ਦੂਸਰੇ ਤੋਂ ਵੱਧ ਅਸੂਲਹੀਨ ਆਗੂਆਂ ਦੇ ਹੱਥੇ ਚੜ੍ਹਦਾ ਗਿਆ। ਅਚਾਨਕ ਇਹ ਸਭ ਕੁਝ ਨਹੀਂ ਹੋਇਆ, ਇਹ ਸਹਿਜ ਪ੍ਰਕਿਰਿਆ ਬੀਤੇ ਸਾਲਾਂ ਵਿੱਚ ਹੌਲੀ-ਹੌਲੀ ਚੱਲਦੀ ਰਹੀ ਤੇ ਆਮ ਲੋਕ ਇਹ ਸੋਚ ਕੇ ਚੁੱਪ-ਚਾਪ ਵੇਖਦੇ ਰਹੇ ਕਿ ਸਾਡੀ ਜਦੋਂ ਸੁਣਨ ਵਾਲਾ ਹੀ ਕੋਈ ਨਹੀਂ ਤਾਂ ਚੀਕਣ ਦਾ ਫਾਇਦਾ ਨਹੀਂ। ਇਸ ਦਾ ਨਤੀਜਾ ਇਹ ਨਿਕਲਿਆ ਕਿ ਹਾਲਾਤ ਵਿਗਾੜਨ ਤੋਂ ਬਚਾਉਣ ਲਈ ਜਿਹੜੀਆਂ ਸੰਸਥਾਵਾਂ ਪਵਿੱਤਰ ਸੋਚ ਨਾਲ ਖੜੀਆਂ ਕੀਤੀਆਂ ਸਨ, ਉਹ ਆਪਣੇ ਮਿਥੇ ਨਿਸ਼ਾਨੇ ਤੋਂ ਭਟਕ ਕੇ ਉਸੇ ਵਿਗਾੜ ਦੇ ਅੱਡੇ ਬਣਨ ਲੱਗ ਪਈਆਂ ਸਨ, ਜਿਸ ਤੋਂ ਰੋਕਣ ਵਾਸਤੇ ਬਣਾਈਆਂ ਗਈਆਂ ਸਨ। ਇਸ ਦੀ ਸਭ ਤੋਂ ਭੱਦੀ ਮਿਸਾਲ ਭਾਰਤ ਦਾ ਚੋਣ ਕਮਿਸ਼ਨ ਕਿਹਾ ਜਾ ਸਕਦਾ ਹੈ, ਜਿਹੜਾ ਚੋਣਾਂ ਵਿੱਚ ਹੇਰਾਫੇਰੀ ਹੁੰਦੀ ਰੋਕਣ ਲਈ ਬਣਾਇਆ ਗਿਆ, ਪਰ ਅੱਜਕੱਲ੍ਹ ਹੇਰੀਫੇਰੀ ਹੋਣੀ ਕੀ, ਵੋਟ ਚੋਰੀ ਕਰਨ ਵਾਲੇ ਲੋਕਾਂ ਦਾ ਸਹਿਯੋਗੀ ਬਣਿਆ ਹੋਣ ਦੇ ਦੋਸ਼ ਵੀ ਲੱਗਦੇ ਪਏ ਹਨ ਅਤੇ ਚੋਣ ਕਮਿਸ਼ਨਰ ਚੁੱਪ ਵੱਟ ਲੈਂਦੇ ਹਨ।

ਸਾਡੇ ਪੰਜਾਬ ਵਿੱਚ ਦੋ ਮੌਕੇ ਏਦਾਂ ਦੇ ਆਏ ਸਨ, ਜਦੋਂ ਇਹ ਦੋਸ਼ ਲੱਗੇ ਸਨ ਕਿ ਹਰਿਆਣੇ ਦੀ ਹੱਦ ਉੱਤੇ ਵੱਸਦੇ ਡੱਬਵਾਲੀ ਕਸਬੇ ਵਿੱਚ ਕਈ ਲੋਕ ਜਦੋਂ ਹਰਿਆਣੇ ਦੀ ਚੋਣ ਆਵੇ ਤਾਂ ਓਧਰ ਵੋਟਾਂ ਪਾ ਕੇ ਪੰਜਾਬ ਦੀ ਅਗਲੀ ਚੋਣ ਹੋਣ ਦਾ ਪਤਾ ਲੱਗਦੇ ਸਾਰ ਓਸੇ ਡੱਬਵਾਲੀ ਦੇ ਪੰਜਾਬ ਵਾਲੇ ਪਾਸੇ ਵੋਟਾਂ ਬਣਾ ਲੈਂਦੇ ਹਨ। ਵਿਚਾਲਿਉਂ ਤਾਂ ਇੱਕ ਸੜਕ ਟੱਪਣ ਨਾਲ ਦੂਸਰੇ ਰਾਜ ਵਿੱਚ ਪਹੁੰਚ ਜਾਈਦਾ ਹੈ ਅਤੇ ਏਦਾਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਹੀ ਨਹੀਂ, ਹੈਰਾਨੀ ਦੀ ਗੱਲ ਹੈ ਕਿ ਇੱਕ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਦੌਰਾਨ ਵੀ ਉਸ ਹਲਕੇ ਵਿੱਚ ਏਨਾ ਜ਼ਿਆਦਾ ਹੇਰਾਫੇਰੀ ਦਾ ਕੰਮ ਹੋਇਆ ਕਿ ਅਖਬਾਰਾਂ ਦੀਆਂ ਖਬਰਾਂ ਬਣ ਗਿਆ ਸੀ। ਚੋਣ ਗੁਰਦੁਆਰਾ ਕਮੇਟੀ ਦੀ ਸੀ, ਵੋਟਰ ਸਿਰਾਂ ਤੋਂ ਮੋਨੇ ਅਤੇ ਸਾਫੇ ਬੰਨ੍ਹ ਕੇ ਆਏ ਹਿੰਦੀ ਬੋਲਦੇ ਸਨ ਅਤੇ ਪੰਜਾਬ ਵਿਚਲਾ ਉਨ੍ਹਾਂ ਦਾ ਪਿੰਡ ਪੁੱਛੇ ਜਾਣ ਉੱਤੇ ਉਸ ਪਿੰਡ ਦਾ ਨਾਂਅ ਵੀ ਸਹੀ ਨਹੀਂ ਸਨ ਦੱਸ ਸਕਦੇ। ਵੋਟਿੰਗ ਬੂਥਾਂ ਦੇ ਪ੍ਰੀਜ਼ਾਈਡਿੰਗ ਅਫਸਰਾਂ ਨੂੰ ਇਹ ਗੱਲ ਪੱਤਰਕਾਰਾਂ ਨੇ ਜਦੋਂ ਦੱਸੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਜੋ ਮਰਜ਼ੀ ਹੋਈ ਜਾਵੇ, ਜਿਸ ਕਿਸੇ ਦੀ ਵੋਟ ਬਣਾ ਦਿੱਤੀ ਗਈ ਹੈ, ਉਹ ਉਸ ਨੂੰ ਏਥੇ ਵੋਟ ਪਾਉਣ ਤੋਂ ਨਹੀਂ ਰੋਕ ਸਕਦੇ। ਇਹੋ ਕੰਮ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਹੋਰ ਵੱਧ ਹੁੰਦਾ ਹੋਵੇਗਾ।

ਇਸ ਵਕਤ ਇਹ ਮੁੱਦਾ ਭਾਰਤ ਦੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਚੁੱਕਿਆ ਹੋਇਆ ਹੈ ਅਤੇ ਉਹ ਸਿੱਧੇ ਦੋਸ਼ ਲਾਉਂਦਾ ਹੈ ਕਿ ਸਾਰੀ ਹੇਰਾਫੇਰੀ ਅਤੇ ਵੋਟਾਂ ਦੀ ਚੋਰੀ ਦਾ ਕੰਮ ਚੋਣ ਕਮਿਸ਼ਨ ਦੀ ਹਮਾਇਤ ਤੇ ਚੋਣ ਅਮਲੇ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਪਹਿਲਾਂ ਮਹਾਰਾਸ਼ਟਰ ਵਿੱਚ ਵੋਟ ਚੋਰੀ ਦਾ ਮਾਮਲਾ ਉੱਭਰਿਆ ਅਤੇ ਦੋਸ਼ ਲਾਇਆ ਗਿਆ ਕਿ ਇਸ ਢੰਗ ਨਾਲ ਉਸ ਰਾਜ ਵਿੱਚ ਭਾਜਪਾ ਨੂੰ ਜਿਤਾਉਣ ਤੇ ਵਿਰੋਧੀ ਧਿਰ ਨੂੰ ਖੂੰਜੇ ਲਾਉਣ ਦਾ ਕੰਮ ਸਿਰੇ ਚਾੜ੍ਹਿਆ ਗਿਆ ਸੀ। ਉਨ੍ਹਾਂ ਦੋਸ਼ਾਂ ਦਾ ਕਦੇ ਵੀ ਕੋਈ ਸਿੱਧਾ ਜਵਾਬ ਨਹੀਂ ਸੀ ਦਿੱਤਾ ਗਿਆ ਤੇ ਸਾਰੇ ਦੋਸ਼ਾਂ ਨੂੰ ਉੱਕਾ-ਪੁੱਕਾ ਝੂਠ ਕਹਿ ਕੇ ਚੋਣ ਕਮਿਸ਼ਨ ਨੇ ਗੱਲ ਆਈ-ਗਈ ਕਰ ਦਿੱਤੀ ਸੀ। ਫਿਰ ਬਿਹਾਰ ਵਿੱਚ ਵੋਟਾਂ ਕੱਟਣ ਵਾਲੇ ਸਪੈਸ਼ਲ ਇਨਟੈਂਸਿਵ ਰਿਵੀਊ (ਐੱਸ ਆਈ ਆਰ) ਦਾ ਰੌਲਾ ਪੈ ਗਿਆ ਕਿ ਇਸ ਨਾਲ ਭਾਜਪਾ ਪੱਖੀ ਵੋਟਾਂ ਬਚਾਉਣ ਤੇ ਵਧਾਉਣ ਤੇ ਵਿਰੋਧੀਆਂ ਦੀਆਂ ਵੋਟਾਂ ਕੱਟਣ ਦਾ ਕੰਮ ਚੱਲਦਾ ਪਿਆ ਹੈ। ਚੋਣ ਕਮਿਸ਼ਨ ਦਾ ਫਿਰ ਉਹੀ ਗੋਲਮੋਲ ਜਵਾਬ ਕਿ ਸਭ ਝੂਠੇ ਦੋਸ਼ ਹਨ, ਪਰ ਜਦੋਂ ਅਦਾਲਤ ਵਿੱਚ ਕੇਸ ਚਲਾ ਗਿਆ ਤਾਂ ਇੱਕ ਖਰੜੇ ਦੀ ਗੱਲ ਨਿਕਲ ਪਈ, ਜਿਸ ਵਿੱਚ ਪਹਿਲਾਂ ਚੌਹਠ ਲੱਖ ਵੋਟਾਂ ਗਲਤ ਦੱਸ ਕੇ ਕੱਟਣ ਦਾ ਰੌਲਾ ਪਿਆ ਤੇ ਫਿਰ ਪੈਂਹਠ ਲੱਖ ਵੋਟਾਂ ਕੱਟਣ ਤੱਕ ਪਹੁੰਚ ਗਿਆ। ਉਹ ਪੈਂਹਠ ਲੱਖ ਵੋਟਾਂ ਕਿਨ੍ਹਾਂ ਲੋਕਾਂ ਦੀਆਂ ਕੱਟੀਆਂ ਹਨ, ਇਹ ਸਵਾਲ ਪੁੱਛਣ ਉੱਤੇ ਵੀ ਉਹ ਡਾਟਾ ਜਾਰੀ ਨਹੀਂ ਕੀਤਾ ਗਿਆ, ਜਿਸ ਵਿੱਚੋਂ ਹਰ ਘਰ ਬਾਰੇ ਜਾਣਿਆ ਜਾ ਸਕੇ, ਬੱਸ ਇੱਕ ਰਿਪੋਰਟ ਜਾਰੀ ਕਰ ਦਿੱਤੀ ਗਈ ਕਿ ਫਲਾਣੇ ਹਲਕੇ ਵਿੱਚੋਂ ਐਨੀਆਂ ਕੱਟੀਆਂ ਹਨ। ਹਰ ਘਰ ਬਾਰੇ ਸਿੱਧੀ ਜਾਣਕਾਰੀ ਦੇਣ ਦੇ ਡਾਟਾ ਦੀ ਬਜਾਏ ਇਸ ਰਿਪੋਰਟ ਮਗਰੋਂ ਘਰ-ਘਰ ਪਹੁੰਚ ਕਰ ਕੇ ਇਸ ਦੀ ਤਸਦੀਕ ਕੌਣ ਕਰ ਸਕਦਾ ਹੈ? ਭਾਜਪਾ ਦੀ ਜਥੇਬੰਦਕ ਤਾਕਤ ਕਹੇ ਜਾਣ ਵਾਲੇ ਇਸ ਦੇ 'ਪੰਨਾ ਪ੍ਰਮੁੱਖ' ਹਰ ਘਰ ਜਾਂਦੇ ਅਤੇ ਦੱਸਦੇ ਰਹੇ ਹੋਣਗੇ ਕਿ ਫਲਾਣੇ ਟੱਬਰ ਦੀਆਂ ਫਲਾਣੀਆਂ ਵੋਟਾਂ ਕੱਟਣੀਆਂ ਹਨ ਅਤੇ ਬਾਕੀ ਸਭ ਪਾਰਟੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਚੋਣਾਂ ਵਾਲੇ ਦਿਨ ਇਸ ਖੇਡ ਦਾ ਪਤਾ ਲੱਗੇਗਾ।

ਹਾਲੇ ਇਹ ਰੌਲਾ ਕਿਸੇ ਪਾਸੇ ਨਹੀਂ ਲੱਗਾ ਕਿ ਕਰਨਾਟਕ ਵਿੱਚ ਇਹੋ ਕਹਾਣੀ ਹੋਣ ਦਾ ਰੌਲਾ ਪੈ ਗਿਆ ਤੇ ਰਾਹੁਲ ਗਾਂਧੀ ਨੇ ਸਿੱਧਾ ਦੋਸ਼ ਲਾ ਦਿੱਤਾ ਕਿ ਇੱਕੋ ਪਾਰਲੀਮੈਂਟ ਚੋਣ ਹਲਕੇ ਵਿੱਚ ਬਣਾਈਆਂ ਗਈਆਂ ਗਲਤ ਵੋਟਾਂ ਦੀ ਗਿਣਤੀ ਇੱਕ ਲੱਖ ਦੇ ਨੇੜੇ ਪੁੱਜਦੀ ਹੈ। ਚੋਣ ਕਮਿਸ਼ਨ ਨੇ ਹਮੇਸ਼ਾ ਵਾਂਗ ਦੋਸ਼ ਝੂਠੇ ਕਹੇ ਅਤੇ ਨਾਲ ਇਹ ਕਹਿ ਦਿੱਤਾ ਕਿ ਰਾਹੁਲ ਗਾਂਧੀ ਇਸ ਬਾਰੇ ਇੱਕ ਹਲਫੀਆ ਬਿਆਨ ਦੇਵੇ ਤਾਂ ਜਾਂਚ ਕਰਵਾਈ ਜਾ ਸਕਦੀ ਹੈ। ਹਲਫੀਆ ਬਿਆਨ ਜਾਂ ਐਫੀਡੇਵਿਟ ਦੀ ਗੱਲ ਕਿੱਥੋਂ ਆ ਗਈ, ਰਾਹੁਲ ਗਾਂਧੀ ਨੇ ਕੁਝ ਘਰਾਂ ਦੇ ਨੰਬਰ ਦੱਸੇ ਹਨ ਤਾਂ ਚੋਣ ਕਮਿਸ਼ਨ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਘਰਾਂ ਵਿੱਚ ਏਦਾਂ ਦੀ ਗੱਲ ਹੋਈ ਕਿ ਨਹੀਂ ਹੋਈ, ਜੇ ਰਾਹੁਲ ਗਾਂਧੀ ਝੂਠ ਬੋਲਦਾ ਹੈ ਤਾਂ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ। ਚੋਣ ਕਮਿਸ਼ਨ ਦਾ ਢੰਗ ਦੱਸਦਾ ਹੈ ਕਿ ਦਾਲ ਵਿੱਚ ਕੁਝ ਕਾਲਾ ਹੈ, ਜਿਸ ਦਾ ਓਹਲਾ ਰੱਖਿਆ ਜਾਂਦਾ ਹੈ ਅਤੇ ਓਹਲਾ ਰੱਖਣ ਦੀ ਇਹੋ ਕੋਸ਼ਿਸ਼ ਚੋਣ ਕਮਿਸ਼ਨ ਦੀ ਸਥਿਤੀ ਹੋਰ ਤੋਂ ਹੋਰ ਖਰਾਬ ਕਰੀ ਜਾਂਦੀ ਹੈ।

ਪਿਛਲੇ ਸਾਲ ਜਦੋਂ ਲੋਕ ਸਭਾ ਚੋਣਾਂ ਹੋਣ ਵਾਲੀਆਂ ਸਨ, ਓਦੋਂ ਇਲੈਕਟੋਰਲ ਬਾਂਡ ਰਾਹੀਂ ਸਿਆਸੀ ਪਾਰਟੀਆਂ ਨੂੰ ਫੰਡ ਦੇਣ ਦਾ ਮੁੱਦਾ ਭਖਿਆ ਤੇ ਸੁਪਰੀਮ ਕੋਰਟ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਸਟੇਟ ਬੈਂਕ ਆਫ ਇੰਡੀਆ ਨੇ ਸੱਚ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਸੁਪਰੀਮ ਕੋਰਟ ਨੇ ਚੌਵੀ ਘੰਟੇ ਵਕਤ ਦੇ ਕੇ ਸਾਰਾ ਸੱਚ ਦੱਸਣ ਨੂੰ ਕਹਿ ਦਿੱਤਾ ਤਾਂ ਸਟੇਟ ਬੈਂਕ ਨੇ ਸ਼ਾਮ ਨਹੀਂ ਸੀ ਪੈਣ ਦਿੱਤੀ ਅਤੇ ਉਹੋ ਡਾਟਾ ਪੇਸ਼ ਕਰ ਦਿੱਤਾ ਸੀ, ਜਿਸ ਬਾਰੇ ਪਹਿਲਾਂ ਕਿਹਾ ਸੀ ਕਿ ਇਸ ਵਿੱਚ ਬਹੁਤ ਸਮਾਂ ਲੱਗੇਗਾ। ਡਾਟਾ ਪੇਸ਼ ਹੋਇਆ ਤਾਂ ਇਹ ਜ਼ਾਹਰ ਹੋ ਗਿਆ ਕਿ ਜਾਂਚ ਕਰਨ ਦੇ ਬਹਾਨੇ ਕੇਂਦਰੀ ਏਜੰਸੀਆਂ ਜਿਨ੍ਹਾਂ ਲੋਕਾਂ ਨੂੰ ਫੜਦੀਆਂ ਅਤੇ ਜ਼ਮਾਨਤ ਨਹੀਂ ਹੋਣ ਦਿੰਦੀਆਂ, ਜਦੋਂ ਉਹ ਭਾਜਪਾ ਨੂੰ ਇਲੈਕਟੋਰਲ ਬਾਂਡ ਰਾਹੀਂ ਫੰਡ ਦੇਣਾ ਮੰਨ ਜਾਂਦੇ ਤਾਂ ਉਨ੍ਹਾਂ ਦੀ ਜ਼ਮਾਨਤ ਸ਼ਾਮ ਤੋਂ ਪਹਿਲਾਂ ਹੋ ਜਾਂਦੀ ਸੀ। ਸਾਰੇ ਦੇਸ਼ ਦੇ ਲੋਕ ਹੈਰਾਨ ਸਨ ਕਿ ਜਾਂਚ ਏਜੰਸੀਆਂ ਓਦੋਂ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਲਈ ਫੰਡ ਉਗਰਾਹੁਣ ਵਾਲੇ ਕੰਮ ਲਾਈਆਂ ਪਈਆਂ ਸਨ। ਸੁਪਰੀਮ ਕੋਰਟ ਓਦੋਂ ਇਨ੍ਹਾਂ ਏਜੰਸੀਆਂ ਦੇ ਖਿਲਾਫ ਅਤੇ ਸਟੇਟ ਬੈਂਕ ਵਿਰੁੱਧ ਵੀ ਆਰਡਰ ਜਾਰੀ ਕਰ ਸਕਦੀ ਸੀ, ਪਰ ਉਸ ਵਕਤ ਦੇ ਚੀਫ ਜਸਟਿਸ ਨੇ ਕਿਸੇ ਕਾਰਨ ਮੁੱਦਾ ਸਪੱਸ਼ਟ ਹੋਣ ਮਗਰੋਂ ਵੀ ਅੱਗੇ ਨਹੀਂ ਸੀ ਵਧਾਇਆ, ਵਰਨਾ ਇਸ ਬਾਰੇ ਫੈਸਲੇ ਦਾ ਉਸ ਸਮੇਂ ਚੋਣਾਂ ਉੱਤੇ ਅਣਕਿਆਸਿਆ ਅਸਰ ਪੈ ਸਕਦਾ ਸੀ। ਇਸ ਵਕਤ ਚੋਣ ਕਮਿਸ਼ਨ ਜਿਸ ਤਰ੍ਹਾਂ ਕਰਦਾ ਪਿਆ ਹੈ, ਉਸ ਤੋਂ ਪਿਛਲੇ ਸਾਲ ਦੀਆਂ ਘਟਨਾਵਾਂ ਦੀ ਯਾਦ ਇੱਕ ਵਾਰ ਫਿਰ ਤਾਜ਼ਾ ਹੋ ਜਾਂਦੀ ਹੈ।

ਇਹੋ ਕਾਰਨ ਹੈ ਕਿ ਅਸੀਂ ਗੱਲ ਏਥੋਂ ਸ਼ੁਰੂ ਕੀਤੀ ਸੀ ਕਿ ਦੇਸ਼ ਆਜ਼ਾਦ ਹੋਣ ਪਿੱਛੋਂ ਸੰਵਿਧਾਨ ਬਣਾਉਣ ਤੇ ਉਸ ਨੂੰ ਪ੍ਰਵਾਨ ਕਰਨ ਵਾਲੇ ਆਗੂਆਂ ਨੇ ਸਾਰਾ ਢਾਂਚਾ ਇਸ ਸੋਚ ਕੇ ਸਿਰਜਿਆ ਸੀ ਕਿ ਸੰਸਥਾ ਵਿੱਚ ਇੱਕ-ਦੋ ਜਣੇ ਜੇ ਕਿਸੇ ਕੁਰਾਹੇ ਦਾ ਸ਼ਿਕਾਰ ਹੋ ਵੀ ਜਾਣ ਤਾਂ ਸਿਸਟਮ ਚੱਲਦਾ ਰਹਿ ਸਕੇਗਾ। ਉਨ੍ਹਾਂ ਨੂੰ ਸੁਫਨਾ ਵੀ ਨਹੀਂ ਆਇਆ ਹੋਵੇਗਾ ਕਿ ਜੇ ਸਾਰੀ ਸੰਸਥਾ ਹੀ ਭ੍ਰਿਸ਼ਟਾਚਾਰ ਦਾ ਅੰਗ ਬਣਨ ਦੀ ਨੌਬਤ ਆ ਗਈ ਤਾਂ ਇਸ ਤੋਂ ਦੇਸ਼ ਤੇ ਨਾਗਰਿਕਾਂ ਨੂੰ ਬਚਾਉਣ ਵਾਸਤੇ ਕੀ ਕੁਝ ਕਰਨ ਦੀ ਲੋੜ ਹੋ ਸਕਦੀ ਹੈ। ਅੱਜ ਇਹ ਨੌਬਤ ਆਈ ਪਈ ਹੈ। ਪਿਛਲੇ ਸਾਲ ਭਾਰਤੀ ਸਟੇਟ ਬੈਂਕ ਵੱਲੋਂ ਚੋਣਾਂ ਵਿੱਚ ਭ੍ਰਿਸ਼ਟ ਅਮਲ ਕਰਨ ਵਾਲਿਆਂ ਦੀ ਸਹਾਇਕ ਏਜੰਸੀ ਬਣੇ ਹੋਣ ਦਾ ਭੇਤ ਖੁੱਲ੍ਹਾ ਸੀ, ਫਿਰ ਭਾਰਤੀ ਰਿਜ਼ਰਵ ਬੈਂਕ ਬਾਰੇ ਕਈ ਗੱਲਾਂ ਚੱਲੀਆਂ ਅਤੇ ਆਈ ਸੀ ਆਈ ਸੀ ਆਈ ਬੈਂਕ ਦੇ ਚੇਅਰਮੈਨ ਦੇ ਕੇਸ ਨਾਲ ਹੋਰ ਬੜਾ ਕੁਝ ਬਾਹਰ ਆ ਗਿਆ। ਇਸ ਵਕਤ ਇੱਕ ਪਿੱਛੋਂ ਦੂਸਰੇ ਰਾਜ ਵਿੱਚ ਵੋਟਰ ਲਿਸਟਾਂ ਵਿੱਚ ਹੇਰਾਫੇਰੀ ਬਾਰੇ ਜਿਹੜਾ ਰੌਲਾ ਪਿਆ ਫਿਰਦਾ ਹੈ ਅਤੇ ਚੋਣ ਕਮਿਸ਼ਨ ਖੁਦ ਸਾਫ ਕਰਨ ਦੀ ਬਜਾਏ ਪਰਦੇ ਪਾਉਣ ਵਾਸਤੇ ਸਾਰਾ ਤਾਣ ਲਾ ਰਿਹਾ ਹੈ, ਉਸ ਨੇ ਸਾਰੇ ਦੇਸ਼ ਬਾਰੇ ਕਹਿ ਦਿੱਤੀ ਹੈ ਕਿ ਸੰਸਥਾ ਕੁਰਾਹੇ ਪੈ ਜਾਵੇ ਤਾਂ ਆਹ ਕੁਝ ਹੋ ਸਕਦਾ ਹੈ। ਭਾਰਤ ਦੇ ਲੋਕਾਂ ਸਾਹਮਣੇ ਦੇਸ਼ਾਂ ਦੀ ਸਥਿਤੀ ਪਹਿਲਾਂ ਕਦੇ ਨਹੀਂ ਸੀ ਆਈ, ਜਿਹੋ ਜਿਹੀ ਅੱਜ ਆਈ ਪਈ ਹੈ, ਪਰ ਇਸ ਸਥਿਤੀ ਤੋਂ ਨਿਕਲਣ ਦਾ ਰਾਹ ਕੋਈ ਨਹੀਂ ਲੱਭ ਰਿਹਾ। ਇਹੋ ਜਿਹੇ ਮਾਮਲਿਆਂ ਵਿੱਚ ਅੱਗੇ ਸੁਪਰੀਮ ਕੋਰਟ ਵਿੱਚ ਜਾਇਆ ਜਾ ਸਕਦਾ ਹੁੰਦਾ ਸੀ, ਪਰ ਅੱਜਕੱਲ੍ਹ ਸੁਪਰੀਮ ਕੋਰਟ ਵਿੱਚ ਗੱਲ ਪਹੁੰਚਣ ਤੋਂ ਪਹਿਲਾਂ ਚੋਣ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ, ਤਾਂ ਕਿ ਇਹ ਬਹਾਨਾ ਵਰਤ ਲਿਆ ਜਾਵੇ ਕਿ ਪ੍ਰਕਿਰਿਆ ਸ਼ੁਰੂ ਹੋਣ ਮਗਰੋਂ ਕੋਈ ਵੀ ਕੋਰਟ ਦਖਲ ਨਹੀਂ ਦੇ ਸਕਦੀ।

ਸਾਰ ਇਹ ਹੈ ਕਿ ਸਮਾਜ ਜਿਸ ਪਾਸੇ ਲਿਜਾਇਆ ਜਾ ਰਿਹਾ ਹੈ, ਸੰਵਿਧਾਨਕ ਸੰਸਥਾਵਾਂ ਵਿੱਚੋਂ ਇੱਕ-ਦੋ ਨਹੀਂ, ਪੂਰੇ ਦਾ ਪੂਰਾ ਟੋਲਾ ਭ੍ਰਿਸ਼ਟ ਅਮਲ ਕਰਨ ਵਾਲਿਆਂ ਦੀ ਖਿਦਮਤ ਵਿੱਚ ਲੱਗਾ ਜਾਪਦਾ ਹੋਵੇ ਤਾਂ ਉਸ ਤੋਂ ਬਚਾਅ ਕਰਨ ਦਾ ਕੋਈ ਉਪਾਅ ਕਰਨਾ ਸੌਖਾ ਨਹੀਂ ਰਹਿ ਗਿਆ। ਇਹ ਸਭ ਵੀ ਸਾਡੇ ਸਮਿਆਂ ਵਿੱਚ ਹੋਣਾ ਸੀ, ਪਰ ਕੌਣ ਜਾਣਦਾ ਹੈ ਕਿ ਭਵਿੱਖ ਵਿੱਚ ਵਕਤ ਹੋਰ ਕਿਹੜੇ ਤਮਾਸ਼ੇ ਵਿਖਾਉਣ ਵਾਲਾ ਹੈ ਦੁਨੀਆ ਦੇ ਇਸ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਨੂੰ!

# ਘੋੜੇਵਾਹ ਰਾਜਪੂਤਾਂ ਦਾ ਨਗਰ, ਜਾਡਲਾ

**ਪਿੰਡ ਵਸਿਆ-40**

**ਵਿਜੈ ਬੰਬੇਲੀ**

ਜਾਡਲਾ, ਨਵਾਂਸ਼ਹਿਰ, ਅੱਜ ਤੋਂ ਕਰੀਬ ਸੱਤ ਸਦੀਆਂ ਪਹਿਲਾਂ ਘੋੜੇਵਾਹ ਰਾਜਪੂਤਾਂ ਵੱਲੋਂ ਵਸਾਇਆ ਨਗਰ ਹੈ। 'ਘੋੜੇਵਾਹ' ਅੱਲ ਉਹਨਾਂ ਦੀ ਤਾਂ ਪਈ ਸੀ, ਕਿਉਂਕਿ ਉਹ ਤਾ-ਰਾਜਪੂਤ ਬਰਾਦਰੀਆਂ 'ਚੋਂ ਬਹੁਤ ਹੀ ਆਹਲਾ ਕਿਸਮ ਦੇ ਘੋੜਿਆਂ ਦੇ ਪਾਲਕ ਸਨ। ਉਂਜ ਪੰਜਾਬ ਇਹਨਾਂ ਰਾਜਪੂਤਾਂ ਦਾ ਅਸਲ ਮੁਕਾਮ ਨਹੀਂ ਸੀ, ਪਿੱਛਿਓਂ ਇਹ ਸੀਕਰ, ਰਾਜਸਥਾਨ ਤੋਂ ਸਨ। ਹੋਇਆ ਇਉਂ ਕਿ ਇੱਥੋਂ ਦੇ ਦੋ ਰਾਜਪੂਤ ਧੜਵੈਲ, ਇਸ਼ੂਪਾਲ ਅਤੇ ਸ਼ਿਸ਼ੂਪਾਲ, ਆਪਣੇ ਬ੍ਰਾਹਮਣ ਸੰਗੀ-ਸਾਥੀਆਂ ਅਤੇ ਪਰਵਾਰਾਂ ਦੇ ਨਾਲ ਚਿੰਤਪੁਰਨੀ-ਜਵਾਲਾ ਜੀ ਦੇ ਦਰਸ਼ਨ ਕਰਨ ਉਪਰੰਤ ਵਾਪਸੀ ਉੱਤੇ ਬਲਾਚੌਰ ਖਿੱਤੇ ਵਿੱਚ ਪੁਖਤਾ ਆ-ਰੁਕੇ। ਪੱਕੀ ਵਸੇਬ ਦਾ ਮਨ ਬਣਾਉਣ ਦਾ ਕਾਰਨ ਇਹ ਸੀ ਕਿ ਇਧਰ ਜਲ-ਲਬਰੇਜ਼ ਖੁੱਲ੍ਹੀਆਂ, ਮਾਲਕ ਸੱਖਣੀਆਂ, ਜ਼ਰਖੇਜ਼ ਜ਼ਮੀਨਾਂ ਸਨ, ਜਿਹੜੀਆਂ ਉਹਨਾਂ ਦੇ ਘੋੜੇ ਪਾਲ ਕਿੱਤੇ ਨੂੰ ਵੀ ਰਾਸ ਆਉਂਦੀਆਂ ਸਨ।

ਦੂਜੀ ਮਿੱਥ ਇਹ ਹੈ ਕਿ ਮੁਗਲ ਰਾਜ ਸਮੇਂ ਜੈਪੁਰ ਸਟੇਟ ਦੇ ਕਛਵਾਹਾ ਖਿੱਤੇ ਵਿੱਚ ਇੱਕ ਦਫਾ ਕਾਲ ਪੈਣ ਕਰਕੇ ਮਜਬੂਰੀਵੱਸ ਉਥੋਂ ਦੇ ਕੁੱਝ ਉੱਘੇ ਟੱਬਰਾਂ ਪੰਜਾਬ ਨੂੰ ਪ੍ਰਸਥਾਨ ਕਰ ਰੋਪੜ ਨੇੜੇ ਦਰਿਆ ਸਤਲੁੱਜ ਕੰਢੇ ਡੇਰੇ ਲਾ ਲਏ। ਘੋੜੇ ਪਾਲਕ ਇਹਨਾਂ ਲੋਕਾਂ ਕੋਲ ਇੱਕ ਵਿਲੱਖਣ ਘੋੜਾ ਸੀ, ਜਿਸ ਦੀ ਮੰਗ ਸਮੇਂ ਦੇ ਸਥਾਨਕ ਅਹਿਲਕਾਰ ਨੇ ਕਰ ਦਿੱਤੀ। ਇਹ ਰਾਜਪੂਤ ਲੋਕਾਂ, ਜਿਹਨਾਂ ਦੀ ਅੱਲ ਨਸਲੀ ਘੋੜੇ ਪਾਲਕ ਹੋਣ ਕਾਰਨ ਘੋੜੇ ਪਾਲਕ ਉਪਰੰਤ ਘੋੜੇ ਵਾਹ ਪੈ ਗਈ ਸੀ, ਨੇ ਘੋੜਾ ਦੇਣ ਦੀ ਇਵਜ਼ ਵਿੱਚ ਦਰਿਆ ਦੇ ਦੋਵੇਂ ਵੰਨੀਂ ਜ਼ਮੀਨ ਦੇਣ ਦੀ ਪ੍ਰਤੀਬੇਨਤੀ ਕੀਤੀ। ਸਿੱਟੇ ਵਜੋਂ ਮਗਰੋਂ ਉਹਨਾਂ ਦੋਵਾਂ ਵੱਲੋਂ ਵਗਲੇ ਖਿੱਤੇ ਵਿੱਚ ਰਾਹੋਂ ਦੇ ਉਰਾਰ ਅਤੇ ਦਰਿਆਵੋਂ ਪਾਰ ਪਿੰਡ-ਦਰ-ਪਿੰਡ ਵਸਦੇ ਰਹੇ, ਜਿਹੜੇ ਘੋੜੇਵਾਹਾਂ ਦੀ ਸਲਤਨਤ ਬਣਦੇ ਰਹੇ।

ਸਮੇਂ ਦੇ ਗੇੜ ਵੱਸ ਉਹਨਾਂ ਦੀਆਂ ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਵਿੱਚੋਂ ਇੱਕ ਰਾਣਾ ਭੋਜ ਨੇ ਖਿੱਤੇ ਦੇ ਅਹਿਲਕਾਰ ਪ੍ਰਤੀ ਜੰਗੀ ਸੇਵਾਵਾਂ ਉਪਰੰਤ ਆਗਿਆ ਲੈ ਕੇ ਇੱਕ ਝਾੜ-ਵੇਲਾ ਯੁਕਤ ਖਿੱਤੇ ਵਿੱਚ ਨਵਾਂ ਪਿੰਡ ਬੰਨ੍ਹਣ ਦਾ ਕਿੱਲਾ ਗੱਡ ਦਿੱਤਾ। ਨਵੀਂ ਵਸੇਬ ਦੀ ਮੋੜ੍ਹੀ ਗੱਡਣ ਲਈ ਅਕਸਰ ਜੰਡ, ਬੇਰੀ, ਟਾਹਲੀ ਜਾਂ ਪਿਲਕਣ ਦਾ ਮੁੱਢ ਜਾਂ ਟਾਹਣਾ ਗੱਡਿਆ ਜਾਂਦਾ ਸੀ, ਪਰ ਭੋਜ ਨੇ ਇਥੇ ਪਹਿਲਾਂ ਹੀ ਮੌਜੂਦ ਇੱਕ ਵਿਸ਼ਾਲ ਜੰਡ ਨੂੰ ਹੀ ਪਿੰਡ ਦਾ ਕੇਂਦਰ ਮਿੱਥਿਆ। 'ਜੰਡ' ਤੋਂ 'ਜੰਡ ਵਾਲਾ' ਉਪਰੰਤ ਇਹ ਸਿੱਧ-ਪੱਧਰਾ ਹੋ, ਲੋਕ ਮਨਾਂ ਵਿੱਚ 'ਜਾਡਲਾ' ਪੱਕ-ਪਕਾਅ ਗਿਆ। ਸੂਰਮੇ ਭੋਜ ਦੇ ਚਾਰ ਪੁੱਤਰ ਹੋਏ।

ਮਗਰੋਂ ਸਮੇਂ ਦੀਆਂ ਸਥਿਤੀਆਂ-ਪ੍ਰਸਥਿਤੀਆਂ ਤਹਿਤ ਜਾਂ ਮਾਲਕੀ ਬਰਕਰਾਰ ਰੱਖਣ ਹਿੱਤ ਇਸੇ ਭੋਜ ਦਾ ਇੱਕ ਪੁੱਤ ਮੁਸਲਿਮ ਹੋ ਗਿਆ। ਕਿਹਾ ਜਾਂਦਾ ਹੈ ਕਿ ਇਹ ਘਟਨਾ ਉਦੋਂ ਦੀ ਹੈ, ਜਦ ਰਾਹੋਂ-ਨਵਾਂਸ਼ਹਿਰ ਖੇਤਰ ਵਿੱਚ ਮੁਸਲਿਮ ਧਾੜਵੀ ਭਾਰੂ ਹੋ ਗਏ ਸਨ। ਉਹਨਾਂ ਦੀਆਂ ਕਹਿਰੀ ਮਨਸਾਵਾਂ ਤੋਂ ਬਚਣ ਹਿੱਤ ਤਿੰਨ ਮੁਸਲਿਮ ਬਣਨ ਜਾ ਰਹੇ ਭਾਈ ਦੀ ਗੁਪਤ ਸਹਿਮਤੀ ਨਾਲ, ਪਹਾੜੀਂ ਚੜ੍ਹ ਗਏ ਸਨ। ਉਸ ਸ਼ਖਸ ਦੀ ਹਿੰਦੂ ਆਸਥਾ ਤੇ ਆਪਣਿਆਂ ਪ੍ਰਤੀ ਖਿੱਚ ਬਰਕਰਾਰ ਰਹੀ ਅਤੇ ਉਸ ਦੇ ਵਾਰਸ ਵੀ ਹਿੰਦੂ-ਮੁਸਲਿਮ ਮਿਲਗੋਭਾ ਜਿਹੀ ਜ਼ਿੰਦਗੀ ਜਿਉਂਦੇ ਰਹੇ। ਜਦੋਂ ਬੰਦਾ ਬਹਾਦੁਰ ਸਿੰਘ ਵੇਲੇ ਖਾਲਸਿਆਂ ਦੀ ਇਸ ਖਿੱਤੇ ਵਿੱਚ ਸਰਦਾਰੀ ਹੋ ਗਈ ਤਾਂ ਪਹਾੜੀਂ ਵਸੇ ਰਾਜਪੂਤ ਟੱਬਰ ਵਾਪਸ ਆ ਗਏ, ਜਿਹਨਾਂ ਨੂੰ ਮੁਸਲਮਾਨ ਬਣੇ ਘੋੜੇਵਾਹਿਆਂ ਨੇ ਗਲ ਨਾਲ ਲਾ ਲਿਆ, ਪਰ ਕਿਉਂਕਿ ਇਹਨਾਂ ਦੀ ਗਿਣਤੀ ਘੱਟ ਸੀ ਤੇ ਪਹਾੜੀਆਂ ਦੀ ਜ਼ਿਆਦਾ, ਤਦ ਵਸੋਂ ਦੇ ਲਿਹਾਜ ਅਤੇ ਭਰਾਤਰੀ ਸਦਭਾਵਨਾ ਹਿੱਤ ਇਸ ਪਿੰਡ ਦੀਆਂ ਤਿੰਨ ਪੱਤੀਆਂ ਅਤੇ ਮਾਲਕੀ ਹਿੰਦੂ ਰਾਜਪੂਤਾਂ ਦੀਆਂ ਅਤੇ ਇੱਕ ਪੱਤੀ ਮੁਸਲਮਾਨ ਰਾਜਪੂਤਾਂ ਦੀ ਤਸਲੀਮ ਕੀਤੀ ਗਈ। ਮੁਲਕ ਵੰਡ ਤੀਕ ਇਹ ਤਰਤੀਬ ਇਵੇਂ ਹੀ ਰਹੀ। ਅਫਸੋਸ; ਨਾ ਚਾਹੁੰਦਿਆਂ ਵੀ ਮੁਸਲਿਮਾਂ ਨੂੰ ਬੇਹੱਦ ਭਰੇ ਮਨ ਨਾਲ ਪਰਾਈ ਧਰਤੀ ਪਾਕਿਸਤਾਨ ਨੂੰ ਰੁਖਸਤ ਕਰਨਾ ਪਿਆ, ਜਿਹਨਾਂ ਨੂੰ ਤੋਰਦਿਆਂ ਤਾ-ਜਾਡਲਾ ਧਾਹੀਂ ਰੋਇਆ ਸੀ। ਕਹਿੰਦੇ; ਉਹਨਾਂ ਦੇ ਸਕੇ-ਸੋਧਰਿਆਂ ਦੇ ਕਈ ਦਿਨ ਚੁੱਲ੍ਹੇ ਤਵਾ ਨਹੀਂ ਸੀ ਚੜ੍ਹਿਆ।

ਹਾਂ; ਭਾਵੇਂ ਪੁਰਾਤਨ ਸਮੇਂ ਤੋਂ ਇਸ ਪਿੰਡ 'ਚ ਰਾਜਪੂਤ ਬਹੁ-ਸੰਖਕ ਰਹੇ, ਪਰ ਪਿੰਡ ਦੀ ਲੋੜ ਮੁਤਾਬਿਕ ਹਰ ਵੰਨਗੀ ਦੀਆਂ ਜਾਤਾਂ ਦੇ ਕਿਰਤੀ-ਸ਼ਿਲਪੀ, ਲਾਗੀ-ਕਾਮੇ, ਪ੍ਰੋਹਿਤ ਤੇ ਸ਼ਾਹ ਵੀ ਇਥੇ ਲਿਆ ਵਸਾਏ ਜਾਂਦੇ ਰਹੇ ਜਾਂ ਰੋਜ਼ੀ-ਰੋਟੀ ਤੇ ਵਸੇਬ ਹਿੱਤ ਉਹ ਖੁਦ ਆ ਗਏ। ਇਸ ਪੱਖੋਂ ਜਾਡਲਾ ਬੜਾ ਸੁਲੱਖਣਾ ਪਿੰਡ ਸੀ। ਵੈਸੇ ਵੀ, ਪੁਰਾਤਨ ਸਮਿਆਂ ਵਿੱਚ ਜਿਸ ਖੇੜੇ ਵਿੱਚ ਜਿੰਨੇ ਵੱਧ ਜਾਤ ਜਾਂ ਕਿੱਤਾ ਸਮੂਹ ਹੋਣ, ਉਸ ਨੂੰ ਓਨਾ ਹੀ ਧੜਵੈਲ ਗਰਾਂ ਮੰਨਿਆ ਜਾਂਦਾ ਸੀ। ਇਸੇ ਕਾਰਨ ਸਮੇਂ-ਸਮੇਂ ਦੇ ਅਹਿਲਕਾਰਾਂ ਦੀ ਅੱਖ ਜਾਡਲੇ 'ਤੇ ਰਹੀ। ਰਾਜ ਅੰਗਰੇਜ਼ੀ ਆਣ ਤੱਕ ਜਾਡਲਾ ਇੱਕ ਉੱਘੀ ਵਸੋਂ ਅਤੇ ਇਲਾਕਾਈ ਮੰਡੀ ਵਜੋਂ ਸਥਾਪਤ ਹੋ ਚੁੱਕਾ ਸੀ, ਜਿਸ ਨਾਲ ਸੰਬੰਧਤ, ਪਹਿਲਾਂ ਰਾਜਪੂਤਾਂ, ਮਗਰੋਂ ਇੱਕ ਸਿੱਖ ਅਹਿਲਕਾਰ ਅਧੀਨ, ਕਈ ਛੋਟੇ ਗ੍ਰਾਮ ਜਾਂ ਰਕਬੇ ਸਨ। ਅਖੀਰ ਜਦ ਸਰਦਾਰਨੀ ਧਰਮ ਕੌਰ, ਜਿਸ ਦੀ ਸਿੱਖ ਜਗੀਰ ਦਾ ਇਹ ਨਾਮਵਰ ਹਿੱਸਾ ਸੀ, ਦਾ ਪਤੀ ਲਾਬਾਲਦ ਮਰ ਗਿਆ ਤਾਂ ਅੰਗਰੇਜ਼ ਹਕੂਮਤ ਨੇ ਇਸ ਉੱਪਰ ਕਬਜ਼ਾ ਕਰ ਆਪਣੇ ਕਾਇਦੇ-ਕਾਨੂੰਨ ਮੁਕੰਮਲ ਲਾਜ਼ਮ ਕਰ ਦਿੱਤੇ।

ਸਮਾਂ-ਮੁਜ਼ਬ ਇੱਥੋਂ ਦੇ ਲੋਕ ਪਹਿਲਾਂ ਸਦਭਾਵੀ ਜਗੀਰੂ ਵਿਵਸਥਾ ਦੀ ਹੋਣੀ ਹੰਢਾਉਂਦੇ ਰਹੇ, ਮਗਰੋਂ ਅੰਗਰੇਜ਼ਾਂ ਦੇ ਜਕੜਜਾਲ ਨੂੰ ਹੰਢਾਉਣ ਲੱਗੇ। ਰਾਵਾਨੀ ਰਾਜ-ਪ੍ਰਬੰਧ ਹਿੱਤ ਅੰਗਰੇਜ਼ ਸਥਾਨਕ ਵਸਨੀਕਾਂ ਵਿੱਚ, ਖਾਸ ਕਰਕੇ ਸਰਦੇ-ਪੁੱਜਦੇ ਲੋਕਾਂ ਵਿੱਚ, ਆਪਣੇ ਪਿੱਠੂ ਪੈਦਾ ਕਰ ਲੈਂਦੇ ਸਨ। ਅਜਿਹੇ ਪਿੱਠੂਆਂ ਵਿੱਚ ਇਥੋਂ ਦਾ ਇੱਕ ਸੇਠ ਮੁਨਸ਼ੀ ਰਾਮ ਨਾਮੀ ਸ਼ਾਹੂਕਾਰ ਵੀ ਸੀ। ਜਦ 'ਬੱਬਰ ਅਕਾਲੀਆਂ' ਨੇ ਪੰਜਾਬ ਵਿੱਚ, ਖਾਸ ਕਰਕੇ ਦੋਆਬਾ ਵਿੱਚ ਜਿਹੜੀ 'ਬੱਬਰ ਅਕਾਲੀ ਲਹਿਰ' ਦੀ ਜੰਮਣ ਭੋਇ ਸੀ, ਬ੍ਰਿਟਿਸ਼ ਸਾਮਰਾਜ ਨੂੰ ਵੰਗਾਰਿਆ ਤਾਂ ਇਹ ਸੂਹੀਆ ਸੇਠ ਵੀ ਦੇਸ਼ ਭਗਤਾਂ ਦੀ ਅੱਖ ਹੇਠ ਆ ਗਿਆ। ਸਿੱਟੇ ਵਜੋਂ ਬੱਬਰ ਅਕਾਲੀਆਂ ਦੇ ਇੱਕ ਆਹਲਾ ਪੂਰ ਨੇ ਬੱਬਰ ਕਰਮ ਸਿੰਘ ਗ਼ਦਰੀ ਦੌਲਤਪੁਰ ਦੀ ਕਮਾਂਡ ਹੇਠ ਜੰਗਿ-ਆਜ਼ਾਦੀ ਹਿੱਤ, ਇਸ ਦੇ ਘਰ ਸਫਲ ਐਕਸ਼ਨ ਕਰਕੇ ਨਾ ਸਿਰਫ ਧੰਨ ਪ੍ਰਾਪਤ ਕੀਤਾ, ਸਗੋਂ ਮਾੜੇ-ਧੀੜਿਆਂ ਨੂੰ ਦਿੱਤੇ ਕਰਜ਼ਿਆਂ ਦੀ ਵਹੀ ਅਤੇ ਪਰਨੋਟ ਵੀ ਸਾੜ ਦਿੱਤੇ ਸਨ। ਜਾਡਲੇ ਦੇ ਅੰਬਰੀਂ ਚਮਕਣ ਦੇ ਪੁਰਾਤਨ ਕਾਰਨ ਕੁੱਝ ਵੀ ਰਹੇ ਹੋਣ, ਪਰ ਇਸ ਦੇਸ਼ ਭਗਤਕ ਕਾਰਵਾਈ ਨੇ ਜਾਡਲੇ ਨੂੰ ਸਦਾ-ਸਦਾ ਲਈ ਇਤਿਹਾਸ ਵਿੱਚ ਅਮਰ ਕਰ ਦਿੱਤਾ। ਜਦ ਵੀ ਸੁਤੰਤਰਤਾ ਸੰਗਰਾਮ ਦੀ ਗੱਲ, ਖਾਸ ਕਰਕੇ ਇਸ ਦੇ ਇੱਕ ਉੱਘੇ ਅਧਿਆਏ 'ਬੱਬਰ ਅਕਾਲੀ ਲਹਿਰ' ਦੀ ਗਾਥਾ ਇਤਿਹਾਸ ਸੁਣਾਉਂਦਾ ਹੈ ਤਦ 'ਜਾਡਲਾ', ਨਵਾਂ ਸ਼ਹਿਰ ਦੀ ਵੀ ਬਾਤ ਪੈਂਦੀ ਹੈ।

ਅਖੀਰ 'ਚ ਤੁਸੀਂ ਮੈਨੂੰ ਇੱਕ ਮਹੱਤਵਪੂਰਨ ਨੁਕਤੇ ਵੱਲ ਸਭ ਦਾ ਧਿਆਨ ਦਿਵਾਉਣ ਦੀ ਆਗਿਆ ਦਿਓ: ਜਾਡਲੇ ਦੀ ਜੂਹ ਵਿੱਚ ਕੁੱਝ ਲੋਕਾਂ, ਖਾਸ ਕਰਕੇ ਚਾਹਲਾਂ ਨੇ, ਮੁਸਲਮਾਨਾਂ ਦੇ ਰਕਬੇ 'ਚ ਇੱਕ ਨਵਾਂ ਪਿੰਡ ਬੰਨ੍ਹਿਆ। ਜਾਡਲੇ ਦੀ ਜ਼ਮੀਨ 'ਤੇ ਵੱਸਣ ਕਰਕੇ ਇਸ ਨਵੀਂ ਵਸੇਬ ਦਾ ਨਾਂਅ 'ਜਾਡਲੀ' ਪੈ ਗਿਆ। '47 ਦੀ ਵੰਡ ਤੋਂ ਬਾਅਦ ਇਹਨਾਂ ਲੋਕਾਂ, ਖਾਸ ਕਰਕੇ ਜੱਟਾਂ ਨੇ ਪਿੰਡ ਦਾ ਨਵਾਂ ਨਾਂਅ 'ਗੋਬਿੰਦਗੜ੍ਹ' ਰੱਖ ਦਿੱਤਾ, ਪਰ ਲੱਖ ਤਰੱਦਦ ਕਰਨ ਦੇ ਬਾਵਜੂਦ ਇਹ ਨਾਂਅ ਪ੍ਰਚੱਲਤ ਨਾ ਹੋ ਸਕਿਆ। ਦਰ-ਹਕੀਕਤ; ਕਿਸੇ ਵੀ ਵਸੋਂ ਦੇ ਨਾਂਅ ਪਿੱਛੇ ਕੋਈ ਇਤਿਹਾਸਕ ਕਾਰਨ, ਪੀਢਾ ਸਮਾਜਿਕ ਤੇ ਆਰਥਿਕ ਵਰਤਾਰਾ ਅਤੇ ਲੰਬਾ ਪ੍ਰਬੰਧਕੀ ਅਮਲ ਹੁੰਦਾ ਹੈ। ਜਿਹੜਾ ਨਾ ਸਿਰਫ ਰਾਸ਼ਟਰੀ-ਅੰਤਰਰਾਸ਼ਟਰੀ ਦਸਤਾਵੇਜ਼ਾਂ ਵਿੱਚ ਹੀ, ਸਗੋਂ ਲੋਕ ਮਨਾਂ ਵਿੱਚ ਵੀ ਗੂੜ੍ਹਾ ਉੱਕਰਿਆ ਹੋਇਆ ਹੁੰਦਾ ਹੈ। ਭਲਾ! 'ਨਵਾਂ ਸ਼ਹਿਰ' ਦਾ ਧਰਿਆ ਨਵਾਂ ਨਾਂਅ 'ਸ਼ਹੀਦ ਭਗਤ ਸਿੰਘ ਨਗਰ' ਕਿੰਨਿਆਂ ਕੁ ਲੋਕ ਮਨਾਂ ਦੇ ਗਲੇ ਬੈਠਿਆ? ਕੀ ਹਾਕਮ, ਖਾਸ ਕਰਕੇ ਫਿਰਕੂ ਹਾਕਮ ਲਾਣੈ, ਜਿਹੜੇ ਧੜਾ-ਧੜ ਧਰੋਹਰਾਂ ਅਤੇ ਵਸੇਬਾਂ ਦੇ ਨਾਂਅ ਬਦਲ ਰਹੇ ਹਨ, ਇਸ ਤੋਂ ਸਬਕ ਸਿੱਖਣਗੇ?

ਮੋਬਾ. 94634-39075

# ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-27**

**ਸੁਰਜੀਤ ਸੁਮਨ**

ਨੰਦ ਲਾਲ ਨੂਰਪੁਰੀ ਲਿਖਦੇ ਹਨ, 'ਏਥੋਂ ਉੱਡ ਜਾ ਭੋਲ਼ਿਆ ਪੰਛੀਆ/ ਵੇ ਤੂੰ ਆਪਣੀ ਜਾਨ ਬਚਾਅ/ ਏਥੇ ਘਰ-ਘਰ ਫਾਹੀਆਂ ਗੱਡੀਆਂ/ ਵੇ ਤੂੰ ਛੁਰੀਆਂ ਹੇਠ ਨਾ ਆ।' ਇਹ ਗੀਤ ਅੱਜ ਵੀ ਬੇਰੁਜ਼ਗਾਰ ਪੰਜਾਬੀ ਨੌਜਵਾਨ ਦੀ ਤਰਾਸਦੀ ਨੂੰ ਬਿਆਨਦਾ ਨਜ਼ਰ ਆਉਂਦਾ ਹੈ। ਹੁਨਰਮੰਦ ਪੰਜਾਬੀ ਨੌਜਵਾਨ ਜਾਵੇ ਤਾਂ ਕਿੱਧਰ ਜਾਵੇ? ਉਡਾਰੀ ਭਰਨ ਵਾਲ਼ੇ ਵਿਦੇਸ਼ੀਂ ਜਾ ਬੈਠੇ ਹਨ। ਸਮਰਥਾਵਾਨ ਕਦੇ ਵੀ ਉਡਾਰੀ ਮਾਰ ਸਕਦੇ ਹਨ। ਅੱਜ ਦੀ ਪੰਜਾਬੀ ਨੌਜਵਾਨੀ ਗਹਿਰੇ ਸੰਕਟ ਵਿੱਚ ਹੈ। ਘਰੋਂ ਬਾਹਰ ਨਿਕਲ਼ਦਿਆਂ ਹੀ ਉਸ ਨੂੰ ਨਸ਼ਾ ਤਸਕਰਾਂ, ਗੈਂਗਸਟਰਾਂ, ਬੇਮੁਹਾਰੇ ਪੁਲਿਸ ਤੰਤਰ ਤੇ ਹੋਰ ਕਈ ਤਰ੍ਹਾਂ ਦੀਆਂ ਅਲਾਮਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲੇ ਤਾਂ ਸਹਾਇਕ ਪ੍ਰੋਫੈਸਰਾਂ ਨਾਲ਼ ਹੋਈ-ਬੀਤੀ ਦੀ ਸਿਆਹੀ ਵੀ ਨਹੀਂ ਸੁੱਕੀ, ਜਦੋਂ ਇਹ ਖ਼ਬਰ ਪੜ੍ਹਨ ਨੂੰ ਮਿਲੀ, 'ਪੰਜਾਬੀ ਸਟੈਨੋਗ੍ਰਾਫੀ ਦਾ ਇਮਿਤਿਹਾਨ ਲਏ ਬਗੈਰ ਹੀ ਇੰਸਟਰਕਟਰਾਂ ਦੀ ਭਰਤੀ।' ਇਹ ਖਬਰਾਂ ਪੜ੍ਹ ਕੇ ਮਨ ਨੂੰ ਗਹਿਰਾ ਧੱਕਾ ਲੱਗਿਆ। ਪੰਜਾਬੀ ਸੰਕੇਤ-ਲਿੱਪੀ ਦੇ ਹੁਨਰਮੰਦ ਸਿੱਖਿਆਰਥੀ, ਜਿਹੜੇ ਕਈ ਕਈ ਸਾਲਾਂ ਤੋਂ ਸਿਰ ਸੁੱਟ ਕੇ ਇਸ ਪਾਸੇ ਲੱਗੇ ਹੋਏ ਹਨ, ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲ਼ਾ-ਧੁੰਦਲ਼ਾ ਨਜ਼ਰ ਆ ਰਿਹਾ ਹੈ। ਗੁਜ਼ਰੇ ਜ਼ਮਾਨੇ ਵੱਲ ਝਾਤੀ ਮਾਰਦਿਆਂ ਮੈਨੂੰ ਮੇਰੇ ਰਹਿਬਰ ਬਣ ਕੇ ਬਹੁੜੇ ਮਰਹੂਮ ਗੁਰਿੰਦਰ ਸਿੰਘ ਪ੍ਰੀਤ ਚੇਤੇ ਆ ਜਾਂਦੇ ਹਨ। ਗੁਰਸਿੱਖੀ ਸਰੂਪ, ਮਧਰਾ ਕੱਦ, ਸਾਦਾ ਲਿਬਾਸ, ਦਿਲਕਸ਼ ਲਹਿਜ਼ਾ। ਸੁਭਾਅ ਵਿੱਚ ਥੋੜ੍ਹੀ-ਥੋੜ੍ਹੀ ਅੱਖੜਤਾ। ਰਤਾ ਕੁ ਲੰਗੜਾ ਕੇ ਤੁਰਦੇ। ਜਦੋਂ ਉਹ ਆਪਣੇ ਕਿਸੇ ਵਿਦਿਆਰਥੀ ਦੇ ਸਿਰ 'ਤੇ ਖੜ੍ਹੋ ਕੇ, ਉਸ ਵੱਲੋਂ ਪਾਏ ਗਲਤ 'ਇਕਾਖਰੀ ਚਿੰਨ੍ਹਾਂ' ਨੂੰ ਦੇਖਦੇ ਤਾਂ ਗੁੱਸੇ 'ਚ ਬੋਲਦੇ, 'ਓਏ ਇਹ ਕੀ ਕਰੇਂਦਾ ਪਿਐਂ।' ਇੰਝ ਉਹ ਵਿਦਿਆਰਥੀਆਂ ਦਾ ਤਰਾਹ ਕੱਢ ਦਿੰਦੇ। ਫਿਰ ਉਹ ਸਭ ਨੂੰ ਕਾਪੀਆਂ ਮੇਜ਼ 'ਤੇ ਰੱਖਣ ਲਈ ਆਖਦੇ। ਸ਼ਬਦ-ਸ਼ਬਦ ਪਰਖਦੇ, ਤੋਲਦੇ। ਫਿਰ ਕੈਮਲਿਨ ਦੀ ਸ਼ਾਰਟਹੈਂਡ ਪੈਨਸਿਲ ਚੁੱਕਦੇ, ਇੱਕ ਇੱਕ ਗਲਤੀ ਸੁਧਾਰਦੇ। ਭਾਸ਼ਾ ਵਿਭਾਗ, ਪੰਜਾਬ ਜ਼ਿਲ੍ਹਾ ਰੂਪਨਗਰ ਵਿਖੇ ਬਤੌਰ ਪੰਜਾਬੀ ਸਟੈਨੋਗ੍ਰਾਫੀ ਇੰਸਟਰਕਟਰ ਉਨ੍ਹਾਂ ਲੰਮਾ ਸਮਾਂ ਸੇਵਾ ਨਿਭਾਈ। ਇੰਝ ਹੀ ਉਹ ਲੰਮਾ ਸਮਾਂ ਸਥਾਨਕ ਲਿਖਾਰੀ ਸਭਾ ਦੇ ਸਰਗਰਮ ਮੈਂਬਰ ਵਜੋਂ ਵੀ ਵਿਚਰਦੇ ਰਹੇ। ਉਨ੍ਹਾਂ ਦੇ ਵੇਲ਼ੇ ਹੀ ਉੱਥੇ ਸ੍ਰ. ਅਵਤਾਰ ਸਿੰਘ ਹੱਦ, ਜ਼ਿਲ੍ਹਾ ਭਾਸ਼ਾ ਅਫ਼ਸਰ ਹੁੰਦੇ ਸਨ, ਜੋ ਬੇਹੱਦ ਸਾਊ ਬਿਰਤੀ ਦੇ ਮਾਲਕ ਸਨ। ਪ੍ਰੀਤ ਜੀ ਕੋਲੋਂ ਪੰਜਾਬੀ ਸਟੈਨੋਗ੍ਰਾਫੀ ਦੀ ਸਿੱਖਿਆ ਲੈਣ ਵਾਲ਼ੇ ਸੈਕੜੇ ਵਿਦਿਆਰਥੀ ਵੱਖ ਵੱਖ ਵਿਭਾਗਾਂ ਤੋਂ ਇਲਾਵਾ ਸਿਵਲ ਸਕੱਤਰੇਤ ਤੇ ਪੰਜਾਬ ਵਿਧਾਨ ਸਭਾ ਵਿਖੇ ਭਰਤੀ ਹੋ ਕੇ ਉੱਚ-ਅਧਿਕਾਰੀਆਂ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਤੇ ਬਹੁਤੇ ਅੱਜ ਵੀ ਨਿਭਾ ਰਹੇ ਹਨ। ਪਟਿਆਲ਼ਾ ਤੇ ਮੁਹਾਲੀ ਕੇਂਦਰਾਂ ਦੀ ਬਜਾਇ ਭਾਸ਼ਾ ਵਿਭਾਗ ਦੇ ਇਨ੍ਹਾਂ ਪੰਜਾਬੀ ਸਟੈਨੋਗ੍ਰਾਫੀ ਸਿਖਲਾਈ ਕੇਂਦਰਾਂ ਵਿੱਚ ਅੱਜ ਉੱਲੂ ਬੋਲ ਰਹੇ ਹਨ। ਵਜ੍ਹਾ ਸੇਵਾ-ਮੁਕਤ ਹੋ ਰਹੇ ਇੰਸਟਰਕਰਾਂ ਦੀ ਥਾਂ ਨਵੀਂ ਭਰਤੀ ਤੋਂ ਤਤਕਾਲੀ ਸਰਕਾਰਾਂ ਅਤੇ ਅਫ਼ਸਰਸ਼ਾਹੀ ਵੱਲੋਂ ਕਿਨਾਰਾ। ਸਿਰੇ ਦੀ ਬੇਰੁਖੀ। ਅੱਜ ਪੰਜਾਬੀ ਭਾਸ਼ਾ/ ਮਾਂ ਬੋਲੀ ਦਾ ਢੌਂਗ ਰਚਣ ਵਾਲ਼ੇ ਅਸੀਂ ਸਾਰੇ ਚੁੱਪ ਹਾਂ, ਕਿਉਂ? ਖਾਨਾਪੂਰਤੀ ਲਈ ਕਦੇ-ਕਦਾਈਂ ਹਾਅ ਦਾ ਨਾਅਰਾ ਮਾਰ ਲੈਂਦੇ ਹਾਂ, ਅਖ਼ਬਾਰਾਂ ਵਿੱਚ ਖ਼ਬਰਾਂ ਆ ਜਾਂਦੀਆਂ ਹਨ ਤੇ ਫਿਰ ਬੱਸ, ਪਰਨਾਲ਼ਾ ਉਥੇ ਦਾ ਉਥੇ ਈ। ਇਸ ਸਬੰਧੀ ਫੇਸਬੁੱਕ, ਵਟਸਅਪ, ਇੰਸਟਾਗ੍ਰਾਮ 'ਤੇ ਲਿਖ ਲਿਆ, ਯੂਟਿਊਬ 'ਤੇ ਵੀਡੀਜ਼ ਵੇਖ ਲਈਆਂ, ਕੁਮੈਂਟਸ ਨਾਲ਼ ਕਥਾਰਸਿਸ ਕਰ ਲਿਆ। ਮੰਨੋ ਨਾ ਮੰਨੋ, ਮੌਜੂਦਾ ਸਮਿਆਂ ਵਿੱਚ ਅਸੀਂ ਸਾਰੇ ਅਜਿਹੇ ਵਰਤਾਰੇ ਤੱਕ ਹੀ ਮਹਿਦੂਦ ਹਾਂ। 2023 ਵਿੱਚ ਪੰਜਾਬੀ ਸਟੈਨੋਗ੍ਰਾਫੀ ਇੰਸਟਰਕਟਰ ਦੀਆਂ ਆਸਾਮੀਆਂ ਪੁਰ ਕਰਨ ਲਈ ਜਦੋਂ ਇਸ਼ਤਿਹਾਰ ਆਇਆ, ਉਸ ਵੇਲ਼ੇ ਤੋਂ ਹੀ ਪੰਜਾਬੀ ਸੰਕੇਤ-ਲਿੱਪੀ ਦਾ ਤੀਬਰ ਗਤੀ ਕੋਰਸ ਕਰ ਰਹੇ ਬਹੁਤੇ ਵਿਦਿਆਰਥੀ ਸਖਤ ਮਿਹਨਤ ਕਰ ਰਹੇ ਸਨ। ਪਰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਮੁੱਢਲੀ ਪ੍ਰੀਖਿਆ ਪਾਸ ਕਰ ਚੁੱਕੇ ਇਨ੍ਹਾਂ ਉਮੀਦਵਾਰਾਂ ਦੀਆਂ ਆਸਾਂ 'ਤੇ ਉਦੋਂ ਪਾਣੀ ਫੇਰ ਦਿੱਤਾ ਗਿਆ, ਜਦੋਂ ਵਿਗਿਆਪਨ ਵਿੱਚ ਦਰਸਾਈ ਸਟੈਨੋਗ੍ਰਾਫੀ ਦੀ ਪ੍ਰੀਖਿਆ ਲੈਣ ਦੀ ਸ਼ਰਤ ਦਾ ਭੋਗ ਪਾਉਂਦਿਆਂ ਮੈਰਿਟ ਦੇ ਆਧਾਰ 'ਤੇ ਕੌਂਸਲਿੰਗ ਕਰ ਲਈ ਗਈ। ਬੋਰਡ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਨੂੰ ਨਿਹਾਇਤ ਇਮਾਨਦਾਰ, ਦੂਰਅੰਦੇਸ਼ ਤੇ ਬਾਲੀ ਪੁੱਤਰ ਅੰਗਦ ਵਾਂਗ ਪੈਰ ਗੱਡ ਕੇ ਖੜ੍ਹੋ ਜਾਣ ਵਾਲ਼ੇ ਅਧਿਕਾਰੀ ਵਜੋਂ ਜਾਣੇ ਜਾਂਦੇ ਹਨ, ਫਿਰ ਇਹ ਸਮਝ ਨਹੀਂ ਆਇਆ ਕਿ ਉਹ ਟਪਲ਼ਾ ਕਿੱਥੇ ਖਾ ਗਏ? ਕੀ ਸਿੱਖਿਆ ਵਿਭਾਗ ਵਿੱਚ ਰਹਿੰਦਿਆਂ ਉਹ ਭਲੀ-ਭਾਂਤ ਇਹ ਨਹੀਂ ਜਾਣਦੇ ਸਨ ਕਿ ਸ਼ਾਰਟਹੈਂਡ ਇੱਕ ਕਿੱਤਾਮੁਖੀ ਕੋਰਸ ਹੈ? ਇਸ ਸਕਿੱਲ ਨੂੰ ਸਿੱਖਣ ਲਈ ਸਾਲਾਂਬੱਧੀ ਰਿਆਜ਼ ਕਰਨਾ ਪੈਂਦਾ ਹੈ। ਮੈਰਿਟ 'ਤੇ ਆਏ ਉਮੀਦਵਾਰ ਕੀ ਸੰਕੇਤ ਲਿੱਪੀ ਦੇ ਅੱਖਰਾਂ ਬਾਰੇ, ਉਨ੍ਹਾਂ ਦੇ ਫਿੱਕੇ-ਗੂੜ੍ਹੇ ਹੋਣ ਦੇ ਮਹੱਤਵ ਬਾਰੇ ਇੱਲ੍ਹ ਤੇ ਕੁੱਕੜ ਵੀ ਸਿੱਖਿਆਰਥੀਆਂ ਨੂੰ ਸਮਝਾ ਸਕਣਗੇ? ਸਕੱਤਰੇਤ ਪੱਧਰ ਤੇ ਸਟੈਨੋ ਤੋਂ ਸੀਨੀਅਰ ਸਕੇਲ ਸਟੈਨੋਗ੍ਰਾਫਰ ਤੱਕ ਪਹੁੰਚਣ ਲਈ ਪੰਜਾਬੀ/ ਅੰਗਰੇਜ਼ੀ ਸ਼ਾਰਟਹੈਂਡ ਦੀਆਂ ਚਾਰ-ਪੰਜ ਪ੍ਰੀਖਿਆਵਾਂ ਵਿੱਚੋਂ ਲੰਘਣਾ ਪੈਂਦਾ ਹੈ। ਕਿਸੇ ਵੀ ਪ੍ਰੀਖਿਆ ਵਿੱਚ ਪੈਣਾ ਆਸਾਨ ਕਾਰਜ ਨਹੀਂ ਹੁੰਦਾ। ਸ਼ਾਇਦ ਇਸੇ ਲਈ ਸ਼ੇਖ ਸਾਅਦੀ ਆਖਦੇ ਹਨ, 'ਹੇ ਰੱਬਾ! ਮੈਨੂੰ ਕਿਸੇ ਪ੍ਰੀਖਿਆ ਵਿੱਚ ਨਾ ਪਾਵੀਂ।' ਹਾਲੇ ਮੈਂ ਇਹ ਸਾਰਾ ਕੁਝ ਸੋਚ-ਵਿਚਾਰ ਹੀ ਰਿਹਾ ਸਾਂ, ਜਦੋਂ ਇਸ ਮਸਲੇ ਸਬੰਧੀ ਮੇਰੇ ਦੋਸਤ ਬਲਕਾਰ ਸਿੰਘ ਚਾਹਲ ਵੱਲੋਂ ਭੇਜੀਆਂ ਖ਼ਬਰਾਂ ਦੀਆਂ ਕਾਤਰਾਂ ਮਿਲ਼ੀਆਂ, ਜੋ ਪਹਿਲਾਂ ਹੀ ਮੇਰੇ ਧਿਆਨ ਵਿੱਚ ਸਨ। ਔਜਲਾ ਸਾਬ੍ਹ ਨਾਲ਼ ਗੱਲ ਨਾ ਹੋ ਸਕੀ, ਸ਼ਾਇਦ ਉਹ ਮਸ਼ਰੂਫ ਸਨ। ਉਹ ਜ਼ਰੂਰ ਪਰ ਤੋਲ ਰਹੇ ਹੋਣਗੇ। ਓਸੇ ਵੇਲ਼ੇ ਵੱਡੇ ਵੀਰ ਦਲੇਰ ਸਿੰਘ ਦੇ ਫੋਨ ਦੀ ਘੰਟੀ ਖੜਕੀ। ਓਹਦੀ ਆਵਾਜ਼ ਆਉਂਦੀ ਹੈ, 'ਹੋਰ ਸੁਣਾ ਛੋਟੇ ਵੀਰ ਤੂੰ ਉਹ ਗੀਤ ਸੁਣਿਆਂ, ਜ਼ਿੰਦਗੀ ਪਿਆਰ ਕਾ ਗੀਤ ਹੈ/ ਇਸੇ ਹਰ ਦਿਲ ਕੋ ਗਾਨਾ ਪੜੇਗਾ।' ਸੁਣ, ਇਸ ਗੀਤ ਦੀ ਇਸ ਸਤਰ ਵਿੱਚੋਂ, ਇੱਥੋਂ ਤੱਕ ਤਾਂ ਹਰੇਕ ਮਨੁੱਖੀ ਮਨ ਨੂੰ ਫੁੱਲਾਂ ਦੇ ਖਿੜਨ ਦੀ ਆਹਟ ਸੁਣਾਈ ਦੇਣ ਲਗਦੀ ਹੈ, ਪਰੰਤੂ ਕੌੜਾ ਸੱਚ ਅਗਲੀ ਸਤਰ ਪੇਸ਼ ਕਰਦੀ ਹੈ। ਸੁਣ, ਜ਼ਿੰਦਗੀ ਗ਼ਮ ਕਾ ਸਾਗਰ ਭੀ ਹੈ/ ਇਸ ਕੇ ਉਸ ਪਾਰ ਜਾਨਾ ਪੜੇਗਾ।' ਇੱਕ ਹੋਰ ਸੁਣ, 'ਢਾਈ ਦਿਨ ਦੀ ਜ਼ਿੰਦਗਾਨੀ/ ਮੇਲਾ ਦੋ ਦਿਨ ਦਾ।' ਛੋਟੇ ਭਾਈ ਇਹ ਗੀਤ ਨਈਂ, ਹਲਾਹਲ-ਪਰੁੱਚੇ ਬੋਲ ਹਨ, ਉਹ ਹਲਾਹਲ ਜੋ ਸ਼ਿਵ ਨੂੰ ਪੀਣਾ ਪਿਆ ਸੀ। ਛੋਟੇ ਭਾਈ ਮੈਂ ਨੀਤੂ ਮੈਮ ਦੀ ਵੀਡੀਓ ਦੇਖ ਰਿਹਾ ਸੀ, ਜਿਸ ਵਿੱਚ ਉਸ ਨਾਲ਼ ਮੌਜੂਦ ਹਜ਼ਾਰਾਂ ਐਸਐਸਸੀ ਪ੍ਰੀਖਿਆਰਥੀਆਂ ਦੇ ਸੰਘਰਸ਼ੀ ਮਾਮਲੇ ਵਿੱਚ ਦਿੱਲੀ ਪੁਲਿਸ ਵੱਲੋਂ ਦੁਰ-ਵਿਵਹਾਰ ਦੇ ਨਾਲ਼ ਨਾਲ਼ ਕੇਸ ਦਰਜ ਕੀਤੇ ਗਏ ਹਨ। ਅੱਜ ਚੁਫੇਰੇ ਐਜੀਟੇਸ਼ਨਜ਼ ਹੋ ਰਹੀਆਂ ਹਨ। ਪੰਜਾਬ ਦਾ ਬੇਰੁਜ਼ਗਾਰ ਨੌਜਵਾਨ ਵਰਗ ਵੀ ਅੱਜ ਬੁਰੀ ਤਰ੍ਹਾਂ ਡਿਸਪੈਰਸਡ ਹੈ। ਉਹ ਅੱਜ ਜਦੋਂ ਕਿਸੇ ਮੁਨਸਫ ਦੀਆਂ ਨਜ਼ਰਾਂ ਨਾਲ਼ ਨਜ਼ਰ ਮਿਲ਼ਾ ਕੇ ਵੇਖਦਾ ਹੈ, ਤਾਂ ਓਸੇ ਵਿੱਚੋਂ ਹੀ ਉਸ ਨੂੰ ਸਿਆਸਤ ਝਲਕਦੀ ਨਜ਼ਰੀ ਪੈਂਦੀ ਹੈ। ਓਸ ਦੀ ਬਾਂਹ ਫੜਨ ਵਾਲ਼ਾ ਅੱਜ ਕੋਈ ਨਹੀਂ। ਰਾਹ-ਦਸੇਰੇ ਬੁਰੀ ਤਰ੍ਹਾਂ ਵੰਡੇ ਹੋਏ ਹਨ। ਕੋਈ ਧਰਮਾਂ ਵਿੱਚ, ਕੋਈ ਸਿਆਸਤ ਵਿੱਚ, ਕੋਈ ਜਾਤ-ਪਾਤ ਵਿੱਚ।

ਮੁਲਾਜ਼ਮ/ ਪੈਨਸ਼ਨਰਜ਼ ਜਥੇਬੰਦੀਆਂ ਦੀ ਸੁਣਵਾਈ ਨਦਾਰਦ ਹੈ। ਅੱਛਾ ਤੂੰ ਉਹ ਖ਼ਬਰ ਪੜ੍ਹੀ, ਜਿਸ ਵਿੱਚ ਸਾਬਕਾ ਐਸਐਸਪੀ ਤੇ ਡੀਐੱਸਪੀ ਸਣੇ, ਪੰਜ ਨੂੰ ਝੂਠੇ ਮੁਕਾਬਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਆ। ਇਹ ਸਾਲ 1993 ਦੌਰਾਨ ਜ਼ਿਲ੍ਹਾ ਤਰਨਤਾਰਨ ਵਿੱਚ ਹੋਏ ਦੋ ਫਰਜ਼ੀ ਪੁਲਿਸ ਮੁਕਾਬਲਿਆਂ ਦਾ ਮਾਮਲਾ ਹੈਗਾ। ਇਸੇ ਲਈ ਸਿਆਣੇ ਕਹਿੰਦੇ ਨੇ 'ਰੱਬ ਦੀ ਲਾਠੀ ਵਿੱਚ ਆਵਾਜ਼ ਨਹੀਂ ਹੁੰਦੀ।' ਪਰ ਜਦੋਂ ਇਹ ਬੁੜਕਦੀ ਏ ਨਾ, ਤਾਂ ਕਮਾਲ ਕਰ ਦਿੰਦੀ ਆ। ਸੋ ਜਦੋਂ ਕਿਸੇ ਦੇ ਹੱਥ ਇਨਸਾਫ ਦਾ ਤਰਾਜ਼ੂ ਹੋਵੇ, ਤਾਂ ਉਸ ਨੂੰ ਸਹੀ ਸਹੀ ਤੋਲਣਾ ਚਾਹੀਦੈ ਭਰਾ। ਉਂਝ ਸੰਘਰਸ਼ ਕਰ ਰਹੇ ਲੋਕਾਂ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਜੰਗ ਜਾਰੀ ਰੱਖਣੀ ਚਾਹੀਦੀ ਹੈ।' ਫੋਨ ਕੱਟਿਆ ਗਿਆ ਤਾਂ ਮੇਰੀ ਸੋਚ ਦੀ ਫਿਰਕੀ ਤੇਜ਼ ਤੇਜ਼ ਘੁੰਮਦੀ ਹੋਈ ਸਾਹਿਤ ਦੇ ਵਿਹੜੇ ਜਾ ਵੜਦੀ ਹੈ, ਜਿੱਥੇ ਸਾਹਿਰ ਲੁਧਿਆਣਵੀ ਗੁਣਗੁਣਾ ਰਹੇ ਹਨ, 'ਉਦਾਸ ਨ ਹੋ/ ਅਬ ਕੋਈ ਗੁਲਸ਼ਨ ਨਾ ਉਜੜੇ/ ਆਓ ਕਿ ਕੋਈ ਖਾਬ ਬੁਨੇ।' ਉਨ੍ਹਾਂ ਦੇ ਨਾਲ਼ ਹੀ ਅਗਲੇ ਵਿਹੜੇ ਅੰਮ੍ਰਿਤਾ ਪ੍ਰੀਤਮ ਗੁਣਗੁਣਾ ਰਹੇ ਹਨ, 'ਕਿੱਕਰਾ ਵੇ ਕੰਡਿਆਲ਼ਿਆ! ਉੱਤੋਂ ਚੜ੍ਹਿਆ ਪੋਹ/ ਹੱਕ ਜਿਨ੍ਹਾਂ ਦੇ ਆਪਣੇ ਆਪ ਲੈਣਗੇ ਖੋਹ।'

ਸੰਪਰਕ - 98144-30874

# ਨਿਗਰਾਨ ਪੂੰਜੀਵਾਦ ਦਾ ਨਿੱਜੀ ਡਾਟੇ 'ਤੇ ਕਬਜ਼ਾ

**ਰਵੇਕਾ ਰੋਜ਼ ਵਰਗੀਜ**

**ਅਨੁ : ਡਾ. ਜਸਬੀਰ ਸਿੰਘ ਔਲਖ**

***(ਨਿਗਰਾਨ ਸਰਮਾਏਦਾਰੀ ਨਿੱਜੀ ਡਾਟੇ ਦੀ ਵਪਾਰਕ ਉਪਭੋਗਤਾ 'ਤੇ ਕਿਵੇਂ ਨਿਰਭਰ ਹੈ, ਇਸ ਦੇ ਨਿੱਜਤਾ ਅਤੇ ਖ਼ੁਦਮੁਖਤਿਆਰੀ 'ਤੇ ਕੀ ਪ੍ਰਭਾਵ ਹਨ ਅਤੇ ਰਾਜ ਦੇ ਨਿਗਰਾਨੀ ਤੰਤਰ ਨਾਲ ਕੀ ਸੰਬੰਧ ਹਨ, ਦਾ ਇੱਕ ਲੇਖਾ-ਜੋਖਾ)***

ਮੰਨ ਲਵੋ ਕਿ ਕਿਸੇ ਰੁਪਿੰਦਰ ਕੌਰ ਨੇ ਇੱਕ ਵਿਆਹ ਵਿੱਚ ਜਾਣਾ ਸੀ ਅਤੇ ਉਸ ਨੇ ਆਪਣੀਆਂ ਕੋਈ ਦੋ ਸਹੇਲੀਆਂ ਸੁਨੀਤਾ ਅਤੇ ਰਮਨ ਨਾਲ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਇਸ ਦੀ ਚਰਚਾ ਕੀਤੀ ਕਿ ਉਹ ਕਿਹੋ ਜਿਹੇ ਕੱਪੜੇ, ਗਹਿਣੇ ਅਤੇ ਸੈਂਡਲ ਪਹਿਨੇ। ਉਸੇ ਸ਼ਾਮ ਰੁਪਿੰਦਰ ਕੌਰ ਨੂੰ ਇਹਨਾਂ ਕੱਪੜਿਆਂ, ਗਹਿਣਿਆਂ, ਜੁੱਤਿਆਂ ਵਗੈਰਾ ਦੀਆਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਮਸ਼ਹੂਰੀਆਂ ਦਿਸਣ ਲੱਗ ਪਈਆਂ, ਜਿਹਨਾਂ ਦਾ ਜ਼ਿਕਰ (ਚੈਟ) ਉਸ ਨੇ ਆਪਣੀਆਂ ਸਹੇਲੀਆਂ ਸੁਨੀਤਾ ਅਤੇ ਰਮਨ ਨਾਲ ਆਪਣੇ ਸੋਸ਼ਲ ਮੀਡੀਆ ਗਰੁੱਪ ਵਿੱਚ ਕੀਤਾ ਸੀ। ਕੀ ਕਦੇ ਤੁਹਾਨੂੰ ਇਸ ਤਰ੍ਹਾਂ ਦਾ ਤਜਰਬਾ ਹੋਇਆ ਹੈ? ਜੇਕਰ ਤੁਹਾਡਾ ਜਵਾਬ ਹਾਂ ਵਿੱਚ ਹੈ ਤਾਂ ਕੀ ਤੁਸੀਂ ਕਦੇ ਸੋਚਿਆ ਹੈ ਕਿ ਇਹ ਅਜੀਬ ਵਰਤਾਰਾ ਕਿਵੇਂ ਅਤੇ ਕਿਉਂ ਵਾਪਰਿਆ? ਕੀ ਕਦੇ ਇਹ ਵੀ ਸੋਚਿਆ ਹੈ ਕਿ ਤੁਹਾਡੀ ਆਪਸੀ ਵਾਰਤਾਲਾਪ (ਚੈਟ) ਦੂਸਰੇ ਲੋਕਾਂ ਕੋਲ ਕਿਵੇਂ ਪਹੁੰਚੀ?

ਮੋਟੇ ਅਤੇ ਸਰਲ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇਹ ਕਾਰਪੋਰੇਟੀ ਪੂੰਜੀਵਾਦ ਦੇ ਨਿਗਰਾਨੀ ਤੰਤਰ ਦਾ ਕਮਾਲ ਹੈ। ਇਹ ਨਿਗਰਾਨੀ ਪ੍ਰਬੰਧ ਇੱਕ ਤਰ੍ਹਾਂ ਦਾ ਆਰਥਿਕ ਤੰਦੂਆ ਜਾਲ ਹੈ, ਜਿਸ ਵਿੱਚ ਨਿੱਜੀ ਡਾਟਾ ਇਕੱਠਾ ਕੀਤਾ ਜਾਂਦਾ ਹੈ, ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਅੱਗੇ ਮਨੁੱਖੀ ਵਰਤਾਰਿਆਂ ਨੂੰ ਸਮਝਣ ਅਤੇ ਮੋੜਾ ਦੇਣ ਲਈ ਵੇਚ ਦਿੱਤਾ ਜਾਂਦਾ ਹੈ। ਇਹ ਨਿਗਰਾਨੀ ਪ੍ਰਬੰਧ ਡਿਜੀਟਲ ਆਰਥਿਕਤਾ ਨਾਲ ਬੁਰੀ ਤਰ੍ਹਾਂ ਬੱਝਿਆ ਹੋਇਆ ਹੈ ਅਤੇ ਇਸ ਨੂੰ ਸਰਮਾਏਦਾਰੀ ਨੇ ਇੱਕ ਤਰ੍ਹਾਂ ਮੁੜ ਪ੍ਰਭਾਸ਼ਿਤ (Reshaped) ਕਰ ਦਿੱਤਾ ਹੈ। ਸਾਲ 2018 ਵਿੱਚ ਅਮਰੀਕੀ ਲੇਖਕ ਪ੍ਰੋ. ਸੋਸਾਨਾ ਜ਼ੁਬੈਫ਼ ਦੀ ਆਈ ਕਿਤਾਬ The Age of Surveillance Capitalism: The Fight for a Human Future at the Frontier of Power ਨੇ ਇਸ ਦਾ ਵਿਸਥਾਰ ਦਿੱਤਾ ਹੈ।ਉਹ ਇਸ ਪੂੰਜੀਵਾਦੀ ਨਿਗਰਾਨੀ ਤੰਤਰ ਨੂੰ ਇੱਕ ਅਜਿਹਾ ਨਵਾਂ ਆਰਥਿਕ ਪ੍ਰਬੰਧ ਲਿਖਦੀ ਹੈ, ਜੋ ਮਨੁੱਖੀ ਤਜਰਬਿਆਂ ਦੇ ਡਾਟੇ ਨੂੰ ਮੁਨਾਫਿਆਂ ਲਈ ਵਰਤਦਾ ਹੈ। ਉਹ ਇਸ ਦੀ ਤੁਲਨਾ ਬੀਤ ਗਏ ਬਸਤੀਵਾਦੀ ਅਤੇ ਸਨਅਤੀ ਪੂੰਜੀਵਾਦ ਨਾਲ ਕਰਦੀ ਹੈ।

**ਨਵਾਂ ਸੰਕਲਪ**

ਜਿੱਥੇ ਰਵਾਇਤੀ ਸਰਮਾਏਦਾਰੀ ਵਸਤਾਂ ਅਤੇ ਸਰਵਿਸ ਖੇਤਰ 'ਤੇ ਨਿਰਭਰ ਸੀ, ਉੱਥੇ ਇਹ ਨਵਾਂ ਕਾਰਪੋਰੇਟੀ ਨਿਗਰਾਨੀ ਸਿਸਟਮ ਇਨਸਾਨੀ ਤਜਰਬੇ ਨੂੰ ਬਤੌਰ ਕੱਚਾ ਮਾਲ ਵਰਤ ਕੇ ਡਾਟਾ ਤਿਆਰ ਕਰਨ, ਭਵਿੱਖੀ ਮਨੁੱਖੀ ਵਰਤਾਰਿਆਂ ਨੂੰ ਜਾਨਣ ਅਤੇ ਇਨਸਾਨੀ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਅੰਕੜੇ ਦਾ ਵਿਸ਼ਲੇਸ਼ਣ (Data Analysis) ਅੱਗੋਂ ਮਸ਼ਹੂਰੀ ਕੰਪਨੀਆਂ, ਰਾਜਸੀ ਮੁਹਿੰਮਾਂ ਜਾਂ ਦੂਸਰੀਆਂ ਏਜੰਸੀਆਂ ਨੂੰ ਵੇਚੇ ਜਾਂਦੇ ਹਨ। ਗੂਗਲ, ਮੇਟਾ ਅਤੇ ਐਮਾਜ਼ੋਨ ਵਰਗੀਆਂ ਕੰਪਨੀਆਂ ਨੇ ਇੰਟਰਨੈੱਟ ਨੂੰ ਬਹੁਤ ਵੱਡੀ ਨਿਗਰਾਨੀ ਮਸ਼ੀਨ ਵਿੱਚ ਬਦਲ ਕੇ ਹਰ ਕਲਿੱਕ, ਖੋਜ (Search), ਖਰੀਦ (Purchase) ਅਤੇ ਇੱਥੋਂ ਤੱਕ ਕਿ ਆਫ਼ ਲਾਈਨ ਵਰਤਾਓ ਤੇ ਗਤੀਵਿਧੀਆਂ ਨੂੰ ਟਰੈਕ ਅਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਹਾਸਲ ਕਰ ਲਈ ਹੈ।

ਜ਼ੁਬੈਫ ਦੱਸਦੀ ਹੈ ਕਿ ਵੱਡੇ ਪੱਧਰ 'ਤੇ ਇਕੱਠੇ ਕੀਤੇ ਡਾਟੇ (Extensive Data Collection) ਨਾਲ ਕਿਵੇਂ ਤਾਕਤ ਜਾਂ ਸੱਤਾ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ, ਜਿਸ ਵਿੱਚ ਕਿਸੇ ਜ਼ੋਰ-ਜ਼ਬਰਦਸਤੀ ਦੀ ਲੋੜ ਨਹੀਂ ਪੈਂਦੀ, ਬਲਕਿ ਚੁੱਪ-ਚੁਪੀਤੇ ਹੀ ਤੁਹਾਡਾ ਚਾਲ-ਚਲਣ ਅਤੇ ਵਰਤਾਓ ਨਿਰਧਾਰਤ ਕਰ ਦਿੱਤਾ ਜਾਂਦਾ ਹੈ। ਇਹ ਸਭ ਕੁੱਝ ਭਰੋਸੇਮੰਦ ਵਿਸ਼ਲੇਸ਼ਣ (Predictive Analysis) ਰਾਹੀਂ ਹੱਲ ਸੁਲਝਾਉਣ ਅਤੇ ਖਾਸ ਵਿਅਕਤੀਆਂ ਨੂੰ ਅਜਿਹੀ ਨਿਰਧਾਰਤ ਸਮੱਗਰੀ ਪਰੋਸੀ ਜਾਂਦੀ ਹੈ, ਜਿਸ ਨਾਲ ਇਹਨਾਂ ਦਿਓ-ਕੱਦ ਕੰਪਨੀਆਂ ਨੂੰ ਫਾਇਦਾ ਹੋਵੇ। ਅਲੈਕਸ ਪੈਂਟਲੈਂਡ ਨੇ ਆਪਣੀ ਸਮੂਹਿਕ ਭੌਤਿਕੀ (Social Physics) ਦੇ ਸੰਕਲਪ ਰਾਹੀਂ ਇਸ ਨੂੰ ਹੋਰ ਵਿਸਥਾਰ ਦਿੱਤਾ ਹੈ ਕਿ ਕਿਵੇਂ ਮਨੁੱਖੀ ਸੰਪਰਕਾਂ ਅਤੇ ਗੱਲਬਾਤ ਦੀ ਵੱਡੇ ਡਾਟਾ ਸਮੱਗਰੀ ਦਾ ਵਿਸ਼ਲੇਸ਼ਣ ਸਾਰੇ ਪੈਟਰਨ ਸਾਹਮਣੇ ਰੱਖ ਦਿੰਦਾ ਹੈ ਅਤੇ ਇਹਨਾਂ ਸਾਮਰਾਜੀ ਕੰਪਨੀਆਂ ਤੇ ਇਹਨਾਂ ਦੇ ਨੀਤੀ-ਘਾੜਿਆਂ ਨੂੰ ਸਮੂਹਿਕ ਇਨਸਾਨੀ ਵਰਤਾਰਿਆਂ ਨੂੰ ਪ੍ਰਭਾਵਿਤ ਕਰਨ, ਭਵਿੱਖਬਾਣੀ ਕਰਨ ਅਤੇ ਸਕੀਮਾਂ ਬਣਾਉਣ ਲਈ ਸਹਾਈ ਹੁੰਦਾ ਹੈ। ਇਸ ਤਰ੍ਹਾਂ ਹਰ ਵਿਅਕਤੀ ਨੂੰ ਜ਼ਿਆਦਾ ਭਰੋਸੇਯੋਗ ਆਰਥਿਕ ਸਾਂਚੇ ਵਿੱਚ ਢਲਣ ਲਈ ਮਦਦ ਕਰਦਾ ਹੈ, ਖਪਤਕਾਰਾਂ ਦੀ ਪਸੰਦ ਅਤੇ ਟਰੈਂਡ ਨੂੰ ਪ੍ਰਭਾਵਿਤ ਕਰਦਾ ਹੈ, ਜਿਹਦੇ ਵਿੱਚ ਵਿਅਕਤੀਗਤ ਖ਼ੁਦਮੁਖਤਿਆਰੀ ਦੀ ਜਗ੍ਹਾ ਮੁਨਾਫ਼ੇਖੋਰੀ ਭਾਰੂ ਹੁੰਦੀ ਹੈ।

**ਅਤੀਤ ਨਾਲੋਂ ਫ਼ਰਕ**

ਕਾਰਪੋਰੇਟੀ ਨਿਗਰਾਨੀ ਤੰਤਰ ਪਹਿਲਾਂ ਵਾਲੀ ਸਨਅਤੀ ਸਰਮਾਏਦਾਰੀ ਨਾਲੋਂ ਬਹੁਤ ਹੀ ਵੱਖਰਾ ਹੈ। ਸਨਅਤੀ ਸਰਮਾਏਦਾਰੀ ਕਿਰਤ ਦੀ ਲੁੱਟ ਤੇ ਵਸਤੂਆਂ ਦੀ ਪੈਦਾਵਾਰ 'ਤੇ ਨਿਰਭਰ ਸੀ, ਜਦਕਿ ਕਾਰਪੋਰੇਟੀ ਨਿਗਰਾਨੀ ਤੰਤਰ ਮਨੁੱਖੀ ਵਰਤਾਓ ਦੇ ਅੰਕੜਿਆਂ ਵਿੱਚੋਂ ਆਪਣਾ ਮੁਨਾਫ਼ਾ ਹਾਸਲ ਕਰਦਾ ਹੈ। ਉਪਭੋਗਤਾ ਵਸਤੂਆਂ ਦੀ ਥਾਂ 'ਤੇ ਇਹ ਮਨੁੱਖੀ ਤਜਰਬਿਆਂ ਨੂੰ ਉਪਭੋਗਤਾ ਦੀ ਤਰ੍ਹਾਂ ਵਰਤ, ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਨੂੰ ਡਾਟਾ ਆਧਾਰਤ ਭਵਿੱਖਬਾਣੀਆਂ ਲਈ ਬਤੌਰ ਕੱਚਾ ਮਾਲ ਅਤੇ ਬਤੌਰ ਖਪਤਕਾਰ ਦੋਵੇਂ ਤਰ੍ਹਾਂ ਵਰਤਦਾ ਹੈ।

ਸਨਅਤੀ ਪੂੰਜੀਵਾਦ ਦੌਰਾਨ ਕੰਪਨੀਆਂ ਦਾ ਧਿਆਨ ਯੋਗਤਾ, ਕਿਰਤ ਦੀ ਲੁੱਟ ਤੇ ਕੰਟਰੋਲ ਵੱਲ ਸੇਧਤ ਸੀ।ਕਾਰਪੋਰੇਟੀ ਨਿਗਰਾਨੀ ਤੰਤਰ ਤੁਹਾਡੇ ਵਿਵਹਾਰ ਨੂੰ ਕਾਬੂ ਕਰਦਾ ਹੈ। ਤੁਹਾਨੂੰ ਉਲਝਣਾਂ ਵਿੱਚ ਪਾ ਅਜਿਹੇ ਹੱਲ ਪੇਸ਼ ਕੀਤੇ ਜਾਂਦੇ ਹਨ, ਜਿਹਨਾਂ ਨਾਲ ਇਹਨਾਂ ਦਿਓ ਕੱਦ ਟੈਕ ਕੰਪਨੀਆਂ ਦੇ ਮੁਨਾਫ਼ੇ ਵਧਣ। ਇਹ ਤੰਤਰ ਤੁਹਾਡੀ ਨਿੱਜਤਾ ਜਾਂ ਅਜ਼ਾਦੀ ਦੀ ਜਗ੍ਹਾ ਡਾਟਾ ਇਕੱਠਾ ਕਰਨ ਨੂੰ ਪਹਿਲ ਦਿੰਦਾ ਹੈ, ਜਿਸ ਨਾਲ ਤੁਹਾਡੀ ਹਰ ਪਰਸਪਰ ਪ੍ਰਭਾਵ (Interaction) ਨੂੰ ਆਪਣੇ ਮੁਨਾਫਿਆਂ ਨਾਲ ਜੋੜ ਦਿੰਦਾ ਹੈ।

ਕਾਰਪੋਰੇਟੀ ਨਿਗਰਾਨੀ ਤੰਤਰ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਸ ਦੀ ਰਾਜ ਦੇ ਨਿਗਰਾਨੀ ਤੰਤਰ ਨਾਲ ਯਾਰੀ ਹੈ। ਸਰਕਾਰਾਂ ਅੱਜਕੱਲ੍ਹ ਖੁਫ਼ੀਆ ਜਾਣਕਾਰੀ ਹਾਸਲ ਕਰਨ ਲਈ, ਪੁਲਸ ਤੰਤਰ ਲਈ ਅਤੇ ਸਮੂਹਿਕ ਸੋਚ 'ਤੇ ਕਾਬੂ ਪਾਉਣ ਲਈ ਇਹਨਾਂ ਪ੍ਰਾਈਵੇਟ ਟੈੱਕ ਕੰਪਨੀਆਂ 'ਤੇ ਬੁਰੀ ਤਰ੍ਹਾਂ ਨਿਰਭਰ ਹਨ। ਰਾਜ ਆਪਣਾ ਖ਼ੁਦਮੁਖ਼ਤਿਆਰ ਜਾਸੂਸੀ ਪ੍ਰਬੰਧ ਕਾਇਮ ਕਰਨ ਦੀ ਬਜਾਏ ਡਾਟਾ ਸ਼ੇਅਰ ਸਮਝੌਤਿਆਂ ਜਾਂ ਫਿਰ ਡੰਡੇ ਦੇ ਜ਼ੋਰ ਗੈਰਕਾਨੂੰਨੀ ਤਰੀਕੇ ਨਾਲ ਇਹਨਾਂ ਪ੍ਰਾਈਵੇਟ ਕੰਪਨੀਆਂ ਵੱਲੋਂ ਹਾਸਲ ਕੀਤਾ ਡਾਟਾ ਲੈ ਲੈਂਦੀਆਂ ਹਨ। ਵਿਅਕਤੀਗਤ ਨਿੱਜਤਾ ਅਤੇ ਮਨੁੱਖੀ ਹੱਕਾਂ ਦੀ ਕੀਮਤ ਤੇ ਪ੍ਰਾਈਵੇਟ ਸੈਕਟਰ ਦੇ ਮੁਨਾਫ਼ੇ ਦੇ ਲਾਲਚ ਅਤੇ ਰਾਜ ਦੇ ਆਪਸੀ ਹਿੱਤ ਇੱਕਮਿਕ ਹੋ ਜਾਂਦੇ ਹਨ। ਇਸ ਨਾਲ ਜਮਹੂਰੀ ਜਵਾਬਦੇਹੀ ਘਟਦੀ ਹੈ, ਕਿਉਂਕਿ ਇਹ ਕਾਰਪੋਰੇਟੀ ਨਿਗਰਾਨੀ ਜਨਤਕ ਦਾਇਰੇ ਦੀ ਪੜਤਾਲ (Public Scrutiny) ਤੋਂ ਬਾਹਰ ਰਹਿ ਜਾਂਦੀ ਹੈ। ਜਨਤਕ ਨਿਗਰਾਨੀ (Public Regulations) ਦੀ ਅਣਹੋਂਦ ਅਤੇ ਬੇਕਾਬੂ ਕਾਰਪੋਰੇਟ ਦੀਆਂ ਨੀਤੀਆਂ ਕਾਰਨ ਇਹ ਪ੍ਰਬੰਧ ਕਾਇਮ ਰਹਿੰਦਾ ਹੈ ਜਿਸ ਵਿੱਚ ਰਾਜ ਅਤੇ ਕਾਰਪੋਰੇਟ ਕੰਪਨੀਆਂ ਸਮੂਹਿਕ ਨਿਗਰਾਨੀ ਤੰਤਰ ਤੋਂ ਫਾਇਦਾ ਲੈਂਦੇ ਹਨ, ਜਦਕਿ ਹਾਸਲ ਡਾਟਾ ਦੀ ਕੁਵਰਤੋਂ ਅਤੇ ਵਿਅਕਤੀਗਤ ਸੁਤੰਤਰਤਾ ਦਾ ਖਤਰਾ ਹਮੇਸ਼ਾ ਦਾਅ 'ਤੇ ਲੱਗਿਆ ਰਹਿੰਦਾ ਹੈ।

**ਨਿੱਜੀ ਸੁਤੰਤਰਤਾ ਨੂੰ ਖਤਰਾ**

ਕਾਰਪੋਰੇਟੀ ਨਿਗਰਾਨੀ ਤੰਤਰ ਦੀ ਡਾਟਾ ਇਕੱਠਾ ਕਰਨ ਦੀ ਵਿਸ਼ਾਲ ਮੁਹਿੰਮ ਨੇ ਇੱਕ ਅੰਤਰ-ਸੰਬੰਧਿਤ ਡਿਜੀਟਲ ਨੈੱਟਵਰਕ ਸਿਰਜ ਦਿੱਤਾ ਹੈ, ਜਿਸ ਦੀ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ। ਇਸ ਕਾਰਪੋਰੇਟੀ ਅਤੇ ਰਾਜ ਦੀਆਂ ਨਿਗਰਾਨੀ ਸੰਸਥਾਵਾਂ ਦੇ ਡਾਟਾ ਸਟੋਰ ਦੀ ਅਜਿਹੀ ਅਥਾਹ ਪੰਡ ਵਿੱਚ ਪਤਾ ਨਹੀਂ ਕਦੋਂ ਸੰਨ ਲੱਗ ਜਾਵੇ। ਜਦੋਂ ਕਦੇ ਵੀ ਇਹ ਡਾਟਾ ਵੱਡੇ ਪੱਧਰ 'ਤੇ ਲੀਕ ਹੁੰਦਾ ਹੈ ਅਤੇ ਨਿੱਜਤਾ ਦੇ ਹੱਕ 'ਤੇ ਡਾਕਾ ਪੈਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਕਿੰਨੀ ਅਸਥਿਰਤਾ ਅਤੇ ਗਲਤ ਜਾਣਕਾਰੀਆਂ ਦਾ ਸੰਕਟ ਪੈਦਾ ਕਰ ਸਕਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ ਕੈਂਬਰਿਜ ਐਨਾਲਿਟਕਾ ਦਾ ਸਾਲ 2014 ਵਿੱਚ ਵਾਪਰਿਆ ਸਕੈਂਡਲ ਹੈ, ਜਿਸ ਵਿੱਚ ਫੇਸਬੁੱਕ ਦੇ ਯੂਜ਼ਰਜ਼ ਦੀ ਬਿਨਾਂ ਸਹਿਮਤੀ ਤੋਂ ਉਹਨਾਂ ਦਾ ਡਾਟਾ ਵਰਤਿਆ ਗਿਆ ਅਤੇ ਅਮਰੀਕਾ ਵਿੱਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸਿਆਸੀ ਇਸ਼ਤਿਹਾਰਾਂ ਵਿੱਚ ਕੁਵਰਤੋਂ ਕੀਤੀ ਗਈ। ਇਹ ਸਚਾਈ ਦਰਸਾਉਂਦੀ ਹੈ ਕਿ ਕਾਰਪੋਰੇਟੀ ਨਿਗਰਾਨੀ ਤੰਤਰ ਦੀ ਬੇਰੋਕ ਤਾਕਤ ਜਮਹੂਰੀ ਅਮਲ ਨੂੰ ਤਹਿਸ-ਨਹਿਸ ਕਰਨ ਲਈ ਵਰਤੀ ਜਾ ਸਕਦੀ ਹੈ। ਇਹਨਾਂ ਬਹੁਕੌਮੀ ਕੰਪਨੀਆਂ ਵੱਲੋਂ ਕੀਤੀ ਜਾਂਦੀ ਇਹ ਵਿਆਪਕ ਨਿਗਰਾਨੀ ਅਤੇ ਡਾਟਾ ਵਿਸ਼ਲੇਸ਼ਣ ਤੁਹਾਡੀ ਨਿੱਜੀ ਸੁਤੰਤਰਤਾ ਨੂੰ ਵੀ ਨਹੀਂ ਬਖਸ਼ਦਾ। ਤੁਹਾਡੀ ਹਰ ਆਨਲਾਈਨ ਗਤੀਵਿਧੀ ਰਿਕਾਰਡ ਕੀਤੀ ਜਾਂਦੀ ਹੈ, ਉਸ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਫ਼ਿਰ ਉਸ ਦਾ ਵਿਆਪਕ ਸਮੂਹਾਂ ਦੀ ਰਾਏ ਜਾਂ ਵਰਤਾਓ ਉਸਾਰਨ ਲਈ ਵਰਤੋਂ ਕੀਤੀ ਜਾਂਦੀ ਹੈ। ਸਮਾਂ ਪਾ ਕੇ ਇਹ ਕੰਪਨੀਆਂ ਆਪਣੇ ਹਿਸਾਬ ਨਾਲ ਆਪਣੀ ਸਮੱਗਰੀ ਪਰੋਸ ਕੇ ਪਹਿਲਾਂ ਵਿਸ਼ਾਲ ਜਨ-ਸਮੂਹਾਂ ਦੀ ਕੰਡੀਸ਼ਨਿੰਗ ਕਰਦੀਆਂ ਹਨ, ਫਿਰ ਅਜਿਹੇ ਤਰੀਕੇ ਵਰਤ ਕੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਪੋਸਟ ਬਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਅਤੀਤ, ਸਮਕਾਲ ਤੇ ਤਤਕਾਲ ਦਾ ਅਨੁਭਵੀ ਕਾਵਿ ਕੈਨਵਸ



ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਅਰਵਿੰਦਰ ਕਾਕੜਾ**

## ਬਹਿਰ

(ਕਾਵਿ-ਪੁਸਤਕ)
**ਮਲਵਿੰਦਰ**
**ਪੰਨੇ :136, ਮੁੱਲ : 250 ਰੁਪਏ**
**ਕੈਫੇ ਵਰਲਡ, ਬਠਿੰਡਾ**

ਮਲਵਿੰਦਰ ਸਾਹਿਤ ਖੇਤਰ ਵਿੱਚ ਜਾਣਿਆ-ਪਹਿਚਾਣਿਆ ਨਾਂਅ ਹੈ। ਉਹ ਕਵਿਤਾ ਤੇ ਵਾਰਤਕ ਦੋਹਾਂ ਵਿੱਚ ਕਾਰਜਸ਼ੀਲ ਹੈ, ਪਰ ਉਸ ਦੀ ਸ਼ਾਇਰੀ ਦੀ ਗਿਣਾਤਮਕਤਾ ਅਤੇ ਗੁਣਾਤਮਕਤਾ ਵਧੇਰੇ ਹੋਣ ਕਰਕੇ ਇੱਕ ਕਵੀ ਦੇ ਤੌਰ 'ਤੇ ਉਸ ਨੇ ਸਪੇਸ ਗ੍ਰਹਿਣ ਕੀਤੀ ਹੈ। ਕਵਿਤਾ ਉਸ ਦੀ ਸਾਹਿਤਕ ਖੇਤਰ ਵਿੱਚ ਪਹਿਲੀ ਪੈੜ ਹੈ। ਇਸ ਸਫ਼ਰ 'ਤੇ ਤੁਰਦਿਆਂ ਉਹ ਆਪਣੇ ਅਹਿਸਾਸਾਂ ਨੂੰ ਸਾਹਿਤ ਦੀਆਂ ਹੋਰ ਵਿਧਾਵਾਂ ਵਿੱਚ ਰੂਪਮਾਨ ਕਰਨ ਲਈ ਵੀ ਯਤਨਸ਼ੀਲ ਹੈ। ਉਸ ਦੀ ਸ਼ਾਇਰੀ ਵਿਚਲੇ ਸੂਖਮ ਤੇ ਸੁਹਿਰਦ ਭਾਵ ਉਸ ਨੂੰ ਨਿਵੇਕਲੇ ਸ਼ਾਇਰ ਦੇ ਤੌਰ 'ਤੇ ਸਥਾਪਤ ਕਰਦੇ ਹਨ। ਕਵੀ ਦੇ ਅਨੁਭਵਾਂ ਦਾ ਦਾਇਰਾ ਵਿਸ਼ਾਲ ਹੈ, ਪਰ ਇੱਥੇ ਸੁਆਲ ਇਹ ਵੀ ਹੈ ਕਿ ਉਸ ਦੀ ਦ੍ਰਿਸ਼ਟੀ ਇਸ ਹੱਦ ਦੇ ਆਰ-ਪਾਰ ਦੀ ਪਹੁੰਚ ਰੱਖਦੀ ਹੈ। ਮਲਵਿੰਦਰ ਕੋਲ ਏਧਰਲੀ ਧਰਤੀ ਤੇ ਵਿਦੇਸ਼ ਦੀ ਧਰਤੀ ਦਾ ਗਹਿਰਾ ਅਨੁਭਵ ਹੈ, ਜੋ ਉਸ ਦੀ ਸੰਵੇਦਨਾ ਵਿੱਚ ਨਾਲੋਂ-ਨਾਲ ਤੁਰਦਾ ਹੋਇਆ ਸਿਰਜਣ ਪ੍ਰਕਿਰਿਆ ਵਿੱਚ ਵੀ ਹਾਜ਼ਰ ਰਹਿੰਦਾ ਹੈ। ਮਲਵਿੰਦਰ ਦੀ ਸਮੁੱਚੀ ਸ਼ਾਇਰੀ ਅਨੁਭਵ ਦੀ ਸ਼ਾਇਰੀ ਹੈ, ਜਿਸ ਅੰਦਰ ਕਿਤੇ ਅਤੀਤ ਦੀ ਦਖਲਅੰਦਾਜ਼ੀ ਦੇ ਨਾਲ-ਨਾਲ ਵਰਤਮਾਨੀ ਪੈੜਾਂ ਦੇ ਅਦ੍ਰਿਸ਼ ਪਲਾਂ ਨਾਲ ਗੁਫਤਗੂ ਵੀ ਹੈ। ਅਜਿਹੀ ਸ਼ਾਇਰੀ ਕਾਲ ਬੰਧਨ ਤੋਂ ਨਿਰਲੇਪ ਹੋ ਕੇ ਤੁਰਦੀ ਹੈ। ਮਲਵਿੰਦਰ ਦੀ ਕਾਵਿ ਸਿਰਜਣਾ ਅੰਦਰ ਸੁਪਨਿਆਂ ਦਾ ਖਲਾਅ ਨਹੀਂ, ਬਲਕਿ ਉਸ ਦੀ ਪੂਰਤੀ ਦੀ ਚਾਹਤ ਦੀ ਜਾਗਦੀ ਕਨਸੋਅ ਹੈ, ਜੋ ਸਹਿਜੇ-ਸਹਿਜੇ ਵਕਤ ਦੀ ਦਹਿਲੀਜ਼ 'ਤੇ ਪਾਠਕਾਂ ਨਾਲ ਸੰਵਾਦ ਰਚਾਉਂਦੀ ਹੈ। ਇਸ ਸ਼ਾਇਰੀ ਦੀ ਇਹ ਖੂਬੀ ਵੀ ਹੈ, ਇਸ ਵਿਚਲੇ ਕਾਵਿਕ ਭਾਵਾਂ ਅੰਦਰ ਛੁਪੀਆਂ ਹੋਈਆਂ ਪਰਤਾਂ ਵੀ ਪਾਠਕਾਂ ਤੱਕ ਸੰਚਾਰਿਤ ਹੁੰਦੀਆਂ ਕਾਵਿ ਅਰਥਾਂ ਤੱਕ ਪਹੁੰਚਣ ਲਈ ਜ਼ਿਆਦਾਤਰ ਬੌਧਿਕਤਾ ਦਾ ਸ਼ਿਕਾਰ ਨਹੀਂ ਬਣਦੀਆਂ। ਪਾਠਕ ਅਸਾਨੀ ਨਾਲ ਇਸ ਕਵਿਤਾ ਨੂੰ ਸਮਝ ਕੇ ਆਪਣੇ ਅਰਥਾਂ ਵਿੱਚ ਲੈ ਸਕਦਾ ਹੈ। ਇਸ ਕਵਿਤਾ ਦੇ ਅੰਦਰ ਛੁਪਿਆ ਹੋਇਆ ਕਵਿਤਾ ਦਾ ਅਰਥ ਪਾਠਕ ਦੇ ਗਿਰਦ ਘੁੰਮਦਾ ਪ੍ਰਤੀਤ ਹੁੰਦਾ ਹੈ। ਮਲਵਿੰਦਰ ਦੀ ਸਾਰੀ ਸ਼ਾਇਰੀ ਦੀ ਗੱਲ ਕਰੀਏ ਤਾਂ ਇਸ ਸ਼ਾਇਰੀ ਦੇ ਅੰਦਰ ਚੁੱਪ ਦੀ ਆਪਣੀ ਆਵਾਜ਼ ਹੈ। ਕਵੀ ਬੜੀ ਸਹਿਜਤਾ ਦੇ ਨਾਲ ਕਾਵਿ ਸਿਰਜਣਾ ਕਰਦਾ ਹੋਇਆ ਆਪਣੀ ਕਵਿਤਾ ਵਿੱਚ ਬਹੁਤ ਸਾਰੇ ਸਵਾਲ ਪਾਠਕਾਂ ਦੇ ਲਈ ਛੱਡ ਦਿੰਦਾ ਹੈ। ਕਵਿਤਾ ਦੀ ਇਹ ਪਹਿਚਾਣ ਵੀ ਧਿਆਨ ਖਿੱਚਦੀ ਹੈ। ਜਦੋਂ ਕਵੀ ਦੀ ਨਿੱਜਤਾ ਅੰਦਰ ਵੀ ਮਾਨਵੀ ਦਰਦ ਛੁਪਿਆ ਹੋਇਆ ਪ੍ਰਤੀਤ ਹੁੰਦਾ ਹੋਵੇ। ਕਵੀ ਮਲਵਿੰਦਰ ਸਵੈ ਕੇਂਦਰਤ ਸਰੋਕਾਰਾਂ ਤੱਕ ਹੀ ਨਹੀਂ, ਬਲਕਿ ਪੰਜਾਬ ਅੰਦਰ ਦਰਦ ਹੰਢਾਉਂਦੀ ਲੋਕਾਈ ਲਈ ਮਾਨਵੀ ਵੇਦਨਾ ਅਤੇ ਵਿਸ਼ਵ ਦੇ ਸਰੋਕਾਰਾਂ ਦੇ ਕਈ ਪੱਖ ਸਾਹਮਣੇ ਲੈ ਕੇ ਆਇਆ ਹੈ।

ਇਹੀ ਅਹਿਸਾਸ ਉਸ ਦੀ ਸਿਰਜਣਾ ਦਾ ਆਧਾਰ ਬਣਦਾ ਹੈ ਕਿ ਜੋ ਕੁਝ ਉਸ ਨੇ ਅੰਤਰੀਵ ਤੌਰ 'ਤੇ ਅਹਿਸਾਸਿਆ, ਉਹੀ ਰਮਜ਼ ਨੂੰ ਆਪਣੀ ਰਚਨਾ ਵਿੱਚ ਸਮਾਇਆ ਹੈ। ਉਸ ਨੇ ਹੁਣ ਤੱਕ ਨੌਂ ਪੁਸਤਕਾਂ ਵਿੱਚ ਕਾਵਿ ਪੁਸਤਕਾਂ, ਬਾਲ-ਕਾਵਿ ਪੁਸਤਕ, ਹਾਇਕੂ ਤੇ ਇੱਕ ਵਾਰਤਕ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਹੁਣ ਉਸ ਦੀ ਨਵੀਂ ਕਾਵਿ ਪੁਸਤਕ 'ਬਹਿਰ' ਪਾਠਕਾਂ ਦੇ ਸਨਮੁੱਖ ਹੈ। 'ਬਹਿਰ' ਕਾਵਿ ਪੁਸਤਕ ਦਾ ਸਿਰਲੇਖ ਅੰਦਰ ਜੀਵਨ, ਰਿਸ਼ਤਾ-ਨਾਤਾ, ਕਾਰਜਸ਼ੈਲੀ, ਵਿਵਹਾਰ ਤੇ ਸਿਰਜਣਾ ਆਦਿ ਦੇ ਸਲੀਕੇ ਦੀ ਤਰੰਗ ਪਹਿਚਾਣੀ ਜਾ ਸਕਦੀ ਹੈ। ਜੀਵਨ ਅੰਦਰਲੀ ਬੇਤਰਤੀਬੀ ਵਿਚਲੀ ਖੰਡਿਤ ਮਾਨਸਿਕਤਾ ਨੂੰ ਪਕੜਦਾ ਕਵੀ ਜੀਵਨ ਦੇ ਹਰ ਪੜਾਅ ਅੰਦਰਲੀ ਗਤੀ ਨੂੰ ਤਰਤੀਬ ਵਿੱਚ ਵੇਖਣ ਲਈ ਤੱਤਪਰ ਹੈ। ਉਹ ਸਮਾਜ ਦੇ ਵਿਕਾਸਕ ਬਿੰਦੂਆਂ ਵਿਚਲੀ ਤਾਲਮੇਲਤਾ ਦਾ ਰੁਖ ਪਹਿਚਾਨਣ ਲਈ ਸਮਾਜਿਕ ਸਰੋਕਾਰਾਂ ਦੇ ਨਾਲ-ਨਾਲ ਮਨੁੱਖੀ ਅਵਚੇਤਨਾ ਵਿੱਚ ਪਏ ਹਰ ਘਟਨਾਕ੍ਰਮ ਨੂੰ ਵਾਚਦਾ ਹੈ। 'ਬਹਿਰ' ਕਾਵਿ ਸੰਗ੍ਰਹਿ ਵਿੱਚੋਂ ਗੁਜ਼ਰਦਿਆਂ ਜੀਵਨ ਦੇ ਕਈ ਰੰਗਾਂ ਦੇ ਚਿੱਤਰ ਬੜੇ ਸੂਖਮ ਲਹਿਜੇ ਨਾਲ ਉਲੀਕੇ ਸਾਹਮਣੇ ਆਉਂਦੇ ਹਨ। ਪੁਸਤਕ ਦੀ ਵਿਉਂਤਬੰਦੀ ਵੀ ਇਸ ਦਾ ਸੰਕੇਤ ਕਰਦੀ ਹੈ। ਇਸ ਪੁਸਤਕ ਵਿਚਲੇ ਸਮੁੱਚੇ ਸਰੋਕਾਰਾਂ ਨੂੰ ਮਲਵਿੰਦਰ ਨੇ ਤਿੰਨ ਖੰਡਾਂ ਵਿੱਚ ਵਿਭਾਜਿਤ ਕਰਕੇ ਉਸ ਰਾਹੀਂ ਆਪਣੇ ਕਾਵਿ ਭਾਵਾਂ ਨੂੰ ਰੂਪਮਾਨ ਕੀਤਾ ਹੈ। ਪੁਸਤਕ ਦਾ ਪਹਿਲਾ ਭਾਗ 'ਪਰਵਾਸ', ਦੂਸਰਾ 'ਬਹਿਰ' ਅਤੇ ਤੀਸਰਾ 'ਥੇਹਾਂ ਦੇ ਨਕਸ਼' ਸਿਰਲੇਖ ਹੇਠ ਸ਼ਾਮਲ ਕੀਤਾ ਗਿਆ ਹੈ।

ਇਸ ਪੁਸਤਕ ਦੇ ਪਹਿਲੇ ਭਾਗ ਵਿੱਚੋਂ ਲੰਘਦਿਆਂ ਵਿਦੇਸ਼ ਦੀ ਜ਼ਿੰਦਗੀ, ਰਹਿਣੀ-ਬਹਿਣੀ, ਜੀਵਨਸ਼ੈਲੀ ਨਾਲ ਜੁੜੇ ਅਨੇਕਾਂ ਝਲਕਾਰੇ ਸਾਹਮਣੇ ਆਉਂਦੇ। ਇਹ ਸਭ ਕਵੀ ਦੇ ਨਿੱਜੀ ਭਾਵ ਹਨ, ਜਿਸ ਵਿੱਚ ਉਸ ਦਾ ਅਨੁਭਵ ਸੰਤੁਲਨਤਾ ਦੀ ਗਵਾਹੀ ਦਿੰਦਾ ਹੈ ਕਿ ਉਹ ਵਿਦੇਸ਼ ਪ੍ਰਤੀ ਹਾਂ-ਪੱਖੀ ਤੇ ਨਾਂਹ-ਪੱਖੀ ਦੋਵੇਂ ਤਰ੍ਹਾਂ ਦੇ ਅਹਿਸਾਸਾਂ ਨੂੰ ਨਾਲੋਂ-ਨਾਲ ਰੱਖਦਾ ਹੈ। ਉਸ ਦੀ ਸੋਚ ਉਲਾਰਤਾਵਾਦ ਦਾ ਖੰਡਨ ਕਰਦੀ ਹੋਈ ਕਿਸੇ ਭਰਮ ਜਾਂ ਓਹਲੇ ਵਿੱਚ ਨਹੀਂ ਰਹਿੰਦੀ। ਇਹ ਇਸ ਸਮੇਂ ਦੀ ਵਿਡੰਬਨਾ ਹੈ ਕਿ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਲੋੜਾਂ ਨੂੰ ਆਤਮਸਾਤ ਕਰਦਿਆਂ ਪਰਵਾਸ ਧਾਰਨ ਕੀਤਾ। ਇਸ ਲਈ ਜਿੱਥੇ ਪਰਵਾਸੀ ਕਵੀਆਂ ਨੇ ਰੁਦਨ, ਉਸ ਧਰਤ ਦੀਆਂ ਕਠਿਨਾਈਆਂ ਨੂੰ ਕਵਿਤਾ ਦਾ ਵਿਸ਼ਾ ਬਣਾਇਆ, ਉੱਥੇ ਉਸ ਵਿਦੇਸ਼ੀ ਧਰਤੀ ਦੇ ਹਾਂਪੱਖੀ ਪਹਿਲੂਆਂ ਨੂੰ ਵੀ ਪੇਸ਼ ਕੀਤਾ ਹੈ। ਪਰਵਾਸੀ ਕਵਿਤਾ ਪਰਵਾਸ ਨਾਲ ਸੰਬੰਧਤ ਮਨੁੱਖੀ ਜੀਵਨ ਨੂੰ ਹੀ ਨਹੀਂ ਚਿਤਰਦੀ, ਬਲਕਿ ਸਗੋਂ ਪੂੰਜੀਵਾਦੀ ਮੁਲਕ ਅੰਦਰ ਨਵੀਆਂ ਕਾਢਾਂ ਤੇ ਤਕਨਾਲੋਜੀ ਦੇ ਨਵੇਂ ਪਾਸਾਰਾਂ ਦੇ ਪ੍ਰਭਾਵ ਨੂੰ ਵੀ ਪੇਸ਼ ਕਰਦੀ ਹੈ।

ਇਸ ਸ਼ਾਇਰੀ ਵਿਚਲੇ ਕਾਵਿ ਪਾਤਰ ਸਾਹਵੇਂ ਪਰਵਾਸੀ ਮਨੁੱਖ ਦੀ ਬਦਲ ਰਹੀ ਜੀਵਨਸ਼ੈਲੀ ਦਾ ਸੁਆਲ ਵੀ ਆਉਂਦਾ ਹੈ, ਜਿਸ ਨੇ ਉਸ ਨੂੰ ਸਿਰਫ ਡਾਲਰਾਂ ਦਾ ਗੁਲਾਮ ਬਣਾ ਦਿੱਤਾ ਹੈ। ਇਹ ਇੱਕ ਪੱਖ ਹੈ। ਇਸ ਕਾਵਿ ਦੀ ਖੂਬਸੂਰਤੀ ਇਹ ਹੈ ਕਿ ਇਸ ਸ਼ਾਇਰੀ ਵਿਚਲਾ ਕਾਵਿ ਵਿਚਲਾ ਪਾਤਰ ਬਹਿਰ ਵਿੱਚ ਤੁਰ ਰਿਹਾ ਹੈ, ਪਰ ਪਰਵਾਸ ਦੀਆਂ ਅਨੇਕਾਂ ਤੈਹਾਂ ਉਸ ਦੇ ਇਰਦ-ਗਿਰਦ ਹਨ। ਸੁਆਲ ਇੱਥੇ ਇਹ ਉੱਠਦਾ ਹੈ ਕਿ ਪਰਵਾਸ ਮਜਬੂਰੀ ਹੈ ਜਾਂ ਸ਼ੌਕ। ਕੀ ਪਰਵਾਸ ਮਨੁੱਖੀ ਅਸਤਿੱਤਵੀ ਹੋਂਦ ਬਰਕਰਾਰ ਰੱਖਦਾ ਹੈ ਜਾਂ ਮਜਬੂਰੀਵੱਸ ਇਹ ਮਨੁੱਖ ਨੂੰ ਖੰਡਿਤ ਕਰਦਾ ਹੈ।

ਉਹ ਪੂੰਜੀਵਾਦੀ ਵਿਕਸਿਤ ਦੇਸ਼ ਵਿੱਚ ਬੈਠਾ ਹੋਇਆ ਆਪਣੇ ਪੂਰਵ ਪੂੰਜੀਵਾਦੀ ਮੁਲਕ ਨੂੰ ਵੀ ਨਾਲ ਰੱਖਦਾ ਹੈ। ਉਹ ਵਿਸ਼ਵ ਦੇ ਆਰਥਿਕ ਅਸਾਵੇਂਪਣ ਪ੍ਰਤੀ ਸੁਚੇਤ ਵੀ ਹੈ। ਇਸ ਲਈ ਉਹ ਵਿਦੇਸ਼ ਵਿੱਚ ਵੀ ਆਪਣੇ ਮੁਲਕ ਦੀ ਅਣਹੋਂਦ ਨੂੰ ਅਹਿਸਾਸਦਾ ਮੁੜ ਵਤਨ ਵਾਪਸੀ ਦਾ ਸੁਖਨ ਪਲ ਜਿਉਂਦਾ ਹੈ। 'ਵਾਪਸੀ' ਇੱਕ ਖੂਬਸੂਰਤ ਕਵਿਤਾ ਹੈ, ਜੋ ਪਰਵਾਸ ਹੰਢਾਉਂਦਿਆਂ ਵੀ ਕਿਸੇ ਹੋਂਦ ਦਾ ਵਿਸ਼ਵਾਸ ਬਰਕਰਾਰ ਰੱਖਦਾ ਹੈ।

ਲਾਅਨ 'ਚ ਬੈਠਿਆਂ
ਅਸੀਂ ਜਿਨ੍ਹਾ ਨੂੰ ਤਾਰੇ ਸਮਝ
ਟਿਕਟਿਕੀ ਲਾ ਵੇਖ ਰਹੇ ਹਾਂ
ਉਹ ਸਾਡੀ ਨਜ਼ਰ ਦਾ ਭਰਮ ਸੀ
ਭਰਮ ਤੋਂ ਪਾਰ ਵੇਖਿਆ
ਤਾਂ ਸਮਝ ਆਇਆ ਕਿ
ਉਹ ਤਾਰੇ ਲੱਗਦੀਆਂ ਸ਼ੈਆਂ
ਅੰਬਰ ਦੀ ਹਿੱਕ 'ਤੇ
ਚਹਿਲ ਕਦਮੀਂ ਕਰਦੇ ਜਹਾਜ਼ ਹਨ
ਇਹ ਵਿਕਸਿਤ ਦੇਸ਼ ਦਾ ਅਸਮਾਨ ਹੈ
ਤਾਰਿਆਂ ਨਾਲ ਭਰਿਆ ਅਸਮਾਨ
ਵੇਖਣ ਲਈ
ਸਾਨੂੰ ਕਿਸੇ ਗਰੀਬ ਮੁਲਖ ਦੇ
ਅਸਮਾਨ ਹੇਠ ਬੈਠਣਾ ਪਵੇਗਾ
ਚਲੋ! ਆਪਣੇ ਵਤਨ ਚੱਲੀਏ ॥

ਪਰਵਾਸੀ ਕਵਿਤਾ ਵਿਚਲੀ ਸਾਂਝ ਬੇਗਾਨੀ ਧਰਤੀ 'ਤੇ ਰਹਿੰਦਿਆਂ ਵਰਤਮਾਨ ਤੇ ਅਤੀਤ ਦੋਹਾਂ ਦੇ ਸਨਮੁੱਖ ਹੁੰਦਿਆਂ ਬਣਦੀ ਹੈ, ਜੋ ਕਵੀਆਂ ਦੀ ਕਾਵਿ ਸਿਰਜਣਾ ਵਿੱਚੋਂ ਪ੍ਰਗਟਦੀਹੈ। ਮਲਵਿੰਦਰ ਦੇ ਕੁਝ ਅਨੁਭਵ ਪੰਜਾਬੀ ਪਰਵਾਸੀ ਕਵੀਆਂ ਵਾਂਗ ਹਨ ਅਤੇ ਕੁਝ ਨਿੱਜੀ ਅਨੁਭਵ ਜੋ ਕਵੀ ਨੂੰ ਦੂਜੇ ਕਵੀਆਂ ਨਾਲੋਂ ਉਸ ਨੂੰ ਵੱਖ ਕਰਦੇ ਹਨ। ਕਵੀ ਨੇ ਪਰਵਾਸ ਨੂੰ ਆਪਣੇ ਨਜ਼ਰੀਏ ਤੋਂ ਵਾਚਿਆ ਹੈ। ਮਲਵਿੰਦਰ ਲਈ ਪਰਵਾਸ ਸਵੈਇੱਛਿਤ ਨਹੀਂ, ਨਾ ਅਣਇੱਛਿਤ ਯਥਾਰਥ ਤੋਂ ਭਾਂਜ ਹੋਣ ਦੀ ਤਾਂਘ ਹੈ, ਇਹ ਪਰਵਾਰਕ ਚਾਹਤਾਂ, ਲੋੜਾਂ ਵਿੱਚੋਂ ਨਿਕਲਿਆ ਰਾਹ ਹੈ, ਜਿਸ ਵਿੱਚ ਕਵੀ ਮਾਨਸਿਕ ਟੁੱਟ-ਭੱਜ ਦਾ ਸ਼ਿਕਾਰ ਹੁੰਦਾ ਹੋਇਆ ਵੀ ਆਪਣੀ ਸੋਚ ਵਿੱਚ ਨਿਰਾਸ਼ਾ ਹਾਵੀ ਨਹੀਂ ਹੋਣ ਦਿੰਦਾ, ਬਲਕਿ ਉਹ ਵਿਕਸਿਤ ਮੁਲਕ ਤੇ ਭਾਰਤੀ ਸਮਾਜ ਦੀ ਤੁਲਨਾ ਨੂੰ ਕਈ ਪੱਖਾਂ ਤੋਂ ਵਾਚਦਾ ਹੈ। ਉਸ ਲਈ ਕੈਨੇਡਾ ਇੱਕ ਸ਼ਬਦ, ਵਾਕ, ਰੰਗ, ਨਿਜ਼ਾਮ ਨਹੀਂ, ਬਲਕਿ ਰੰਗਾਂ ਦਾ ਕੋਲਾਜ ਹੈ। ਇਸ ਸੰਗ੍ਰਹਿ ਵਿੱਚ 'ਕੈਨੇਡਾ' ਕਵਿਤਾ ਪਰਵਾਸ ਦੀਆਂ ਬਹੁਤ ਪਰਤਾਂ ਨੂੰ ਥਾਹ ਪਾਉਂਦੀ ਪਰਵਾਸੀ ਦੀ ਮਾਨਸਿਕਤਾ ਨੂੰ ਦੱਸਦੀ ਹੈ। ਇਹ ਸ਼ਾਇਰੀ ਪਰਵਾਸੀ ਮਾਪਿਆਂ ਦੀ ਮਾਨਸਿਕਤਾ ਵਿਚਲੇ ਦਵੰਦ ਨੂੰ ਉਭਾਰਦੀ ਹੈ, ਜਿਨ੍ਹਾਂ ਵਿੱਚੋਂ ਵਿਦੇਸ਼ ਵਿੱਚ ਰਹਿੰਦਿਆਂ ਆਪਣੀ ਔਲਾਦ ਖਾਤਰ ਇਕੱਲਤਾ, ਬੇਗਾਨਗੀ ਦੇ ਚੱਕਰਵਿਊ ਵਿੱਚ ਅੰਦਰੋ-ਅੰਦਰੀ ਖਿਝ ਦੀ ਪ੍ਰਵਿਰਤੀ ਕਈ ਰੂਪਾਂ ਵਿੱਚ ਉਜਾਗਰ ਹੁੰਦੀ ਹੈ। ਰੋਜ਼ੀ-ਰੋਟੀ ਕਮਾਉਣ ਤੇ ਆਰਥਿਕ ਸੁਖਾਲੇਪਣ ਦਾ ਸੁਪਨਾ ਸਕਾਰਿਤ ਕਰਨ ਵਿਦੇਸ਼ ਦੀ ਧਰਤੀ ਦੀ ਖਿੱਚ ਜਿੱਥੇ ਭਵਿੱਖ ਲਈ ਜੱਦੋਜਹਿਦ ਤੇ ਆਪਣੀ ਧਰਤ ਲਈ ਵਿਯੋਗਮਈ ਅਹਿਸਾਸ ਨਵੀਂ ਪੀੜ੍ਹੀ ਤੇ ਪਹਿਲੀ ਪੀੜ੍ਹੀ ਦੀ ਸੋਚ ਨੂੰ ਇੱਕ-ਦੂਜੇ ਤੋਂ ਵਿੱਥ 'ਤੇ ਖੜ੍ਹਾ ਕਰਦੀ ਹੈ। ਅਜਿਹੀ ਸਥਿਤੀ ਪਰਵਾਸੀ ਨੂੰ ਅੰਦਰੋਂ ਝੰਜੋੜਦੀ ਵੀ ਹੈ। ਕਵੀ ਇਸ ਪੱਖੋਂ ਵੀ ਚਿੰਤਤ ਹੈ ਕਿ ਵਿਦੇਸ਼ ਵਿੱਚ ਪੂੰਜੀ ਦੀ ਲਲਕ ਕਿੰਨਾ ਕੁਝ ਵਹਾ ਕੇ ਲੈ ਜਾਂਦੀ ਹੈ। ਕਵੀ ਸਮਾਜ ਵਿਚਲੇ ਮਾਨਸਿਕ ਪੱਧਰ ਦੀ ਨੀਵਾਣਤਾ ਤੇ ਭੌਤਿਕ ਪਦਾਰਥਾਂ ਦੀ ਭਰਮਾਰ ਦੋਹਾਂ ਨੂੰ ਵਾਚ ਕੇ ਅਸਲ ਸਮਾਜ ਦੇ ਵਿਕਾਸ ਦਾ ਆਪਣਾ ਪੈਰਾਮੀਟਰ ਦੱਸਦਾ ਹੈ।

ਤਰਲੋਮੱਛੀ ਹੁੰਦੀ ਕਾਇਆ
ਸੁਪਨਿਆਂ 'ਚ ਆਉਂਦੀ ਮਾਇਆ
ਕਾਹਲ ਦਾ ਬੇਸਬਰਾ ਜਾਇਆ
ਈਰਖਾ ਵਿੱਚ ਮਚਦੀ ਰਿਆਇਆ
ਡਰ ਦਾ ਭਰਮ ਫੈਲਾਇਆ
ਵਿਕਾਸ ਨਹੀਂ ਹੁੰਦਾ
ਸੋਚਾਂ ਦੀ ਵਿਸ਼ਾਲਤਾ
ਸ਼ਬਦਾਂ ਦੀ ਸ਼ਾਲੀਨਤਾ
ਵਿਵਹਾਰ ਦੀ ਕਾਵਿਕਤਾ
ਚਾਹਤਾਂ ਦੀ ਨਿਰਮਲਤਾ
ਸਮਰਪਣ ਦੀ ਤੀਖਣਤਾ
ਮੁਹੱਬਤ ਦੀ ਸਵੱਛਤਾ
ਰਿਸ਼ਤਿਆਂ ਦੀ ਪਾਰਦਰਸ਼ਤਾ
ਵਿਕਾਸ ਹੁੰਦਾ
ਭੱਜ-ਦੌੜ ਵਿੱਚ ਖਪਤ ਹੁੰਦਾ
ਵਕਤ ਰੌਸ਼ਨੀਆਂ ਦਾ ਭਰਮੀਂ ਤਲਿੱਸਮ
ਇਮਾਰਤਾਂ ਦਾ ਵਿਰਾਟ ਵੈਭਵ
ਵਿਕਾਸ ਨਹੀਂ ਹੁੰਦਾ

ਇਸ ਪੁਸਤਕ ਵਿੱਚ 'ਬਹਿਸਦੀ ਪਾਰਕ', 'ਸਵੈ ਦਾ ਸਵੈ', 'ਬੇਸਮੈਂਟ-1', 'ਬੇਸਮੈਂਟ-2', 'ਵਾਪਸੀ', 'ਰੰਗਾਂ ਦੀ ਖੇਡ' ਤਹਿਜ਼ੀਬ, ਮਰ ਗਏ ਕਵੀ ਦੀ ਕਵਿਤਾ, ਪੌੜੀਆਂ ਉੱਤਰਦੀ ਕਵਿਤਾ ਅਤੇ 'ਛਪਣ ਤੋਂ ਪਹਿਲਾਂ' ਗੌਲਣਯੋਗ ਕਵਿਤਾਵਾਂ ਹਨ, ਜੋ ਪਰਵਾਸੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਚਿਤਰਮਾਨ ਕਰਦੀਆਂ ਆਪਣੀ ਸਪੇਸ ਲੈਂਦੀਆਂ ਹਨ।

ਇਸ ਪੁਸਤਕ ਦਾ ਦੂਜਾ ਭਾਗ 'ਬਹਿਰ' ਦੇ ਨਾਂਅ ਨਾਲ ਸੰਬੰਧਤ ਹੈ। ਬਹਿਰ ਉਸ ਦੇ ਪਰਵਾਰ ਦੀ ਜਾਗਦੀ ਮੁਹੱਬਤ ਹੈ, ਜੋ ਕਵੀ ਦਾ ਧਿਆਨ ਖਿੱਚਦੀ ਤੇ ਧੁਰ ਤੱਕ ਉਸ ਦਾ ਅਹਿਸਾਸ ਬਣਦੀ ਹੈ। ਕਵੀ ਆਪਣੀ ਪੋਤੀ ਤੋਂ ਆਪਣੇ ਜਜ਼ਬਾਤਾਂ ਨੂੰ ਵਾਰਦਾ ਹੋਇਆ ਆਪਣੀ ਮੁਹੱਬਤ ਨੂੰ ਨਜ਼ਮਾਂ ਵਿੱਚ ਸਮਾ ਕੇ ਧੀਆਂ ਨੂੰ ਵਿਸ਼ੇਸ਼ ਸਪੇਸ ਪ੍ਰਦਾਨ ਕਰਦਾ ਹੈ। ਬਹਿਰ ਨਾਲ ਉਸ ਦਾ ਪਿਆਰ ਜੀਵਨ ਦੇ ਸੁਪਨਿਆਂ ਨੂੰ ਰਿਸ਼ਤਿਆਂ ਦੀ ਪੀਡੀ ਤੰਦ ਵਿੱਚ ਬੰਨ੍ਹ ਦਿੰਦਾ ਹੈ। ਇਸ ਦਾ ਪ੍ਰਗਟਾਵਾ ਬਹਿਰ ਨਾਲ ਸੰਬੰਧਤ ਇਹ ਕਵਿਤਾਵਾਂ ਵਿਚਲੇ ਅਰਥਪੂਰਨ ਪ੍ਰਸੰਗਾਂ ਵਿੱਚੋਂ ਮਿਲ ਜਾਂਦਾ ਹੈ। ਉਹ ਆਪਣੀ ਪੋਤੀ ਬਹਿਰ ਦੀ ਹਰ ਹਰਕਤ, ਹਰ ਬੋਲ ਨੂੰ ਨੀਝ ਨਾਲ ਵਾਚਦਾ ਹੋਇਆ ਬੱਚੀ ਦੀ ਮਾਨਸਿਕਤਾ ਨੂੰ ਸਮਝਣ ਵਿੱਚ ਸਮੁੱਚੇ ਬੱਚਿਆਂ ਦੀਆਂ ਭਾਵਨਾਵਾਂ ਜਾਨਣ ਵਿੱਚ ਕਾਮਯਾਬ ਹੋ ਜਾਂਦਾ ਹੈ। ਕਵੀ ਘਰ ਦੇ ਅਰਥ ਨੂੰ ਵੀ ਕਈ ਅਰਥਾਂ 'ਚ ਸਮਾਉਂਦਾ ਹੋਇਆ ਪਰਵਾਰਕ ਰਿਸ਼ਤਿਆਂ ਦੇ ਅੰਤਰ ਸੰਬੰਧ, ਮੁਹੱਬਤ ਤੇ ਸਾਂਝਾਂ ਦੀਆਂ ਅਨੇਕਾਂ ਕੜੀਆਂ ਨੂੰ ਵਾਚਦਾ ਹੈ।

'ਬਹਿਰ ਦੀ ਭਾਸ਼ਾ', 'ਦੋ ਵਰ੍ਹਿਆਂ ਦੀ ਬਹਿਰ', 'ਬਹਿਰ ਦਾ ਬੰਸ', 'ਦਾਦੀ ਦੀ ਗੋਦੀ', 'ਬਹਿਰ ਤੇ ਕਾਰਟੂਨ', 'ਬਹਿਰ ਤੇ ਨਾਨਕੇ', 'ਬਹਿਰ ਤੇ ਦਾਦਾ', 'ਬਹਿਰ ਦੇ ਗੀਤ', 'ਬਹਿਰ ਦਾ ਸਵਾਲ', 'ਪੋਤਾ' ਆਦਿ ਕਵਿਤਾਵਾਂ ਰਿਸ਼ਤਿਆਂ ਦੀਆਂ ਬਹੁ-ਪਰਤਾਂ ਨੂੰ ਉਲੀਕਦੀਆਂ ਸਾਹਮਣੇ ਆਉਂਦੀਆਂ ਹਨ। ਕਵੀ ਮਨੁੱਖ ਨੂੰ ਨੀਰਸਤਾ ਤੋਂ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕ੍ਰਾਂਤੀਕਾਰੀ ਇਤਿਹਾਸ ਦਾ ਚਿਤਰਨ

**ਸਾਹਿਤ ਚਿੰਤਨ**

**ਡਾ. ਸਿਮਰਜੀਤ ਕੌਰ**

## ਚੰਦਰ ਸ਼ੇਖਰ ਅਜ਼ਾਦ

**ਹਰੀ ਸਿੰਘ ਢੁੱਡੀਕੇ**
**ਪੰਨੇ-96, ਮੁੱਲ-150 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**

ਹਿੰਦੋਸਤਾਨ ਦੀ ਜੰਗ-ਏ ਆਜ਼ਾਦੀ ਵਿੱਚ ਇਨਕਲਾਬੀ ਯੋਧਿਆਂ ਦੀ ਕੁਰਬਾਨੀ ਲਈ ਦੇਸ਼ ਦਾ ਹਰ ਨਾਗਰਿਕ ਕਰਜ਼ਦਾਰ ਹੈ। ਕ੍ਰਾਂਤੀਕਾਰੀ ਦੇਸ਼ ਭਗਤਾਂ ਦੇ ਮਨ-ਮਸਤਕ ਵਿੱਚ ਮਘਦੀ ਸੋਚ ਬਰਤਾਨਵੀ ਰਾਜ ਨੂੰ ਖਤਮ ਕਰਕੇ ਸਮਾਜਵਾਦੀ ਆਜ਼ਾਦ ਭਾਰਤ ਸਿਰਜਣ ਨੂੰ ਸਮਰਪਿਤ ਸੀ। ਦੇਸ਼ ਅੰਦਰ ਕਾਬਜ਼ ਮਹਾਂ ਸ਼ਕਤੀਸ਼ਾਲੀ ਹਕੂਮਤ ਨੂੰ ਖ਼ਾਰਜ ਕਰਨ ਦੇ ਜਨੂੰਨ ਨੇ ਉਹਨਾਂ ਨੂੰ ਘਰੋਂ ਬੇਘਰ ਰੱਖਿਆ, ਥਾਂ-ਥਾਂ ਖੁਆਰੀਆਂ ਝਾਗੀਆਂ, ਮਾਨਸਿਕ ਅਤੇ ਸਰੀਰਕ ਅਕਹਿ ਅਮਾਨਵੀ ਤਸ਼ੱਦਦ ਸਹਿਣ ਕੀਤੇ। ਜੇਲ੍ਹਬੰਦੀ ਦੇ ਜ਼ੁਲਮਾਂ ਨਾਲ ਸਿਦਕ-ਦਿਲੀ ਨਾਲ ਟੱਕਰ ਲਈ। ਭੁੱਖ ਹੜਤਾਲਾਂ ਇਸ ਲੜਾਈ ਦਾ ਹਥਿਆਰ ਰਹੀਆਂ। ਕ੍ਰਾਂਤੀਕਾਰੀ ਜਥੇਬੰਦੀਆਂ ਦਾ ਸੰਗਠਨ ਕਰਦਿਆਂ ਅਤੇ ਕਠਨ ਗਤੀਵਿਧੀਆਂ ਨੂੰ ਉਲੀਕਣ ਅਤੇ ਅਮਲੀ ਰੂਪ ਦੇਣ ਲਈ ਆਰਥਿਕ ਘਾਲਣਾ ਵਿੱਚੋਂ ਲੰਘਣਾ ਪਿਆ। ਇਸ ਸਮੇਂ ਦੇਸ਼ ਅੰਦਰ ਹਕੂਮਤ ਦੇ ਹਿੱਤਾਂ ਵਿੱਚ ਸਿਆਸੀ ਕਾਨੂੰਨ ਅਤੇ ਲੋਟੂ ਬਿੱਲ ਪਾਸ ਹੋ ਰਹੇ ਸਨ। ਸੰਗਰਾਮੀਆਂ ਵੱਲੋਂ ਮੁਲਕ ਦੀਆਂ ਸਮਾਜਿਕ, ਆਰਥਿਕ, ਰਾਜਸੀ ਪ੍ਰਸਥਿਤੀਆਂ ਪ੍ਰਤੀ ਨੌਜਵਾਨਾਂ ਅੰਦਰ ਕ੍ਰਾਂਤੀਕਾਰੀ ਚੇਤਨਾ ਜਾਗ੍ਰਿਤ ਕੀਤੀ ਗਈ। ਇਹ ਜਾਗ੍ਰਿਤੀ ਬਰਤਾਨਵੀ ਸਰਕਾਰ ਲਈ ਖਤਰਾ ਸੀ, ਜਿਸ ਨੇ ਆਜ਼ਾਦੀ ਘੁਲਾਟੀਆਂ ਉੱਤੇ ਕੀਤੇ ਜਾਣ ਵਾਲੇ ਤਸ਼ੱਦਦਾਂ ਨੂੰ ਹੋਰ ਪ੍ਰਚੰਡ ਕੀਤਾ। ਦੇਸ਼ ਦੀ ਖ਼ਾਤਰ ਮਰ-ਮਿਟਣ ਵਾਲੇ ਕ੍ਰਾਂਤੀਕਾਰੀਆਂ ਵਿੱਚ ਚੰਦਰ ਸ਼ੇਖਰ ਅਜ਼ਾਦ ਇਕ ਨਾਮਵਰ ਸੰਗਰਾਮੀ ਰਿਹਾ। ਉਸ ਦਾ ਸੰਘਰਸ਼ਸ਼ੀਲ ਜੀਵਨ ਹਰ ਪੀੜ੍ਹੀ ਲਈ ਪ੍ਰੇਰਨਾਦਾਇਕ ਹੈ। ਇਸ ਲੋੜ ਦੀ ਪੂਰਤੀ ਲਈ ਪੰਜਾਬੀ ਗਲਪ ਸਾਹਿਤ ਵਿੱਚ ਇਤਿਹਾਸਕ ਨਾਵਲਕਾਰ ਵਜੋਂ ਜਾਣੇ ਜਾਂਦੇ ਲੇਖਕ ਹਰੀ ਸਿੰਘ ਢੁੱਡੀਕੇ ਵੱਲੋਂ 'ਚੰਦਰ ਸ਼ੇਖਰ ਅਜ਼ਾਦ' ਨਾਮਕ ਇਕ ਹੋਰ ਮਹੱਤਵਪੂਰਨ ਇਤਿਹਾਸਕ ਨਾਵਲ ਪਾਠਕਾਂ ਦੇ ਸਨਮੁਖ ਕੀਤਾ ਗਿਆ ਹੈ। ਲੇਖਕ ਦੇ ਇਸ ਮਿਹਨਤਕਸ਼ ਉਦਮ ਨਾਲ ਇਤਿਹਾਸ ਦੇ ਧੁੰਦਲੇ ਪੰਨੇ ਮੁੜ ਸੁਰਜੀਤ ਹੋਏ ਹਨ। ਮੰਨਿਆ ਗਿਆ ਹੈ ਕਿ ਆਮ ਲੋਕ ਚੰਦਰ ਸ਼ੇਖਰ ਅਜ਼ਾਦ ਬਾਰੇ ਵਧੇਰੇ ਜਾਣਕਾਰੀ ਤੋਂ ਵਾਂਝੇ ਹਨ। ਇਸ ਦੇ ਬਿਰਤਾਂਤ ਵਿੱਚ ਲੇਖਕ ਨੇ ਬੜੀ ਕਲਾਤਮਿਕ ਨਿਪੁੰਨਤਾ ਨਾਲ ਚੰਦਰ ਸ਼ੇਖਰ ਅਜ਼ਾਦ ਦੇ ਬਚਪਨ ਤੋਂ ਲੈ ਕੇ ਸ਼ਹੀਦੀ ਤੱਕ ਦੇ ਸੰਘਰਸ਼ਸ਼ੀਲ ਜੀਵਨ ਦੀ ਸਮੁੱਚਤਾ ਨੂੰ ਪੇਸ਼ ਕੀਤਾ ਹੈ। ਨਾਵਲ ਦਾ ਬਿਰਤਾਂਤ ਦੱਸਦਾ ਹੈ ਕਿ ਚੰਦਰ ਸ਼ੇਖਰ ਅਜ਼ਾਦ ਮੱਧ ਪ੍ਰਦੇਸ਼ ਦੇ ਇਕ ਪੱਛੜੇ ਪਿੰਡ ਵਿੱਚ ਝੌਂਪੜੀ ਵਿੱਚ ਰਹਿੰਦੇ ਗਰੀਬ ਪਰਵਾਰ ਦਾ ਪੁੱਤਰ ਦੇਸ਼ ਪ੍ਰੇਮ ਦੀ ਭਾਵਨਾ ਲੈ ਕੇ ਪੈਦਾ ਹੋਇਆ। ਮਹਾਤਮਾ ਗਾਂਧੀ ਵੱਲੋਂ ਸ਼ੁਰੂ ਕੀਤੇ ਨਾ-ਮਿਲਵਰਤਨ ਅੰਦੋਲਨ ਦੀ ਵਾਪਸੀ ਕਾਰਨ ਨਿਰਾਸ਼ਤਾ ਨੇ ਭਾਰਤੀ ਨੇਤਾਵਾਂ ਸੰਬੰਧੀ ਬੇਵਿਸ਼ਵਾਸੀ ਪੈਦਾ ਕੀਤੀ। ਦੂਰ-ਅੰਦੇਸ਼ੀ ਦ੍ਰਿਸ਼ਟੀ, ਮਜ਼ਬੂਤ ਇਰਾਦਾ, ਨਿਡਰਤਾ, ਨਿੱਤ ਨਵੀਆਂ ਚੁਣੌਤੀਆਂ ਲਈ ਨਵੇਂ ਮਨਸੂਬੇ ਘੜਨਾ, ਸਹਿਜ ਤੇ ਸਿਆਣਪ ਭਰਪੂਰ ਦੇਸ਼ ਭਗਤੀ ਦਾ ਜਨੂੰਨੀ ਸਰੂਰ ਉਸ ਦੀ ਪਛਾਣ ਬਣੇ। ਇਨਕਲਾਬੀ ਦਲ ਦੇ ਮੈਂਬਰ ਤੋਂ ਮੁਖੀ ਬਣਨਾ, ਕ੍ਰਾਂਤੀਕਾਰੀ ਸੰਗਠਨ ਦੀ ਸਥਾਪਤੀ ਨੂੰ ਕਾਇਮ ਅਤੇ ਵਿਸਥਾਰ ਲਈ ਉਪਰਾਲੇ ਜਾਰੀ ਰੱਖਣੇ, ਉਲੀਕੀਆਂ ਗਈਆਂ ਜੋਖਮ ਭਰੀਆਂ ਗਤੀਵਿਧੀਆਂ ਨੂੰ ਸਫ਼ਲ ਨੇਪਰੇ ਚੜ੍ਹਾਉਣ ਲਈ ਜੀਅ-ਤੋੜ ਕੋਸ਼ਿਸ਼ਾਂ, ਸੰਗਰਾਮੀ ਸਾਥੀਆਂ ਨਾਲ ਸਲੂਕ, ਉਨ੍ਹਾਂ ਦੀਆਂ ਸਲਾਹਾਂ ਅਤੇ ਕੀਤੇ ਕੰਮਾਂ ਦੀ ਕਦਰ ਕਰਨ ਦੀ ਵਿਅਕਤੀਤਵੀ ਖਾਸੀਅਤ ਕਾਰਨ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਵੱਡੇ ਅਜ਼ਾਦੀ ਘੁਲਾਟੀਏ ਸੰਗਠਨ ਦਾ ਹਿੱਸਾ ਬਣੇ। ਉਹ ਬਰਤਾਨਵੀ ਸਰਕਾਰ ਅਤੇ ਭਾਰਤੀ ਨੇਤਾਵਾਂ ਦੀਆਂ ਮਨਮਰਜ਼ੀ ਲਈ ਮੁਸੀਬਤ ਬਣ ਚੁੱਕਾ ਸੀ। ਆਪਣੀ ਪਿਸਤੌਲ ਨੂੰ ਉਹ ਪੱਕਾ ਸਾਥੀ ਮੰਨਦਾ। ਸਮੇਂ ਦੀ ਮੰਗ ਅਨੁਸਾਰ ਹਿੰਸਾ ਨੂੰ ਜਾਇਜ਼ ਠਹਿਰਾਉਂਦਾ।



ਲੇਖਕ ਨੇ ਅਜੋਕੀ ਪੀੜ੍ਹੀ ਨੂੰ ਆਪਣੇ-ਆਪਣੇ ਹਿੱਸੇ ਆਉਂਦੀ ਜ਼ਿੰਮੇਵਾਰੀ ਨੂੰ ਰੂਹੀ ਜਨੂੰਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਹੈ। ਅੱਜ ਮੁਲਕ ਜੇਕਰ ਅਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਿਹਾ ਤਾਂ ਇਸ ਆਲਮ ਦੀ ਸਿਰਜਕ ਯੋਧਿਆਂ ਦੀ ਕੁਰਬਾਨੀ ਹੈ। ਇਸੇ ਸਦਕਾ ਇਹਨਾਂ ਦੀ ਸ਼ਖਸੀਅਤ ਆਮ ਮਨੁੱਖ ਨਾਲੋਂ ਵਡਮੁੱਲੀ ਹੈ ਅਤੇ ਇਹ ਦੇਸ਼ ਦਾ ਸਰਮਾਇਆ ਹਨ। ਇਹਨਾਂ ਦੀ ਘਾਲਣਾ ਨੂੰ ਯਾਦ ਰੱਖਣਾ ਦੇਸ਼ ਦੇ ਹਰ ਨਾਗਰਿਕ ਦਾ ਫ਼ਰਜ਼ ਹੈ। ਨਾਵਲ ਵਿੱਚ ਪੇਸ਼ ਚੰਦਰ ਸ਼ੇਖਰ ਅਜ਼ਾਦ ਦੀ ਬਚਪਨ ਤੋਂ ਲੈ ਕੇ ਸ਼ਹੀਦੀ ਤੱਕ ਦੀ ਜੀਵਨ ਯਾਤਰਾ ਨੌਜਵਾਨ ਪੀੜ੍ਹੀ ਨੂੰ ਅੰਦਰੂਨੀ ਅਤੇ ਬਾਹਰੀ ਹਾਕਮਾਂ ਦੀ ਸਿਆਸਤ ਅਤੇ ਲੋਟੂ ਸ਼ਕਤੀਆਂ ਤੋਂ ਚੇਤਨ ਰਹਿਣ ਲਈ ਪ੍ਰੇਰਦੀ ਹੈ। ਇਹ ਨਾਵਲ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿੱਚ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਭਾਰਤ ਦੀ ਸਮਾਜਿਕ, ਆਰਥਿਕ, ਰਾਜਸੀ ਵਰਤਾਰੇ ਦੀ ਤਸਵੀਰ ਪੇਸ਼ ਹੈ। ਇਸ ਨਾਵਲ ਦਾ ਬਿਰਤਾਂਤ 25 ਕਾਂਡਾਂ ਵਿੱਚ ਸਿਰਜਿਆ ਗਿਆ ਹੈ। ਇਸ ਵਿੱਚ ਇਤਿਹਾਸਕ ਸ਼ਖਸੀਅਤਾਂ ਦੇ ਨਾਵਾਂ, ਥਾਵਾਂ, ਸਮਕਾਲੀ ਸੰਗਠਨਾਂ, ਜਥੇਬੰਦੀਆਂ, ਸਭਾਵਾਂ, ਅੰਦੋਲਨ, ਬਰਤਾਨਵੀ ਸਰਕਾਰ ਵੱਲੋਂ ਨਿਰਧਾਰਤ ਅਤੇ ਨਿਰਦੇਸ਼ਤ ਕਾਨੂੰਨੀ ਗਤੀਵਿਧੀਆਂ ਅਤੇ ਘਟਨਾਵਾਂ ਦਾ ਤਰੀਕਾਂ ਸਹਿਤ ਵਿਸਥਾਰ ਪੇਸ਼ ਹੈ। ਇਸ ਨਾਵਲ ਨੂੰ ਪੜ੍ਹਦਿਆਂ ਇਤਿਹਾਸ ਨਾਲ ਮਾਨਸਿਕ ਅਤੇ ਭਾਵੁਕ ਏਕੀਕਰਣ ਹੋ ਜਾਂਦਾ ਹੈ। ਇਸ ਦੀ ਸ਼ੈਲੀ ਚਿਤਰਾਤਮਕ ਹੈ, ਜੋ ਘਟਨਾਵਾਂ ਦੀ ਬਿੰਬਾਤਮਕ ਅਨੁਭੂਤੀ ਕਰਾਉਂਦੀ ਹੈ। ਪਾਤਰਾਂ ਅਤੇ ਭੂਤਕਾਲ ਦਾ ਸਜੀਵ ਪੁਨਰ-ਨਿਰਮਾਣ ਕੀਤਾ ਗਿਆ ਹੈ। ਨਾਵਲ ਵਿਚਲੀਆਂ ਘਟਨਾਵਾਂ ਨਾਵਲੀ ਚੌਖਟੇ ਨੂੰ ਧਿਆਨ 'ਚ ਰੱਖਦਿਆਂ ਚੁਣੀਆਂ ਗਈਆਂ ਹਨ। ਨਾਵਲ ਯਥਾਰਥ ਦੇ ਧਰਾਤਲ ਉੱਤੇ ਵਿਚਰਿਆ ਹੈ।

ਇਸ ਹੱਥਲੇ ਨਾਵਲ ਤੋਂ ਪਹਿਲਾਂ ਸ. ਹਰੀ ਸਿੰਘ ਢੁੱਡੀਕੇ ਵੱਲੋਂ ਰਚਿਤ ਅਠਾਰਾਂ ਦੇ ਕਰੀਬ ਇਤਿਹਾਸਕ ਨਾਵਲਾਂ ਦਾ ਵਡਮੁੱਲਾ ਖਜ਼ਾਨਾ ਗਲਪ ਸਹਿਤ ਦੀ ਝੋਲੀ ਵਿੱਚ ਪੈ ਚੁੱਕਾ ਹੈ। ਇਸ ਤਰ੍ਹਾਂ ਲੇਖਕ ਨੇ ਇਤਿਹਾਸ ਦੇ ਬਲ ਉਪਰ ਪਾਠਕ ਦਾ ਵਿਸ਼ਵਾਸ ਹਾਸਲ ਕੀਤਾ ਹੈ।


ਇਹ ਇਕ ਪ੍ਰੇਰਿਕ ਅਤੇ ਇਤਿਹਾਸਕ ਰਚਨਾ ਹੋਣ ਕਰਕੇ ਸ਼ਲਾਘਾਯੋਗ ਹੈ। ਸਾਹਿਤ ਨਾਲ ਸਾਂਝ ਰੱਖਣ ਵਾਲੇ ਹਰ ਵਰਗ ਦੇ ਪਾਠਕ ਨੂੰ ਇਹ ਨਾਵਲ ਪੜ੍ਹਨਾ ਚਾਹੀਦਾ ਹੈ। ਸਮੂਹ ਸਾਹਿਤ ਖੇਤਰ ਵੱਲੋਂ ਸ. ਹਰੀ ਸਿੰਘ ਢੁੱਡੀਕੇ ਨੂੰ ਇਸ ਖ਼ੂਬਸੂਰਤ ਮਿਹਨਤ ਲਈ ਬਹੁਤ ਵਧਾਈ।

**ਸੰਪਰਕ : 95306-04039**

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਗੁਰਮੀਤ ਕੜਿਆਲਵੀ ਦੀ ਕਥਾ

(ਭਾਸ਼ਾਈ ਅਧਿਐਨ)
**ਹਰਜੀਤ ਇੰਦਰ ਸਿੰਘ**
**ਮੁੱਲ- 150, ਸਫ਼ੇ -96**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਗੁਰਮੀਤ ਕੜਿਆਲਵੀ ਪੰਜਾਬੀ ਦਾ ਪ੍ਰਤੀਨਿੱਧ ਕਹਾਣੀਕਾਰ ਹੈ। ਉਸ ਨੇ ਪੇਂਡੂ ਜੀਵਨ ਅਤੇ ਭਾਸ਼ਾ ਨੂੰ ਬੜੀ ਰੀਝ ਨਾਲ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਉਸ ਦੀ ਕਹਾਣੀ ਉੱਤੇ ਆਲੋਚਨਾ ਦਾ ਪਹਿਲਾਂ ਵੀ ਢੇਰ ਸਾਰਾ ਕੰਮ ਹੋ ਚੁੱਕਾ ਹੈ। ਇਹ ਕਾਰਜ ਸੱਜਰਾ ਹੈ। ਹਰਜੀਤ ਨੇ ਕੜਿਆਲਵੀ ਦੀਆਂ ਕਹਾਣੀਆਂ ਵਿਚ ਵਰਤੀ ਗਈ ਭਾਸ਼ਾ ਦਾ ਬਹੁਪੱਖੀ ਅਧਿਐਨ ਇਸ ਪੁਸਤਕ ਵਿੱਚ ਕੀਤਾ ਹੈ। ਆਪਣੇ ਅਧਿਐਨ ਲਈ ਉਸ ਨੇ ਗੁਰਮੀਤ ਦਾ ਕਹਾਣੀ ਸੰਗ੍ਰਹਿ 'ਊਣੇ' ਲਿਆ ਹੈ। ਅਧਿਐਨ ਕਰਨ ਲਈ ਉਸ ਨੇ ਸਾਸਿਊਰ ਦੇ ਭਾਸ਼ਾ ਮਾਡਲ ਨੂੰ ਅਧਾਰ ਬਣਾਇਆ ਹੈ। ਉਸ ਨੇ ਬੜੀ ਕੁਸ਼ਲਤਾ ਨਾਲ ਕਹਾਣੀਆਂ ਦੀ ਬਿਰਤਾਂਤਕ ਬਣਤਰ ਅਤੇ ਭਾਸ਼ਾਈ ਬਣਤਰ ਦਾ ਅਧਿਐਨ ਕੀਤਾ ਹੈ। ਭਾਸ਼ਾਈ ਅਧਿਐਨ ਦੀ ਸਿਧਾਂਤਕੀ ਨਿੱਠ ਕੇ ਲਿਖੀ ਗਈ ਹੈ। 'ਊਣੇ' ਦੀਆਂ ਕਹਾਣੀਆਂ ਦਾ ਸਰੰਚਨਾਤਮਕ ਪਰਿਪੇਖ ਤੇ ਸਮਾਜ ਭਾਸ਼ਾਈ ਪਰਿਪੇਖ ਨਾਲ ਅਧਿਐਨ ਕਰਦਿਆਂ ਚਿਹਨਕਾਰੀ, ਚਿਹਨਕ ਤੇ ਚਿਹਨਤ, ਭਾਸ਼ਾ ਤੇ ਉਚਾਰ, ਦੁਹਰਾਓ ਮੂਲਕ ਸ਼ਬਦਾਵਲੀ, ਅਪਭਾਸ਼ਾ ਆਦਿ ਵੱਖ ਵੱਖ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਅੰਤ 'ਚ ਕੜਿਆਲਵੀ ਨਾਲ ਕਹਾਣੀ ਦੀ ਭਾਸ਼ਾ ਸੰਬੰਧੀ ਮੁਲਾਕਾਤ ਕੀਤੀ ਗਈ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ ਦੇ ਪਾਠਕਾਂ ਲਈ ਇਹ ਕਿਤਾਬ ਲਾਹੇਵੰਦ ਹੋ ਸਕਦੀ ਹੈ।

### ਕੁੱਜਿਆਂ ਦੀ ਮਹਿਕ

**ਸੁਖਪ੍ਰੀਤ ਕੌਰ ਸਿੱਧੂ**
**ਮੁੱਲ -299, ਸਫ਼ੇ -172**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਸੁਖਪ੍ਰੀਤ ਕੌਰ ਸਿੱਧੂ ਦੀ ਇਹ ਕਵਿਤਾ ਦੀ ਪਲੇਠੀ ਪੁਸਤਕ ਹੈ। ਕਵਿਤਰੀ ਪੇਂਡੂ ਪਿਛੋਕੜ ਦੀ ਹੋਣ ਕਰਕੇ ਉਸ ਕੋਲ ਪੇਂਡੂ ਚਿਹਨਕਾਰੀ ਦਾ ਅਮੀਰ ਖ਼ਜ਼ਾਨਾ ਹੈ। ਪਰਵਾਸੀ ਹੋ ਜਾਣ ਕਰਕੇ ਉਹਨੂੰ ਇਹ ਹੇਰਵਾ ਵਧੇਰੇ ਮਹਿਸੂਸ ਹੁੰਦਾ ਹੈ। ਉਹਦੀ ਕਵਿਤਾ ਵਿੱਚ ਪੰਜਾਬ ਦੀ ਮਿੱਟੀ, ਕਲਚਰ ਅਤੇ ਪਰੰਪਰਾਵਾਂ ਦੀ ਮਹਿਕ ਆਉਂਦੀ ਹੈ। ਕਵਿਤਾ ਦਾ ਅਧਿਐਨ ਕਰਦਿਆਂ ਲੱਗਦਾ ਹੈ ਕਿ ਲੇਖਕਾ ਨੂੰ ਪਿੰਡ, ਗਲੀਆਂ, ਖੇਤਾਂ, ਟੋਏ, ਟੋਭਿਆ, ਵਿਹੜੇ, ਪੇਂਡੂ ਰਹਿਣ ਸਹਿਣ ਦਾ ਹੇਰਵਾ ਹੈ। ਇਸੇ ਹੇਰਵੇ ਦੇ ਚਿਹਨ ਉਹ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਦੀ ਹੈ। ਕਿਤਾਬ ਵਿਚਲੀਆਂ ਕਵਿਤਾਵਾਂ ਨੂੰ ਉਸ ਨੇ ਪੰਜਾਬ ਜਿਹਾ ਮੁੰਡਾ, ਗੱਲ ਮੇਰੀ ਮਿੱਟੀ ਦੀ, ਇੱਕ ਹਸੀਨ ਰਿਸ਼ਤਾ, ਕੁਦਰਤ, ਲੋਕ ਤੱਥ, ਇਕ ਕੁੜੀ ਦੇ ਜਜ਼ਬਾਤ, ਵਿਛੋੜਾ, ਗਿਲੇ ਸ਼ਿਕਵੇ, ਮੁੰਡਿਆਂ ਦਾ ਦੁੱਖ, ਉਹ ਕੜੀਆਂ ਜੋ ਚਿੜੀਆਂ ਨੀ ਪਰਦੇਸ, ਕਲਮ ਦੇ ਜ਼ਰੂਰੀ ਫਰਜ਼ ਸਿਰਲੇਖ ਅਧੀਨ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ। ਕਿਤਾਬ ਦਾ ਇਕ ਭਾਗ ਵਾਰਤਕ ਦਾ ਵੀ ਹੈ। ਜਿਸ ਵਿਚ ਉਸ ਨੇ ਆਪਣੇ ਕੋਮਿਲ ਅਹਿਸਾਸਾਂ ਨੂੰ ਪ੍ਰਗਟ ਕੀਤਾ ਹੈ। ਕਈ ਥਾਵਾਂ ਉੱਤੇ ਉਹਦੀ ਕਵਿਤਾ ਫਲੈਟ -ਸਿੱਧ ਪੱਧਰੀ ਤੁਕਬੰਦੀ ਬਣ ਕੇ ਵੀ ਰਹਿ ਜਾਂਦੀ ਹੈ।

### ਆਓ ਕਵਿਤਾ ਲਿਖੀਏ

(ਕਾਵਿ ਸੰਗ੍ਰਹਿ)
**ਜੋਧ ਸਿੰਘ ਮੋਗਾ**
**ਮੁੱਲ : 225, ਪੰਨੇ : 106**
**ਚੇਤਨਾ ਪ੍ਰਕਾਸ਼ਨ , ਲੁਧਿਆਣਾ**




ਹੱਥਲੀ ਪੁਸਤਕ ਵਿੱਚ ਲੇਖਕ ਨੇ ਬੱਚਿਆਂ ਵਾਸਤੇ ਕਵਿਤਾਵਾਂ ਲਿਖੀਆਂ ਹਨ। ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਬੱਚਿਆਂ ਦੇ ਨਿੱਕੇ ਨਿੱਕੇ ਅਹਿਸਾਸਾਂ ਨੂੰ ਪ੍ਰਗਟ ਕੀਤਾ ਹੈ। ਇਹ ਕਵਿਤਾਵਾਂ ਬੱਚਿਆਂ ਦੇ ਸੋਹਜ ਵਿੱਚ ਵਾਧਾ ਕਰਨ ਵਾਲੀਆਂ ਹਨ। ਸੰਗੀਤ ਨਾਲ ਵੀ ਦੋਸਤੀ ਪਾਉਂਦੀਆਂ ਹਨ। ਵਾਤਾਵਰਨ ਤੇ ਕੁਦਰਤ ਨੂੰ ਪਿਆਰ ਕਰਨਾ ਵੀ ਸਿਖਾਉਂਦੀਆਂ ਹਨ। ਜਿਨ੍ਹਾਂ ਨਾਲ ਬੱਚਿਆਂ ਦੇ ਚਿਹਰੇ ਦੀ ਮਾਸੂਮੀਅਤ ਮੁੜ ਪਰਤ ਆਉਂਦੀ ਹੈ। ਭਾਰਾ ਬਸਤਾ, ਕਾਟੋ, ਰਾਤ ਦੀ ਰਾਣੀ, ਕਾਂ , ਬੱਦਲ, ਬੁਲਬੁਲ, ਤਿਤਲੀ, ਬਿਜੜੇ ਦਾ ਘਰ, ਕਵਿਤਾਵਾਂ ਚੰਗੀਆਂ ਹਨ। ਪੁਸਤਕ ਬਾਲ ਸਾਹਿਤ ਵਿੱਚ ਵਾਧਾ ਕਰਨ ਵਾਲੀ ਹੈ।

# ਪੁਸਤਕ ਰੀਵਿਊ

## ਸਫ਼ਲ ਜੀਵਨ ਦਾ ਰਹੱਸ

(ਵਾਰਤਕ)
**ਭੁਪਿੰਦਰ ਸਿੰਘ ਚੌਕੀਮਾਨ**
**ਸਫ਼ੇ-180, ਮੁੱਲ-300, ਸਾਲ-2024**
**ਹਾਊਸ ਆਫ਼ ਲਿਟਰੇਚਰ, ਲੁਧਿਆਣਾ**



ਭੁਪਿੰਦਰ ਸਿੰਘ ਚੌਕੀਮਾਨ ਜੋ ਬੀ.ਐੱਸ.ਐੱਫ਼. ਵਿੱਚੋਂ ਅਧਿਕਾਰੀ ਵਜੋਂ ਸੇਵਾ-ਮੁਕਤ ਹੋਏ ਹਨ। ਪਿਛਲੇ ਦਸ ਕੁ ਵਰ੍ਹਿਆਂ ਤੋਂ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਵਧੀਆ ਕਲਮ ਚਲਾ ਰਹੇ ਹਨ। ਉਹਨਾਂ ਦੀਆਂ ਸਮਾਜਿਕ ਜੀਵਨ-ਜਾਚ ਦੱਸਦੀਆਂ ਸੱਤ ਵਾਰਤਕ ਪੁਸਤਕਾਂ ਪਹਿਲਾਂ ਆ ਚੁੱਕੀਆਂ ਹਨ। 'ਸਫ਼ਲ ਜੀਵਨ ਦਾ ਰਹੱਸ' ਉਹਨਾਂ ਦੀ ਇਸ ਵਿਸ਼ੇ 'ਤੇ ਅੱਠਵੀਂ ਰਚਨਾ ਹੈ। ਉਹਨਾਂ ਨੇ 'ਇੱਕ ਫ਼ੌਜੀ ਦੀ ਆਤਮ ਕਥਾ' ਸਵੈ-ਜੀਵਨੀ ਵੀ ਲਿਖੀ ਹੈ। ਤਿੰਨ ਪੁਸਤਕਾਂ ਆਪਣੇ ਸੇਵਾ ਅਨੁਭਵਾਂ ਦੇ ਆਧਾਰ 'ਤੇ 'ਕਸ਼ਮੀਰ', 'ਦਹਿਸ਼ਤਗਰਦੀ' ਅਤੇ 'ਅਫ਼ਗਾਨਿਸਤਾਨ' ਬਾਰੇ ਪ੍ਰਕਾਸ਼ਿਤ ਕੀਤੀਆਂ ਹਨ। ਇੱਕ ਵਾਰਤਕ ਪੁਸਤਕ 'ਬਦਲਦੇ ਰੂਪਾਂ ਦਾ ਅਹਿਸਾਸ' ਲਾਹੌਰ ਵਿੱਚ ਸ਼ਾਹਮੁਖੀ ਵਿੱਚ ਵੀ ਛਪ ਚੁੱਕੀ ਹੈ।


ਹੱਥਲੀ ਪੁਸਤਕ 'ਸਫ਼ਲ ਜੀਵਨ ਦਾ ਰਹੱਸ' ਜਿਸ ਨੂੰ 'ਬੁਲੰਦੀਆਂ ਦਾ ਰਸਤਾ' ਵੀ ਕਿਹਾ ਹੈ, ਵਿੱਚ ਉਹਨਾਂ ਦੇ ਤੇਰਾਂ ਲੰਮੇ ਨਿਬੰਧ ਹਨ। ਇੱਕ ਨਿਬੰਧ 'ਕੁਦਰਤ ਦੇ ਭੇਦ ਤੇ ਆਦਮੀ ਦੀ ਸੋਚ' ਦੋ ਸਫ਼ੇ ਦਾ ਹੈ।

ਪਹਿਲੇ ਨਿਬੰਧ ਵਿੱਚ 'ਆਮ ਜਾਣਕਾਰੀ' ਸਿਰਲੇਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਆਧਾਰ 'ਤੇ ਮਨੁੱਖ ਜਾਤੀ ਦੀ ਸ੍ਰੇਸ਼ਟਤਾ ਪ੍ਰਗਟਾਈ ਹੈ। ਗ਼ਾਲਿਬ ਦੇ ਸ਼ੇਅਰ ਰਾਹੀਂ ਸਵੈ ਨੂੰ ਦ੍ਰਿੜ੍ਹ ਕਰਨ 'ਤੇ ਰੱਬ ਸਹਾਇਕ ਬਣਦਾ ਹੈ, ਦਰਸਾਇਆ ਹੈ। ਚੰਗਾ ਉਦੇਸ਼ ਮਿੱਥ ਕੇ ਅੱਗੇ ਸਫ਼ਲ ਹੋਣ ਬਾਰੇ ਕਿਹਾ ਹੈ। ਦੂਸਰਾ ਨਿਬੰਧ ਮਨੁੱਖ ਦੇ ਜ਼ਿਹਨ ਦਾ ਵਿਸ਼ਲੇਸ਼ਣ ਕਰਦਾ ਲੰਮੇਰਾ ਲੇਖ ਹੈ। ਤੀਸਰਾ 'ਗਿਆਨ ਅਤੇ ਸਮਝ' ਹੈ। ਸਾਇੰਸ, ਇਤਿਹਾਸ ਤੇ ਕਲਾ ਸਮਝ ਦੇ ਸੋਮੇ ਮੰਨ ਕੇ ਇਸ 'ਤੇ ਆਧਾਰਤ ਮਨੁੱਖੀ ਜਾਗ੍ਰਿਤੀ, ਅਗਿਆਨਤਾ, ਭਰਮ ਅਤੇ ਬੇਯਕੀਨੀ, ਬੁੱਧੀ, ਭਰੋਸਾ, ਵਿਸ਼ਵਾਸ, ਭਵਿੱਖ ਦਾ ਵਿਵਰਣ ਹੈ। ਅਗਲੇ ਅਧਿਆਇ ਵਿੱਚ 'ਆਪਣਾ ਸੰਕਲਪ ਕੀ ਹੈ?' ਇਸ ਦਾ ਜ਼ਿਕਰ ਸਾਧਾਰਨ ਤੇ ਅਸਾਧਾਰਨ ਸੰਕਲਪ ਦੋ ਰੂਪਾਂ ਵਿੱਚ ਕੀਤਾ ਹੈ। ਅੱਗੇ ਆਪਣਾ ਅੰਦਰਲਾ ਤੇ ਬਾਹਰਲਾ ਸੰਕਲਪ ਸਮਝਾਇਆ ਹੈ। ਅਗਲਾ ਅਧਿਆਇ 'ਬੁਲੰਦੀਆਂ ਦੀ ਪ੍ਰਾਪਤੀ ਲਈ ਸੰਕਲਪ ਨੂੰ ਬਦਲੀ ਕਰਨਾ' ਹੈ। ਆਪਣੀ ਸੋਚ ਨੂੰ ਉਸਾਰੂ ਢੰਗ ਨਾਲ ਗਹਿਰਾ ਸੋਚ ਕੇ ਸੁੰਦਰ ਰੂਪ ਦੀ ਚੋਣ ਕਰਨੀ ਚਾਹੀਦੀ ਹੈ। ਆਪਣੇ ਸਵੈ ਵਿਸ਼ਵਾਸ ਨੂੰ ਸਦਾ ਉੱਚਾ ਰੱਖੋ ਤੇ ਸਾਹਸੀ ਬਣਨ ਲਈ 'ਮਨ ਮੰਥਨ' ਕਰੋ। ਇਸ ਸਭ ਕਾਰਜ ਹਿਤ 'ਕਲਪਨਾ' ਦਾ ਬਹੁਤ ਮਹੱਤਵ ਹੈ ਅਤੇ ਇਸ ਦਾ ਪ੍ਰਯੋਗ ਜ਼ਰੂਰ ਕਰੋ। ਉੱਤਮ ਤੇ ਉਸਾਰੂ ਕਲਪਨਾ ਜੀਵਨ ਨੂੰ ਬੁਲੰਦੀਆਂ ਪ੍ਰਦਾਨ ਕਰਦੀ ਹੈ। ਇਉਂ ਇਹ ਪੁਸਤਕ 'ਸਫ਼ਲ ਜੀਵਨ ਦਾ ਰਹੱਸ' ਚੰਗੇਰੀ ਜੀਵਨ ਜਾਚ ਦੀ ਕੁੰਜੀ ਹੈ। ਹਰ ਵਿਅਕਤੀ ਨੂੰ ਭੁਪਿੰਦਰ ਸਿੰਘ ਚੌਕੀਮਾਨ ਦੇ ਜ਼ਿੰਦਗੀ ਦੇ ਅਨੁਭਵਾਂ ਵਿੱਚੋਂ ਨਿੱਕਲੇ ਇਹ ਸਿੱਟੇ ਪੜ੍ਹ ਕੇ ਆਪਣੇ ਜੀਵਨ ਵਿੱਚ ਇਹਨਾਂ ਨੂੰ ਅਪਣਾ ਕੇ ਸਫ਼ਲ ਹੋਣਾ ਚਾਹੀਦਾ ਹੈ। ਸੁੰਦਰ, ਪ੍ਰਸੰਨ ਤੇ ਮਹਾਨ ਜੀਵਨ ਜਿਉਣ ਲਈ ਅਜਿਹੇ ਵਿਚਾਰ ਸਮਾਜ ਲਈ ਪ੍ਰੇਰਿਕ ਹੁੰਦੇ ਹਨ। ਪੁਸਤਕ ਹਰ ਇੱਕ ਲਈ ਵਾਚਣ ਵਾਲੀ ਹੈ।

**- ਤੇਜਾ ਸਿੰਘ ਤਿਲਕ**

## ਤਿਨਕਾ

**ਪਰਮਿੰਦਰ ਸੋਢੀ**
**ਸਫ਼ੇ-127, ਮੁੱਲ-299 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਲੇਖਕ ਪਰਮਿੰਦਰ ਸੋਢੀ ਨੇ ਬਹੁਤ ਵਿਧਾਵਾਂ ਵਿੱਚ ਆਪਣੀਆਂ ਰਚਨਾਵਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਇਕ ਦਰਜਨ ਤੋਂ ਵੱਧ ਕਾਵਿ ਸੰਗ੍ਰਹਿ, ਇੱਕ ਕਹਾਣੀ ਸੰਗ੍ਰਹਿ, ਜਪਾਨੀ ਸ਼ਾਇਰੀ ਤੇ ਹਾਇਕੂ, ਕਥਾਵਾਂ ਦੇ ਅਨੁਵਾਦ ਤੋਂ ਇਲਾਵਾ ਬਹੁਮੁੱਲੀ ਜਾਣਕਾਰੀ ਦੇਣ ਵਾਲੇ ਮੁਹਾਵਰਾ ਅਤੇ ਸ਼ਬਦਕੋਸ਼ਾਂ ਨਾਲ ਪੰਜਾਬੀ ਸਾਹਿਤ ਵਿੱਚ ਪਰਮਿੰਦਰ ਸੋਢੀ ਨੇ ਵਾਧਾ ਕੀਤਾ ਹੈ। ਹਥਲੀ ਪੁਸਤਕ 'ਤਿਣਕਾ' ਜੋ ਵਾਰਤਕ ਵਿੱਚ ਹੈ, ਉਹਨਾਂ ਦੀਆਂ ਪਹਿਲੀਆਂ ਵਾਰਤਕ ਦੀਆਂ ਪੁਸਤਕਾਂ ਵਾਂਗ ਪਾਠਕਾਂ ਨੂੰ ਜ਼ਿੰਦਗੀ ਦੀਆਂ ਸੱਚਾਈਆਂ ਤੋਂ ਜਾਣੂ ਕਰਾਉਣ, ਕੁਦਰਤ ਨਾਲ ਪ੍ਰੇਮ ਜਗਾਉਣ ਤੇ ਮਾਨਵਤਾ ਦਾ ਹੁਲਾਰਾ ਦੇਣ ਵਾਲੀਆਂ ਹਨ। ਲੇਖਕ ਨੇ ਇਸ ਪੁਸਤਕ ਵਿੱਚ ਅਧਿਆਤਮਕਤਾ, ਬੌਧਿਕਤਾ ਤੇ ਮਾਨਵਵਾਦ ਦੇ ਸੰਯੋਗ ਨੂੰ ਪੇਸ਼ ਕਰਕੇ ਮਨੁੱਖ ਨੂੰ ਕੁਦਰਤ, ਰੱਬ ਤੇ ਮਨੁੱਖ ਦੇ ਪ੍ਰੇਮੀ ਬਣਨ ਦਾ ਰਾਹ ਦੱਸਿਆ ਹੈ। ਅਜੋਕੇ ਮਨੁੱਖ ਦੀ ਉਪਭੋਗਤਾਵਾਦੀ ਬਿਰਤੀ ਮਨੁੱਖਤਾ ਦੀ ਵੈਰੀ ਹੈ। ਮਨੁੱਖ ਮਨੁੱਖ ਦਾ ਵੈਰੀ ਹੈ। ਸਵਾਰਥ ਦੀ ਪ੍ਰਧਾਨਤਾ ਅਧੀਨ ਉਹ ਭਟਕ ਗਿਆ ਹੈ। ਇਹ ਪੁਸਤਕ ਭੁੱਲਿਆਂ ਦੀ ਭਟਕਣਾ ਦੂਰ ਕਰਨ ਵਾਲੀ ਹੈ। ਜਿਵੇਂ 'ਸਤਰੰਗੀ ਪੀਂਘ ਝੂਟਦਾ ਪੱਤਾ' (ਪੰਨਾ, 33) ਲੇਖ ਜ਼ਿੰਦਗੀ ਦੇ ਆਖਰੀ ਪੜਾਅ ਸਮੇਂ ਮਨੁੱਖ ਦੀ ਯਾਦਾਂ ਦੇ ਰੰਗਾਂ ਵਿੱਚ ਪਈ ਜ਼ਿੰਦਗੀ ਨੂੰ ਜਿਉਣ ਦੀ ਆਸ਼ਾ ਨਾਲ ਲਬਰੇਜ਼ ਹੈ।

ਇਸ ਤੋਂ ਇਲਾਵਾ ਪੁਸਤਕ ਵਿਚਲੇ ਇਹ ਛੋਟੇ-ਛੋਟੇ ਲੇਖ ਸਮਾਜ ਦੀ ਅਜੋਕੀ ਹਾਲਤ, ਹਨੇਰ ਨਗਰੀ, ਮਨੁੱਖ ਦੀ ਮਤਲਬ-ਪ੍ਰਸਤੀ ਤੇ ਅਸਲੇ ਦੀ ਪਛਾਣ ਭੁੱਲ ਜਾਣ ਨੂੰ ਪੇਸ਼ ਕਰਦੇ ਹਨ। ਉਸ ਦੇ ਲੇਖ ਮਨੁੱਖ ਦੀ ਗਵਾਚੀ ਮਨੁੱਖਤਾ ਨੂੰ ਹਲੂਣਦੇ ਹਨ। ਜ਼ਿੰਦਗੀ ਤੇ ਪਿਆਰ ਲਈ ਆਸ਼ਾਵਾਦੀ ਤੇ ਸਕਾਰਾਤਮਕ ਸੋਚ ਦਾ ਪੱਲਾ ਫੜਨ ਦੀ ਸੇਧ ਦਿੰਦੇ ਹਨ।

ਸੋ ਅਜੋਕੇ ਪੂੰਜੀਵਾਦੀ ਅਤੇ ਅਨੈਤਿਕਤਾ ਦੇ ਦੌਰ ਵਿਚ ਮਨੁੱਖ ਦੀ ਅਸਤਿਤਵੀ ਹੋਂਦ ਲਈ ਇਹੋ ਜਿਹੀ ਪੁਸਤਕ ਪਾਠਕਾਂ ਦੀ ਜ਼ਰੂਰੀ ਲੋੜ ਹੈ। ਉਮੀਦ ਹੈ ਸਾਹਿਤ ਜਗਤ ਵਿਚ ਇਸ ਨੂੰ ਭਰਪੂਰ ਹੁੰਗਾਰਾ ਮਿਲੇਗਾ।

**— ਡਾ. ਸੰਦੀਪ ਕੌਰ ਨੂਰਦੀ**

## ਚੁਰਸਤਾ

(ਨਾਵਲ)
**ਲਵੀ ਸੱਜਾਦ**
**ਸਫ਼ੇ-116, ਮੁੱਲ-150 ਰੁਪਏ**
**ਪ੍ਰਿਥਮ ਪ੍ਰਕਾਸ਼ਨ, ਪਟਿਆਲਾ**



ਲਵੀ ਸੱਜਾਦ ਸਾਹਿਤ ਦੀ ਦੁਨੀਆ ਦਾ ਨਾਵਲ ਦੇ ਖੇਤਰ ਵਿੱਚ ਅਸਲੋਂ ਨਵਾਂ ਨਾਂਅ ਹੈ। ਹੱਥਲਾ ਨਾਵਲ 'ਚੁਰਸਤਾ' ਉਸ ਦਾ ਪਲੇਠਾ ਨਾਵਲ ਹੈ। ਇਹ ਨਾਵਲ ਸਮਾਜ ਦੀਆਂ, ਦੇਸ਼ ਦੇ ਬਟਵਾਰੇ ਤੋਂ ਲੈ ਕੇ ਹੁਣ ਤੱਕ ਦੀਆਂ ਸਮੱਸਿਆਵਾਂ ਅਤੇ ਉਲਝਣਾਂ ਦੀ ਬਾਰੀਕਬੀਨੀ ਕਰਦਾ ਹੈ। ਹੱਥਲੇ ਨਾਵਲ 'ਚੁਰਸਤਾ' ਬਹੁਭਾਂਤੀ ਵਿਸ਼ਿਆਂ ਨਾਲ਼ ਲਬਰੇਜ਼ ਹੈ। ਨਾਵਲ ਵਿੱਚ ਲੇਖਕ ਸਮਾਜ ਦੀਆਂ ਉਨ੍ਹਾਂ ਘਟਨਾਵਾਂ ਦੀ ਛਾਣਬੀਣ ਕਰਦਾ ਹੈ, ਜੋ ਕਈ ਵਾਰ ਸਾਹਿਤਕਾਰਾਂ ਦੀ ਕਲਮ ਤੋਂ ਅਣਗੌਲਿਆਂ ਰਹਿ ਜਾਂਦੀਆਂ ਹਨ। ਪੰਜਾਬੀ ਸਾਹਿਤ ਦੀ ਸਮੁੱਚੀ ਗਲਪਕਾਰੀ ਦੇ ਪਾਤਰਾਂ ਵਾਂਗ ਇਸ ਨਾਵਲ ਦੇ ਪਾਤਰ ਵੀ ਯਥਾਰਥਵਾਦੀ ਮਾਨਸਿਕਤਾ ਵਾਲੇ ਹਨ। ਜਦੋਂ ਅਸੀਂ ਇਸ ਨਾਵਲ ਦੇ ਵਿਸ਼ੇ ਦੀ ਗੱਲ ਕਰਦੇ ਹਾਂ ਤਾਂ ਤਕਰੀਬਨ ਸਮਾਜ ਵਿੱਚ ਵਾਪਰਦੀ ਹਰ ਘਟਨਾ ਨੂੰ ਨਾਵਲ ਵਿੱਚ ਛੋਹਿਆ ਹੈ, ਉਹ ਭਾਵੇਂ ਸਮਾਜ ਵਿੱਚ ਔਰਤ ਦੀ ਸਥਿਤੀ ਹੋਵੇ, ਪੰਜਾਬ ਵਿੱਚ ਚੱਲੀ ਅੱਤਵਾਦੀ ਲਹਿਰ, ਰਾਜਨੀਤਕ ਦਾਅਪੇਚ, ਹਾਸ਼ੀਆਗ੍ਰਸਤ ਲੋਕਾਂ ਦੀਆਂ ਸਮੱਸਿਆਵਾਂ, ਪਰਵਾਸ, ਆਰਥਿਕਤਾ ਆਦਿ। ਨਾਵਲ ਵਿਚਲੇ ਪਾਤਰ ਗੁਰਜੀਤ, ਕੁਲਦੀਪ ਅਤੇ ਆਰਿਫ਼ ਦਲਿਤ ਸਮੱਸਿਆਵਾਂ ਨਾਲ ਹੀ ਨਹੀਂ ਉਲਝਦੇ, ਸਗੋਂ ਆਪਣੇ-ਆਪ ਨਾਲ਼ ਵੀ ਸੰਘਰਸ਼ ਕਰਦੇ ਦਿਖਾਈ ਦਿੰਦੇ ਹਨ। ਇਸ ਨਾਵਲ ਦੀ ਇੱਕ ਖਾਸ ਵਿਸ਼ੇਸ਼ਤਾ ਜੋ ਮੇਰੇ ਅਨੁਸਾਰ ਇਸ ਨੂੰ ਬਾਕੀ ਨਾਵਲਾਂ ਤੋਂ ਵਖਰਿਆਉਂਦੀ ਹੈ, ਉਹ ਇਹ ਕਿ ਪੰਜ ਪਾਣੀਆਂ ਦੇ ਇਸ ਖਿੱਤੇ ਪੰਜਾਬ ਵਿੱਚ ਮੰਨੂਵਾਦ ਤੋਂ ਬਾਅਦ ਆਧੁਨਿਕ ਬ੍ਰਾਹਮਣਵਾਦ ਦੇ ਰੂਪ ਵਿੱਚ ਜੱਟਵਾਦ ਸਿਰ ਚੁੱਕਦਾ ਵਿਖਾਇਆ ਗਿਆ ਹੈ, ਜੋ ਸਿਧਾਂਤਹੀਣ ਵੀ ਹੈ ਅਤੇ ਵਿਚਾਰਧਾਰਕ ਪਰਪੱਕਤਾ ਵੀ ਨਹੀਂ ਹੈ। ਹੱਥਲਾ ਨਾਵਲ 'ਚੁਰਸਤਾ' ਚਾਰ ਦੋਸਤਾਂ ਦੀ ਕਹਾਣੀ ਦੁਆਲ਼ੇ ਘੁੰਮਦਾ ਹੈ, ਜੋ ਸਮਾਜ ਵਿੱਚ ਵੱਖ-ਵੱਖ ਜਾਤੀਆਂ ਵਿੱਚੋਂ ਹਨ। ਉਹਨਾਂ ਦਾ ਸਮਾਜਿਕ ਰੁਤਬਾ, ਆਰਥਿਕ ਪੱਧਰ ਅਲੱਗ-ਅਲੱਗ ਹਨ। ਨਾਵਲ ਵਿੱਚ ਨਾਵਲਕਾਰ ਨੇ ਇਸ ਗੱਲ ਨੂੰ ਭਲੀਭਾਂਤ ਰੂਪਮਾਨ ਕੀਤਾ ਹੈ ਕਿ ਸਮਾਜਿਕ ਤਰੱਕੀ ਨਾਲ ਮੰਨੂਵਾਦ ਦੇ ਸਮਾਜਿਕ ਵੰਡ ਦੇ ਸਿਧਾਂਤ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਸਿੱਖਿਆ ਦੇ ਪਸਾਰੇ ਨੇ ਜੀਵਨ ਨੂੰ ਸੇਧਤਾ ਦਿੱਤੀ ਹੈ, ਪਰ ਅਮਾਨਵੀ ਮਾਨਤਾਵਾਂ ਨੂੰ ਤੋੜਨ ਵਿੱਚ ਕੋਈ ਬਹੁਤੀ ਕ੍ਰਾਂਤੀਕਾਰੀ ਭੂਮਿਕਾ ਨਹੀਂ ਨਿਭਾਈ, ਜਿਸ ਦੀ ਉਦਾਹਰਨ ਡੇਰਾਵਾਦ ਦੇ ਪੱਕੇ ਪੈਰ ਜਮਾਉਣੇ ਤੇ ਫਿਰ ਉਹਨਾਂ ਵਿੱਚ ਹੁੰਦੇ ਦੁਸ਼ਕਰਮਾ ਨੂੰ ਵੇਖਿਆ ਜਾ ਸਕਦਾ ਹੈ। ਡੇਰਾਵਾਦ ਦੇ ਇਨ੍ਹਾ ਕੁਕਰਮਾਂ ਨੂੰ ਨਾਵਲਕਾਰ ਨੇ ਬੜੀ ਸੁਹਿਰਦਤਾ ਨਾਲ਼ ਉਲੀਕਿਆ ਹੈ। ਅਮੀਰੀ-ਗਰੀਬੀ ਦੇ ਵੱਡੇ ਪਾੜੇ ਨੂੰ ਅਤੇ ਦਲਿਤ ਵਿਹੜਿਆਂ ਦੀ ਤਰਸਯੋਗ ਹਾਲਤ ਨੂੰ ਨਾਵਲਕਾਰ ਦਾ ਬਿਆਨ ਕਰਨਾ ਇਨਸਾਨੀਅਤ ਪ੍ਰਤੀ ਸੁਹਿਰਦਤਾ ਦਾ ਸੁਨੇਹਾ ਦੇਣਾ ਹੈ। ਰਿਸ਼ਤਿਆਂ ਦਾ ਆਪ ਹੁਦਰਾਪਣ ਪਰਵਾਰਕ ਸੀਮਾਵਾਂ ਨੂੰ ਤਹਿਸ-ਨਹਿਸ ਵੀ ਕਰਦਾ ਹੈ। 'ਚੁਰਸਤਾ' ਦੀ ਪਿੱਠ ਭੂਮੀ ਨਾਵਲਕਾਰ ਦਾ ਪਿਛਲੇ ਤਿੰਨ ਦਹਾਕਿਆਂ ਦਾ ਜੀਵਨ ਹੈ। ਨਾਵਲ ਵਿੱਚ ਕਈ ਥਾਵਾਂ ਉੱਤੇ ਗਲਪਕਾਰ ਭਾਵਨਾਵਾਂ ਵਿੱਚ ਵੀ ਵਹਿੰਦਾ ਹੈ, ਪਰ ਨਾਵਲ ਵਿੱਚ ਸੰਜਮ ਅਤੇ ਸਹਿਜ ਵੀ ਰੱਖਦਾ ਹੈ। ਨਾਵਲ ਦੀ ਭਾਸ਼ਾ ਸਰਲ ਤੇ ਸੌਖੀ ਹੈ। ਨਾਵਲ ਵਿੱਚ ਵਰਤੀਆਂ ਹੋਈਆਂ ਕੁੱਝ ਗੀਤਾਂ ਦੀਆਂ ਸਤਰਾਂ ਨਾਵਲ ਵਿੱਚ ਰੰਗੀਨੀ ਪੈਦਾ ਕਰਦੀਆਂ ਹਨ। ਨਾਵਲ ਵਿੱਚ ਮੁਹਾਵਰਿਆਂ ਅਤੇ ਅਖਾਣਾਂ ਦੀ ਘਾਟ ਤਾਂ ਰੜਕਦੀ ਹੈ, ਪਰ ਸਮਾਜਿਕ ਮਾਨਤਾਵਾਂ ਦੀ ਬਹੁਤਾਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਨਾਵਲ ਦਾ ਚੁਗਿਰਦਾ ਤੇ ਪਾਤਰਾਂ ਦੀ ਵਾਰਤਾਲਾਪ ਪਾਠਕ ਨੂੰ ਸਹਿਜੇ ਹੀ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਪਾਤਰਾਂ ਦੀ ਬੋਲੀ ਮੌਕਾ ਮੇਲ ਮੁਤਾਬਕ ਢੁਕਦੀ ਹੈ। ਗਲਪਕਾਰ ਲਵੀ ਸਜਾਦ ਨੂੰ ਪੰਜਾਬੀ ਸਾਹਿਤ ਦੇ ਵਿਸ਼ਾਲ ਘੇਰੇ ਵਿੱਚ ਦਰਜ ਕਰਦਾ ਹੈ।

**— ਅੰਮ੍ਰਿਤਪਾਲ ਕਲੇਰ**

# 'ਥੱਕੇ ਹਾਰੇ ਸ਼ਹਿਰ ਦੀ ਨੀਂਦ' 'ਤੇ ਗੋਸ਼ਟੀ

**ਚੰਡੀਗੜ੍ਹ :** ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਹਰਜੀਤ ਸਿੰਘ ਸੰਧੂ ਦੇ ਨਵੇਂ ਕਾਵਿ ਸੰਗ੍ਰਹਿ 'ਥੱਕੇ ਹਾਰੇ ਸ਼ਹਿਰ ਦੀ ਨੀਂਦ' 'ਤੇ ਗੋਸ਼ਟੀ ਕਰਵਾਈ ਗਈ। ਕਿਤਾਬ ਬਾਰੇ ਬੋਲਦਿਆਂ ਡਾ. ਸੁਖਪਾਲ ਕੌਰ ਸਮਰਾਲਾ ਨੇ ਕਿਹਾ ਕਿ ਕਵੀ ਸੱਤਾ ਅਤੇ ਸਥਾਪਤੀ ਉਤੇ ਕਰਾਰੇ ਵਿਅੰਗ



ਕਰਦਾ ਹੈ। ਪੰਜਾਬ ਬਾਰੇ ਪ੍ਰਵਾਸੀਆਂ ਦਾ ਨਜ਼ਰੀਆ ਬਦਲ ਰਿਹਾ ਹੈ। ਕਵੀ ਕਰਤਾਰਪੁਰ ਵਾਲੇ ਬਾਬੇ ਨੂੰ ਇੱਥੋਂ ਪ੍ਰਵਾਸ ਕਰ ਗਏ ਬੱਚਿਆਂ ਦੇ ਸਿਰ ਉੱਤੇ ਹੱਥ ਧਰਨ ਲਈ ਕਹਿ ਰਿਹਾ ਹੈ। ਕਵੀ ਦਾ ਸੱਤਾ ਵਿੱਚ ਹਿੱਸੇਦਾਰਾਂ ਤੋਂ ਵਿਸ਼ਵਾਸ ਬਿਲਕੁਲ ਉੱਠ ਚੁੱਕਾ ਹੈ। ਉਹ ਬਗਾਵਤੀ ਚੇਤਨਾ ਦੇ ਸੁਰ ਜਗਾਉਣ ਦੀ ਚੇਸ਼ਟਾ ਕਰਦਾ ਹੈ। ਉਹ ਥੱਕੇ ਹਾਰੇ ਸ਼ਹਿਰ ਨੂੰ ਬਘਿਆੜਾਂ ਦੇ ਵੱਸ ਨਹੀਂ ਦੇਖਣਾ ਚਾਹੁੰਦਾ। ਉਹ ਇਸ ਗੈਰ-ਬਰਾਬਰੀ ਵਾਲੇ ਸਮਾਜ ਨੂੰ ਬਦਲਣ ਦਾ ਹਾਮੀ ਹੈ। ਕਵਿਤਾ ਨਵੇਂ ਖਿਆਲ ਤੇ ਸਵਾਲ ਸਿਰਜਦੀ ਹੈ।

ਡਾ. ਲਾਭ ਸਿੰਘ ਖੀਵਾ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਨਾਅਰੇ ਘੜੇ ਜਾਂਦੇ ਹਨ, ਪਰ ਕਵਿਤਾ ਸਿਰਜੀ ਜਾਂਦੀ ਹੈ। ਸ਼ਬਦੀਸ਼ ਨੇ ਕਿਹਾ ਕਿ ਨਕਸਲੀ ਲਹਿਰ ਦੀ ਕਵਿਤਾ ਨੇ ਸਿਆਸੀ ਨਾਲੋਂ ਜ਼ਿਆਦਾ ਸਾਹਿਤਕ ਵੱਧ ਮਾਰਿਆ ਹੈ। ਤੀਰਾਂ ਤੇ ਤਲਵਾਰਾਂ 'ਤੇ ਮਾਣ ਕਰਨ ਵਾਲਾ ਮਿਰਜ਼ਾ ਬਾਂਝ ਭਰਾਵਾਂ ਮਾਰਿਆ ਗਿਆ ਸੀ। ਵਿਚਾਰਧਾਰਾ ਤੇ ਇਮੋਸ਼ਨ ਨਾਲ ਹੀ ਕਵਿਤਾ ਜਿਉਂਦੀ ਰਹਿ ਸਕਦੀ ਹੈ। ਜਸਵੰਤ ਸਿੰਘ ਮੋਹਾਲੀ ਨੇ ਕਿਹਾ ਕਿ ਵਾਰਤਕ ਵਿੱਚ ਕੇਵਲ ਵਿਚਾਰ ਹੁੰਦੇ ਹਨ, ਪਰ ਕਵਿਤਾ ਵਿੱਚ ਵਿਚਾਰ ਤੇ ਭਾਵਨਾ ਦੋਵੇਂ ਹੁੰਦੇ ਹਨ। ਡਾ. ਰਾਜੇਸ਼ ਜੈਸਵਾਲ, ਡਾ. ਹਜ਼ਾਰਾ ਸਿੰਘ ਚੀਮਾ, ਪਰਮਿੰਦਰ ਸਿੰਘ ਗਿੱਲ, ਡਾ. ਮੋਹਨ ਬੇਗੋਵਾਲ, ਡਾ. ਸਰਬਜੀਤ ਸਿੰਘ ਸੰਧੂ ਤੇ ਡਾ. ਹਰਜੀਤ ਸਿੰਘ ਸੰਧੂ ਨੇ ਵੀ ਕਿਤਾਬ 'ਤੇ ਗੰਭੀਰ ਚਰਚਾ ਕੀਤੀ। ਡਾ. ਯੋਗਰਾਜ ਅੰਗਰਿਸ਼ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਇਹ ਥੱਕੇ ਹਾਰੇ ਸ਼ਹਿਰ ਦੀ ਨੀਂਦ ਨਹੀਂ, ਸਰੋਕਾਰਾਂ ਦੀ ਕਵਿਤਾ ਹੈ। ਕਵੀ ਵਰਗ ਸੰਘਰਸ਼ ਦਾ ਹਾਮੀ ਹੈ। ਇਹ ਰਾਜਨੀਤਕ ਕਵਿਤਾ ਹੈ। ਬਾਈਕਾਟ ਨਾਲ ਨਹੀਂ, ਸ਼ਮੂਲੀਅਤ ਨਾਲ ਹੀ ਲੋਕਤੰਤਰ ਬਚੇਗਾ। ਇਹ ਮਾਨਵਵਾਦੀ ਅਤੇ ਪ੍ਰਤੀਰੋਧ ਦੀ ਸ਼ਾਇਰੀ ਹੈ। ਸਟੇਜ ਸੰਚਾਲਨ ਸਰਦਾਰਾ ਸਿੰਘ ਚੀਮਾ ਨੇ ਕੀਤਾ।

# 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਵੱਲੋਂ ਲੇਖਕਾਂ ਨਾਲ਼ ਸੰਵਾਦ

**ਬਰੈਂਪਟਨ**-'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਜੁਲਾਈ ਮਹੀਨੇ ਦੀ ਬੈਠਕ ਵਿੱਚ ਜਿੱਥੇ ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਦਿੱਤੀ ਗਈ, ਉੱਥੇ ਕਾਫ਼ਲੇ ਦੀ ਸੀਨੀਅਰ ਮੈਂਬਰ ਮਿੰਨੀ ਗਰੇਵਾਲ਼, ਵੈਨਕੂਵਰ ਤੋਂ ਆਏ ਸੁਖਵੰਤ ਹੁੰਦਲ ਅਤੇ ਪੰਜਾਬ ਤੋਂ ਆਏ ਪੱਤਰਕਾਰ/ਲੇਖਕ ਜਗਤਾਰ ਸਿੰਘ ਨਾਲ਼ ਗੱਲਬਾਤ ਕੀਤੀ ਗਈ।

ਇੱਕ ਪੱਤਰਕਾਰ ਵਜੋਂ 80ਵਿਆਂ ਦੇ ਦਹਾਕੇ ਵਿੱਚ ਖਾਲਿਸਤਾਨੀ ਲਹਿਰ ਨੂੰ ਨੇੜਿਉਂ ਵਾਚਣ ਵਾਲ਼ੇ ਜਗਤਾਰ ਸਿੰਘ ਨੇ ਸਿੱਖਾਂ ਅਤੇ ਪੰਜਾਬ ਨਾਲ਼ ਸੰਬੰਧਤ ਲਿਖੀਆਂ ਕਿਤਾਬਾਂ ਦੇ ਵਿਸ਼ਿਆਂ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ 'ਇੰਡੀਅਨ ਐਕਸਪ੍ਰੈੱਸ' ਨਾਲ ਕੰਮ ਕਰਦਿਆਂ 1979 ਵਿੱਚ ਉਨ੍ਹਾਂ ਦੀ ਨਿਯੁਕਤੀ ਅੰਮ੍ਰਿਤਸਰ ਹੋਣ ਨਾਲ਼ ਉਨ੍ਹਾਂ ਨੂੰ ਖਾਲਿਸਤਾਨੀ ਸੰਘਰਸ਼ ਨੂੰ ਬਹੁਤ ਨੇੜਿਉਂ ਵੇਖਣ ਦਾ ਮੌਕਾ ਮਿਲਿਆ, ਏਥੋਂ ਤੱਕ ਕਿ 25 ਮਈ 1984 ਨੂੰ ਉਨ੍ਹਾਂ ਨੇ ਭਿੰਡਰਾਂ ਵਾਲਿਆਂ ਨਾਲ ਇੱਕ ਲੰਮੀ ਇੰਟਰਵਿਊ ਵੀ ਕੀਤੀ।ਸ਼ਮੀਲ ਤੇ ਜਸਵਿੰਦਰ ਸੰਧੂ ਨੇ ਤਿੱਖੇ ਸਵਾਲ ਕੀਤੇ। ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਦਿੰਦਿਆਂ ਤਰਕਸ਼ੀਲ ਸੋਸਾਇਟੀ (ਕੈਨੇਡਾ) ਦੇ ਪ੍ਰਧਾਨ ਬਲਦੇਵ ਰਹਿਪਾ ਨੇ ਕਿਹਾ ਕਿ ਜਿੱਥੇ ਬਲਜਿੰਦਰ ਸੇਖੋਂ ਨੇ ਆਪਣੇ ਪਰਵਾਰਕ ਫ਼ਰਜ਼ਾਂ ਨੂੰ ਤਨਦੇਹੀ ਨਾਲ਼ ਨਿਭਾਇਆ, ਉੱਥੇ ਓਨੀ ਹੀ ਸ਼ਿੱਦਤ ਨਾਲ ਸਮਾਜਿਕ ਕਾਰਜਾਂ ਵਿੱਚ ਵੀ ਹਿੱਸਾ ਪਾਇਆ। ਕੁਲਵਿੰਦਰ ਖਹਿਰਾ ਨੇ ਵੀ ਸੇਖੋਂ ਬਾਰੇ ਗੱਲਾਂ ਕੀਤੀਆਂ।

ਕਾਫ਼ਲੇ ਦੀ ਸੀਨੀਅਰ ਮੈਂਬਰ ਮਿੰਨੀ ਗਰੇਵਾਲ ਬਾਰੇ ਜਾਣ-ਪਛਾਣ ਕਰਵਾਉਂਦਿਆਂ ਬਲਬੀਰ ਕੌਰ ਸੰਘੇੜਾ ਨੇ ਦੱਸਿਆ ਕਿ ਮਿੰਨੀ ਗਰੇਵਾਲ 1995 ਤੋਂ ਕਾਫ਼ਲੇ ਨਾਲ ਜੁੜਨ ਤੋਂ ਪਹਿਲਾਂ ਹੀ ਇੰਡੀਆ ਵਿੱਚ ਆਪਣਾ ਨਾਂਅ ਬਣਾ ਚੁੱਕੇ ਸਨ ਅਤੇ ਉਨ੍ਹਾਂ ਦੀ ਇੱਕ ਕਿਤਾਬ 'ਕੈਕਟਸ ਦੇ ਫੁੱਲ' ਛਪ ਚੁੱਕੀ ਸੀ, ਮਿੰਨੀ ਗਰੇਵਾਲ ਨੇ ਕਿਹਾ ਕਿ ਕੈਨੇਡਾ ਆ ਕੇ ਕਾਫ਼ਲੇ ਨਾਲ ਜੁੜਨ ਤੋਂ ਬਾਅਦ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਤੁਸੀਂ ਆਪਣੀ ਜ਼ੁਬਾਨ ਵਿੱਚ ਪੜ੍ਹ-ਸੁਣ-ਲਿਖ ਸਕਦੇ ਹੋ, ਜਦਕਿ ਉਸ ਤੋਂ ਪਹਿਲਾਂ ਅਜਿਹਾ ਮਾਹੌਲ ਨਹੀਂ ਸੀ। ਬਲਰਾਜ ਚੀਮਾ ਨੇ ਮਿੰਨੀ ਜੀ ਬਾਰੇ ਬੋਲਦਿਆਂ ਕਿਹਾ ਕਿ ਇਨ੍ਹਾਂ ਦਾ ਨਾਂਅ ਮਿੰਨੀ ਨਹੀਂ, ਸਗੋਂ 'ਨਿਮਰਤਾ'



ਚਾਹੀਦਾ ਸੀ, ਕਿਉਂਕਿ ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਹੀ ਇਨ੍ਹਾਂ ਦੋ ਹਰਫ਼ਾਂ ਵਿਚਕਾਰ ਨਿਭਾਈ ਹੈ। ਪ੍ਰਿੰ. ਸਰਵਣ ਸਿੰਘ ਨੇ ਮਿੰਨੀ ਗਰੇਵਾਲ ਦੇ ਦਿੱਲੀ ਵਿੱਚ ਬਿਤਾਏ ਸਮੇਂ ਦੀ ਯਾਦ ਸਾਂਝੀ ਕਰਦਿਆਂ ਸੋਵੀਅਤ ਦੂਤਾਵਾਸ ਨਾਲ ਸੰਬੰਧਤ ਯਾਦਾਂ ਤਾਜ਼ਾ ਕੀਤੀਆਂ, ਜਿੱਥੇ ਮਿੰਨੀ ਜੀ ਨੇ 'ਸੋਵੀਅਤ ਲੈਂਡ' ਵਿੱਚ ਕੰਮ ਕੀਤਾ ਸੀ।ਵੈਨਕੂਵਰ ਤੋਂ ਆਏ ਸੁਖਵੰਤ ਹੁੰਦਲ ਨੇ ਸੰਖੇਪ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਾਨੂੰ ਟੈਕਨਾਲੋਜੀ ਦਾ ਫਾਇਦਾ ਉਠਾਉਣ ਲਈ ਹਰ ਉਪਲੱਬਧ ਕਿਤਾਬ ਨੂੰ ਡਿਜੀਟਲਾਈਜ਼ ਕਰਕੇ ਇੰਟਰਨੈੱਟ 'ਤੇ ਪਾਉਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਵਿੱਚ ਛਪਣ ਵਾਲ਼ੀ ਹਰ ਕਿਤਾਬ ਨੂੰ ਹਮੇਸ਼ਾ ਲਈ ਸੰਭਾਲਿਆ ਜਾ ਸਕੇ।

# ਸਮਕਾਲ

---- ਭਗਵੰਤ ਰਸੂਲਪੁਰੀ----

## ਸੁਰਤਿ : ਅਜੀਤ ਕੌਰ ਨਾਲ ਮੁਲਾਕਾਤ




ਸੁਰਤਿ (2025) ਦਾ ਚੌਥਾ ਅੰਕ 'ਵਰਖਾ ਰੁੱਤ' ਛਪ ਕੇ ਪੁੱਜ ਗਿਆ ਹੈ। ਟਾਇਟਲ ਉੱਤੇ ਕ੍ਰਿਸ਼ਨ ਖੰਨਾ ਦੀ 'ਹਿਜਰਤ' ਪੇਂਟਿੰਗ ਛਾਪ ਕੇ ਸੁਰਤਿ ਨੇ ਆਪਣੀ ਖ਼ੂਬਸੂਰਤੀ ਕਾਇਮ ਰੱਖੀ ਹੈ। ਪਹਿਲਾਂ ਵਾਂਗ ਮਿਆਰੀ ਲਿਖਤਾਂ ਨੂੰ ਆਰਟ ਪੇਪਟ ਉੱਤੇ ਪ੍ਰਕਾਸ਼ਤ ਕੀਤਾ ਗਿਆ ਹੈ। ਸੰਪਾਦਕੀ ਵਿੱਚ ਜੰਗ ਦੇ ਘਾਣ ਦਾ ਬਿਰਤਾਂਤ ਸਿਰਜਿਆ ਗਿਆ ਹੈ। ਵਿਸ਼ਵ ਪੱਧਰ ਉੱਤੇ ਜੰਗ ਦੇ ਬੱਦਲਾਂ ਦੀ ਤੇ ਪੰਜਾਬ ਦੇ ਸਹਿਮ ਦੀ ਗੱਲ ਕਰਦਿਆਂ ਸੰਪਾਦਕੀ ਕਹਿੰਦੀ ਹੈ, "ਪੰਜਾਬੀਆਂ ਦੇ ਪੱਲੇ ਬਾਰ-ਬਾਰ ਉਜਾੜਾ ਪਿਆ ਹੈ। ਇਸ ਦੌਰਾਨ ਸੰਤਾਲੀ, ਇਕਾਹਠ, ਵੱਖਰੇ ਸਿੱਖ ਰਾਜ ਦਾ ਸੰਘਰਸ਼, ਅਪਰੇਸ਼ਨ ਬਲਿਊ ਸਟਾਰ, ਚੁਰਾਸੀ ਦਾ ਕਤਲੇਆਮ ਤੇ ਨੌਜਵਾਨੀ ਦਾ ਘਾਣ ਆਦਿ ਪੰਜਾਬ ਦੁਖਾਂਤ ਦੀਆਂ ਅਨੇਕਾਂ ਪਰਤਾਂ ਹਨ। ਇਸ ਦੀ ਸਬ-ਟੈਕਸਟ ਵਿੱਚ ਪਰਵਾਸ, ਖ਼ੁਦਕਸ਼ੀਆਂ, ਕਰਜ਼ੇ, ਮੁਫ਼ਤਖੋਰੀ, ਗੈਂਗਸਟਰਵਾਦ, ਨਸ਼ੇਖੋਰੀ ਜਾਂ ਉੜਤੇ ਪੰਜਾਬ ਦੀਆਂ ਕਹਾਣੀਆਂ ਸ਼ਾਮਲ ਹੋ ਗਈਆਂ ਹਨ। ਪੰਜਾਬ ਨਿਰੰਤਰ ਜੰਗਾਂ ਲੜ ਰਿਹਾ ਹੈ।" ਅਗਾਂਹ 26 ਪੰਨਿਆਂ ਉੱਤੇ ਫੈਲੀ ਪ੍ਰਸਿੱਧ ਕਹਾਣੀਕਾਰ ਅਜੀਤ ਕੌਰ ਦੀ ਮੁਲਾਕਾਤ ਇਸ ਅੰਕ ਦੀ ਪ੍ਰਾਪਤੀ ਹੈ।ਗੱਲਬਾਤ ਕਰਨ ਵਾਲੇ ਕੁਲਵੀਰ ਗੋਜਰਾ ਹਨ। ਅਜੀਤ ਕੌਰ ਵੱਲੋਂ ਜਵਾਬ ਦੇ ਰੂਪ ਵਿੱਚ ਦਿੱਤੇ ਸੰਤਾਲੀ ਤੋਂ ਚੁਰਾਸੀ ਤੱਕ ਦੇ ਬਿਰਤਾਂਤ ਬਹੁਤ ਸੰਵੇਦਨਸ਼ੀਲ ਹਨ। ਅਗਾਂਹ ਉਹ ਅੰਮ੍ਰਿਤਾ ਪ੍ਰੀਤਮ ਤੇ ਇੰਦਰਾ ਗਾਂਧੀ ਬਾਰੇ ਖੁੱਲ੍ਹ ਕੇ ਬੋਲੀ ਹੈ।ਉਸ ਦੀਆਂ ਕਹਾਣੀ ਲਿਖਣ ਵਾਲੀਆਂ ਗੱਲਾਂ ਵੀ ਰੌਚਿਕ ਹਨ। ਆਪਣੀਆਂ ਗੱਲਾਂ ਵਿੱਚ ਉਹ ਸ਼ਿਵ ਕੁਮਾਰ,ਬਲਵੰਤ ਗਾਰਗੀ, ਦਵਿੰਦਰ ਸਤਿਆਰਥੀ, ਖੁਸ਼ਵੰਤ ਸਿੰਘ ਨਾਲ ਸਾਂਝਾ ਦੀ ਕੜੀ ਵੀ ਜੋੜਦੀ ਹੈ। ਇਸ ਲੰਮੀ ਮੁਲਾਕਾਤ ਨਾਲ ਸਾਥੀ ਲੁਧਿਆਣਵੀ, ਹਰਚੰਦ ਸਿੰਘ ਬੇਦੀ, ਮਕਸੂਦ ਸਾਕਿਬ ਤੇ ਬਲਬੀਰ ਮਾਧੋਪੁਰੀ ਨੇ ਅਜੀਤ ਕੌਰ ਦੇ ਪ੍ਰਸੰਗ ਤੇ ਸੰਵਾਦ ਵੀ ਰੌਚਿਕ ਹਨ। 'ਸੁਰਤਿ' ਨੇ ਅਜੀਤ ਕੌਰ ਦੇ ਅਨੇਕਾਂ ਪੱਖਾਂ ਨੂੰ ਸਾਡੇ ਸਾਹਮਣੇ ਰੱਖ ਕੇ ਆਪਣੀ ਸੂਝ ਦਾ ਸਬੂਤ ਦਿੱਤਾ ਹੈ। ਡਾ. ਗੁਰਬਚਨ ਆਪਣੀ ਲਿਖਤ 'ਵਿਆਹ ਤੋਂ ਬਾਅਦ-ਰਚਨਾਤਮਿਕ ਅੰਤਰ-ਯੁੱਧ' 'ਚ ਰੌਚਿਕਤਾ ਤੇ ਪੜ੍ਹਨਯੋਗਤਾ ਬਣਾਈ ਰੱਖਦਾ ਹੈ। ਆਪਣੀ ਲਿਖਤ ਵਿੱਚ ਸ਼ਿਵ, ਦਿਲ, ਪਾਤਰ, ਪਾਸ਼ ਤੇ ਪ੍ਰੇਮ ਪ੍ਰਕਾਸ਼ ਦੀਆਂ ਗੱਲਾਂ ਕਰਕੇ ਪਾਠਕ ਨੂੰ ਅਤੀਤ ਵੱਲ ਮੋੜ ਲੈਂਦਾ ਹੈ। ਪ੍ਰਿੰ. ਸਰਵਣ ਸਿੰਘ ਦਾ ਲਿਖਿਆ ਸ਼ਬਦ ਚਿੱਤਰ 'ਕਲਮ ਦਾ ਜੁਝਾਰੂ ਜੋਧਾ ਗੁਰਬਚਨ ਸਿੰਘ ਭੁੱਲਰ' ਭੁੱਲਰ ਦੇ ਕਈ ਦਹਾਕਿਆਂ ਦੇ ਸਾਹਿਤਕ ਤੇ ਨਿੱਜੀ ਸਫ਼ਰ ਬਿਆਨ ਕਰ ਜਾਂਦਾ ਹੈ। ਅਗਲੇ ਪੰਨਿਆਂ ਉੱਤੇ ਡਾ. ਆਤਮਜੀਤ ਸਿੰਘ ਨੇ ਆਪਣੇ ਚਰਚਿਤ ਨਾਟਕ 'ਤੱਤੀ ਤਵੀ ਦਾ ਸੱਚ' ਦੀ ਸਿਰਜਣ ਪ੍ਰਕਿਰਿਆ ਲਿਖ ਕੇ ਆਪਣੀ ਦ੍ਰਿਸ਼ਟੀ ਅਤੇ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੀ ਧਾਰਨਾ ਨੂੰ ਬਿਆਨ ਕੀਤਾ ਹੈ। ਦੂਜੀ ਸਿਰਜਣਾ ਪ੍ਰਕਿਰਿਆ ਨਕਸ਼ਦੀਪ ਪੰਜਕੋਹਾ ਨੇ ਆਪਣੇ ਪ੍ਰਸਿੱਧ ਨਾਵਲ 'ਗਿਰਵੀ ਹੋਏ ਮਨ' ਦੀ ਲਿਖੀ ਹੈ। ਲੇਖਕ ਨੇ ਵਿਸਥਾਰ ਨਾਲ ਨਾਵਲ ਲਿਖਣ ਦੇ ਪ੍ਰਸੰਗ ਲਿਖੇ ਹਨ।

ਸੁਰਤਿ' ਨੇ ਹੱਥਲੇ ਅੰਕ ਵਿੱਚ ਸੱਤ ਮਹੱਤਵਪੂਰਨ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਬਲਬੀਰ ਪਰਵਾਨਾ (ਅੰਦਰਲੇ ਕੁਰੂਖੇਤਰ), ਅਰਵਿੰਦਰ ਕੌਰ ਧਾਲੀਵਾਲ (ਤੇਰੇ ਬਿਨਾਂ ਮੈਂ ਨਾ ਬੱਚਦੀ), ਵਿਪਨ ਗਿੱਲ (ਹਿਜਰ ਦਾ ਸੇਕ), ਆਗ਼ਾਜ਼ ਬੀਰ (ਟਿਕਟ), ਹਰਕੀਰਤ ਕੌਰ ਚਹਿਲ (ਬਲੈਕ ਵਿਡੋ), ਰਵੀ ਸ਼ੇਰਗਿੱਲ (ਜਦੋਂ ਰੱਬ ਜੜ੍ਹਾਂ ਦੇਖ ਲਏ) ਅਕਬਰ ਲਾਹੌਰੀ (ਆਪਾਂ) ਨੇ ਨਵੀਂ ਕਹਾਣੀ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਕਹਾਣੀਆਂ ਲਿਖੀਆਂ ਹਨ। ਕਹਾਣੀ ਵਿਸ਼ੇ ਪੱਖੋਂ, ਨਿਭਾਅ ਪੱਖੋਂ ਅਤੇ ਕਰਾਫਟ ਪੱਖੋਂ ਨਿਰੰਤਰ ਬਦਲ ਰਹੀ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਵਿੱਚ ਇਸ ਗੱਲ ਦੀ ਕਨਸੋਅ ਮਿਲ ਜਾਂਦੀ ਹੈ। ਅਮਰਜੀਤ ਸਿੰਘ ਗਰੇਵਾਲ ਦੀ 'ਸੋਗਨਾਮਾ ਪੰਜਾਬ' ਕਵਿਤਾ ਗੌਲਣਯੋਗ ਬਿਰਤਾਂਤ ਸਿਰਜਦੀ ਹੈ। ਕਹਾਣੀਆਂ ਦੇ ਨਾਲ ਕਵਿਤਾ ਦੀ ਹਾਜ਼ਰੀ ਵੀ ਲੱਗੀ ਹੈ। ਸਵਰਨਜੀਤ ਸਵੀ, ਗੁਰਭਜਨ ਗਿੱਲ, ਸੁਖਵਿੰਦਰ ਅੰਮ੍ਰਿਤ, ਵਿਜੇ ਵਿਵੇਕ, ਹਰਿਭਜਨ ਸਿੰਘ ਭਾਟੀਆ, ਨਿਰਮਲ ਜਾਵੇਦ, ਬੀਬਾ ਬਲਵੰਤ, ਸੁਖਿੰਦਰ, ਦਲਵੀਰ ਕੌਰ, ਸਹਿਜਪ੍ਰੀਤ ਮਾਂਗਟ, ਨਰਿੰਦਰਪਾਲ ਕੌਰ, ਰੋਜ਼ੀ ਸਿੰਘ ਦੀ ਸ਼ਾਇਰੀ ਪੜ੍ਹਨ ਨੂੰ ਮਿਲਦੀ ਹੈ। 'ਸੰਵਾਦ ਦਰ ਸੰਵਾਦ' ਵਿੱਚ ਜਿਹੜੀ ਸ਼ਾਇਰੀ ਸੰਵਾਦ ਦੀ ਜੁਗਤ ਨਾਲ ਸਿਰਜੀ ਗਈ ਹੈ ਉਸ ਨੂੰ ਸੁਰਤਿ ਦੇ ਪੰਨਿਆਂ ਉੱਤੇ ਲਿਖਿਆ ਹੈ। ਜੰਗ ਨਾਲ ਸਬੰਧਿਤ ਕਵਿਤਾਵਾਂ ਤਹਿਤ ਫੈਜ਼ ਅਹਿਮਦ ਫ਼ੈਜ, ਸਾਹਿਰ ਲੁਧਿਆਣਵੀ, ਗੁਰਚਰਨ ਰਾਮਪੁਰੀ, ਅਹਿਮਦ ਸਲੀਮ, ਗੁਲਜ਼ਾਰ, ਬਾਬਾ ਨਜ਼ਮੀ ਦੀ ਸ਼ਾਇਰੀ ਪ੍ਰਕਾਸ਼ਤ ਕੀਤੀ ਗਈ ਹੈ।

ਗੁਰਦੀਪ ਧੀਮਾਨ ਦੀ ਫੋਟੋਗ੍ਰਾਫਰੀ ਤੇ ਅਮਰਜੀਤ ਗਰੇਵਾਲ ਦੀ ਫਟੋਗ੍ਰਾਫੀ ਬਾਰੇ ਲਿਖਤ ਵੀ ਸੁਰਤਿ ਨੂੰ ਵੱਖਰੇ ਐਂਗਲ ਤੋਂ ਵੇਖਣ ਲਈ ਮਜਬੂਰ ਕਰਦੀ ਹੈ। ਜਸਬੀਰ ਭੁੱਲਰ ਦੀ ਸਵੈ ਜੀਵਨੀ ਦਾ ਅੰਸ਼ 'ਓਹਲਿਆਂ ਅਤੇ ਹਨੇਰਿਆਂ ਦੇ ਦੀਵੇ' , ਅਜਾਇਬ ਸਿੰਘ ਹੁੰਦਲ ਦੀ ਡਾਇਰੀ 'ਕੁਝ ਵਰਕੇ ਮੇਰੇ ਮਾਜ਼ੀ ਦੇ', ਸੁਰਿੰਦਰ ਗੀਤ ਦੀਆਂ ਯਾਦਾਂ 'ਕੈਨੇਡਾ ਦਾ ਦੂਸਰਾ ਨਾਂ ਹੈ ਕੰਮ' ਵੱਖ ਵੱਖ ਵਿਧਾਵਾਂ ਨਾਲ ਮਿਆਰੀ ਸਮੱਗਰੀ ਨਾਲ ਹਾਜ਼ਰੀ ਲਗਵਾਈ ਗਈ ਹੈ। ਕਹਾਣੀ ਤੋਂ ਕਵਿਤਾ ਵੱਲ ਪਰਤੇ ਵਰਿਆਮ ਸਿੰਘ ਸੰਧੂ ਦੀ ਕਿਤਾਬ 'ਵਰ੍ਹਿਆਂ ਪਿੱਛੋਂ' ਉੱਤੇ ਦੋ ਗਲਪ ਆਲੋਚਕਾਂ ਡਾ. ਮਹਿਲ ਸਿੰਘ ਅਤੇ ਬਲਦੇਵ ਸਿੰਘ ਧਾਲੀਵਾਲ ਨੇ ਵਰਿਆਮ ਦੀ 'ਕਵਿਤਾ' ਬਾਰੇ ਲਿਖਿਆ ਹੈ। ਅਗਲੇ ਪੰਨਿਆਂ ਉੱਤੇ ਡਾ. ਗੁਰਉਪਦੇਸ਼ ਸਿੰਘ ਨੇ 'ਫ਼ੈਜ਼ ਦੀ ਕਵਿਤਾ ਪਿਆਰ ਵੀ ਹਥਿਆਰ ਵੀ' ਅਤੇ ਡਾ.ਯਾਦਵਿੰਦਰ ਸਿੰਘ ਨੇ 'ਦੇਵ-ਤੁਰਦੇ ਰਹਿਣਾ ਹੀ ਪੈਰਾਂ ਦਾ ਤਲਿੱਸਮ ਹੈ' ਸਮੀਖਿਆ ਲੇਖ ਲਿਖੇ ਹਨ। ਡਾ. ਪਰਮਜੀਤ ਢੀਂਗਰਾ ਨੇ ਆਪਣੀ ਲਿਖਤ 'ਚ 'ਗ਼ੁਲਾਮੀ ਦੀਆਂ ਯਾਦਾਂ' ਤਹਿਤ ਮੈਰੀ ਐਂਡਰਸਨ ਦਾ ਬਿਰਤਾਂਤ ਲਿਖਿਆ ਹੈ। ਹਰਜੀਤ ਅਟਵਾਲ ਦਾ ਸਫ਼ਰਨਾਮਾ 'ਸੋਲੋ ਹੌਲੀਡੇਜ਼', ਸਤਪਾਲ ਭੀਖੀ ਦੀ ਲਿਖਤ 'ਆਲੋਚਨਾ ਦੇ ਇਰਦ-ਗਿਰਦ' ਅਤੇ ਡਾ. ਬੂਟਾ ਸਿੰਘ ਬਰਾੜ ਦੀ ਲਿਖਤ 'ਡਾ. ਹਰਿਭਜਨ ਸਿੰਘ ਭਾਟੀਆ ਦਾ ਸਾਹਿਤ ਇਤਿਹਾਸ ਚਿੰਤਨ' ਆਪਣੀ ਪੜ੍ਹਨਯੋਗਤਾ ਬਣਾਈ ਰੱਖਦੀਆਂ ਹਨ। ਇੰਝ 'ਸੁਰਤਿ' ਦੇ ਸਾਰੇ ਸਫ਼ਿਆ ਉੱਤੇ ਮਿਆਰੀ ਲਿਖਤਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਸੁਰਤਿ ਦੇ ਸਫ਼ੇ :200, ਮੁੱਲ :250 ਰੁਪਏ ਹਨ। ਸੰਪਾਦਕੀ ਪਤਾ ਹੈ-113, ਕਬੀਰ ਪਾਰਕ, ਅੰਮ੍ਰਿਤਸਰ, e.mail-surtmagazine@gmail.com, ਸਰਪ੍ਰਸਤ :ਆਤਮ ਸਿੰਘ ਰੰਧਾਵਾ, ਸੰਪਾਦਕ :ਗੁਰਬੀਰ ਸਿੰਘ ਬਰਾੜ, ਸੰਪਰਕ :98150-73801

## ਚਿਰਾ.ਗ :ਜੁਲਾਈ-ਸਤੰਬਰ,2025


ਚਿਰਾ.ਗ-128 ਦੇ ਹੱਥਲੇ ਅੰਕ ਵਿੱਚ ਗੁਰਮੁਖੀ ਲਿਪੀ ਤੇ ਪੰਜਾਬੀ ਭਾਸ਼ਾ



ਤੇ ਸੰਪਾਦਕੀ ਲਿਖੀ ਹੈ। ਪੰਜਵੀ ਪੀੜ੍ਹੀ ਦੇ ਜ਼ਿਕਰਯੋਗ ਕਹਾਣੀਕਾਰਾਂ ਜਸਪਾਲ ਕੌਰ (ਕਮਲ਼ੇ), ਭੁਪਿੰਦਰ ਸਿੰਘ ਮਾਨ (ਦਾਤ) ਤੇ ਲਖਵਿੰਦਰ ਵਿਰਕ (ਦੋ ਮਿੰਟ ਦਾ ਮੋਨ) ਦੀਆਂ ਮਿਆਰੀ ਕਹਾਣੀਆਂ ਛਪੀਆਂ ਹਨ। ਜਸਵੰਤ ਜ਼ਫ਼ਰ ਦੀਆਂ ਪੰਜ, ਸੁਸ਼ੀਲ ਦੁਸਾਂਝ ਦੀਆਂ ਛੇ, ਤ੍ਰੈਲੋਚਨ ਲੋਚੀ ਦੀਅ ਸੱਤ, ਸਤਪਾਲ ਭੀਖੀ ਦੀਆਂ ਤਿੰਨ, ਮਲਵਿੰਦਰ ਦੀਆਂ ਛੇ, ਮੱਖਣ ਕੁਹਾੜ ਦੀਆਂ ਸੱਤ ਕਵਿਤਾਵਾਂ ਤੇ ਗ਼ਜ਼ਲਾਂ ਪ੍ਰਕਾਸ਼ਤ ਹੋਈਆਂ ਹਨ। ਸੁਰਿੰਦਰ ਸਿੰਘ ਨੇਕੀ ਦੀ 'ਗ਼ਦਰੀ ਗੁਲਾਬ' ਦੀ ਲਿਖਤ ਛਪੀ ਹੈ। ਡਾ. ਮਨਜਿੰਦਰ ਸਿੰਘ ਹੰਸਰਾਜ ਦਾ 'ਇੰਟਰਵਲ ਤੋਂ ਬਾਅਦ' (ਸਰਬਜੀਤ ਕੌਰ ਸੋਹਲ) ਤੇ ਹਰਵਿੰਦਰ ਸਿੰਘ ਦਾ 'ਛਲਾਵਿਆਂ ਦੀ ਰੁੱਤ' (ਅਲਫ਼ਾਜ਼) ਕਿਤਾਬਾਂ ਬਾਰੇ ਖੋਜ ਪੇਪਰ ਪ੍ਰਕਾਸ਼ਤ ਹੋਏ ਹਨ। ਚਿਰਾ.ਗ ਦੇ ਸਫ਼ੇ :88 ਤੇ ਮੁੱਲ :80 ਰੁਪਏ ਹੈ। ਸੰਪਾਦਕੀ ਪਤਾ ਹੈ-ਜੋਤੀ ਨਿਵਾਸ, 251/ ਨਿਊ ਹਰੀ ਨਗਰ, ਹੁਸਿਆਰਪੁਰ, e.mail-kjskurukshetra87@gmail.com ਸੰਪਾਦਕ :ਡਾ. ਕਰਮਜੀਤ ਸਿੰਘ ( 98763-99150-42242)

## ਛਿਣ : ਜੁਲਾਈ-ਸਤੰਬਰ,2025

ਮਿੰਨੀ ਕਹਾਣੀ ਦਾ ਪ੍ਰਸਾਰ ਕਰਨ ਵਾਲਾ 'ਛਿਣ-53' ਅੰਕ ਛਪ ਗਿਆ ਹੈ।



ਅੰਕ ਵਿੱਚ ਪੰਜਾਬੀ ਮਿੰਨੀ ਕਹਾਣੀ ਲੇਖਕਾ ਤਹਿਤ ਪਰਮਜੀਤ ਕੌਰ ਪੰਮੀ ਦੀਆਂ ਮਿੰਨੀ ਕਹਾਣੀਆਂ ਹਨ। ਗੁਰਸੇਵਕ ਸਿੰਘ ਰੋੜਕੀ ਦੀ ਕਹਾਣੀ 'ਤੇ ਡਾ. ਅਮਰ ਕੋਮਲ ਦੀਆਂ ਪੜਚੋਲ ਹੈ। ਨਕਸ਼ ਕਾਲਮ ਵਿੱਚ ਰਮੇਸ਼ ਕੁਮਾਰ ਸ਼ਰਮਾ ਦੀ ਜਾਣ ਪਛਾਣ ਨਾਲ ਮਿੰਨੀ ਕਹਾਣੀਆਂ ਹਨ। ਸੱਜਰੀ ਪੈੜ ਵਿੱਚ ਤ੍ਰਿਪਤ ਭੱਟੀ, ਭੁਪਿੰਦਰ ਸਿੰਘ ਆਸ਼ਟ, ਹਰਦੀਪ ਸੱਭਰਵਾਲ, ਸੁਖਦੇਵ ਸਿੰਘ ਔਲਖ, ਡਾ. ਸਾਧੂ ਰਾਮ ਲੰਗੇਆਣਾ, ਪਰਦੀਪ ਮਹਿਤਾ, ਦਵਿੰਦਰ ਪਟਿਆਲਵੀ, ਮਨਜੀਤ ਕੌਰ ਧੀਮਾਨ, ਐਡਵੋਕੇਟ ਤ੍ਰਿਪਤਾ ਬਰਮੌਤਾ, ਡਾ. ਪੂਨਮ ਗੁਪਤ, ਸ਼ਿਖਾ ਚਾਵਲਾ, ਸੀਮਾ ਭਾਟੀਆ, ਤ੍ਰਿਲੋਕ ਢਿੱਲੋਂ, ਨਵਦੀਪ ਸਿੰਘ ਮੁੰਡੀ, ਚਰਨ ਪੁਆਂਧੀ ਦੀਆਂ ਮਿੰਨੀ ਕਹਾਣੀਆਂ ਹਨ। ਜਗਦੀਸ਼ ਰਾਏ ਕੁਲਰੀਆਂ ਨੇ ਬਲਰਾਮ ਅਗਰਵਾਲ, ਡਾ. ਰਘੁਨੰਦਨ ਵਿਲੇ, ਡਾ. ਸ਼ੀਲ ਕੌਸ਼ਿਕ ਦੀਆਂ ਮਿੰਨੀ ਕਹਾਣੀਆਂ ਅਨੁਵਾਦ ਕੀਤੀਆਂ ਹਨ। ਛਿਣ ਦੇ ਸਫ਼ੇ :38, ਮੁੱਲ : 20 ਰੁਪਏ, ਮੁੱਖ ਸੰਪਾਦਕ :ਤ੍ਰਿਪਤ ਭੱਟੀ, ਸੰਪਾਦਕ ਦਵਿੰਦਰ ਪਟਿਆਲਵੀ (62839-76369)

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਕਹਾਣੀ ਦਰਬਾਰ ਦਾ ਆਯੋਜਨ

**ਨਵੀਂ ਦਿੱਲੀ :** ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਕਹਾਣੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪੰਜਾਬੀ ਦੇ ਤਿੰਨ ਕਹਾਣੀਕਾਰਾਂ ਨੇ



ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੇ ਪੂਰਬ ਮੁਖੀ, ਉੱਘੇ ਵਿਦਵਾਨ ਡਾ. ਮਨਜੀਤ ਸਿੰਘ ਨੇ ਕੀਤੀ।ਪ੍ਰੋਗਰਾਮ ਦੀ ਸ਼ੁਰੂਆਤ ਅਮਨਪ੍ਰੀਤ ਸਿੰਘ ਗਿੱਲ ਦੀ ਕਹਾਣੀ 'ਫਲੈਚਰ ਸਾਹਿਬ ਦੀ ਫਾਈਲ' ਨਾਲ ਹੋਈ। ਨਦੀ ਵਾਂਗ ਵਹਿੰਦੀ ਹੋਈ ਸਰੋਤਿਆਂ ਤੱਕ ਪਹੁੰਚੀ ਇਸ ਕਹਾਣੀ ਵਿਚ ਸੰਤਾਲੀ ਦੀ ਵੰਡ ਦੇ ਦੁਖਾਂਤ ਨੂੰ ਚਿਤਰਿਆ ਗਿਆ ਸੀ ਅਤੇ ਪ੍ਰਤੀਕਾਂ ਦੀ ਵਧੀਆ ਵਰਤੋਂ ਕੀਤੀ ਗਈ ਸੀ। ਬਲਜਿੰਦਰ ਨਸਰਾਲੀ ਨੇ ਆਪਣੀ ਚਰਚਿਤ ਕਹਾਣੀ 'ਔਰਤ ਦੀ ਸ਼ਰਨ ਵਿੱਚ' ਸੁਣਾਈ। ਇਸ ਕਹਾਣੀ ਦੀ ਪਿੱਠਭੂਮੀ ਵਿੱਚ ਭਾਵੇਂ ਡੋਗਰੀ ਸੱਭਿਆਚਾਰ ਸੀ ਪਰ ਅੰਤ ਤੱਕ ਪਹੁੰਚਦੇਪਹੁੰਚਦੇ ਇਹ ਕਹਾਣੀ ਇਕ ਖਾਸ ਤਰ੍ਹਾਂ ਦੇ ਯੂਨੀਵਰਸਲ ਸੱਭਿਆਚਾਰ ਅਤੇ ਉਸ ਦੀਆਂ ਵਰਤਮਾਨ ਸਮਾਜਿਕ, ਆਰਥਿਕ ਸਥਿਤੀਆਂ 'ਤੇ ਵਿਅੰਗ ਕਰਨ ਵਿੱਚ ਕਾਮਯਾਬ ਰਹੀ।ਡਾ. ਗੁਰਦੀਪ ਕੌਰ ਦੀ ਕਹਾਣੀ 'ਠਹਿਰੇ ਹੋਏ ਹੰਝੂ' ਵਿੱਚ ਦਿਵਯਾਂਗ ਬੱਚਿਆਂ ਦੇ ਮਨੋਵਿਗਿਆਨ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਸੀ।ਕਹਾਣੀ ਪਾਠ ਤੋਂ ਬਾਅਦ ਸੁਰਿੰਦਰ ਸਿੰਘ ਓਬਰਾਏ, ਡਾ. ਜਸਵਿੰਦਰ ਕੌਰ ਬਿੰਦਰਾ ਤੇ ਡਾ. ਵਨੀਤਾ ਨੇ ਚਰਚਾ ਵਿੱਚ ਭਾਗ ਲਿਆ। ਮੰਚ ਸੰਚਾਲਨ ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਕੀਤਾ।ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਮਨਜੀਤ ਸਿੰਘ ਨੇ ਪ੍ਰੋਗਰਾਮ ਵਿੱਚ ਪੜ੍ਹੀਆਂ ਗਈਆਂ ਕਹਾਣੀਆਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਤਿੰਨੇ ਕਹਾਣੀਆਂ ਵਿੱਚ ਆਪੋ ਆਪਣੇ ਵਿਸ਼ੇ ਨੂੰ ਖ਼ੂਬਸੂਰਤੀ ਨਾਲ ਨਜਿੱਠਿਆ ਗਿਆ ਹੈ। ਉਨ੍ਹਾਂ ਨੇ ਪੰਜਾਬੀ ਸਾਹਿਤ ਸਭਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਜਗਤਾਰ ਜੀਤ, ਮਹਿੰਦਰ ਸਿੰਘ ਕੂਕਾ, ਜਸਵੰਤ ਸਿੰਘ ਸੇਖਵਾਂ, ਰਾਜਿੰਦਰ ਬਿਆਲਾ, ਜਤਿੰਦਰ ਪਾਲ ਸਿੰਘ ਬੇਦੀ, ਡਾ. ਹਰਵਿੰਦਰ ਸਿੰਘ, ਗਗਨ ਸੰਧੂ, ਵਰਿੰਦਰ ਨਾਥ, ਲਵਪ੍ਰੀਤ ਸਿੰਘ ਫੇਰੋਕੇ, ਡਾ. ਦੀਪਾ, ਕਰਨਜੀਤ ਕੋਮਲ, ਰਵਿੰਦਰ ਰੁਪਾਲ, ਖੋਜਾਰਥੀ, ਵਿਦਿਆਰਥੀ ਅਤੇ ਪੰਜਾਬੀ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਮੌਜੂਦ ਰਹੇ।

# ਸਾਹਿਤਕਾਰ ਸੁਰਜੀਤ ਮੰਨਣਹਾਨੀ ਸਨਮਾਨਤ

**ਮਾਹਿਲਪੁਰ :** ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਮਾਹਿਲਪੁਰ ਇਲਾਕੇ ਦੇ ਉੱਘੇ ਸਾਹਿਤਕਾਰ ਸੁਰਜੀਤ ਸਿੰਘ ਮੰਨਣਹਾਨੀ ਨਾਲ ਇੱਕ ਸਾਹਿਤਕ ਮਿਲਣੀ ਦਾ ਆਯੋਜਨ ਪ੍ਰਿੰਸੀਪਲ ਮਨਜੀਤ ਕੌਰ ਦੀ ਅਗਵਾਈ ਹੇਠ ਕਰੂੰਬਲਾਂ ਭਵਨ ਵਿੱਚ ਕੀਤਾ ਗਿਆ। ਇਸ ਮੌਕੇ ਉਨ੍ਹਾਂ ਆਪਣੇ ਸਾਹਿਤਕ ਸਫ਼ਰ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ



ਇਤਿਹਾਸਕ ਪਿੰਡ ਮੰਨਣਹਾਨਾ ਵਿੱਚ ਜਨਮ ਲੈਣ ਉਪਰੰਤ ਉਹਨਾਂ ਨੇ ਸਾਇੰਸ ਦੀ ਪੜ੍ਹਾਈ ਕਰਕੇ ਅਧਿਆਪਨ ਕਿੱਤਾ ਚੁਣ ਕੇ ਸਾਹਿਤ ਸਿਰਜਣਾ ਦਾ ਰਾਹ ਅਪਣਾਇਆ। ਅੱਜ ਤੱਕ ਉਹਨਾਂ ਦੀਆਂ ਚਾਰ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੀ ਸ਼ਖਸ਼ੀਅਤ ਅਤੇ ਸਿਰਜਣਾ ਬਾਰੇ ਬੋਲਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਜਿੱਥੇ ਉਹ ਇੱਕ ਸਫ਼ਲ ਅਧਿਆਪਕ ਹਨ ਉੱਥੇ ਉਹ ਸਾਹਿਤ ਦੇ ਸਨਮਾਨਿਤ ਸਿਰਜਕ ਵੀ ਹਨ। ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੇ ਦਿਲਾਂ ਵਿੱਚ ਉਨ੍ਹਾਂ ਦਾ ਪੂਰਾ ਮਾਣ ਸਨਮਾਨ ਹੈ।ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਜਗਦੀਸ਼ ਸਿੰਘ, ਪੁਸਤਕ ਪ੍ਰੇਮੀ ਚੈਂਚਲ ਸਿੰਘ ਬੈਂਸ, ਰਘੁਵੀਰ ਸਿੰਘ ਕਲੋਆ, ਕ੍ਰਿਸ਼ਨਜੀਤ ਰਾਓ ਕੈਂਡੋਵਾਲ ਅਤੇ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਟਰੱਸਟ ਵੱਲੋਂ ਜਿੱਥੇ ਬਾਲ ਸਾਹਿਤ ਦੇ ਸਿਰਜਕਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਉੱਥੇ ਇਲਾਕੇ ਨੂੰ ਨਵੀਆਂ ਲੀਹਾਂ ਪ੍ਰਦਾਨ ਕਰਨ ਵਾਲੇ ਰਾਹ ਦਸੇਰਿਆਂ ਦਾ ਵੀ ਮਾਣ ਸਨਮਾਨ ਕੀਤਾ ਜਾਂਦਾ ਹੈ।ਮੰਚ ਸੰਚਾਲਨ ਕਰਦਿਆਂ ਸੁਖਮਨ ਸਿੰਘ ਨੇ ਆਪਣੀਆਂ ਕਲਾਤਮਕ ਰੀਝਾਂ ਦਾ ਬਾਖ਼ੂਬੀ ਪ੍ਰਗਟਾਵਾ ਕੀਤਾ।

# ਨਰੋਏ ਸਾਹਿਤ ਦੀ ਸਿਰਜਣਾ ਲਈ ਨਰੋਈ ਸਿਹਤ ਲਾਜ਼ਮੀ : ਡਾ. ਅਮਨਦੀਪ ਟੱਲੇਵਾਲੀਆ



**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਬੋਲਦਿਆਂ ਡਾ. ਅਮਨਦੀਪ ਟੱਲੇਵਾਲੀਆ ਨੇ ਹੋਮਿਓਪੈਥੀ ਬਾਰੇ ਵਿਸਥਾਰ ਸਹਿਤ ਚਰਚਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਹੋਮਿਓਪੈਥੀ ਨਿਰੋਲ ਵਿਗਿਆਨਕ ਪੈਥੀ ਹੈ ਅਤੇ ਇਹ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਕਾਰਗਰ ਸਿੱਧ ਹੁੰਦੀ ਹੈ। ਇਹ ਸਮਾਗਮ ਗ਼ਜ਼ਲਗੋ ਜਗਜੀਤ ਸਿੰਘ ਲੱਡਾ ਦੀ ਪ੍ਰਧਾਨਗੀ ਵਿੱਚ ਹੋਇਆ। ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਗੁਰਮੁੱਖ ਸਿੰਘ ਦਿਲਬਰ, ਕਰਮ ਸਿੰਘ ਜ਼ਖ਼ਮੀ ਅਤੇ ਰਜਿੰਦਰ ਸਿੰਘ ਰਾਜਨ ਸ਼ਾਮਲ ਹੋਏ। ਇਸ ਮੌਕੇ ਡਾ. ਟੱਲੇਵਾਲੀਆ ਵੱਲੋਂ ਲੇਖਕ ਭਵਨ ਦੀ ਲਾਇਬਰੇਰੀ ਲਈ ਦੋ ਸੌ ਦੇ ਕਰੀਬ ਮਿਆਰੀ ਪੁਸਤਕਾਂ ਭੇਟ ਕੀਤੀਆਂ ਗਈਆਂ। ਸਭਾ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਲਈ ਵਡਮੁੱਲਾ ਯੋਗਦਾਨ ਪਾਉਣ ਅਤੇ ਖ਼ਾਸ ਕਰਕੇ ਸਾਹਿਤਕਾਰਾਂ ਦਾ ਇਲਾਜ ਬਿਨਾਂ ਪੈਸੇ ਲਏ ਕਰਨ ਦੇ ਮਹਾਨ ਕਾਰਜ ਲਈ ਸਨਮਾਨਿਤ ਵੀ ਕੀਤਾ ਗਿਆ।

ਉਪਰੰਤ ਵਿਸ਼ਾਲ ਸਾਵਣ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਸੁਰਜੀਤ ਸਿੰਘ ਮੌਜੀ, ਸੁਖਵਿੰਦਰ ਸਿੰਘ ਲੋਟੇ, ਬਿੱਕਰ ਸਿੰਘ ਸਟੈਨੋ, ਜੰਟੀ ਬੇਤਾਬ, ਕਰਨੈਲ ਸਿੰਘ ਬੀਂਬੜ, ਸਰਬਜੀਤ ਸੰਗਰੂਰਵੀ, ਹਾਕਮ ਸਿੰਘ ਰੂੜੇਕੇ, ਸੁਖਵਿੰਦਰ ਸਿੰਘ ਸਨੇਹ, ਡਾ. ਮਨਜਿੰਦਰ ਸਿੰਘ, ਡਾ. ਮਨੀਸ਼ਾ ਰਾਣੀ, ਗਗਨਪ੍ਰੀਤ ਕੌਰ, ਅਮਨ ਜੱਖਲਾਂ, ਹਰਮਨਪ੍ਰੀਤ ਸਿੰਘ ਜੱਖਲਾਂ, ਧਰਮਵੀਰ ਸਿੰਘ, ਗੁਰਮੁਖ ਸਿੰਘ ਦਿਲਬਰ, ਪੰਥਕ ਕਵੀ ਲਾਭ ਸਿੰਘ ਝੱਮਟ, ਮੁਲਖ ਰਾਜ ਲਹਿਰੀ, ਹਨੀ ਸੰਗਰਾਮੀ, ਭੋਲਾ ਸਿੰਘ ਸੰਗਰਾਮੀ, ਮੱਘਰ ਸਿੰਘ ਕਰਤਾਰਪੁਰਾ, ਰਜਿੰਦਰ ਸਿੰਘ ਰਾਜਨ, ਕਰਮ ਸਿੰਘ ਜ਼ਖ਼ਮੀ, ਆਦਿ ਪੰਜ ਦਰਜਨ ਤੋਂ ਵੱਧ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ। ਸੁਖਵਿੰਦਰ ਸਿੰਘ ਲੋਟੇ ਵੱਲੋਂ ਹਰ ਵਾਰ ਦੀ ਤਰ੍ਹਾਂ ਸਿਖਿਆਰਥੀਆਂ ਲਈ ਅਰੂਜ਼ ਸੰਬੰਧੀ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਡਾ. ਸੁਰਜੀਤ ਸਿੰਘ ਭੱਟੀ ਦੀ 'ਸਮ ਪ੍ਰੌਮੀਨੈਂਟ ਸਿੱਖ ਸਾਇੰਟਿਸਟਸ' ਰਿਲੀਜ਼



**ਕੈਲਗਰੀ :** 'ਪੁਸਤਕ ਜਦੋਂ ਛਪ ਗਈ, ਉਸ ਨੂੰ ਤੁਰੰਤ ਪਾਠਕਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ। ਜ਼ਰੂਰੀ ਨਹੀਂ ਕਿ ਉਸ ਨੂੰ ਵੱਡੇ-ਵੱਡੇ ਸਮਾਗਮ ਕਰਕੇ ਅਤੇ ਵੱਡੇ-ਵੱਡੇ ਲੇਖਕਾਂ ਤੇ ਹੋਰ ਪਤਵੰਤਿਆਂ ਦਾ ਇਕੱਠ ਕਰਕੇ ਹੀ ਰਿਲੀਜ਼ ਕੀਤਾ ਜਾਵੇ।' ਇਸ ਗੱਲ ਨੂੰ ਠੀਕ ਸਿੱਧ ਕਰ ਦਿਖਾਇਆ ਕੈਲਗਰੀ ਨਿਵਾਸੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਟਾਇਰਡ ਡੀਨ, ਡਾਕਟਰ ਸੁਰਜੀਤ ਸਿੰਘ ਭੱਟੀ ਨੇ। ਉਹਨਾਂ ਨੇ ਪਿੱਛੇ ਜਿਹੇ ਬੜੀ ਖੋਜ ਕਰਕੇ ਇੱਕ ਪੁਸਤਕ 'ਸਮ ਪ੍ਰੌਮੀਨੈਂਟ ਸਿੱਖ ਸਾਇੰਟਿਸਟਸ' ਅੰਗਰੇਜ਼ੀ ਵਿਚ ਲਿਖੀ ਸੀ। ਇਸ ਨੂੰ ਚੇਤਨਾ ਪ੍ਰਕਾਸ਼ਨ ਵਾਲਿਆਂ ਨੇ ਛਾਪਿਆ ਹੈ ਅਤੇ ਹੁਣੇ ਹੀ ਇਹ ਪੁਸਤਕ ਛਪ ਕੇ ਆਈ ਹੈ। ਡਾਕਟਰ ਸੁਰਜੀਤ ਸਿੰਘ ਭੱਟੀ, ਅਜੇ ਹੁਣੇ ਹੀ ਸਿਹਤ ਠੀਕ ਨਾ ਹੋਣ ਕਾਰਨ ਕੁਝ ਦਿਨ ਹਸਪਤਾਲ ਰਹਿ ਕੇ ਆਏ ਸਨ। ਉਹਨਾਂ ਨੇ ਪੁਸਤਕ ਛਪਣ 'ਤੇ ਇੱਕਦਮ ਹੀ ਇਸ ਨੂੰ ਲੋਕ-ਅਰਪਣ ਕਰਨ ਦਾ ਮਨ ਬਣਾਇਆ।

# ਪ੍ਰੇਮ ਭੂਸ਼ਨ ਗੋਇਲ ਤੇ ਭੁਪਿੰਦਰ ਕੌਰ ਵਾਲੀਆ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਪਟਿਆਲਾ :** ਡਾ. ਦਰਸ਼ਨ ਸਿੰਘ ਆਸ਼ਟ ਨੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਪ੍ਰੇਮ ਭੂਸ਼ਨ ਗੋਇਲ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹਨਾਂ ਨੇ ਪੰਜਾਬੀ ਵਿੱਚ ਮਿਆਰੀ ਬਾਲ ਸਾਹਿਤ ਦੀ ਸਿਰਜਣਾ ਕਰਕੇ ਮਾਤ ਭਾਸ਼ਾ ਦਾ ਗੌਰਵ ਵਧਾਇਆ।



ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਪ੍ਰੇਮ ਭੂਸ਼ਨ ਗੋਇਲ ਅਤੇ ਉੱਘੀ ਪੰਜਾਬੀ ਕਵਿੱਤਰੀ ਭੁਪਿੰਦਰ ਕੌਰ ਵਾਲੀਆ।

ਜ਼ਿਕਰਯੋਗ ਹੈ ਕਿ ਲੰਮਾ ਸਮਾਂ ਪਟਿਆਲਾ ਦੀ ਤੇਜ ਬਾਗ ਕਲੋਨੀ ਵਿੱਚ ਰਹਿੰਦੇ ਰਹੇ ਸ੍ਰੀ ਪ੍ਰੇਮ ਭੂਸ਼ਨ ਗੋਇਲ ਦਾ ਬੀਤੇ ਕੱਲ੍ਹ ਲੁਧਿਆਣਾ ਵਿਖੇ ਦਿਹਾਂਤ ਹੋ ਗਿਆ ਸੀ। ਉਹ ਸਾਬਕਾ ਆਈ ਏਐਸ ਅਤੇ ਉਘੇ ਲੇਖਕ ਤੇ ਅਨੁਵਾਦਕ ਜੰਗ ਬਹਾਦਰ ਗੋਇਲ ਦੇ ਵੱਡੇ ਭਰਾਤਾ ਅਤੇ ਅਯੁਧਿਆ ਯੂਨੀਵਰਸਿਟੀ ਦੀ ਸਾਬਕਾ ਵਾਈਸ-ਚਾਂਸਲਰ ਡਾ. ਪ੍ਰਤਿਭਾ ਗੋਇਲ ਦੇ ਪਿਤਾ ਸਨ।ਗੋਇਲ ਦਾ ਭੋਗ 17 ਅਗਸਤ, 2025 ਨੂੰ ਬਾਅਦ ਦੁਪਹਿਰ 1 ਵਜੇ ਪੰਜਾਬ ਖੇਤੀਬਾੜੀ ਲੁਧਿਆਣਾ ਦੇ ਫੈਕਲਟੀ ਕਲੱਬ ਵਿਖੇ ਪਵੇਗਾ।

ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੇ ਸੀਨੀਅਰ ਮੈਂਬਰ ਅਤੇ ਕਵਿੱਤਰੀ ਭੁਪਿੰਦਰ ਕੌਰ ਵਾਲੀਆ ਦਾ ਬੀਤੇ ਦਿਨੀ ਪਟਿਆਲਾ ਵਿਖੇ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਸ਼ਹੀਦ ਊਧਮ ਸਿੰਘ ਤੇ ਮੁਹੰਮਦ ਰਫੀ ਦੀ ਯਾਦ 'ਚ ਸਮਾਗਮ



**ਅੰਮ੍ਰਿਤਸਰ :** ਗਲੋਅ ਬੱਲ ਆਰਟ ਕ੍ਰੀਏਸ਼ਨਜ਼ ਵੱਲੋਂ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਅਤੇ ਮੁਹੰਮਦ ਰਫੀ ਦੀ ਬਰਸੀ 'ਤੇ ਸਾਹਿਤਕ ਅਤੇ ਸਗੀਤਕ ਸਮਾਗਮ ਦਾ ਅਯੋਜਨ ਕੀਤਾ ਗਿਆ।ਜਸਪਾਲ ਸਿੰਘ ਬੱਲ ਦੇ ਗ੍ਰਹਿ ਵਿਖੇ ਹੋਏ ਇਸ ਸੰਖੇਪ ਪਰ ਅਰਥ ਭਰਪੂਰ ਸਮਾਗਮ ਦਾ ਆਗਾਜ਼ ਆਰਟ ਕ੍ਰੀਏਸ਼ਨਜ਼ ਦੇ ਪ੍ਰਧਾਨ ਡਾ. ਮਨਜੀਤ ਸਿੰਘ ਬੱਲ ਦੇ ਸਵਾਗਤੀ ਸਬਦਾਂ ਨਾਲ ਹੋਇਆ।ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸ਼ਹੀਦ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਵਸ ਤੇ ਯਾਦ ਕਰਦਿਆਂ ਕਿਹਾ ਸ਼ਹੀਦ ਊਧਮ ਸਿੰਘ ਵਲੋਂ 21 ਵਰ੍ਹਿਆਂ ਬਾਅਦ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦਾ ਲਿਆ ਬਦਲਾ ਸਾਨੂੰ ਹਮੇਸ਼ਾ ਦੇਸ ਪ੍ਰਤੀ ਹਿੰਮਤ ਅਤੇ ਦ੍ਰਿੜਤਾ ਵਾਲੇ ਸੰਕਲਪ ਦੀ ਯਾਦ ਦਿਵਾਉਂਦਾ ਹੈ।ਨੇਤਰ ਸਰਜਨ ਅਤੇ ਸਾਹਿਤਕਾਰ ਡਾ ਬਲਜੀਤ ਸਿੰਘ ਢਿੱਲੋਂ ਨੇ ਕਿਹਾ ਸਾਨੂੰ ਹਮੇਸ਼ਾ ਸ਼ਹੀਦਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਦੀ ਬਦੌਲਤ ਅਸੀਂ ਅਜਾਦੀ ਦਾ ਨਿੱਘ ਮਾਣ ਰਹੇ ਹਾਂ।ਮੁਹੰਮਦ ਰਫੀ ਦੀ ਯਾਦ ਵਿਚ ਹੋਏ ਸਗੀਤਕ ਪ੍ਰੋਗਰਾਮ ਵਿਚ ਮਨਜੀਤ ਸਿੰਘ ਬੱਲ, ਜਸਪਾਲ ਸਿੰਘ, ਜੋਰਾ ਬੱਲ, ਮੋਹਨ ਬਆਲਾ, ਅਨਿਲ ਮਹਿਰਾ, ਰਜਵੰਤ ਸਿੰਘ, ਜਗੀਰ ਸਿੰਘ, ਇੰਦਰਜੀਤ ਕੌਰ, ਮਨਜਿੰਦਰ ਸਿੰਘ ਅਤੇ ਉਮੀਦ ਕੌਰ ਆਦਿ ਨੇ ਮੁਹੰਮਦ ਰਫੀ ਦੇ ਗਾਏ ਸਦ- ਬਹਾਰ ਨਗਮੇ ਤਰੁੰਨਮ ਵਿਚ ਗਾ ਕੇ ਮਹਿਫ਼ਲ ਨੂੰ ਸੰਗੀਤਕ ਮਹੌਲ ਬਖ਼ਸ਼ਿਆ।ਇਸ ਮੌਕੇ ਡਾ ਬਲਜੀਤ ਸਿੰਘ ਢਿੱਲੋਂ ਦੀ ਕਥਾ ਪੁਸਤਕ ਯੱਖ ਰਾਤ ਦੀ ਮੌਤ ਵੀ ਲੋਕ ਅਰਪਿਤ ਕੀਤੀ ਗਈ।

# 'ਨੂਰੀ ਚਾਨਣ' ਲੋਕ ਅਰਪਣ



**ਸੰਗਰੂਰ :** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਡੇਰਾ ਸਤਿਗੁਰ ਤੂੰ ਕਮੇਟੀ ਪਿੰਡ ਚੱਠੇ ਸੇਖਵਾਂ ਦੇ ਸਹਿਯੋਗ ਨਾਲ ਸਤਿਗੁਰ ਤੂੰ ਦੀ ਚੌਥੀ ਬਰਸੀ ਮੌਕੇ ਪਿੰਡ ਚੱਠੇ ਸੇਖਵਾਂ ਵਿਖੇ ਪੰਜਾਬੀ ਦੇ ਸਿਰਮੌਰ ਸਾਹਿਤਕਾਰ ਸੁਰਜੀਤ ਸਿੰਘ ਮੌਜੀ ਦੀ ਪੁਸਤਕ 'ਨੂਰੀ ਚਾਨਣ' ਲੋਕ ਅਰਪਣ ਕੀਤੀ ਗਈ।ਪੁਸਤਕ ਲੋਕ ਅਰਪਣ ਤੋਂ ਪਹਿਲਾਂ ਮੰਚ ਸੰਚਾਲਨ ਕਰ ਰਹੇ ਵਿਸ਼ਵ ਪ੍ਰਸਿੱਧ ਪੰਜਾਬੀ ਗੀਤਕਾਰ ਅਤੇ ਗਾਇਕ ਕੁਲਵੰਤ ਉੱਪਲੀ ਨੇ ਸਤਿਗੁਰ ਤੂੰ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਹਾਜ਼ਰ ਲੇਖਕਾਂ ਨੇ ਸੁਰਜੀਤ ਸਿੰਘ ਮੌਜੀ ਦੀਆਂ ਸਾਹਿਤਕ ਸਰਗਰਮੀਆਂ ਦੀ ਭਰਪੂਰ ਚਰਚਾ ਕਰਦਿਆਂ ਉਨ੍ਹਾਂ ਨੂੰ ਨਵੀਂ ਅਤੇ ਨਵੇਕਲੀ ਪੁਸਤਕ ਦੀ ਪ੍ਰਕਾਸ਼ਨਾ ਦੀ ਵਧਾਈ ਦਿੱਤੀ।ਇਸ ਮੌਕੇ ਡੇਰਾ ਸਤਿਗੁਰ ਤੂੰ ਕਮੇਟੀ ਵੱਲੋਂ ਮੌਜੀ ਸਾਹਿਬ ਨੂੰ ਸਨਮਾਨਿਤ ਵੀ ਕੀਤਾ।ਇਸ ਸਮਾਗਮ ਵਿੱਚ ਕਰਮ ਸਿੰਘ ਜ਼ਖ਼ਮੀ, ਰਜਿੰਦਰ ਸਿੰਘ ਰਾਜਨ, ਗੁਰਜੰਟ ਸਿੰਘ ਸਾਰੋਂ, ਲਾਭ ਸਿੰਘ ਝੱਮਟ, ਸਿੱਧੂ ਹਸਨਪੁਰੀ, ਪਵਨ ਕੁਮਾਰ ਹੋਸ਼ੀ, ਬਹਾਦਰ ਸਿੰਘ ਧੌਲਾ, ਜਗਜੀਤ ਸਿੰਘ ਲੱਡਾ, ਸੁਖਵਿੰਦਰ ਸਿੰਘ ਲੋਟੇ, ਸਰਬਜੀਤ ਸਿੰਘ ਸੰਗਰੂਰਵੀ, ਭੁਪਿੰਦਰ ਨਾਗਪਾਲ, ਸ਼ਿਵ ਕੁਮਾਰ ਅੰਬਾਲਵੀ, ਕੁਲਵਿੰਦਰ ਸੰਧੂ, ਪਰਗਟ ਸਿੰਘ, ਲਾਲੀ ਸਿੰਘ, ਪਿਲੂ ਸ਼ਰਮਾ, ਭੋਲਾ ਦੀਦੋਕਾ, ਗੁਰਜੰਟ ਸਿੰਘ, ਗਿਆਨੀ ਪਲਵਿੰਦਰ ਸਿੰਘ, ਰਾਮ ਸਿੰਘ ਸੰਜੂਮਾ, ਸੀਤਾ ਸਿੰਘ, ਮਹਿੰਦਰ ਸਿੰਘ, ਦੇਬੂ ਸਿੰਘ, ਬੰਤ ਸਿੰਘ ਜੇਈ, ਸੰਗਤ ਕੁਲਤਾਰ, ਸੁਖਵਿੰਦਰ ਉੱਭਾਵਾਲੀਆ, ਕੁਲਵੰਤ ਉੱਪਲੀ, ਦਰਸ਼ਨ ਸਿੰਘ ਸਰਪੰਚ-91, ਬੰਟੀ ਸਿੰਘ, ਸ਼ੰਮੀ ਸਿੰਘ, ਭੁਪਿੰਦਰ ਸ਼ਰਮਾ, ਗੁਰਦੀਪ ਸਿੰਘ ਅਤੇ ਮਨੀ ਸਿੰਘ ਆਦਿ ਮੈਂਬਰ ਸਾਹਿਬਾਨ ਹਾਜ਼ਰ ਸਨ।

# ਪਾਠਕਾਂ ਦੇ ਝਰੋਖੇ 'ਚੋਂ

## ਬੇਰੁਜ਼ਗਾਰੀ : ਫਾਸ਼ੀਵਾਦ ਬਨਾਮ ਸਮਾਜਵਾਦ !

3 ਅਗਸਤ ਦੇ ਐਤਵਾਰਤਾ ਵਿਚ ਚਿੰਤਕ ਜਗਰੂਪ ਨੇ ਬੇਰੁਜ਼ਗਾਰੀ ਦਾ ਫਾਸ਼ੀਵਾਦ ਤੇ ਸਮਾਜਵਾਦ, ਪੂੰਜੀਵਾਦ ਨਾਲ ਆਪਸੀ ਸੰਬੰਧਾਂ ਦੀ ਸਾਰਥਿਕ ਚਰਚਾ ਕੀਤੀ ਹੈ। ਜਿਵੇਂ ਪ੍ਰੋ ਮੋਹਨ ਸਿੰਘ ਨੇ ਲਿਖਿਆ ਹੈ ਕਿ ਦੁਨੀਆਂ ਵਿਚ ਮੁੱਖ ਦੋ ਹੀ ਧਿਰਾਂ ਹਨ।ਇਕ ਲੁੱਟਣ ਵਾਲੇ ਦੂਸਰੇ ਉਹ ਜੋ ਲੁਟੇ ਜਾ ਰਹੇ ਹਨ ।ਕਿਰਤੀ ਮਿਹਨਤਕਸ਼ ਮੁਲਾਜ਼ਮ ਸਭ ਲੁਟੇ ਜਾਣ ਵਾਲੇ ਲੋਕ ਹਨ।ਇਨ੍ਹਾਂ ਆਮ ਲੋਕਾਂ ਵਿਚੋਂ ਹੀ ਬੇਰੁਜ਼ਗਾਰ ਪੈਦਾ ਹੁੰਦੇ ਹਨ।ਅਮੀਰ ਤੇ ਪੈਸੇ ਵਾਲੇ ਧਨਾਢ ਲੋਕ ਪੈਸ਼ਾ ਇਕਠਾਂ ਕਰਦੇ ਤਜੌਰੀਆਂ ਭਰਦੇ ਹਨ। ਸਰਮਾਇਦਾਰ ਸਰਕਾਰਾਂ ਗਰੀਬ ਦੇ ਦੁੱਖਾਂ ਨੂੰ ਨਹੀਂ ਸਮਝਦੀਆਂ ।ਉਹ ਸ਼ੋਸ਼ਣ ਕਰਕੇ ਮਾੜੇ ਬੰਦੇ ਨੂੰ ਲਾਲੀਪਾਪ ਵਿਖਾ ਕੇ ਗੱਦੀਆਂ 'ਤੇ ਬੈਠ ਜਾਣ ਨੂੰ ਆਪਣਾ ਹੱਕ ਸਮਝਦੇ ਹਨ ।ਜਦੋਂ ਕਿਰਤ ਦਾ ਸਹੀ ਮੁੱਲ ਨਾ ਪਵੇ ਤਾਂ ਬੇਰੁਜ਼ਗਾਰੀ ਪੈਦਾ ਹੋਵੇਗੀ।ਜਗਰੂਪ ਦਾ ਲੇਖ ਬਹੁਤ ਸਾਰੇ ਸਵਾਲ ਖੜੇ ਕਰਦਾ ਹੈ ਕਦੇ ਵੇਖਿਆ ਕਿ ਸਾਡੇ ਕਈ ਨਿੱਜੀ ਆਪਣੇ ਕਾਮਿਆਂ ਨੂੰ ਅਦਾਰੇ ਕੀ ਉਜ਼ਰਤ ਦਿੰਦੇ ਹਨ। ਕਿੰਨੇ ਘੰਟੇ ਕੰਮ ਲੈਂਦੇ ਹਨ।ਸਰਕਾਰੀ ਨੌਕਰੀਆਂ ਵੱਲ ਲੋਕਾਂ ਦੀ ਖਿਚ ਕਿਉਂ ਹੈ।ਕਿਉਂਕਿ ਨੌਕਰੀ ਦੀ ਸੁਰੱਖਿਅਤਾ ਹੈ।ਯੂ ਪੀ ਦੇ ਕਮਿਊਨਿਸਟ ਆਗੂ ਸਰਜੂ ਪਾਂਡੇ ਦੇ ਜੀਵਨ ਦੀ ਜਾਣਕਾਰੀ ਮਿਲੀ ਸਰਜੂ ਪਾਂਡੇ ਦੇਸ਼ ਨੂੰ ਮਿਲੀ ਆਜ਼ਾਦੀ ਤੋਂ ਸੰਤੁਸ਼ਟ ਨਹੀ ਸੀ ਅਜੇ ਵੀ ਆਜ਼ਾਦੀ ਤੋਂ ਲੋਕ ਸੰਤੁਸ਼ਟ ਨਹੀਂ ਹਨ। ਕਹਿੰਦੇ ਆਮ ਸੁਣੇ ਜਾਂਦੇ ਹਨ ਕਿ ਕਈ ਗੱਲਾਂ ਵਿਚ ਅੰਗਰੇਜ਼ਾਂ ਦਾ ਰਾਜ ਚੰਗਾ ਸੀ।ਗੋਰੇ ਚਲੇ ਗਏ ਸਾਡੇ 'ਤੇ ਰਾਜ ਕਰਨ ਵਾਲੇ ਕਾਲੇ ਅੰਗਰੇਜ਼ ਆ ਗਏ।ਵਿਜੇ ਬੰਬੇਲੀ ਨੇ ਆਦਮਪੁਰ ਦਾ ਇਤਿਹਾਸ ਲਿਖ ਕੇ ਜਾਣਕਾਰੀ ਦਿੱਤੀ ਹੈ। ਦ੍ਰਿਸ਼ਟੀਕੋਣ ਨੇ ਭਾਰਤ ਅਮਰੀਕਾ ਸੰਬੰਧਾਂ ਤੇ ਸਾਰਥਿਕ ਵਿਚਾਰ ਲਿਖੇ ਹਨ। ਗਾਜ਼ਾ ਵਿਚ ਭੁੱਖੇ ਤੇ ਵਿਲਕਦੇ ਲੋਕਾਂ ਦੀ ਤਸਵੀਰ ਵੇਖ ਕੇ ਸੁਰਜੀਤ ਸੁਮਨ ਨੇ ਹਾਅ ਦਾ ਨਾਅਰਾ ਲਾਇਆ ਹੈ। ਦਾਦਰ ਪੰਡੋਰਵੀ ਦੀ ਗ਼ਜ਼ਲਾਂ ਪੜ੍ਹ ਕੇ ਮਨ ਖੁਸ਼ ਹੋਇਆ।ਡਾ. ਮੰਡ ਦੀ ਰਚਨਾ ਸਾਡੇ ਗਿਆਰਾ ਹਜ਼ਾਰ ਦਿਲਚਸਪ ਹੈ। ਬਾਲ ਕੋਨਾ ਵੀ ਠੀਕ ਹੈ, ਕਿਤਾਬਾਂ ਬਾਰੇ ਵੀ ਪੜ੍ਹ ਕੇ ਤਸਲੀ ਹੋਈ ਖਾਸ ਕਰਕੇ ਕਿਤਾਬ ਸਲੋਚਨਾ ਦਾ ਰਿਵਿਊ ਤੇ ਸੰਤਾਲੀ ਤੋਂ ਚੁਰਾਸੀ ਤੱਕ ਦੀਆਂ ਘਟਨਾਵਾਂ ਬਾਰੇ ਤਸਵੀਰਾਂ ਦੀ ਜ਼ਬਾਨੀ।ਇਹ ਸਾਡੇ ਦੇਸ਼ ਦਾ ਖ਼ੂਨੀ ਇਤਿਹਾਸ ਹੈ।

- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਸਾਵਧਾਨ ! ਤੁਸੀਂ ਨਿਗਰਾਨੀ ਹੇਠ ਹੋ : ਹਰਵਿੰਦਰ ਭੰਡਾਲ**

**ਮੌਲਾਨਾ ਹਸਰਤ ਮੋਹਾਨੀ : ਅਨਿਲ ਰਾਜੀਮਵਾਲੇ**

**'ਟਾਕੀਆਂ ਵਾਲਾ ਪਜਾਮਾ' : ਬਲਵਿੰਦਰ ਸਿੰਘ ਗਰੇਵਾਲ (ਫੋਕਸ) ਡਾ. ਜੇ ਬੀ ਸੇਖੋਂ**

**ਰਣਜੀਤ ਸਰਾਂਵਾਲੀ ਦੀਆਂ .ਗਜ਼ਲਾਂ ਤੇ ਹੋਰ ਬਹੁਤ ਕੁਝ**

# ਡਾ. ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ



## ਫ਼ਾਸਲਾ

ਜੇਠ ਮਹੀਨੇ ਦੀ ਸਿਖ਼ਰ ਦੁਪਹਿਰ ਸਮੇਂ ਕਣੀਆਂ ਦੀ ਮੱਠੀ-ਮੱਠੀ ਭੂਰ ਪੈ ਰਹੀ ਸੀ। ਕ੍ਰਿਕਟ ਟੂਰਨਾਮੈਂਟ ਦਾ ਮੈਚ ਬੜੇ ਜ਼ੋਰਾਂ 'ਤੇ ਚੱਲ ਰਿਹਾ ਸੀ। ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵੱਡੀ ਪੱਧਰ 'ਤੇ ਇਕੱਤਰ ਹੋਏ ਦਰਸ਼ਕਾਂ, ਪ੍ਰਬੰਧਕਾਂ, ਦਾਨੀ ਸੱਜਣਾਂ ਵੱਲੋਂ ਬੱਲੇ ਬੱਲੇ, ਛਾਵਾ ਛਾਵਾ ਦੇ ਬੋਲਾਂ ਅਤੇ ਅੰਬਰਾਂ ਤੱਕ ਜਾਂਦੀ ਤਾੜੀਆਂ ਦੀ ਗੂੰਜ ਤੋਂ ਇਲਾਵਾ ਬਹੁਤ ਸਾਰਿਆਂ ਵੱਲੋਂ ਕੋਚ ਗੁਰਜੀਤ ਸਿੰਘ ਰਾਹੀਂ ਇਨਾਮ 'ਤੇ ਇਨਾਮ ਦੇਣ ਦੇ ਐਲਾਨ ਕਰਵਾਏ ਜਾ ਰਹੇ ਸਨ। ਇੰਟਰਨੈੱਟ ਰਾਹੀਂ ਖੇਡ ਮੇਲੇ ਦਾ ਸਿੱਧਾ ਪ੍ਰਸਾਰਣ ਕਰਦਿਆਂ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੇ ਦਰਸ਼ਕਾਂ ਨੂੰ ਵੀ ਜੋੜਿਆ ਹੋਇਆ ਸੀ। ਉਨ੍ਹਾਂ ਵੱਲੋਂ ਵੀ ਇਨਾਮਾਂ ਦੀ ਬੋਲੀ ਧੜਾਧੜ ਕਰਵਾਈ ਜਾ ਰਹੀ ਸੀ।

ਦੁਪਹਿਰ ਸਮੇਂ ਖੇਡ ਮੇਲੇ ਦਾ ਜਿਉਂ ਹੀ ਕੁਝ ਟਾਇਮ ਲਈ ਇੰਟਰਵੈਲ ਹੋਇਆ ਤਾਂ ਦੋਵਾਂ ਲੱਤਾਂ ਤੋਂ ਅਪੰਗ ਇੱਕ ਨੌਜਵਾਨ ਖਰੋੜੀਆਂ ਦੇ ਸਹਾਰੇ ਨਾਲ ਚੱਲ ਕੇ ਬੜੇ ਉਤਸ਼ਾਹ ਨਾਲ ਗਰਾਊਂਡ ਵਿਚ ਆਇਆ। ਜਿਸ ਨੇ ਆਪਣੀ ਸਰੀਰਕ ਸ਼ਕਤੀ ਦੇ ਕਰਤੱਵ ਪੇਸ਼ ਕਰਦਿਆਂ ਪਹਿਲਾਂ ਬੈਠ ਕੇ ਆਪਣੇ ਮੋਢਿਆਂ 'ਤੇ ਜ਼ੋਰ ਦੇਣੇ ਮਾਰ ਕੇ ਦੋ ਇੱਟਾਂ ਦੇ ਦੋ-ਦੋ ਟੋਟੇ ਕਰਕੇ ਬਾਕਮਾਲ ਕਰਤੱਵ ਦਿਖਾਇਆ, ਫੇਰ ਖਰੋੜੀਆਂ ਦੇ ਸਹਾਰੇ ਖੜ੍ਹਾ ਹੋ ਕੇ ਸਖ਼ਤ ਮਿਹਨਤ-ਮੁਸ਼ੱਕਤ ਨਾਲ 32 ਇੱਟਾਂ ਨੂੰ ਰੱਸੇ ਨਾਲ ਬੰਨ੍ਹ ਕੇ ਆਪਣੇ 32 ਦੰਦਾਂ ਨਾਲ ਧਰਤੀ ਤੋਂ ਅਸਮਾਨ ਵੱਲ ਨੂੰ ਚੁਕਣ ਦਾ ਬਾਖ਼ੂਬੀ ਕਰਤੱਵ ਪੇਸ਼ ਕੀਤਾ, ਪਰੰਤੂ ਇੱਕੜ-ਦੁੱਕੜ ਹੌਸਲਾ ਅਫਜ਼ਾਈ ਦਰਸ਼ਕਾਂ ਦੇ ਹੁੰਗਾਰੇ ਨੂੰ ਛੱਡ ਹੋਰਨਾਂ ਦਰਸ਼ਕਾਂ ਵੱਲੋਂ ਅਪੰਗ ਨੌਜਵਾਨ ਦੀ ਸਰੀਰਕ ਸ਼ਕਤੀ ਵਾਲੀ ਸਖ਼ਤ ਮਿਹਨਤ ਨੂੰ ਕੋਈ ਜ਼ਿਆਦਾ ਬੂਰ ਨਾ ਪਿਆ ਤਾਂ ਅਜੇ ਉਹ ਗਰਾਊਂਡ ਵਿੱਚੋਂ ਪਾਸੇ ਵੀ ਨਹੀਂ ਸੀ ਹਟਿਆ ਸੀ ਕਿ ਕੋਚ ਦੀ ਸੀਟੀ ਵੱਜਣ ਸਾਰ ਹੀ ਕ੍ਰਿਕਟ ਦਾ ਮੈਚ ਦੁਬਾਰਾ ਸ਼ੁਰੂ ਹੋਇਆ ਅਤੇ ਅਸਮਾਨ ਵੱਲ ਘੁੰਮਦੀ ਹੋਈ ਗੇਂਦ ਨੂੰ ਦੇਖ ਦਰਸ਼ਕਾਂ ਵੱਲੋਂ ਵਾਹ-ਵਾਹ ਕਰਦਿਆਂ ਇਨਾਮਾਂ ਦੇ ਐਲਾਨਾਂ ਦੀ ਦੁਬਾਰਾ ਫ਼ੇਰ ਬਰਸਾਤ ਹੋਣੀ ਸ਼ੁਰੂ ਹੋ ਗਈ ਸੀ।

ਹੁਣ ਗਰਾਊਂਡ ਦੀ ਇੱਕ ਨੁੱਕਰ ਵਿਚ ਬੈਠਾ ਅਪੰਗ ਵਿਅਕਤੀ ਆਪਣੇ ਕਰਤੱਵਾਂ ਅਤੇ 200 ਗ੍ਰਾਮ ਵਜ਼ਨ ਦੀ ਗੇਂਦ ਵਾਲੇ ਮੈਚ ਬਾਰੇ ਉਦਾਸ ਮਨ ਨਾਲ ਫ਼ਾਸਲਾ ਤਹਿ ਕਰ ਰਿਹਾ ਸੀ।

## ਜ਼ਮੀਰ ਦੀ ਗੱਲ

ਸਰਦਾਰਾ.. ਮੈਨੂੰ ਤਾਂ ਅੱਜ ਹੀ ਪਤਾ ਲੱਗਿਆ ਹੈ ਕਿ ਦਾਤੇ ਨੇ ਕੁਦਰਤ ਵੱਲੋਂ ਆਪਣੀ ਦੋਵਾਂ ਦੀ ਜ਼ਮੀਰ ਨੂੰ ਬਰਾਬਰ ਕਰ ਦਿੱਤਾ ਹੈ।

ਓਏ ਗੇਲਿਆ, ਮੈਂ ਪੱਚੀ ਕਿੱਲਿਆਂ ਦਾ ਮਾਲਕ, ਤੇ ਤੂੰ ਮੇਰਾ ਕਿਰਤੀ ਮਜ਼ਦੂਰ, ਇਹ ਤੂੰ ਕੀ ਕਹਿ ਰਿਹਾ ਏਂ।

ਸਰਦਾਰਾ, ਮੈਂ ਜ਼ਮੀਨ ਨਹੀਂ.. ਜ਼ਮੀਰ ਦੀ ਗੱਲ ਕੀਤੀ ਐ.. ਜ਼ਮੀਰ ਦੀ..! ਜੋ ਤੁਸੀਂ ਸਮਝੇ ਨਹੀਂ, ਮੈਨੂੰ ਤਾਂ ਅੱਜ ਸਵੇਰੇ ਉਦੋਂ ਪਤਾ ਲੱਗਿਆ.. ਜਦੋਂ ਸਰਦਾਰਨੀ ਨੇ ਸਿਸਕੀਆਂ ਭਰਦਿਆਂ ਮੈਨੂੰ ਦੱਸਿਆ ਕਿ ਤੁਹਾਡੀ ਛੋਟੀ ਬੇਟੀ ਨੇ ਪਿਛਲੇ ਹਫ਼ਤੇ ਤੁਹਾਡੇ ਤੋਂ ਬਗੈਰ ਪੁੱਛੇ ਬਾਹਰੋ-ਬਾਹਰ ਹੀ ਕਿਸੇ ਕਾਲਜੀਏਟ ਮੁੰਡੇ ਨਾਲ ਸ਼ਾਦੀ ਕਰਵਾ ਲਈ ਐ।

ਓਏ ਗੇਲਿਆ.., ਇਹ ਲਵ ਮੈਰਿਜ ਦਾ ਰਿਵਾਜ ਤਾਂ ਅੱਜਕੱਲ੍ਹ ਆਮ ਹੀ ਹੋ ਗਿਆ ਹੈ, ਪਰ ਜਿਹੜੀ ਤੂੰ ਜ਼ਮੀਰ ਬਰਾਬਰ ਵਾਲੀ ਗੱਲ ਕਰਦੈਂ, ਮੈਨੂੰ ਉਹਦੀ ਨਹੀਂ ਸਮਝ ਆਈ।

ਸਰਦਾਰਾ, ਉਹ ਇਸ ਤਰ੍ਹਾਂ ਕਿ ਪਿਛਲੇ ਸਾਲ ਜਦੋਂ ਮੇਰੀ ਬੇਟੀ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਸੀ ਤਾਂ ਤੁਸੀਂ ਕਹਿੰਦੇ ਸੀ ਕਿ ਉਹ ਫ਼ਰਾਰ ਹੋ ਗਈ ਹੈ। ਮਤਲਬ ਕਿ ਨਿੱਕਲ ਗਈ ਹੈ। ਕੀ ਜੇਕਰ ਗਰੀਬ ਦੀ ਧੀ ਆਪਣੀ ਸ਼ਾਦੀ ਮਨਮਰਜ਼ੀ ਨਾਲ ਕਰਵਾਵੇ ਤਾਂ ਮੰਨ ਲਓ ਕਿ ਨਿਕਲ ਗਈ ਹੈ ਅਤੇ ਜੇਕਰ ਸਰਮਾਏਦਾਰਾਂ ਦੀ ਧੀ ਅਜਿਹਾ ਕਦਮ ਚੁੱਕੇ ਤਾਂ ਉਹ ਲਵ ਮੈਰਿਜ ਦਾ ਰਿਵਾਜ ਮੰਨਿਆ ਜਾਂਦਾ ਹੈ। ਹੁਣ ਸਰਦਾਰਾ ਮੈਨੂੰ ਸਪੱਸ਼ਟੀਕਰਨ ਦਿਓ ਕਿ ਫ਼ਰਾਰ ਹੋ ਜਾਣ ਵਿੱਚ ਅਤੇ ਲਵ ਮੈਰਿਜ ਕਰਵਾ ਲੈਣ ਵਿੱਚ ਕੋਈ ਫ਼ਰਕ ਹੈ..?

ਗੇ..ਗੇ.. ਗੇਲਿਆ..ਗੇਲਿਆ..ਗੇਲਿਆ..! ਹੁਣ ਸਰਦਾਰ ਜੀ ਦੇ ਗਲ਼ ਦੀ ਫਸੀ ਗਰਾਰੀ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਨਹੀਂ ਸੀ ਨਿਕਲ ਰਹੀ।

## ਕੈਂਚੀ ਗੇਟ ਦਾ ਕਮਾਲ

ਭੜੋਲੂ ਤੇਜ਼ ਰਫ਼ਤਾਰ ਨਾਲ ਭੱਜਿਆ-ਭੱਜਿਆ ਆਇਆ ਅਤੇ ਆਪਣੇ ਪਿਤਾ ਨੂੰ ਕਹਿੰਦਾ,

ਡੈਡੀ.. ਡੈਡੀ.., ਹੈਲੋ, ਡੈਡੀ..ਡੈਡੀ.., ਤੁਸੀਂ ਬੋਲਦੇ 'ਕਿਉਂ ਨਹੀਂ',

ਹਾਂ ਪੁੱਤ ਤੂੰ ਐਨਾ ਹਫਿਆ ਹੋਇਆ ਕਿਉਂ ਹੈਂ, ਮੈਂ ਜ਼ਰਾ ਮੋਬਾਈਲ 'ਤੇ ਆਪਣੇ ਕਿਸੇ ਦੋਸਤ ਨੂੰ ਮੈਸੇਜ਼ ਭੇਜ ਰਿਹਾ ਸਾਂ, ਹਾਂ ਹੁਣ ਤੂੰ ਦੱਸ ਕੀ ਤਕਲੀਫ਼ ਹੈ।

ਡੈਡੀ.. ਡੈਡੀ.., ਤੁਸੀਂ ਆਪਣੇ ਪਿੰਡ ਵਾਲੇ ਸਰਪੰਚ ਨੂੰ ਕਹਿ ਦੇਵੋ ਕਿ ਉਹ ਸਾਡੇ ਸਕੂਲ ਦੇ ਕਮਰਿਆਂ ਮੂਹਰੇ ਵੀ ਕੈਂਚੀ ਗੇਟ ਲਗਵਾ ਦੇਵੇ।

'ਪਰ ਪੁੱਤ ਕਿਉਂ..?'

ਕਿਉਂਕਿ ਡੈਡੀ ਜੀ ਫੇਰ ਉੱਥੇ ਕੋਰੋਨਾ ਮਹਾਂਮਾਰੀ ਦੀ ਬਿਮਾਰੀ ਨੇੜ- ਤੇੜ ਵੀ ਨਹੀਂ ਆਵੇਗੀ।

ਪਰ ਪੁੱਤ, ਮੈਨੂੰ ਤੇਰੀ ਕੋਈ ਸਮਝ ਨਹੀਂ ਆਈ ਕਿ ਕਿੱਧਰ ਕੈਂਚੀ ਗੇਟ, ਕਿਧਰ ਕੋਰੋਨਾ ਮਹਾਂਮਾਰੀ।

ਹਾਂ..ਹਾਂ.. ਡੈਡੀ ਜੀ, ਉਹ ਇਹ ਕਿ ਹੁਣੇ-ਹੁਣੇ ਮੈਂ ਦੇਖ ਕੇ ਆਇਆ ਹਾਂ ਕਿ ਜੋ ਆਪਣੇ ਪਿੰਡ ਸ਼ਰਾਬ ਦਾ ਠੇਕਾ ਚੱਲ ਰਿਹਾ ਹੈ, ਉੱਥੇ ਸ਼ਰਾਬ ਦਾ ਅਦਾਨ-ਪ੍ਰਦਾਨ ਕੈਂਚੀ ਗੇਟ ਰਾਹੀਂ ਬੜੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਸੀ। ਮੈਂ ਉੱਥੇ ਖੜ੍ਹ ਕੇ ਕਾਫ਼ੀ ਸੋਚ-ਵਿਚਾਰਨ ਉਪਰੰਤ ਆਖਰ ਇਹੀ ਸਿੱਟਾ ਕੱਢਿਆ ਹੈ ਕਿ ਕੋਰੋਨਾ ਮਹਾਂਮਾਰੀ ਨੂੰ ਮੁੱਖ ਰੱਖਦਿਆਂ ਸਾਡੇ ਸਕੂਲ ਤਾਂ ਸਰਕਾਰਾਂ ਨੇ ਬੰਦ ਰੱਖੇ ਹੋਏ ਹਨ, ਪ੍ਰੰਤੂ ਸ਼ਰਾਬ ਦੇ ਠੇਕੇ ਸ਼ਰੇਆਮ ਚੱਲ ਰਹੇ ਹਨ। ਇਹ ਸਿਰਫ਼ ਕੈਂਚੀ ਗੇਟ ਦਾ ਕੀ ਕਮਾਲ ਹੋ ਸਕਦਾ ਹੈ। ਜੀਹਦੇ ਤੋਂ ਕੋਰੋਨਾ ਵੀ ਡਰਦੀ...?

## ਅਨਾਊਂਸਮੈਂਟ

ਭੜੋਲੂ ਦੇ ਛੋਟੇ ਚਾਚਾ ਜੀ ਦਾ ਵਿਆਹ ਹੋਣ ਕਰਕੇ ਪਿਛਲੇ ਕਈ ਦਿਨਾਂ ਤੋਂ ਪਿੰਡ ਵਿੱਚ ਉਨ੍ਹਾਂ ਦੇ ਘਰ ਦੁੱਧ ਪਹੁੰਚਾਉਣ ਲਈ ਦੋ ਟਾਇਮ ਅਨਾਊਂਸਮੈਂਟ ਕਰਵਾਈ ਜਾ ਰਹੀ ਸੀ।

ਜੰਞ ਚੜ੍ਹਨ ਤੋਂ ਇੱਕ ਦਿਨ ਪਹਿਲਾਂ ਬਲੈਰੋ ਕੈਂਪਰ ਗੱਡੀ ਜਿਉਂ ਹੀ ਕਾਫ਼ੀ ਸਾਰੀਆਂ ਅੰਗਰੇਜ਼ੀ ਸ਼ਰਾਬ ਦੀਆਂ ਪੇਟੀਆਂ ਲਾਹ ਕੇ ਵਾਪਸ ਪਰਤੀ ਤਾਂ ਮਾਸੂਮ ਉਮਰ ਦੇ ਭੜੋਲੂ ਨੇ ਸਵਾਲ ਕਰਦਿਆਂ ਆਪਣੇ ਦਾਦਾ ਜੀ ਤੋਂ ਪੁੱਛਿਆ ਕਿ ਬਾਪੂ ਜੀ.. ਬਾਪੂ ਜੀ.. ਜਦੋਂ ਥੋਨੂੰ ਮੈਂ ਪਿੰਡ 'ਚੋਂ ਆ ਰਹੇ ਦੁੱਧ ਬਾਰੇ ਪੁੱਛਿਆ ਸੀ ਤਾਂ ਤੁਸੀਂ ਕਿਹਾ ਸੀ ਕਿ ਆਪਣੇ ਬਾਬਾ ਜੀ ਸਵੇਰੇ-ਸ਼ਾਮ ਅਨਾਊਂਸਮੈਂਟ ਕਰ ਦਿੰਦੇ ਹਨ ਅਤੇ ਪਿੰਡ ਦੇ ਸਭ ਲੋਕ ਰਸ 'ਚੋਂ ਕਸ਼ ਕੱਢ ਕੇ ਆਪਾਂ ਨੂੰ ਵਿਆਹ 'ਚ ਵਰਤਣ ਵਾਸਤੇ ਦੁੱਧ ਮੁਫ਼ਤ ਦੇ ਕੇ ਜਾਂਦੇ ਹਨ, ਪਰ ਇਹ ਜਿਹੜੇ ਗੱਡੀ ਵਾਲੇ ਲੋਕ ਐਨੀਆਂ ਪੇਟੀਆਂ ਲਾਹ ਕੇ ਗਏ ਹਨ, ਇਨ੍ਹਾਂ ਨੇ ਕਿਹੜੇ ਰਸ 'ਚੋਂ ਕਸ਼ ਕੱਢਿਆ ਹੈ, ਨਾਲੇ ਆਪਾਂ ਇਨ੍ਹਾਂ ਬਾਰੇ ਕਿਹੜੇ ਬਾਬਾ ਜੀ ਤੋਂ ਅਨਾਊਂਸਮੈਂਟ ਕਰਵਾਈ ਹੈ...?

ਮਾਸੂਮ ਪੋਤਰੇ ਮੂਹਰੇ ਬਜ਼ੁਰਗ ਬਾਪੂ ਦੀ ਬੋਲਤੀ ਬੰਦ ਹੋ ਗਈ ਸੀ।

## ਗਲਵੱਕੜੀ

ਘਰ ਦੀ ਘਰੇਲੂ ਵੰਡ ਸਮੇਂ ਵਿਹੜੇ ਵਿੱਚ ਸਾਂਝੀ ਕੰਧ ਕੱਢਣ ਉਪਰੰਤ ਦੋ ਭਰਾਵਾਂ 'ਚ ਫੇਰ ਵੀ ਆਪਸੀ ਤੂੰ-ਤੂੰ, ਮੈਂ-ਮੈਂ ਹੁੰਦੀ ਰਹਿੰਦੀ ਅਤੇ ਇੱਕ ਦਿਨ ਖੇਤ 'ਚ ਜੀਰੀ ਨੂੰ ਕੱਸੀ ਦਾ ਪਾਣੀ ਲਾਉਣ ਸੰਬੰਧੀ ਕਾਫੀ ਰੱਫੜ ਪੈ ਗਿਆ ਸੀ। ਮਾਪਿਆਂ ਅਤੇ ਪਤਵੰਤੇ ਆਗੂਆਂ ਵੱਲੋਂ ਕਾਫੀ ਸਮਝਾਉਣ 'ਤੇ ਵੱਡਾ ਭਰਾ ਤਾਂ ਚੁੱਪ ਕਰ ਗਿਆ ਸੀ, ਪ੍ਰੰਤੂ ਗਰਮ ਸੁਭਾਅ ਦੇ ਮਾਲਕ ਛੋਟੇ ਉੱਪਰ ਇਸ ਗੱਲ ਦਾ ਕੋਈ ਵੀ ਅਸਰ ਨਾ ਪਿਆ। ਏਸੇ ਮਸਲੇ ਨੂੰ ਲੈ ਕੇ ਇੱਕ ਦਿਨ ਛੋਟੇ ਭਰਾ ਨੇ ਬੂਹੇ ਮੂਹਰੇ ਦੀ ਲੰਘ ਰਹੇ ਆਪਣੇ ਭਰਾ ਉੱਪਰ ਬੇਸਬਾਲ ਨਾਲ ਜ਼ੋਰਦਾਰ ਹਮਲਾ ਕਰਕੇ ਉਸ ਨੂੰ ਲਹੂ-ਲੁਹਾਣ ਕਰ ਦਿੱਤਾ, ਜਿਸ ਦੌਰਾਨ ਉਸ ਦੀ ਸੱਜੀ ਬਾਂਹ ਕੂਹਣੀ ਕੋਲੋਂ ਟੁੱਟ ਗਈ ਸੀ ਅਤੇ ਬੁਰੀ ਤਰ੍ਹਾਂ ਪਾਟੇ ਹੋਏ ਸਿਰ 'ਚੋਂ ਜ਼ਿਆਦਾ ਖ਼ੂਨ ਵਹਿ ਰਿਹਾ ਸੀ। ਹਸਪਤਾਲ ਵਿੱਚ ਪਹੁੰਚ ਜਾਣ 'ਤੇ ਡਾਕਟਰ ਨੇ ਉਸ ਦੇ ਸਿਰ 'ਚ 13-14 ਟਾਂਕੇ ਅਤੇ ਬਾਂਹ 'ਤੇ ਪਲੱਸਤਰ ਕਰ ਦਿੱਤਾ ਸੀ ਅਤੇ ਉਸ ਨੂੰ ਕੁਝ ਦਿਨ ਅਰਾਮ ਕਰਨ ਲਈ ਕਹਿ ਦਿੱਤਾ ਸੀ। ਛੋਟੇ ਭਰਾ ਹੱਥੋਂ ਮਾਰ ਖਾ ਕੇ ਵੀ ਵੱਡਾ ਭਰਾ ਚੁੱਪ ਰਿਹਾ।

ਅਜੇ ਇਹ ਘਟਨਾ ਵਾਪਰੀ ਨੂੰ ਤਿੰਨ-ਚਾਰ ਦਿਨ ਹੀ ਹੋਏ ਸਨ ਕਿ ਉਹ ਵਿਹੜੇ 'ਚ ਜ਼ਖ਼ਮੀ ਹਾਲਤ ਦੌਰਾਨ ਨਿੰਮ ਦੀ ਛਾਂ ਹੇਠ ਮੰਜੀ ਡਾਹ ਕੇ ਅਰਾਮ ਕਰ ਰਿਹਾ ਸੀ ਕਿ ਅਚਾਨਕ ਉਸ ਦਾ ਮਾਸੂਮ ਭਤੀਜਾ ਜੋ ਮਾਪਿਆਂ ਦਾ ਇਕਲੌਤਾ ਬੇਟਾ ਨਿੱਕੂ ਪਤੰਗਬਾਜ਼ੀ ਕਰਦਾ-ਕਰਦਾ ਧੜੰਮ ਦੇਣੇ ਉਨ੍ਹਾਂ ਦੇ ਵਿਹੜੇ 'ਚ ਆ ਡਿੱਗਿਆ, ਜੋ ਅੰਦਰੂਨੀ ਗਹਿਰੀ ਸੱਟ ਲੱਗ ਜਾਣ ਕਾਰਨ ਬੇਹੋਸ਼ ਹੋ ਗਿਆ ਸੀ, ਪ੍ਰੰਤੂ ਉਸ ਨੇ ਆਪਣੀ ਟੁੱਟੀ ਹੋਈ ਬਾਂਹ ਅਤੇ ਸਿਰ ਦੇ ਅੱਲ੍ਹੇ-ਅੱਲ੍ਹੇ ਜ਼ਖ਼ਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਭਤੀਜੇ ਨੂੰ ਚੁੱਕਿਆ ਅਤੇ ਆਪਣੀ ਕਾਰ 'ਤੇ ਉਸ ਨੂੰ ਉਸੇ ਹਸਪਤਾਲ ਲੈ ਗਿਆ, ਜਿੱਥੋਂ ਉਸ ਦਾ ਇਲਾਜ ਚੱਲ ਰਿਹਾ ਸੀ। ਡਾਕਟਰ ਵੱਲੋਂ ਜ਼ਖ਼ਮੀ ਬੱਚੇ ਦੇ ਬਾਕੀ ਇਲਾਜ ਤੋਂ ਇਲਾਵਾ ਖ਼ੂਨ ਲਗਾਉਣ ਦੀ ਮੰਗ ਕੀਤੀ ਜਾਣ 'ਤੇ ਉਸ ਨੇ ਆਪਣੇ 'ਚੋਂ ਤੁਰੰਤ ਹੀ ਖ਼ੂਨ ਦੀ ਯੂਨਿਟ ਕਢਵਾ ਕੇ ਆਪਣੇ ਭਤੀਜੇ ਦੀ ਜਾਨ ਬਚਾਅ ਲਈ ਸੀ।

ਨਿੱਕੂ ਦੇ ਸੱਟ ਲੱਗਣ ਸਮੇਂ ਉਸ ਦੇ ਮੰਮੀ-ਡੈਡੀ ਘਰ ਨਹੀਂ ਸਨ। ਭਾਵੇਂ ਉਨ੍ਹਾਂ ਨੂੰ ਕਿਸੇ ਵੱਲੋਂ ਫੋਨ 'ਤੇ ਸੂਚਨਾ ਤਾਂ ਦੇ ਦਿੱਤੀ ਗਈ ਸੀ, ਪਰ ਜ਼ਿਆਦਾ ਦੂਰ ਗਏ ਹੋਣ ਕਾਰਨ ਉਹ ਜਲਦੀ ਵਾਪਸ ਨਾ ਪਰਤ ਸਕੇ, ਜੋ ਕਾਫੀ ਦੇਰ ਬਾਅਦ ਘਰ ਆਏ, ਉਪਰੰਤ ਨਿੱਕੂ ਦੇ ਡੈਡੀ ਦੇ ਹਸਪਤਾਲ ਪਹੁੰਚ ਕੇ ਰਾਬਤਾ ਕਾਇਮ ਕਰਨ ਸਮੇਂ ਡਾਕਟਰ ਨੇ ਉਸ ਨੂੰ ਦੱਸਿਆ ਕਿ ਜੇਕਰ ਤੁਹਾਡਾ ਬੱਚਾ ਇਲਾਜ ਲਈ ਸਮੇਂ ਸਿਰ ਨਾ ਪਹੁੰਚਦਾ ਤਾਂ ਉਸ ਦੀ ਜ਼ਿੰਦਗੀ ਖਤਰੇ ਤੋਂ ਖਾਲੀ ਨਹੀਂ ਸੀ। ਜਦ ਉਹ ਦਾਖਲ ਨਿੱਕੂ ਵਾਲੇ ਕਮਰੇ 'ਚ ਪਹੁੰਚਿਆ ਤਾਂ ਸਭ ਤੋਂ ਪਹਿਲਾਂ ਉਸ ਦੀ ਨਿਗ੍ਹਾ ਆਪਣੇ ਭਰਾ ਦੇ ਸਰੀਰ ਉੱਪਰਲੇ ਅੱਲ੍ਹੇ-ਅੱਲ੍ਹੇ ਜ਼ਖ਼ਮਾਂ 'ਤੇ ਜਾ ਪਈ ਸੀ। ਉਪਰੰਤ ਛੋਟੇ ਭਰਾ ਨੇ ਨਿੱਕੂ ਨੂੰ ਬੁੱਕਲ 'ਚ ਲੈਣ ਤੋਂ ਪਹਿਲਾਂ ਆਪਣੇ ਵੱਡੇ ਭਰਾ ਦੇ ਗਲ ਨੂੰ ਗਲਵੱਕੜੀ ਪਾਉਂਦਿਆਂ ਉਸ ਨੂੰ ਘੁੱਟ ਕੇ ਕਲਾਵੇ 'ਚ ਲੈ ਲਿਆ ਸੀ ਅਤੇ ਵੱਡੇ ਭਰਾ ਨੇ ਵੀ ਜਿਉਂ ਹੀ ਆਪਣੇ ਛੋਟੇ ਭਰਾ ਨੂੰ ਮੋੜਵੀਂ ਗਲਵੱਕੜੀ ਪਾਈ ਤਾਂ ਉਸ ਦੀ ਧਾਅ ਨਿਕਲ ਗਈ ਸੀ ਅਤੇ ਛੋਟਾ ਭਰਾ ਅੰਦਰੋਂ-ਅੰਦਰੀ ਆਪਣੇ ਕੀਤੇ ਹੋਏ ਵਾਅਦੇ ਉਪਰ ਪਛਤਾਵਾ ਕਰ ਰਿਹਾ ਸੀ। ਉਸ ਦੀਆਂ ਅੱਖਾਂ 'ਚੋਂ ਤਰਿੱਪ-ਤਰਿੱਪ ਕਰਦੇ ਹੋਏ ਅੱਥਰੂ ਸਾਉਣ ਦੀ ਝੜੀ ਵਾਂਗ ਵਹਿ ਰਹੇ ਸਨ ਅਤੇ ਨਾਲੋਂ-ਨਾਲ ਸੋਚ ਰਿਹਾ ਸੀ ਕਿ ਬਾਪੂ ਉਸ ਦਿਨ ਸੱਚ ਹੀ ਕਹਿੰਦਾ ਸੀ ਕਿ ਵਕਤ ਪੈਣ 'ਤੇ ਆਪਣੀਆਂ ਹੀ ਭੱਜੀਆਂ ਬਾਹਵਾਂ ਗਲ ਨੂੰ ਆਉਂਦੀਆਂ ਹੁੰਦੀਆਂ ਨੇ। ਉਸ ਨੇ ਉਸੇ ਸ਼ਾਮ ਨੂੰ ਹੀ ਵਾਪਸ ਘਰ ਪਰਤ ਕੇ ਵਿਹੜੇ ਵਿੱਚ ਕੱਢੀ ਹੋਈ ਸਾਂਝੀ ਕੰਧ ਦਾ ਨਾਮੋ-ਨਿਸ਼ਾਨ ਮਿਟਾ ਕੇ ਦੋ ਘਰਾਂ ਨੂੰ ਦੁਬਾਰਾ ਫੇਰ ਏਕਤਾ ਦੀ ਸਾਂਝ ਦੇ ਰੂਪ ਵਿੱਚ ਬਦਲ ਦਿੱਤਾ।

## ਕੇਹਰੂ ਫ਼ੋਕੇ ਫੈਂਟਰਾਂ ਵਾਲਾ

ਭੜੋਲੂ ਦੇ ਦਾਦਾ 'ਕੇਹਰ ਸਿਓਂ' ਨੇ ਇਸ ਵਾਰ ਫੇਰ ਗ੍ਰਾਮ ਪੰਚਾਇਤ ਦੀਆਂ ਚੋਣਾਂ ਵਿੱਚ ਬਤੌਰ ਸਰਪੰਚੀ ਦੇ ਉਮੀਦਵਾਰ ਵਜੋਂ ਝੰਡਾ ਗੱਡਿਆ ਹੋਇਆ ਸੀ।ਇਸ ਤੋਂ ਪਹਿਲਾਂ ਉਸ ਨੇ ਦੋ ਵਾਰ ਸਰਪੰਚੀ ਦੀ ਚੋਣ ਲੜੀ ਸੀ। ਜਿਸ ਦੌਰਾਨ ਪਹਿਲੀ ਵਾਰ ਸਰਪੰਚੀ ਤਾਂ ਹਾਸਲ ਕਰਨ ਲਈ ਉਹ ਕਾਮਯਾਬ ਰਹੇ ਸਨ, ਪ੍ਰੰਤੂ ਫ਼ਤਵਾ ਹਾਸਲ ਕਰਨ ਉਪਰੰਤ ਲੋਕਾਂ ਨੂੰ ਨਿੱਤ ਨਵੇਂ ਤੋਂ ਨਵਾਂ ਫੈਂਟਰ ਸੁਣਾ ਕੇ ਘਰ ਪੂਰਾ ਕਰਦਾ ਰਹਿੰਦਾ ਸੀ। ਲੋਕ ਮਸਲਿਆਂ ਅਤੇ ਉਮੀਦਾਂ 'ਤੇ ਖਰਾ ਨਾ ਉਤਰਨ ਕਰਕੇ ਲੋਕਾਂ ਵੱਲੋਂ ਉਸ ਦਾ 'ਕੇਹਰ ਸਿਓਂ' ਤੋਂ ਨਾਂਅ ਬਦਲ ਕੇ 'ਕੇਹਰੂ ਫ਼ੋਕੇ ਫੈਂਟਰਾਂ ਵਾਲਾ' ਦਾ ਇੱਕ ਟੈਗ ਵੀ ਲਗਾ ਦਿੱਤਾ ਗਿਆ ਸੀ ਅਤੇ ਇਸ ਕਰਕੇ ਉਸ ਨੂੰ ਦੂਸਰੀ ਟਰਮ 'ਚੋਂ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੀ ਦੇਖਣਾ ਪਿਆ ਸੀ ਅਤੇ ਹੁਣ ਉਸ ਦਾ ਇਹ ਲਗਾਤਾਰ ਤੀਸਰੀ ਵਾਰ ਦਾ ਇਲੈਕਸ਼ਨ ਸੀ ਸਰਪੰਚੀ ਹਾਸਲ ਕਰਨ ਲਈ। 'ਕੇਹਰੂ ਫ਼ੋਕੇ ਵਾਲਾ' ਨੇ ਜਿੱਥੇ ਆਪਣੀ ਪਹਿਲੀ ਪਾਰਟੀ ਛੱਡ ਕੇ ਕਿਸੇ ਹੋਰ ਪਾਰਟੀ 'ਚ ਸ਼ਮੂਲੀਅਤ ਕਰ ਲਈ ਸੀ, ਉੱਥੇ ਬਾਕੀ ਨਸ਼ੇ-ਪੱਤੇ ਤੋਂ ਇਲਾਵਾ ਸ਼ਾਮ ਦੇ ਟਾਇਮ ਸ਼ਕਤੀ ਵਾਟਰ (ਸ਼ਰਾਬ) ਨਾਲ ਲੋਕਾਂ ਨੂੰ ਟੂੰਨ ਕਰਨ ਵਾਲੀ ਕੋਈ ਕਸਰ ਬਾਕੀ ਨਹੀਂ ਸੀ ਛੱਡਦਾ।

ਇੱਕ ਦਿਨ ਸ਼ਾਮ ਦੇ ਸਮੇਂ ਕੇਹਰੂ ਦੇ ਛੋਟੇ ਮੁੰਡੇ ਦੀ ਪਿੰਡ ਦੇ ਕੁਝ ਲੋਕਾਂ ਨਾਲ ਦਾਰੂ ਪੀ ਕੇ ਉਨ੍ਹਾਂ ਦੇ ਘਰ ਵਿੱਚ ਖ਼ਰੂਦ ਪਾਉਣ ਦੇ ਮਾਮਲੇ 'ਚ ਕੁਝ ਤਕਰਾਰਬਾਜ਼ੀ ਹੋ ਗਈ ਸੀ। ਮਸਲਾ ਸੁਲਝਣ ਉਪਰੰਤ ਕੇਹਰੂ ਨੇ ਰਾਤ ਸਮੇਂ ਸਾਰੇ ਟੱਬਰ ਨੂੰ ਇਕੱਠੇ ਬਿਠਾ ਕੇ ਸਮਝਾਉਂਦਿਆਂ ਕਿਹਾ ਕਿ ਹੁਣ ਸਾਡਾ ਲੋਕਾਂ ਨਾਲ ਬਹਿਸਬਾਜ਼ੀ ਕਰਨ ਦਾ ਸਮਾਂ ਨਹੀਂ, ਸਗੋਂ ਉਹਨਾਂ ਦੀ ਇੱਜ਼ਤ ਕਰਨ ਦਾ ਫਰਜ਼ ਬਣਦਾ ਹੈ। ਜਿੱਤਣ ਤੋਂ ਬਾਅਦ ਫੇਰ ਆਪਣੀ 5 ਸਾਲ ਮਰਜ਼ੀ ਹੋਵੇਗੀ। ਸਿਆਣੇ ਕਹਿੰਦੇ ਹੁੰਦੇ ਸਨ ਕਿ ਲੋੜ ਸਮੇਂ ਤਾਂ ਗਧੇ ਨੂੰ ਵੀ ਬਾਪੂ ਕਹਿਣਾ ਪੈਂਦਾ ਹੈ, ਨਾਲੇ ਹੁਣ ਤਾਂ ਜੇਕਰ ਕੋਈ ਆਪਣੇ ਸਿਰ ਵਿੱਚ ਵੀ ਮੂਤੀ ਜਾਵੇ ਤਾਂ ਉਹ ਵੀ ਝੱਲੀ ਚੱਲੋ। ਕੋਈ ਕਿੰਨੀਆਂ ਬੋਤਲਾਂ ਆਪਣੇ ਘਰ 'ਚ ਬੈਠ ਕੇ ਪੀ ਜਾਵੇ, ਲਲਕਾਰੇ ਮਾਰੀ ਜਾਵੇ ਤਾਂ ਹੁਣ ਅਜਿਹੀਆਂ ਗਿਣਤੀਆਂ-ਮਿਣਤੀਆਂ ਨਾ ਕਰੋ, ਉਨ੍ਹਾਂ ਨੂੰ ਐਵੇਂ ਚੰਗਾ-ਮੰਦਾ ਬੋਲਣ ਦੀ ਬਜਾਏ ਸਗੋਂ ਉਨ੍ਹਾਂ ਦੇ ਪੈਰੀਂ ਹੱਥ ਲਾਇਆ ਕਰੋ, ਸੋ ਹੁਣ ਅੱਗੇ ਤੋਂ ਆਪਾਂ ਸਾਰਾ ਟੱਬਰ ਨਿਮਰਤਾ ਨਾਲ ਗਧੇ ਨੂੰ ਬਾਪੂ-ਬਾਪੂ ਕਹਿਣ ਵਾਲਾ ਸਬਕ ਹੀ ਅਗਲਿਆਂ ਮੂਹਰੇ ਰਟੀ ਚੱਲੋ।

ਇੱਕ ਦਿਨ 'ਕੇਹਰੂ' ਜਿਉਂ ਹੀ ਪਿੰਡ ਦੇ ਦੌਰੇ ਉਪਰੰਤ ਸ਼ਾਮ ਦੇ ਟਾਇਮ ਜਦੋਂ ਘਰੇ ਆਇਆ ਤਾਂ ਉਨ੍ਹਾਂ ਦੀ ਗਲੀ ਦੇ ਨਾਲ ਲਗਦੀ ਬੈਠਕ ਜਿਸ ਵਿੱਚ ਪਈਆਂ 6-7 ਸ਼ਰਾਬ ਦੀਆਂ ਪੇਟੀਆਂ ਗ਼ਾਇਬ ਹੋ ਗਈਆਂ ਸਨ।ਰਾਮੂ ਭਈਏ ਅਤੇ ਬਾਕੀ ਟੱਬਰ ਦੀ ਪੁੱਛਗਿੱਛ ਤੋਂ ਉਪਰੰਤ ਉਸ ਨੇ ਸੀ.ਸੀ.ਟੀ.ਵੀ. ਕੈਮਰਾ ਖੰਗਾਲਣ ਤੋਂ ਬਾਅਦ ਤੁਰੰਤ ਆਪਣੇ ਮਾਸੂਮ ਪੋਤਰੇ ਭੜੋਲੂ ਅਤੇ ਕੁਝ ਹੋਰ ਸਾਥੀਆਂ ਨੂੰ ਗੱਡੀ ਵਿੱਚ ਬਿਠਾਇਆ ਅਤੇ ਗੱਡੀ ਸੜਕ 'ਤੇ ਛਿਪਦੇ ਵਾਲੇ ਪਾਸੇ ਵੱਲ ਨੂੰ ਫੁੱਲ ਸਪੀਡ ਨਾਲ ਖਿੱਚ ਦਿੱਤੀ ਅਤੇ ਨਾਲੋਂ-ਨਾਲ ਹੀ ਆਪਣੇ ਪੋਤਰੇ ਤੋਂ ਵੇਰਵਾ ਜਾਨਣਾ ਚਾਹਿਆ,

ਤਦ ਅੱਗੇ ਭੜੋਲੂ ਨੇ ਵੀ ਬੜਾ ਖੁਸ਼ ਹੁੰਦਿਆਂ ਦੱਸਣਾ ਸ਼ੁਰੂ ਕਰ ਦਿੱਤਾ ਕਿ ਦਾਦੂ ਜੀ ਅੱਜ ਆਪਣੀ ਪਿਛਲੀ ਗਲ਼ੀ ਵਿਚਦੀ ਆਪਣੇ ਬਹੁਤ ਸਾਰੇ ਬਾਪੂ ਲੰਘ ਰਹੇ ਸਨ। ਤਾਂ ਮੈਂ ਬਗੈਰ ਕਿਸੇ ਨੂੰ ਹੋਰ ਦੱਸਿਆਂ ਫਟਾਫਟ ਆਪਣੀ ਬੈਠਕ ਦਾ ਪਿਛਲੇ ਪਾਸਿਓਂ ਦਰਵਾਜ਼ਾ ਖੋਲ੍ਹਿਆ, ਫੇਰ ਮੈਂ ਜਿਵੇਂ ਤੁਸੀਂ ਉਦੋਂ ਸਾਰੇ ਟੱਬਰ ਨੂੰ ਸਬਕ ਸਮਝਾਇਆ ਸੀ। ਉਵੇਂ ਹੀ ਮੈਂ ਪਹਿਲਾਂ ਸਾਰੇ ਬਾਪੂਆਂ ਦੇ ਪੈਰੀਂ ਹੱਥ ਲਾਏ, ਫੇਰ ਮੈਂ ਬਾਪੂਆਂ ਦੇ ਸਾਰੇ ਡਰਾਈਵਰਾਂ ਨੂੰ ਅਤੇ ਬਾਕੀ ਉਨ੍ਹਾਂ ਦੇ ਨਾਲ ਵਾਲੇ ਪੈਦਲ ਤੁਰਨ ਵਾਲਿਆਂ ਨੂੰ ਵੀ ਸ਼ਰਾਬ ਦੀਆਂ ਬੋਤਲਾਂ ਨਾਲ ਭਰਪੂਰ ਕਰ ਦਿੱਤਾ, ਭੁਜੀਏ ਦੇ ਪੈਕਟ ਵੀ ਸਾਰੇ ਉਨ੍ਹਾਂ ਨੂੰ ਫੜਾ ਦਿੱਤੇ ਅਤੇ ਨਾਲ਼ੇ ਮੈਂ ਉਨ੍ਹਾਂ ਨੂੰ ਕਿਹਾ ਕਿ ਵੋਟਾਂ ਵਾਲੇ ਦਿਨ ਮੇਰੇ ਦਾਦੂ ਜੀ ਨੂੰ ਆਪਣਾ ਮਤਦਾਨ ਕਰਕੇ ਕਾਮਯਾਬ ਕਰਿਓ, ਦਾਦੂ ਜੀ ਮੈਂ ਸਾਰੇ ਬਾਪੂਆਂ ਦੇ ਚਿਹਰਿਆਂ 'ਤੇ ਵਾਰੋ- ਵਾਰੀ ਹੱਥ ਫੇਰ-ਫੇਰ ਕੇ ਦੇਖਿਆ, ਉਨ੍ਹਾਂ ਨੇ ਮੈਨੂੰ ਜਵਾਂ ਵੀ ਕੁੱਝ ਨ੍ਹੀਂ ਕਿਹਾ, ਭੜੋਲੂ ਦੀ ਵਾਰਤਾਲਾਪ ਜਾਰੀ ਹੀ ਸੀ, ਅਜੇ 6-7 ਕਿਲੋਮੀਟਰ ਦਾ ਸਫ਼ਰ ਤੈਅ ਹੀ ਹੋਇਆ ਸੀ ਕਿ 'ਕੇਹਰੂ ਫ਼ੋਕੇ ਫੈਂਟਰਾਂ ਵਾਲਾ' ਨੇ ਰਸਤੇ ਵਿੱਚ ਆਏ ਇੱਕ ਪਿੰਡ ਦੀ ਫਿਰਨੀ ਦੇ ਸੱਜੇ ਪਾਸੇ 'ਤੇ ਸਥਿਤ ਇੱਕ ਛੱਪੜੀ ਕੰਢੇ ਜਿਉਂ ਹੀ ਨਿਗਾਹ ਘੁਮਾ ਕੇ ਦੇਖਿਆ ਤਾਂ ਸਾਹਮਣੇ ਭੁਜੀਏ ਦੇ ਪੈਕਟਾਂ ਵਾਲੇ ਖ਼ਾਲੀ ਲਿਫਾਫੇ ਹਵਾ ਵਿੱਚ ਉੱਡੇ ਫਿਰਦੇ ਸਨ ਅਤੇ ਨਾਲ ਹੀ ਖ਼ਾਲੀ ਸ਼ਰਾਬ ਵਾਲੀਆਂ ਬੋਤਲਾਂ ਦਾ ਢੇਰ ਲੱਗਾ ਪਿਆ ਸੀ ਅਤੇ ਸਾਰੇ 'ਟੱਪਰੀਵਾਸ' ਦਾਰੂ ਨਾਲ਼ ਟੂੰਨ ਹੋਏ ਪਏ ਸਨ ਅਤੇ ਉਨ੍ਹਾਂ ਦੇ ਖੁੱਲ੍ਹੇ ਹੋਏ ਗਧੇ ਅਤੇ ਕੁੱਕੜ, ਕੁੱਕੜੀਆਂ, ਕੁੱਤੇ ਵੀ ਧਰਤੀ 'ਤੇ ਕੁਝ ਡੁੱਲ੍ਹੇ ਹੋਏ ਭੁਜੀਏ ਦਾ ਸਵਾਦ ਚੱਖਣ ਲਈ ਜ਼ੋਰ-ਅਜ਼ਮਾਈ ਕਰ ਰਹੇ ਸਨ।

ਮੋਬਾ. 98781-17285

# ਬਾਪੂ ਦੇ ਬੂਟ

ਵਰਤਾਰਾ

ਅਲ.ਫਾਜ਼

ਬਾਪੂ ਅਕਸਰ ਹੀ ਆਖਿਆ ਕਰਦਾ ਸੀ ਕਿ ਬਜ਼ੁਰਗ ਘਰ ਦੇ ਜਿੰਦੇ ਹੁੰਦੇ ਨੇ। ਉਸ ਰੁੱਖ ਵਰਗੇ ਹੁੰਦੇ ਨੇ, ਜੋ ਫਲ ਚਾਹੇ ਦੇਵੇ ਨਾ, ਛਾਂ ਜ਼ਰੂਰ ਦਿੰਦੇ ਨੇ ਤੇ ਇਸ ਗੱਲ ਦੀ ਸਹੀ ਵਿਆਖਿਆ ਬਾਪੂ ਦੇ ਜਾਣ ਤੋਂ ਬਾਅਦ ਪਤਾ ਲੱਗੀ।ਬਾਪੂ ਨਾਲ ਮੇਰੇ ਵਿਚਾਰਕ ਵਖਰੇਵੇਂ ਭਾਵੇਂ ਅਕਸਰ ਹੀ ਰਹੇ ਨੇ, ਪਰ ਕੁਝ ਗੱਲਾਂ ਬਾਅਦ ਵਿੱਚ ਪਤਾ ਲੱਗਦੀਆਂ ਕਿ ਬਾਪੂ ਸਹੀ ਸੀ ਤੇ ਮੈਂ ਗਲਤ, ਹਾਲਾਂਕਿ ਕੁਝ ਗੱਲਾਂ ਵਿੱਚ ਬਾਪੂ ਖੁਦ ਨੂੰ ਝੁਕਾਉਂਦਾ ਨਹੀਂ ਸੀ ਤੇ ਮੈਂ ਵੀ ਆਕੜ ਕੇ ਰਹਿੰਦਾ ਸੀ। ਨਿੱਕੇ ਹੁੰਦਿਆਂ ਤਾਂ ਉਹ ਬਹੁਤ ਸਖ਼ਤੀ ਵਿਖਾਉਂਦਾ ਸੀ, ਬਹੁਤ ਧੌਂੜੀ ਲੱਥਦੀ ਸੀ।ਬਾਹਰ ਰਹਿਣ ਦੇ ਬਾਵਜੂਦ ਉਸ ਦਾ ਨਾਂਅ ਹੀ ਦਹਿਸ਼ਤ ਸੀ ਤੇ ਮੇਰੀ ਬੇਬੇ ਅਕਸਰ ਹੀ ਸ਼ਰਾਰਤ ਕਰਨ 'ਤੇ ਡਰਾਵਾ ਦਿਆ ਕਰਦੀ ਸੀ ਕਿ ਆ ਲੈਣ ਦੇ ਠੋਡੇ ਪਤੰਦਰ ਨੂੰ, ਦੱਸੂ ਪਤਾ। ਮੈਂ ਘਰ ਵਿੱਚ ਹਾਈਪਰ ਐਕਟਿਵ ਜ਼ਿਆਦਾ ਹੋਣ ਕਰਕੇ ਕੁਝ ਨਾ ਕੁਝ ਸ਼ਰਾਰਤ ਅਕਸਰ ਕਰ ਬਹਿੰਦਾ ਸੀ ਤੇ ਇਸ ਗੱਲੋਂ ਮੇਰੇ ਕੁੱਟ ਵੀ ਪੈਂਦੀ ਰਹਿੰਦੀ ਸੀ। ਮੈਂ ਹਮੇਸ਼ਾ ਹੀ ਪੜ੍ਹਾਈ ਵਿੱਚ ਅੱਵਲ ਹੀ ਰਹਿੰਦਾ ਸੀ ਤੇ ਮੇਰਾ ਬਾਪ ਤਾਂ ਚਾਹੁੰਦਾ ਸੀ ਕਿ ਮੈਂ ਆਰਮੀ ਅਫ਼ਸਰ ਬਣਾਂ, ਪਰ ਮੇਰੀ ਕਿਸਮਤ ਵਿੱਚ ਆਰਮੀ ਅਫ਼ਸਰ ਬਣਨਾ ਲਿਖਿਆ ਹੀ ਨਹੀਂ ਸੀ।ਬਾਪੂ ਨੇ ਬੀ.ਐੱਡ ਵੀ ਕਰਵਾਈ, ਪਰ ਮੈਂ ਟੈੱਟ ਪਾਸ ਕਰ ਵੀ ਮਾਸਟਰ ਨਾ ਲੱਗ ਸਕਿਆ। ਜਦੋਂ ਤੱਕ ਮੈਂ ਪੜ੍ਹਦਾ ਰਿਹਾ ਤਾਂ ਬਾਪੂ ਨੇ ਕਦੇ ਧੁੱਪ-ਛਾਂ ਨਹੀਂ ਸੀ ਵੇਖੀ, ਜਦੋਂ ਦੇਰ ਰਾਤ ਨੂੰ ਘਰ ਆਉਣਾ ਤਾਂ ਬਾਪੂ ਨੇ ਜਾਗਦਾ ਹੋਣਾ। ਬਿੜਕ ਐਨੀ ਹੁੰਦੀ ਕਿ ਖੜਕਾਉਣ ਤੋਂ ਪਹਿਲਾਂ ਗੇਟ ਖੋਲ੍ਹ ਦੇਣਾ। ਬਾਪੂ ਨੂੰ ਇਸ ਜਨਵਰੀ ਸਾਥ ਛੱਡਿਆਂ ਪੰਜ ਸਾਲ ਹੋ ਗਏ ਆ। ਬਾਪੂ ਕੀ ਸ਼ੈਅ ਬਾਪ ਦੇ ਜਾਣ ਤੋਂ ਬਾਅਦ ਹੀ ਪਤਾ ਲੱਗਾ।ਉਹ ਪਿਆਰ ਕਿੰਨਾ ਕਰਦਾ ਸੀ ਇਹ ਸ਼ਾਇਦ ਉਹਨੇ ਆਪ ਤਾਂ ਅਹਿਸਾਸ ਨਹੀਂ ਹੋਣ ਦਿੱਤਾ, ਪਰ ਜਦੋਂ ਪਤਾ ਲੱਗਾ ਤਾਂ ਬਾਪੂ ਬਹੁਤ ਦੂਰ ਸੀ। ਮੈਂ ਬਾਹਰ ਸੀ ਜਦੋਂ ਬਾਪੂ ਦੀ ਮੌਤ ਹੋਈ ਸੀ ਤੇ ਬਾਪੂ ਮੇਰੇ ਨਾਲ ਸ਼ਾਮ ਨੂੰ ਫੋਨ 'ਤੇ ਗੱਲ ਕਰਕੇ ਹਟਿਆ ਸੀ, ਭਾਵੇਂ ਕਿ ਮੇਰੇ ਨਾਲ ਉਨ੍ਹਾਂ ਦਿਨਾਂ 'ਚ ਨਾਰਾਜ਼ ਸੀ। ਬਾਪੂ ਕਦੇ ਮੇਰੇ ਤੋਂ ਪੈਸਾ ਨਹੀਂ ਸੀ ਲੈਂਦਾ, ਉਹਨੇ ਕਹਿਣਾ, ਤੂੰ ਆਪਣਾ ਸਾਰ ਆਵਦਾ ਕਮਾ ਆਵਦਾ ਖਾਹ, ਪਰ ਹਾਂ ! ਦੇ ਜ਼ਰੂਰ ਦਿੰਦਾ ਸੀ। ਇਸ ਕਰਕੇ ਮੈਂ ਮਰਜ਼ੀ ਨਾਲ ਕੱਪੜੇ ਜ਼ਰੂਰ ਬਣਾ ਦਿੰਦਾ ਸੀ। ਗੱਲ 2018 ਵੇਲੇ ਦੀ ਆ, ਦੀਵਾਲੀ ਆਉਣ ਵਾਲੀ ਸੀ, ਮੈਂ ਬਾਪੂ ਨੂੰ ਪੁੱਛਿਆ ਕਿ ਆਪਾਂ ਇਸ ਵਾਰ ਦੋਵੇਂ ਇੱਕੋ ਜਹੇ ਪੇਪਰ ਕੌਟਨ ਦੇ ਕੁੜਤੇ ਪਜਾਮੇ ਸਮੇਤ ਵਾਸਕਟ ਸਵਾਉਨੇ ਆ ਪਰ ਬਾਪੂ ਨੇ ਮਨ੍ਹਾ ਕਰ ਦਿੱਤਾ, ਕਹਿੰਦਾ, ਰਹਿਣ ਦੇ, ਮੈਂ ਸਵਾ ਲਏ ਆ। ਮੈਂ ਜ਼ੋਰ ਦੇ ਕੇ ਆਖਿਆ ਤਾਂ ਕੁਝ ਤਾਂ ਲੈਣਾ ਪੈਣਾ ਤਾਂ ਬਾਪੂ ਕਹਿੰਦਾ, ਫੋਨ ਤਾਂ ਮੇਰੇ ਕੋਲ ਨਵਾਂ ਈ ਆ, ਹਾਂ ਜੇਕਰ ਤੂੰ ਲੈ ਕੇ ਈ ਦੇਣੇ ਆ ਤੂੰ ਇਸ ਵਾਰ ਬੂਟ ਲੈ ਦੇ।ਮੈਂ ਕਿਹਾ, ਚੱਲ ਬਾਪੂ, ਕੱਲ੍ਹ ਆਪਾਂ ਮੋਗੇ ਚੱਲਾਂਗੇ, ਪਲਤੇ ਕੇ, ਤਿਆਰ ਰਹੀਂ।ਅਗਲੇ ਦਿਨ ਬਾਪੂ ਜਿਹੜੇ ਬੂਟ ਲੈਣਾ ਚਾਹੁੰਦਾ ਸੀ, ਉਹ ਮੈਨੂੰ ਨਹੀਂ ਸੀ ਪਸੰਦ ਤੇ ਆਖਿਰ ਬਾਪੂ ਨੇ ਮੇਰੀ ਪਸੰਦ ਦੇ ਸਨੀਕਰ ਲੈ ਲਏ।ਡਾਰਕ ਬਲੂ ਕਲਰ ਦੇ ਸਨੀਕਰ ਬਾਪੂ ਨੇ ਲੈ ਤਾਂ ਲਏ, ਪਰ ਸਾਰੇ ਰਾਹ ਉਹਨੂੰ ਇਸ ਗੱਲ ਦਾ ਝੋਰਾ ਰਿਹਾ ਕਿ ਮਹਿੰਗੇ ਦਵਾ ਤੇ ਮੈਂ ਤਾਂ ਥੋੜ੍ਹੇ ਪੈਸਿਆਂ ਵਾਲੇ ਲੈਣੇ ਸੀ। ਬੇਬੇ ਨੂੰ ਵੀ ਘਰ ਆ ਕੇ ਕਿਹਾ ਕਿ ਇਹਨੇ ਮਹਿੰਗੇ ਲੈ ਦਿੱਤੇ ਤੇ ਜਦੋਂ ਬੇਬੇ ਨੇ ਕਿਹਾ ਕਿ ਕੋਈ ਨਾ ਲੈ ਦਿੱਤੇ ਤਾਂ, ਦਿਨ ਦਿਹਾਰ ਆ ਤਾਂ ਫੇਰ ਬਾਪੂ ਕਿਤੇ ਜਾ ਕੇ ਠੰਡਾ ਪਿਆ। ਨਹੀਂ ਤਾਂ ਏਹੀ ਕਹੀ ਜਾਵੇ ਕਿ ਇਹਨੂੰ ਚੀਜ਼ ਲੈਣ ਦੀ ਅਕਲ ਨਹੀਂ, ਪੈਸੇ ਵੱਧ ਫੂਕ ਦਿੰਦਾ ਤੇ ਨਿਕਲਦਾ ਕੁਝ ਨਹੀਂ, ਮੈਂ ਮੰਡੀਉਂ ਐਨੇ ਦੇ ਲੈ ਆਉਣੇ ਸੀ। ਖੈਰ! ਉਸ ਤੋਂ ਬਾਅਦ ਦੀਵਾਲੀ ਵਾਲੇ ਦਿਨ ਬਾਪੂ ਜਦੋਂ ਗੁਰਦੁਆਰਾ ਸਾਹਿਬ ਗਿਆ ਤਾਂ ਬੂਟ ਪਾ ਕੇ ਗਿਆ। ਮੈਂ ਹੱਸਦਿਆਂ ਕਿਹਾ, ਬਾਪੂ ਬੂਟ ਜਚਦੇ ਆ ਤੇ ਭੱਜਿਆ ਹੀ ਜਾਂਦਾ ਸੀ। ਅੱਗੋਂ ਬਾਪੂ ਕਹਿੰਦਾ ਕਿ ਯਾਰ ਆਰਾਮਦਾਇਕ ਬਹੁਤ ਆ। ਉਸ ਤੋਂ ਬਾਅਦ ਮੈਂ ਬੂਟਾਂ ਬਾਰੇ ਭੁੱਲ ਗਿਆ ਤੇ ਬਾਹਰ ਚਲਾ ਗਿਆ।

ਬਾਪੂ ਦੇ ਭੋਗ ਤੋਂ ਬਾਅਦ ਬਾਪੂ ਵਾਲੇ ਕਮਰੇ ਵਿੱਚ ਬੈਠੇ ਸੀ।ਟਰੰਕ ਵਿੱਚ ਕਾਗਜ਼ ਪੱਤਰ ਚੈੱਕ ਕਰ ਰਹੇ ਸੀ ਤਾਂ ਟਰੰਕ ਦੇ ਕੋਨੇ ਵਿੱਚ ਉਹੀਓ ਨੀਲ਼ੇ ਸਨੀਕਰਾਂ ਦਾ ਜੋੜਾ ਡੱਬੇ ਸਮੇਤ ਪਿਆ ਸੀ। ਬੂਟਾਂ ਦੀ ਹਾਲਤ ਨਵੀਂ ਨਕੋਰ ਪਈ ਸੀ, ਜਿਵੇਂ ਵਰਤੇ ਹੀ ਨਾ ਹੋਣ, ਮੇਰੇ ਮਨ 'ਚ ਵੱਜੀ।

ਮੈਂ ਬੇਬੇ ਨੂੰ ਪੁੱਛਿਆ, ਬਾਪੂ ਮੇਰੇ ਨਾਲ ਨਾਰਾਜ਼ ਕਰਕੇ ਉਹਨੇ ਬੂਟ ਨਹੀਂ ਸੀ ਪਾਏ ?

ਬੇਬੇ ਨੇ ਜਦੋਂ ਜਵਾਬ ਦਿੱਤਾ ਤਾਂ ਮੇਰੇ ਕਾਲਜੇ ਰੁੱਗ ਭਰਿਆ ਗਿਆ, ਤੜਫ ਕੇ ਰਹਿ ਗਿਆ। ਮੱਲੋ-ਮੱਲੀ ਅੱਖਾਂ ਵਿੱਚੋਂ ਪਾਣੀ ਦਾ ਸਲਾਬ ਵਹਿ ਤੁਰਿਆ ਤੇ ਉਸ ਵਕਤ ਬਾਪੂ ਕੋਲ ਹੁੰਦਾ ਤਾਂ ਘੁੱਟ ਕੇ ਜੱਫੀ ਪਾ ਲੈਂਦਾ।

ਬੇਬੇ ਨੇ ਪਹਿਲਾਂ ਤਾਂ ਬਾਪੂ ਦੇ ਪਰਸ ਵਿੱਚੋਂ ਮੇਰੀ ਪਾਸਪੋਰਟ ਸਾਈਜ਼ ਫੋਟੋ ਕੱਢ ਕੇ ਵਿਖਾਈ ਕਿ ਆਹ ਵੇਖ ਮੈਨੂੰ ਵੀ ਹੁਣ ਪਤਾ ਲੱਗਾ ਕਿ ਤੇਰਾ ਪਿਓ ਤੇਰੀ ਫੋਟੋ ਹਮੇਸ਼ਾ ਪਰਸ ਵਿੱਚ ਰੱਖਦਾ ਸੀ ਤੇ ਬੂਟ ਉਹਨੇ ਇੱਕ-ਦੋ ਵਾਰ ਪਾਏ ਤਾਂ ਜ਼ਰੂਰ, ਪਰ ਫੇਰ ਉਹਨੇ ਟਾਕੀ ਮਾਰ ਕੇ ਸਾਫ ਕਰਕੇ ਰੱਖ ਦਿੱਤੇ ਸੀ ਤੇ ਕਹਿੰਦਾ ਸੀ, ਮੇਰੇ ਪੁੱਤ ਨੇ ਲੈ ਕੇ ਦਿੱਤੇ ਆ, ਐਨੇ ਮਹਿੰਗੇ ਬੂਟ, ਮੈਂ ਇਉਂ ਖਰਾਬ ਨਹੀਂ ਕਰਨੇ ਤੇ ਤੇਰੇ ਜਾਣ ਤੋਂ ਮਗਰੋਂ ਰੋਜ਼ ਬੂਟ ਖੋਲ੍ਹ ਕੇ ਵੇਖਦਾ ਸੀ। ਬਥੇਰਾ ਕਿਹਾ ਕਿ ਪਾ ਲਿਆ ਕਰ, ਪਰ ਉਹ ਕਹਿੰਦਾ ਸੀ, ਮੇਰੇ ਪੁੱਤ ਦੀ ਚੀਜ਼, ਮੈਂ ਖਰਾਬ ਨਹੀਂ ਕਰਨੀ ਤੇ ਵੇਖਲਾ ਉਹ ਆਪ ਤਾਂ ਤੁਰ ਗਿਆ, ਪਰ ਬੂਟਾਂ ਨੂੰ ਮਿੱਟੀ ਨਾ ਲੱਗਣ ਦਿੱਤੀ।ਮੈਂ ਭਰੀਆਂ ਅੱਖਾਂ ਨਾਲ ਬੂਟਾਂ ਨੂੰ ਉਵੇਂ ਨਿਹਾਰ ਰਿਹਾ ਸੀ, ਜਿਵੇਂ ਸ਼ਾਇਦ ਕਦੇ ਬਾਪੂ ਨਿਹਾਰਦਾ ਹੋਣਾ, ਮੇਰੀ ਜ਼ੁਬਾਨ ਠਾਕੀ ਜਿਹੀ ਗਈ ..ਮੈਂ ਬਾਹਰ ਆ ਕੇ ਸੋਫ਼ੇ 'ਤੇ ਬਹਿ ਗਿਆ ਤਾਂ ਸਾਹਮਣੇ ਕੰਧ 'ਤੇ ਟੰਗੀ ਬਾਪੂ ਦੀ ਫੋਟੋ ਮੇਰੇ ਵੱਲ ਵੇਖ ਰਹੀ ਸੀ। ਬੂਟਾਂ ਦਾ ਜੋੜਾ ਮੇਰੇ ਹੱਥਾਂ 'ਚ ਸੀ। ਮੈਂ ਭਰੇ ਜਿਹੇ ਮਨ ਨਾਲ ਫੇਰ ਉੱਥੇ ਰੱਖ ਦਿੱਤੇ।

ਤੇ ਉਹ ਦਿਨ ਗਿਆ ਅੱਜ ਦਾ ਦਿਨ ਆਇਆ ਬੂਟ ਤਾਂ ਉੱਥੇ ਹੀ ਪਏ ਨੇ, ਪਰ ਬਾਪੂ

+91-98884-08383

## ਚੋਰ

ਬਾਜ਼ਾਰ ਵਿੱਚ ਅਚਾਨਕ ਚੋਰ-ਚੋਰ ਹੋ ਗਈ, ਸਵੀਟ ਸ਼ਾਪ ਵਿੱਚੋਂ ਨਿਕਲ ਕੇ ਭੱਜੇ ਦਸ-ਗਿਆਰਾਂ ਸਾਲ ਦੇ ਬੱਚੇ ਪਿੱਛੇ ਦੁਕਾਨ ਦੇ ਨੌਜਵਾਨ ਕਰੇਂਦੇ ਭੱਜ ਲਏ, ਥੋੜ੍ਹੀ ਦੂਰ ਹੀ ਤਾਂ ਜਾ ਕੇ ਉਸ ਨੂੰ ਦਬੋਚ ਲਿਆ ਗਿਆ। ਕਿਤੇ ਲੱਤ ਪੈਂਦੀ, ਕਿਤੇ ਘਸੁੰਨ ਪੈਂਦਾ। ਬਾਜ਼ਾਰ ਵਿੱਚੋਂ ਲੰਘਣ ਵਾਲੇ ਲੋਕ ਵੀ ਹੱਥ ਹੌਲਾ ਕਰਨ ਤੱਕ ਜਾਂਦੇ, ਨਹੀਂ ਗਾਲ੍ਹਾਂ ਤਾਂ ਹਰ ਕੋਈ ਕੋਲ ਦੀ ਲੰਘਣ ਵਾਲਾ ਵੀ ਜਾਂਦਾ ਜਾਂਦਾ ਕੱਢ ਹੀ ਜਾਂਦਾ। ਇੱਕ ਨੇ ਕਿਹਾ, "ਇਹ ਸਾਲੇ ਚੋਰੀ ਚਕਾਰੀ ਤੋਂ ਬਾਜ਼ ਨਹੀਂ ਆਉਂਦੇ"

ਦੂਜੇ ਨੇ ਕਿਹਾ, "ਅੱਜਕੱਲ੍ਹ ਤਿਉਹਾਰਾਂ ਦੇ ਦਿਨ ਬਾਜ਼ਾਰ ਵਿੱਚ ਭੀੜ, ਇਨ੍ਹਾਂ ਨੂੰ ਚੋਰੀ, ਜੇਬ ਕੁਤਰਨ ਲਈ ਮੌਕਾ ਹੀ ਮੌਕਾ"।

ਸਵੀਟ ਸ਼ਾਪ ਦਾ ਸੇਠ ਵੀ ਆ ਪਹੁੰਚਿਆ, "ਪੁਲਸ ਕੋਲ ਦਿੰਨਾ ਇਹਨੂੰ, ਸਾਲੇ ਨੇ ਮੂੰਹ ਨਹੀਂ ਘਮਾਉਣ ਦਿੱਤਾ।"

"ਨਹੀਂ ਨਹੀਂ.. ਉਹਨਾਂ ਨੇ ਵੀ ਛੱਡ ਹੀ ਦੇਣਾ, ਹਫ਼ਤਾ ਕੀਤਾ ਹੁੰਦਾ ਇਹਨਾਂ ਦੇ ਗਰੋਹ ਨੇ..ਦੇਖ ਸਾਲਾ ਕਿਵੇਂ ਮਚਲਾ ਹੋਇਆ ਪਿਆ। "

"ਬੋਲਦਾ ਵੀ ਨਹੀਂ ਕੁਝ..?"

"ਦੱਸ ਓਏ ਕੀਹਦੀ-ਕੀਹਦੀ ਦੁਕਾਨ ਤੋਂ ਕੀ-ਕੀ ਚੱਕਿਆ" ਇੱਕ ਨੇ ਥੱਪੜ ਜੜਦੇ ਹੋਏ ਪੁੱਛਿਆ।

ਲੜਕਾ ਮੂਧਾ ਪਿਆ, ਪਾਟੇ ਘਸਮੈਲੇ ਕੁੜਤੇ ਦੀ ਜੇਬ ਫੜ ਕੇ ਕਰਾਹੁੰਦਾ ਤਾਂ ਰਿਹਾ, ਪਰ ਬੋਲਿਆ, ਕੁਝ ਨਾ।

"ਤਲਾਸ਼ੀ ਲਓ.." ਇੱਕ ਹੋਰ ਅਵਾਜ਼ ਗਰਜੀ।

ਤਲਾਸ਼ੀ ਸ਼ੁਰੂ ਹੋਈ।

ਲੜਕੇ ਦੀ ਜੇਬ ਵਿੱਚੋਂ ਇੱਕ ਲੱਡੂ ਨਿਕਲਿਆ ਜਿਹੜਾ ਹੁਣ ਚੂਰ-ਚੂਰ ਹੋਇਆ ਪਿਆ ਸੀ।

-ਸੋਮਾ ਕਲਸੀਆਂ

## ਘਰੇ ਹੋਰ ਤਾਂ ਨ੍ਹੀਂ ਸੁਣਦਾ ਕੋਈ

'ਨੀ ਆ ਜਾ ਸੀਬੋ, ਦੋ ਮਿੰਟ ਸਾਹ ਲੈ ਲਾ।ਕਿੱਧਰ ਨੂੰ ਭੱਜੀ ਜਾਨੀ ਐਂ।' ਬਸੰਤ ਕੌਰ ਨੇ ਆਪਣੀ ਚੁੰਨੀ ਨੂੰ ਸਵਾਰਦੀ ਹੋਈ ਨੇ ਆਖਿਆ।

'ਨੀ ਬਸੰਤ ਕੁਰੇ! ਕੀ ਦੱਸਾਂ? ਮੇਰਾ ਤਾਂ ਸੁਣ ਕੇ ਕਾਲਜਾ ਹੀ ਨਿਕਲ ਚੱਲਿਆ ਤੀ।ਜਦੋਂ ਮੈਨੂੰ ਪਤਾ ਲੱਗਿਆ। ਮੇਰੀ ਨੂੰਹ ਨੇ ਦੱਸਿਆ ਮੈਨੂੰ। ਮੈਂ ਆ ਕੇ ਦੱਸਦੀ ਹਾਂ।' ਨਸੀਬ ਕੌਰ ਨੇ ਪਿਛਾਂਹ ਬਸੰਤ ਕੌਰ ਵੱਲ ਦੇਖਦੀ ਨੇ ਆਖਿਆ, ਪਰ ਖੜ੍ਹੀ ਨਹੀਂ।

ਅੱਧੇ ਘੰਟੇ ਬਾਅਦ ਵਾਪਸ ਆ ਕੇ ਬਸੰਤ ਕੌਰ ਨੂੰ ਦੱਸਣ ਲੱਗੀ, 'ਨੀ ਕੀ ਦੱਸਾਂ, ਮੇਰੀ ਨੂੰਹ ਨੂੰ ਮੇਰੇ ਮੁੰਡੇ ਪਾਲੇ ਨੇ ਫੋਨ ਕਰ ਦਿੱਤਾ ਕਿ ਮੀਤੇ ਘੁਮਿਆਰ ਦੇ ਘਰ ਬੇਬੇ ਨੂੰ ਭੇਜ। ਉਹ ਤਾਂ ਗੰਡਾਸੇ ਚੁੱਕੀ ਫਿਰਦੇ ਨੇ। ਅਖੇ, ਆਹ ਗੱਲ ਹੋ ਗੀ।'

'ਗੱਲ ਕੀ ਹੋਗੀ? ਕਿਵੇਂ ਘਬਰਾਈ ਫਿਰਦੀ ਏਂ।' ਬਸੰਤ ਕੌਰ ਨੇ ਹੈਰਾਨ ਹੁੰਦਿਆਂ ਪੁੱਛਿਆ।

'ਨੀ ਕੀ ਦੱਸਾਂ।ਮੇਰੇ ਤਾਂ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਸੁਣ ਕੇ। ਹੁਣ ਮੈਂ ਉਹਨਾਂ ਦੇ ਘਰ ਜਾ ਕੇ ਪਤਾ ਕਰ ਕੇ ਆਈ ਆਂ।' ਨਸੀਬ ਕੌਰ ਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ।

'ਸੁੱਖ ਤਾਂ ਹੈ।ਕੀ ਗੱਲ ਹੋ ਗਈ।' ਬਸੰਤ ਕੌਰ ਨੇ ਫੇਰ ਪੁੱਛਿਆ।

'ਨੀ ਸੁਣ ਲੈ ਫੇਰ ......ਘਰੇ ਹੋਰ ਤਾਂ ਨੀ ਹੈਗਾ ਕੋਈ।ਮੇਰੇ ਪੋਤੇ ਦਾ ਨਾਂਅ ਲੈਂਦੇ ਸੀ ਵਿੱਚ।ਅਖੇ ਫਲਾਨਿਆਂ ਦੀ ਕੁੜੀ ਨੂੰ ਬੱਬੂ ਤੇ ਰਿੰਕੂ ਭਜਾ ਕੇ ਲੈ ਗਏ। ਜਾ ਕੇ ਕੋਰਟ ਮੈਰਿਜ ਕਰਵਾ ਲੀ।'

'ਲੈ ਦੱਸ। ਹਾਏ ਮੈਂ ਮਰ ਜਾਂ। ਨੀ ਕਿਹੜਾ ਪੋਤਾ ਤੇਰਾ ?' ਵੱਡਾ, ਜਿਹੜਾ ਹੁਣ ਬਾਰ੍ਹਵੀਂ ਜਮਾਤ 'ਚ ਪੜ੍ਹਦੈ।ਅੱਛਿਆ ਭੈਣੇ, ਫਿਰ ਕੀ ਹੋਇਆ ?' ਬਸੰਤ ਕੌਰ ਹਾਲੇ ਵੀ ਸ਼ਸ਼ੋਪੰਜ ਵਿੱਚ ਸੀ।

'ਨੀ ਭੈਣੇ, ਮੈਂ ਉਹਨਾਂ ਦੇ ਘਰ ਜਾ ਕੇ ਪਤਾ ਕਰਕੇ ਆਈ ਆਂ।ਉੱਥੋਂ ਪਤਾ ਲੱਗਿਆ ਬਈ 'ਕੱਲਾ ਸੁਰਜੀਤ ਦਾ ਮੁੰਡਾ ਬੱਬੂ ਈ ਲੈ ਕੇ ਗਿਆ, ਜਿਹੜਾ ਪਹਿਲਾਂ ਵੀ ਚੋਰੀ ਦੇ ਕੇਸ ਵਿੱਚ ਫਸ ਗਿਆ ਤੀ। ਮੇਰੇ ਪੋਤੇ ਦਾ ਤਾਂ ਐਵੇਂ ਸੁੱਕਾ ਹੀ ਨਾਂਅ ਲੈਂਦੇ ਤੀ।' ਨਸੀਬ ਕੌਰ ਨੇ ਪੂਰੀ ਕਹਾਣੀ ਸੁਣਾ ਦਿੱਤੀ।

'ਨੀ ਕੀ ਦੱਸਾਂ ਭੈਣੇ।ਆਹ ਜਿਹੜਾ ਮੋਬਾਈਲ ਫੋਨ ਜਿਹਾ ਆ ਗਿਆ ਨਾ, ਜਿੱਥੇ ਵੀ ਵੇਖੋ ਹਰੇਕ ਕੰਨ ਨੂੰ ਲਾਈ ਖੜ੍ਹਾ ਹੁੰਦੈ। ਕੁੜੀਆਂ ਵੀ ਕਿਹੜਾ ਘੱਟ ਨੇ। ਇੱਕ ਆਹ ਜਿਹੜਾ ਬਲੂ ਟੂਬ ਤੇ ਫਰੇਸ ਬੁੱਕ ਕਹਿੰਦੇ ਆ - ਇੰਨਾ ਨੇ ਤਾਂ ਬਹੁਤ ਹੀ ਗੰਦ ਪਾਇਆ ਹੋਈਐ।ਪਤਾ ਨੀ ਕਿਵੇਂ ਗੱਲ-ਬਾਤ ਕਰ ਲੈਂਦੇ ਨੇ।' ਨਸੀਬ ਕੌਰ ਦਾ ਜਿਵੇਂ ਸਾਹ ਫੁੱਲਿਆ ਪਿਆ ਸੀ।

'ਨੀ ਗੱਲਬਾਤ ਕਾਹਦੀ, ਮੈਸੇਜ਼ ਕਰਦੇ ਰਹਿੰਦੇ ਨੇ ਇੱਕ-ਦੂਜੇ ਨੂੰ।' ਬਸੰਤ ਕੌਰ ਨੇ ਮੋਬਾਇਲ ਫੋਨ 'ਤੇ ਨਜ਼ਲਾ ਝਾੜਦਿਆਂ ਆਖਿਆ।

'ਨੀ ਮੈਂ ਤਾਂ ਬਥੇਰਾ ਆਪਣੀ ਨੂੰਹ ਨੂੰ ਵੀ ਕਹਿੰਦੀ ਆਂ ਕਿ ਪੁੱਤ ਫੋਨ ਨਾ ਦਿਆ ਕਰ ਜੁਆਕਾਂ ਨੂੰ। ਉਹ ਤਾਂ ਚਾਮਲ-ਚਾਮਲ ਕੇ ਫੋਨ ਦਿੰਦੀ ਐ, ਅਖੇ, ਮਾਂ ਜੀ ਇੰਨਾ ਦੀ ਆਨਲਾਈਨ ਕਲਾਸ ਲੱਗਦੀ ਐ।ਹੁਣ ਤਾਂ ਡਿਜੀਟਲ ਜ਼ਮਾਨਾ ਆ ਗਿਐ।ਮੋਬਾਇਲ ਬਿਨਾਂ ਭੋਰਾ ਨੀ ਸਰਦਾ ਅੱਜ।ਲੈ ਪੈ ਗਿਆ ਤੀ ਨਵਾਂ ਸਿਆਪਾ। ਚੋਂਦੇ ਹੋਏ ਨੇ ਮੋਬਾਈਲ ਫੋਨਾਂ ਦੇ। ਆਪਾਂ ਅਨਪੜ੍ਹਾਂ ਨੇ ਵੀ ਟਾਈਮ ਕੱਢ ਲਿਆ।' ਨਸੀਬ ਕੌਰ ਨੇ ਆਪਣੀ ਨੂੰਹ ਨੂੰ ਨਸੀਹਤ ਦੇਣ ਦੀ ਗੱਲ ਸੁਣਾਈ। 'ਹੁਣ ਨੀਂ ਭੈਣੇ ਸੁਣਦਾ ਕੋਈ।ਹੁਣ ਤਾਂ ਮੈਂ ਵੀ ਆਪਣੀ ਪੋਤੀ ਦੇ ਨਾਲ ਕੈਨੇਡਾ ਹਰ ਰੋਜ਼ ਵੀਡੀਓ ਕਾਲ ਕਰ ਲੈਨੀ ਆਂ।' ਇੰਨਾ ਆਖ ਕੇ ਨਸੀਬ ਕੌਰ ਆਪਣੇ ਘਰ ਨੂੰ ਤੁਰ ਪਈ।

—ਸੂਬੇਦਾਰ ਜਸਵਿੰਦਰ ਸਿੰਘ

ਸਫ਼ਾ 2 ਦੀ ਬਾਕੀ

## ਨਿਗਰਾਨ ਪੂੰਜੀਵਾਦ ਦਾ ਨਿੱਜੀ ...

ਉਹਨਾਂ ਦੀਆਂ ਤਰਜੀਹਾਂ 'ਤੇ ਫੈਸਲੇ ਬਦਲ ਦਿੰਦੀਆਂ ਹਨ, ਜਿਹਨਾਂ ਨਾਲ ਤੁਹਾਡੀ ਬਜਾਏ ਮਸ਼ਹੂਰੀ ਕਰਤਿਆਂ ਅਤੇ ਇਹਨਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਹਿੱਤ ਪੂਰੇ ਹੋ ਜਾਂਦੇ ਹਨ। ਵੇਖਣ ਨੂੰ ਭਾਵੇਂ ਇਹ ਨੁਕਸਾਨਦੇਹ ਨਹੀਂ ਲੱਗਦਾ, ਪਰ ਹੌਲੀ-ਹੌਲੀ ਇਹ ਤੁਹਾਡੀ ਵਿਅਕਤੀਗਤ ਆਜ਼ਾਦੀ ਨੂੰ ਖੋਰਾ ਲਾਉਂਦਾ ਹੈ ਤੇ ਫਿਰ ਸੱਤਾਧਾਰੀਆਂ ਨੂੰ ਆਪਣੇ ਹਿੱਤਾਂ ਮੁਤਾਬਿਕ ਸਮੂਹ ਦੀ ਇਕੱਲੇ-ਇਕੱਲੇ ਦੀ ਸੋਚ ਨੂੰ ਬਦਲਣ ਲਈ ਸੰਦ ਮੁਹੱਈਆ ਕਰਵਾਉਂਦਾ ਹੈ।

**ਕਾਨੂੰਨੀ ਔਕੜ**

ਭਾਵੇਂ ਕਿ ਇਸ ਪੂੰਜੀਵਾਦੀ ਨਿਗਰਾਨੀ ਸਿਸਟਮ ਦੇ ਖਤਰਿਆਂ ਬਾਰੇ ਜਾਗਰੂਕਤਾ ਆ ਰਹੀ ਹੈ, ਪਰ ਰੈਗੂਲੇਟਰੀ ਵਿਧੀ, ਤੇਜ਼ੀ ਨਾਲ ਅੱਗੇ ਵਧ ਰਹੇ ਕਾਰਪੋਰੇਟੀ ਤਕਨੀਕੀ ਵਿਕਾਸ ਮੂਹਰੇ ਬੌਣੀ ਸਾਬਤ ਹੋ ਰਹੀ ਹੈ। ਯੂਰਪੀਅਨ ਯੂਨੀਅਨ ਦਾ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ ਅਤੇ ਭਾਰਤ ਦਾ ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ ਯੂਜ਼ਰਜ਼ ਨੂੰ ਭਾਵੇਂ ਆਪਣੇ ਡਾਟੇ ਦਾ ਕੰਟਰੋਲ ਦੇਣ ਦੀ ਗੱਲ ਕਰਦੇ ਹਨ, ਪਰ ਇਹ ਨਿੱਜੀ ਸੂਚਨਾ ਦੇ ਵਪਾਰੀਕਰਨ ਦੇ ਬੁਨਿਆਦੀ ਸਵਾਲ ਨੂੰ ਅਣਡਿੱਠ ਕਰਦੇ ਹਨ। ਇਹ ਕਾਨੂੰਨ ਪੁਰਾਣੇ ਰਵਾਇਤੀ ਸਰਮਾਏਦਾਰੀ ਦਾਇਰੇ ਵਿੱਚ ਰਹਿ ਕੇ ਗੱਲ ਕਰਦੇ ਹਨ, ਪਰ ਕਾਰਪੋਰੇਟੀ ਨਿਗਰਾਨੀ ਤੰਤਰ ਤੋਂ ਬਚਾਅ ਦੀ ਕੋਈ ਪ੍ਰਵਾਹ ਨਹੀਂ ਕਰਦੇ। ਇਸ ਤੋਂ ਇਲਾਵਾ ਕਾਰਪੋਰੇਟ ਲਾਬਿੰਗ ਅਤੇ ਸੱਤਾਧਾਰੀਆਂ ਦੇ ਸਿਆਸੀ ਹਿੱਤ ਖੁਦ ਇਸ ਵਿਸ਼ਾਲ ਕਾਰਪੋਰੇਟ ਨਿਗਰਾਨੀ ਤੰਤਰ ਨਾਲ ਬਗਲਗੀਰ ਹਨ। ਇਹਨਾਂ ਕੰਪਨੀਆਂ ਦੇ ਵੱਡੇ ਮਾਲਕਾਂ (ਜਿਵੇਂ ਕਿ ਅੱਜਕੱਲ੍ਹ ਐਲਨ ਮਸਕ-ਅਨੁਵਾਦਕ) ਵੱਲੋਂ ਸਿਆਸੀ ਪਾਰੀ ਵਿੱਚ ਕੁੱਦ ਪੈਣਾ ਹੀ ਇਸ ਨਾਪਾਕ ਗੱਠਜੋੜ ਨੂੰ ਕਾਇਮ ਰੱਖਣ ਲਈ ਕਾਫ਼ੀ ਹੈ। ਜਦੋਂ ਇਸ ਤਰ੍ਹਾਂ ਦੀਆਂ ਵੱਡੀਆਂ ਕਾਰਪੋਰੇਟ ਹਸਤੀਆਂ ਨੀਤੀ ਘੜਨ ਵਾਲੀਆਂ ਸੰਸਥਾਵਾਂ 'ਤੇ ਗਲਬਾ ਪਾ ਲੈਂਦੀਆਂ ਹਨ ਤੇ ਉਹਨਾਂ ਦਾ ਯਤਨ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਰੈਗੂਲੇਸ਼ਨ ਉਹਨਾਂ ਦੇ ਵਪਾਰਕ ਹਿੱਤਾਂ ਅਨੁਸਾਰ ਬਣਾਈਆਂ ਜਾਣ। ਇਹ ਗਤੀਸ਼ੀਲ ਗਠਜੋੜ ਕਿਸੇ ਵੀ ਡਾਟਾ ਦੇ ਇਕੱਠਾ ਕਰਨ ਅਤੇ ਉਸ ਦੀ ਰਾਏ ਪ੍ਰਭਾਵਿਤ ਕਰਨ ਦੀ ਹੇਰਾਫੇਰੀ ਨੂੰ ਰੋਕਣ ਲਈ ਸਮਰੱਥ ਹੀ ਨਹੀਂ ਰਹਿਣ ਦਿੰਦਾ। ਸੱਤਾ ਅਤੇ ਕਾਰਪੋਰੇਟ ਨਿਗਰਾਨੀ ਤਾਕਤ ਵਿਚਲੀ ਧੁੰਦਲੀ ਰੇਖਾ ਕਾਰਪੋਰੇਟ ਨਿਗਰਾਨੀ ਪ੍ਰਬੰਧ ਨੂੰ ਤਾਕਤ ਬਖਸ਼ਦੀ ਹੈ ਤੇ ਜਵਾਬਦੇਹੀ, ਨਿੱਜੀ ਸੁਤੰਤਰਤਾ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੰਦੀ।

ਇਸ ਕਾਰਪੋਰੇਟ ਨਿਗਰਾਨੀ ਦਾ ਅੱਜ ਬਹੁਤ ਹੀ ਮਹੱਤਵ ਹੈ ਕਿਉਂਕਿ ਸਾਡੀਆਂ ਰੋਜ਼ਮਰ੍ਹਾ ਦੀ ਜ਼ਿੰਦਗੀ ਦੀਆਂ ਲੋੜਾਂ ਤਕਨੀਕ ਨਾਲ ਜੁੜੀਆਂ ਹੋਈਆਂ ਹਨ, ਇਸ ਨਾਲ ਜੁੜੇ ਸੰਭਾਵੀ ਖਤਰਿਆਂ ਨੂੰ ਇੱਕ ਚੇਤਾਵਨੀ ਦੇ ਤੌਰ 'ਤੇ ਹੀ ਲਿਆ ਜਾਣਾ ਚਾਹੀਦਾ ਹੈ। ਜੇਕਰ ਆਮ ਨਾਗਰਿਕ ਸੁਚੇਤ ਨਹੀਂ ਹੋਵੇਗਾ ਤਾਂ ਰਾਜ ਨੇ ਇਹਨਾਂ ਪ੍ਰਾਈਵੇਟ ਕੰਪਨੀਆਂ 'ਤੇ ਡਾਟਾ ਇਕੱਠਾ ਕਰਨ 'ਤੇ ਕੋਈ ਰੋਕ ਨਹੀਂ ਲਗਾਉਣੀ। ਇਹਨਾਂ ਪਹਿਲੂਆਂ 'ਤੇ ਸੰਜੀਦਗੀ ਨਾਲ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ ਤਾਂ ਜੋ ਡਾਟਾ ਸੁਰੱਖਿਆ ਸੰਬੰਧੀ ਕੋਈ ਨੀਤੀ ਬਣਾਈ ਜਾ ਸਕੇ। ਇਸ ਦੇ ਅਸਰਾਂ ਨੂੰ ਸਮਝਦੇ ਹੋਏ ਸੁਚੇਤ ਨਾਗਰਿਕਾਂ ਨੂੰ ਡਿਜੀਟਲ ਪਲੇਟਫਾਰਮਾਂ ਨੂੰ ਸੰਬੋਧਿਤ ਹੋਣਾ ਪੈਣਾ ਹੈ ਅਤੇ ਆਪਣੀ ਨਿੱਜਤਾ ਅਤੇ ਵਿਅਕਤੀਗਤ ਸੁਤੰਤਰਤਾ ਦੀ ਜ਼ੋਰਦਾਰ ਮੰਗ ਉਠਾਉਣੀ ਪੈਣੀ ਹੈ।

(25 ਫਰਵਰੀ 2025 ਦੇ ਦ ਹਿੰਦੂ ਦੇ ਧੰਨਵਾਦ ਸਹਿਤ)

ਸੰਪਰਕ-98728-44163

ਸਫ਼ਾ 1 ਦੀ ਬਾਕੀ

## ਬਾਲਜ਼ਾਕ ਆਪਣੇ ਮੇਜ਼ 'ਤੇ...

ਆਪਣੀਆਂ ਔਖਿਆਈਆਂ ਬਾਰੇ ਸਲਾਹ ਲੈਣ ਆਏ ਨੌਜਵਾਨ, ਰੁਮਾਂਸ ਕਰਨ ਦੇ ਵਿਚਾਰ ਨਾਲ ਆਈਆਂ ਮੁਟਿਆਰਾਂ ਤੇ ਸਵਾਣੀਆਂ ਤੇ ਪੈਸੇ ਮੰਗਣ ਆਏ ਉਹ ਬੰਦੇ, ਜਿਨ੍ਹਾਂ ਦਾ ਕਰਜ਼ ਬਾਲਜ਼ਾਕ ਦੇ ਸਿਰ ਚੜ੍ਹਿਆ ਹੁੰਦਾ। ਬਾਲਜ਼ਾਕ ਨੂੰ ਲਗਦਾ ਉਹ ਪੈਰਿਸ ਦੇ ਹਰ ਬੰਦੇ ਦਾ ਕਰਜ਼ਾਈ ਹੈ। ਉਹ ਬੜੇ ਪੈਸੇ ਕਮਾ ਰਿਹਾ ਸੀ, ਪਰ ਕਰਜ਼ ਵਧਦਾ ਜਾਂਦਾ।

ਮਿਲਣ ਆਏ ਬੰਦਿਆਂ ਨੂੰ ਬਾਲਜ਼ਾਕ ਭੁਗਤਾ ਚੁਕਦਾ ਤਾਂ ਪਰੂਫ਼ ਪੜ੍ਹਨ ਲਗਦਾ। ਗ਼ਲਤੀਆਂ ਲਾਉਂਦਿਆਂ ਬਾਲਜ਼ਾਕ ਸਤਰਾਂ ਦੀਆਂ ਸਤਰਾਂ, ਏਥੋਂ ਤੱਕ ਕਿ ਪੈਰ੍ਹਿਆਂ ਦੇ ਪੈਰ੍ਹੇ ਨਵੇਂ ਲਿਖਣ ਲਗਦਾ।ਬਾਲਜ਼ਾਕ ਨੂੰ ਸਾਧਾਰਣ ਕਾਗ਼ਜ਼ 'ਤੇ ਛਪੇ ਹੋਏ ਪਰੂਫ਼ ਰਾਸ ਨਹੀਂ ਸਨ ਆਉਂਦੇ। ਵੱਡੇ ਅਕਾਰ ਦੇ ਵਧੀਆ ਕਾਗ਼ਜ਼ਾਂ 'ਤੇ ਪਰੂਫ਼ ਮੰਗਾਉਂਦਾ, ਤਾਂ ਜੋ ਠੀਕ ਤਰ੍ਹਾਂ ਲਿਖਿਆ ਜਾ ਸਕੇ। ਪਰੂਫ਼ ਸੋਧਣਾ ਬਾਲਜ਼ਾਕ ਲਈ ਆਪਣੀਆਂ ਰਚਨਾਵਾਂ ਨੂੰ ਨਵੇਂ ਸਿਰਿਉਂ ਲਿਖਣ ਵਾਲਾ ਕੰਮ ਹੁੰਦਾ। ਫ਼ਿਕਰੇ ਬਦਲ ਦਿੰਦਾ, ਪਾਤਰਾਂ ਤੇ ਥਾਵਾਂ ਦੇ ਨਾਂਅ ਵੀ ਪਹਿਲਾਂ ਵਾਲੇ ਨਾ ਰਹਿੰਦੇ। ਕਹਾਣੀ ਦਾ ਢਾਂਚਾ ਵੀ ਬਦਲ ਕੇ ਰੱਖ ਦਿੰਦਾ।ਪਰੂਫ਼ ਦੇ ਕਾਗਜ਼ ਨੂੰ ਕਈ ਥਾਵਾਂ ਤੋਂ ਕੱਟ ਕੇ ਅੱਗੇ-ਪਿੱਛੇ ਕਰਕੇ ਜੋੜਦਾ ਤੇ ਆਪਣੀ ਲਿਖਤ ਨੂੰ ਇਕ ਨਵਾਂ ਰੂਪ ਬਖ਼ਸ਼ਦਾ, ਸਾਰਾ ਮੈਟਰ ਨਵੇਂ ਸਿਰਿਉਂ ਕੰਪੋਜ਼ ਕਰਨਾ ਪੈ ਜਾਂਦਾ।ਪੈਰਿਸ ਦੇ ਵਧੀਆ ਤੇ ਅਨੁਭਵੀ ਕੰਪੋਜ਼ੀਟਰ ਵੀ ਬਾਲਜ਼ਾਕ ਦੇ ਪਰੂਫ਼ਾਂ ਤੋਂ ਘਬਰਾਉਂਦੇ। ਇਕ ਤਾਂ ਉਸ ਦੀ ਹੱਥ-ਲਿਖਤ ਪੜ੍ਹੀ ਨਹੀਂ ਸੀ ਜਾਂਦੀ, ਫੇਰ ਪਰੂਫ਼ਾਂ ਵਿਚ ਗ਼ਲਤੀਆਂ ਲੱਗੀਆਂ ਹੁੰਦੀਆਂ ਤਾਂ ਉਨ੍ਹਾਂ ਨੂੰ ਪੜ੍ਹਨਾ ਤੇ ਨਵੇਂ-ਸਿਰਿਓਂ ਕੰਪੋਜ਼ ਕਰਨਾ ਸਿਰਦਰਦ ਬਣ ਜਾਂਦਾ। ਆਮ ਪ੍ਰੈੱਸ ਵਾਲੇ ਤਾਂ ਉਸ ਦਾ ਕੰਮ ਲੈਂਦੇ ਹੀ ਨਹੀਂ ਸਨ, ਜੋ ਲੈਂਦੇ ਬੜੇ ਵੱਧ ਰੇਟ 'ਤੇ ਲੈਂਦੇ, ਫੇਰ ਵੀ ਪਛਤਾਉਂਦੇ।ਬਾਲਜ਼ਾਕ ਸੋਲ੍ਹਾਂ ਸੋਲ੍ਹਾਂ ਵਾਰ ਨਵੇਂ ਪਰੂਫ਼ ਮੰਗਾਉਂਦਾ। ਉਸ ਦੀ ਤਦ ਤੱਕ ਤਸੱਲੀ ਨਾ ਹੁੰਦੀ, ਜਦ ਤੱਕ ਅਹਿਸਾਸ ਨਾ ਹੋ ਜਾਂਦਾ ਕਿ ਲਿਖਤ ਵਿਚੋਂ ਸੰਪੂਰਨਤਾ ਮੂਰਤੀਮਾਨ ਹੋ ਗਈ।ਪ੍ਰੈੱਸ ਵਾਲਿਆ ਦੀ ਨਾਰਾਜ਼ਗੀ ਦੀ ਬਾਲਜ਼ਾਕ ਨੂੰ ਪਰਵਾਹ ਨਹੀਂ ਸੀ। ਵੱਧ ਤੋਂ ਵੱਧ ਪੈਸੇ ਦੇਣ ਨੂੰ ਤਿਆਰ। ਪਰਵਾਹ ਸੀ ਤਾਂ ਕੇਵਲ ਇਸ ਗੱਲ ਦੀ ਕਿ ਲਿਖਤ ਵਧੀਆ ਤੋਂ ਵਧੀਆ ਬਣ ਸਕੇ।ਸਵੇਰ ਤੋਂ ਲੈ ਕੇ ਦੁਪਹਿਰ ਤੱਕ ਬਾਲਜ਼ਾਕ ਪਰੂਫ਼ ਪੜ੍ਹਦਾ ਰਹਿੰਦਾ। ਪਰੂਫ਼ ਪੜ੍ਹਨਾ ਲਿਖਣ ਵਰਗਾ ਹੀ ਸਿਰਜਣਾਤਮਕ ਕੰਮ ਸੀ। ਦੁਪਹਿਰ ਵੇਲੇ ਉਹ ਬੜਾ ਸਾਦਾ ਤੇ ਹਲਕਾ ਖਾਣਾ ਖਾਂਦਾ। ਬੋਝਲ ਕਿਸਮ ਦਾ ਖਾਣਾ ਸਰੀਰ ਤੇ ਦਿਮਾਗ਼ ਨੂੰ ਸੁਸਤ ਕਰਦਾ ਹੈ। ਉਹ ਕਹਿੰਦਾ ਹਾਲੀਂ ਉਸ ਨੇ ਹੋਰ ਕੰਮ ਕਰਨਾ ਹੁੰਦਾ !ਖਾਣਾ ਖਾ ਕੇ ਮੁੜ ਮੇਜ਼ 'ਤੇ ਬੈਠ ਜਾਂਦਾ, ਡਾਕ ਵੇਖਦਾ, ਪੱਤਰਾਂ ਦੇ ਉੱਤਰ, ਰਿਸਾਲਿਆਂ ਲਈ ਲੇਖ ਲਿਖਦਾ, ਕਾਪੀ ਵਿਚ ਨਵੇਂ ਨੋਟ ਕਰਦਾ ਜਾਂ ਇਕ-ਦੋ ਲਿਖਦਾ।ਪੰਜ ਵਜੇ ਬਾਲਜ਼ਾਕ ਕੰਮ ਮੁਕਾ ਕੇ ਉਠਦਾ। ਤ੍ਰਿਕਾਲੀਂ ਛੇ ਵਜੇ ਜਦ ਲੋਕ ਸਿਨਮਿਆਂ, ਥੀਏਟਰਾਂ, ਹੋਟਲਾਂ ਨੂੰ ਜਾਣ ਦੀ ਤਿਆਰੀ ਕਰ ਰਹੇ ਹੁੰਦੇ, ਤਾਂ ਬਾਲਜ਼ਾਕ ਸੌਣ ਦੀ ਤਿਆਰੀ ਕਰਦਾ। ਬਿਸਤਰੇ 'ਤੇ ਪੈਂਦਿਆਂ ਹੀ ਨੀਂਦ ਆ ਜਾਂਦੀ। ਡੂੰਘੀ ਨੀਂਦ ਸੁਪਨਿਆਂ ਵਾਲੀ। ਨੀਂਦ ਦੇ ਸੰਸਾਰ ਵਿਚ ਬਾਲਜ਼ਾਕ ਦੇ ਚੁਫੇਰੇ ਪੈਰਿਸ ਨੱਚਦਾ, ਹੱਸਦਾ, ਰੰਗਰਲੀਆਂ ਮਨਾਉਂਦਾ ਬਾਲਜ਼ਾਕ ਸੁੱਤਾ ਰਹਿੰਦਾ। ਅੱਧੀ ਰਾਤ ਹੁੰਦੀ ਤਾਂ ਔਗਸਤੇ ਬੂਹੇ 'ਤੇ ਪੋਲੀ ਜਿਹੀ ਦਸਤਕ ਦੇ ਕੇ ਜਗਾਉਂਦਾ ਤੇ ਲਿਖਣ-ਕਮਰੇ ਵਿਚ ਜਾ ਕੇ ਮੋਮਬੱਤੀਆਂ ਬਾਲਦਾ। ਬਾਲਜ਼ਾਕ ਉਠਦਾ, ਉਬਾਸੀ ਲੈਂਦਾ, ਆਕੜ ਭੰਨਦਾ ਤੇ ਸਿਰ ਨੂੰ ਝਟਕਦਾ। ਕਾਫ਼ੀ—ਬਾਲਜ਼ਾਕ ਆਪਣੇ-ਆਪ ਨੂੰ ਕਹਿੰਦਾ ਤੇ ਰਸੋਈ ਵੱਲ ਤੁਰ ਪੈਂਦਾ। ਕੰਮ ਦੀ ਇਕ ਹੋਰ ਰਾਤ ਸ਼ੁਰੂ ਹੋ ਜਾਂਦੀ।

ਸਫ਼ਾ 3 ਦੀ ਬਾਕੀ

## ਅਤੀਤ, ਸਮਕਾਲ ਤੇ ਤਤਕਾਲ ਦਾ ਅਨੁਭਵੀ...

ਕੱਢਣ ਲਈ ਸਾਕਾਦਾਰੀ ਪ੍ਰਬੰਧ ਅੰਦਰ ਵੀ ਨਵੀਂ ਉਮੰਗ, ਨਵੀਂ ਆਸ ਬੀਜਦਾ ਹੈ। ਮਲਵਿੰਦਰ ਨੇ ਬਹਿਰ ਰਾਹੀਂ ਬੱਚਿਆਂ ਦੀ ਮਾਨਸਿਕਤਾ ਦੀ ਬਾਤ ਪਾਈ ਹੈ। ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝਦਿਆਂ ਕਵਿਤਾ ਦੇ ਮਾਧਿਅਮ ਰਾਹੀਂ ਉਹ ਧੀਆਂ ਲਈ ਵੀ ਆਵਾਜ਼ ਬਣਦਾ ਹੈ।

ਮੈਂ ਕੋਰਾ ਕਾਗਜ਼ ਨਹੀਂ ਹਾਂ
ਜਿਸ ਉਪਰ ਲਿਖੀਆਂ ਜਾਣ ਸਿਰਫ ਕਵਿਤਾਵਾਂ
ਨਾ ਹਾਂ ਕੋਰਾ ਕੈਨਵਸ
ਕਿ ਚਿੱਤਰ ਸਕੋ ਜਿਸ ਉੱਪਰ
ਮੇਰੀ ਮਾਸੂਮੀਅਤ ਦੇ ਭੋਲੇ ਨਕਸ਼
ਮੈਂ ਔਰਤ ਹਾਂ
ਤੇ ਜੂਝਣਾ ਹੈ ਕਵਿਤਾਵਾਂ, ਚਿੱਤਰਾਂ, ਕਹਾਣੀਆਂ ਨਾਲ
ਇਹਨਾਂ ਵਿਚ ਸਿਰਜੇ ਭਾਵੁਕ ਬਿਰਤਾਂਤ ਨਾਲ
ਅਜੇ ਤਾਂ ਮੈਂ ਧੀ ਹਾਂ, ਪੋਤੀ ਹਾਂ
ਤੇ ਹਾਂ ਹੋਰ ਵੀ ਰਿਸ਼ਤੇ ਕਈ
ਮੇਰੀ ਰਿਸ਼ਤਿਆਂ 'ਚੋਂ ਬਾਹਰ ਆਉਣ
ਦੀ ਉਡੀਕ ਕਰੋ
ਤੇ ਉਡੀਕ ਕਰੋ ਘਰ ਤੋਂ ਬਾਹਰ ਜਾਂਦੇ
ਮੇਰੇ ਪਹਿਲੇ ਕਦਮ ਦੀ
ਉਸ ਕਦਮ ਦੇ ਤੁਰਿਆਂ ਨਵੇਂ ਰਾਹ ਬਣਨਗੇ
ਤੁਸੀਂ ਰਾਹਾਂ ਦੀ ਪਛਾਣ ਕਰਨੀ ਹੈ
ਤੇ ਮੇਰੇ ਹਮਸਫਰ ਬਣਨਾ ਹੈ

ਪੁਸਤਕ ਦਾ ਤੀਜਾ ਭਾਗ 'ਥੇਹਾਂ ਦੇ ਨਕਸ਼' ਹੈ। ਮਲਵਿੰਦਰ ਦੀ ਸੰਵੇਦਨਾ ਦੇ ਕਈ ਰੂਪ ਇਸ ਵਿੱਚ ਪਹਿਚਾਣੇ ਜਾ ਸਕਦੇ ਹਨ। ਉਸ ਕੋਲ ਮਾਨਵੀ ਸੰਵੇਦਨਾ ਦੇ ਨਾਲ-ਨਾਲ ਆਪਣੇ ਅੰਤਰੀਵ ਮਨ ਅੰਦਰ ਆਪੇ ਦਾ ਅਹਿਸਾਸ ਵੀ ਹੈ। ਕਵੀ ਸਮਕਾਲੀ ਵਰਤਾਰੇ ਅੰਤਰਗਤ ਹੋ ਰਹੀ ਕਸਮਕਸ ਨੂੰ ਵੀ ਪਹਿਚਾਣਦਾ ਹੈ ਤੇ ਲੋਕ ਯੁੱਧ ਵਿੱਚ ਲੋਕਾਂ ਦੇ ਜਜ਼ਬਿਆਂ ਅੰਦਰਲੀ ਭਾਵਨਾ ਪ੍ਰਤੀ ਵੀ ਸ਼ਿੱਦਤ ਨਾਲ ਪੇਸ਼ ਆਉਂਦਾ ਹੈ। ਸਮਾਜਿਕ ਰਿਸ਼ਤਿਆਂ ਅੰਦਰਲੀ ਸਾਂਝ ਅਤੇ ਮੋਹ ਨੂੰ ਕਈ ਪੱਖਾਂ ਤੋਂ ਮਾਪਦਾ ਹੋਇਆ ਆਪਣੇ ਆਪੇ ਦੇ ਸਨਮੁਖ ਹੁੰਦਾ ਨਿੱਜੀ ਮੁਹੱਬਤ ਦੇ ਪਲਾਂ ਦੀ ਕਾਵਿਕਾਰੀ ਵੀ ਕਰਦਾ ਹੈ। ਕਵੀ ਅਤੀਤ ਵਿੱਚ ਸਮੋਏ ਆਪਣੇ ਬਚਪਨ ਦੇ ਪਲ ਤੇ ਆਪਣੇ ਬੱਚਿਆਂ ਦੇ ਬਚਪਨ ਨੂੰ ਸਮਾਨੰਤਰ ਰੱਖਦਾ ਹੋਇਆ ਵਕਤ ਵਿਚਲੇ ਪਾੜੇ ਨੂੰ ਮਾਪਦਾ ਹੈ। 'ਪੁਰਾਣੀ ਡਾਇਰੀ', 'ਕੰਤਾ ਮਾਮਾ', 'ਸੱਜਰੀ ਸੂਲੀ', 'ਹੰਢ ਗਈ ਪੀੜ੍ਹੀ ਦਾ ਸੰਵਾਦ', ਕਵਿਤਾਵਾਂ ਏਸੇ ਸੰਦਰਭ ਵਿੱਚ ਵਾਚੀਆਂ ਜਾ ਸਕਦੀਆਂ ਹਨ। ਕਵੀ ਨਾਨਕ ਦੀ ਫਿਲਾਸਫੀ ਤੇ ਯਾਤਰਾ ਵਿੱਚੋਂ ਉਪਜੇ ਸ਼ਬਦਾਂ ਰਾਹੀਂ ਜ਼ਿੰਦਗੀ ਦੇ ਅਰਥ ਭਾਲਦਾ ਹੈ। ਇਸ ਕਵਿਤਾ ਦੀ ਖ਼ੂਬੀ ਇਹ ਵੀ ਹੈ ਕਿ ਜਿੱਥੇ ਕਵੀ ਬਿਰਖ, ਰੁੱਤਾਂ, ਤੂਫਾਨਾਂ, ਹਰਿਆਵਲ, ਮੀਂਹ ਦੀਆਂ ਕਣੀਆਂ ਆਦਿ ਵਿੱਚੋਂ ਕੁਦਰਤ ਦੀ ਰਮਜ ਦੇਖਦਾ ਤੇ ਝੂਠੇ ਵਿਕਾਸ ਤੇ ਭਰਮ ਪਾਉਣ ਵਾਲੇ ਪੈਂਡਿਆਂ ਨੂੰ ਨਕਾਰਦਾ ਹੈ। ਜੋ ਇਸ ਕਵਿਤਾ ਦਾ ਆਧਾਰ ਵੀ ਬਣਦਾ ਹੈ। ਕਵੀ ਨੂੰ ਇਸ ਪੱਖੋਂ ਦੁੱਖ ਹੈ ਕਿ ਦੇਸ਼ ਦੇ ਅੰਦਰ ਔਰਤ ਵਿਰੁੱਧ ਹੋ ਰਹੀਆਂ ਘਟਨਾਵਾਂ ਸਮੁੱਚੀ ਮਾਨਵਤਾ ਦੇ ਮੂੰਹ 'ਤੇ ਕਲੰਕ ਹਨ। ਮਨੀਪੁਰ ਵਰਗੀਆਂ ਬਹੁਤ ਸਾਰੀਆਂ ਘਟਨਾਵਾਂ ਕਵੀ ਨੂੰ ਪ੍ਰੇਸ਼ਾਨ ਕਰਦੀਆਂ ਹਨ। ਇਸ ਕਵਿਤਾ ਵਿਚਲਾ ਪਾਤਰ ਡਰ, ਖੌਫ, ਸੰਸੇ, ਬੇਭਰੋਸਗੀ, ਬੇਆਰਾਮਤਾ ਤੇ ਬੇਚੈਨੀ ਦੇ ਮਾਹੌਲ ਵਿੱਚੋਂ ਨਿਕਲ ਕੇ ਭਾਈਚਾਰਕ, ਸਾਂਝ ਤੇ ਮੋਹ ਦਾ ਦੀਵਾ ਬਾਲਣਾ ਚਾਹੁੰਦਾ ਹੈ। ਉਹ ਇਸ ਸੰਵੇਦਨਹੀਣਤਾ ਦੇ ਦੌਰ ਵਿੱਚ ਗੁਆਚੀਆਂ ਮਾਨਵੀ ਪੈੜਾਂ ਲੱਭ ਕੇ ਮਨਫੀ ਹੋਈ ਮੁਹੱਬਤ ਨੂੰ ਜਗਾਉਣ ਲਈ ਤਤਪਰ ਹੈ। ਕਵੀ ਤੇ ਕਵਿਤਾ ਵੀ ਆਪਸੀ ਅੰਤਰ ਸੰਬੰਧ ਨੂੰ ਅਭੀਵਿਅਕਤ ਕਰਦੀ ਇਹ ਕਵਿਤਾ ਬਿਖੜੇ ਪੈਂਡਿਆਂ ਨੂੰ ਸਮਤਲ ਕਰਨ ਲਈ ਰੋਹ ਤੇ ਵਿਦਰੋਹ ਦੀ ਗੱਲ ਵੀ ਕਰਦੀ ਹੈ। ਕਿਸਾਨ ਅੰਦੋਲਨ ਨੇ ਜੋ ਇਤਿਹਾਸ ਸਿਰਜਿਆ, ਉਸ ਪ੍ਰਤੀ ਕਵੀ ਮਾਣ ਕਰਦਾ ਹੋਇਆ ਧਰਤ ਤੇ ਖੇਤ ਦੀ ਆਵਾਜ਼ ਨੂੰ ਵੀ ਮਹਿਸੂਸਦਾ 'ਮੈਂ ਕਿਸਾਨ ਨਹੀਂ ਹਾਂ', 'ਮੈਂ ਖੇਤ ਹਾਂ' ਵਰਗੀਆਂ ਕਵਿਤਾਵਾਂ ਲਿਖਦਾ ਹੈ। ਕਵਿਤਾ ਲੋਕ ਸੰਘਰਸ਼ ਦੀ ਬਾਤ ਪਾਉਂਦੀ ਹੱਕ ਤੇ ਸੱਚ ਦੀ ਗਵਾਹਕਾਰ ਵੀ ਬਣਦੀ ਹੈ। 'ਸੰਘਰਸ਼ ਦੀਆਂ ਪੈੜਾਂ ਦੇ ਨਕਸ਼', 'ਵਿਦਰੋਹਾਂ ਦਾ ਇਤਿਹਾਸ', 'ਸੰਘਰਸ਼ ਦਾ ਬਿਰਤਾਂਤ' ਏਸੇ ਸੰਦਰਭ ਵਿੱਚ ਵਾਚੀਆਂ ਜਾਣ ਵਾਲੀਆਂ ਕਵਿਤਾਵਾਂ ਹਨ। ਲੋਕ ਇਤਿਹਾਸ ਕਿਵੇਂ ਬਣਦਾ ਹੈ, ਇਹ ਕਿਵੇਂ ਪੈਦਾ ਹੁੰਦਾ ਹੈ ਤੇ ਇਸ ਇਤਿਹਾਸ ਦੇ ਬੋਲ ਵਰਤਮਾਨ ਦੀ ਦਹਿਲੀਜ਼ 'ਤੇ ਕਿਸ ਪੱਖ ਦੀ ਗਵਾਹੀ ਦਿੰਦੇ ਹਨ। ਇਸ ਕਵਿਤਾ ਵਿਚਲਾ ਪਾਤਰ ਭਾਵੇਂ ਸੰਘਰਸ਼ ਦੀਆਂ ਵਾਹੀਆਂ ਲੀਕਾਂ ਅੰਦਰਲੀ ਹਰਕਤ ਤੋਂ ਅਣਜਾਣ ਹੋਵੇ, ਪਰ ਬਾਹਰੀ ਪ੍ਰਭਾਵਕਤਾ ਤੋਂ ਮੁਕਤ ਨਹੀਂ। ਇਹ ਕਵਿਤਾ ਸਪੱਸ਼ਟ ਕਰਦੀ ਹੈ।

ਇੰਝ ਇਤਿਹਾਸ ਆਪਣੇ-ਆਪ ਨੂੰ
ਦੁਹਰਾਉਂਦਾ ਰਿਹਾ
ਲੋਕਾਂ ਦੇ ਸੁਪਨੇ ਟੁੱਟਦੇ ਰਹੇ
ਸਥਾਪਤੀ ਫਲਦੀ ਰਹੀ
ਸਥਾਪਤੀ ਦੀ ਕੁੱਖੋਂ ਜਨਮਦੀ ਹੈ ਅਸਹਿਮਤੀ
ਅਸਹਿਮਤੀ ਦਾ ਬਹੁਵਚਨ ਵਿਦ੍ਰੋਹ ਹੁੰਦਾ
ਵਿਦ੍ਰੋਹ ਨਵੀਂ ਸਥਾਪਤੀ ਬਣਦੀ
ਨਵੇਂ ਵਿਦ੍ਰੋਹ ਨੂੰ ਜਨਮ ਦਿੰਦੀ
ਸਿਰ ਜੁੜਦੇ
ਲੋਕ ਸੰਘਰਸ਼ ਕਰਦੇ
ਸੱਤਾ ਹਾਰਦੀ
ਜਿੱਤ ਲੋਕਾਂ ਦੀ ਹੁੰਦੀ।

ਪੁਸਤਕ ਵਿੱਚ ਗੁਰਦੇਵ ਚੌਹਾਨ ਹੁਰਾਂ ਦਾ ਕਾਵਿ ਚਿੱਤਰ ਵੀ ਧਿਆਨ ਮੰਗਦਾ ਹੈ। 'ਮੇਰਾ ਮਨ ਲਾਹੌਰ ਜਾਣ ਨੂੰ ਕਰਦਾ ਹੈ', 'ਕਵਿਤਾ ਮੈਂ ਤੇਰਾ ਕਰਜ਼ਦਾਰ ਹਾਂ', 'ਸਿੱਧਾ ਪ੍ਰਸਾਰਣ', 'ਭਾਸ਼ਾ', 'ਥੇਹਾਂ ਦੇ ਨਕਸ਼', 'ਮੀਂਹ ਤੇ ਬੰਦਾ', 'ਕੂੜਾ' ਕਵਿਤਾਵਾਂ ਵਿੱਚ ਪਾਠਕ ਨੂੰ ਹਲੂਣਾ ਦਿੰਦੀਆਂ ਹਨ।

ਸਮੁੱਚੇ ਰੂਪ ਵਿੱਚ ਇਹ ਪੁਸਤਕ ਕਾਵਿ ਸ਼ੈਲੀ ਬੋਝਲ ਤੇ ਗੁੰਝਲ ਭਾਸ਼ਾ ਤੋਂ ਮੁਕਤ ਹੈ। ਕਵਿਤਾ ਵਿਚਲੀ ਸੁਹਜਾਤਮਿਕਤਾ ਕਾਵਿ ਦ੍ਰਿਸ਼ਾਂ ਰਾਹੀਂ ਪ੍ਰਗਟਦੀ ਮਨੁੱਖ ਦੀ ਜ਼ਿੰਦਗੀ ਦੇ ਇਰਦ-ਗਿਰਦ ਜੁੜੇ ਸਰੋਕਾਰਾਂ ਨੂੰ ਸਰਲਤਾ ਨਾਲ ਪੇਸ਼ ਆਉਂਦੀ ਹੈ। ਖੇਤਰੀ ਪੱਧਰ ਤੋਂ ਵਿਸ਼ਵੀ ਪੱਧਰ ਤੱਕ ਬਹੁ-ਦਿਸ਼ਾਵੀ ਸਰੋਕਾਰਾਂ ਨੂੰ ਕਾਵਿ ਕੈਨਵਸ ਵਿੱਚ ਸਮਾਉਣ ਦੀ ਸਮਰੱਥਾ ਕਵੀ ਦੀ ਕਾਵਿ ਯੋਗਤਾ 'ਤੇ ਨਿਰਭਰ ਹੁੰਦਾ ਹੈ। ਕਵਿਤਾ ਵਿੱਚ ਇਹ ਵੀ ਵੇਖਣਾ ਬਣਦਾ ਹੈ ਕਿ ਕਵੀ ਆਪਣੇ ਵਿਚਾਰਾਂ ਦਾ ਨਿਭਾਓ ਕਿਵੇਂ ਕਰਦਾ ਹੈ। ਮਲਵਿੰਦਰ ਦੀ ਕਵਿਤਾ ਵਿਚਲੇ ਮੈਟਾਫਰ ਕੁਦਰਤ, ਮਨੁੱਖੀ ਜੀਵਨ, ਆਲੇ-ਦੁਆਲੇ ਵਿੱਚੋਂ ਲਏ ਗਏ ਹਨ। ਇਸ ਕਵਿਤਾ ਨੂੰ ਸੰਚਾਰ ਦੀ ਸਮੱਸਿਆ ਨਹੀਂ ਆਉਂਦੀ। ਕਵਿਤਾ ਵਿੱਚ ਕਿਤੇ-ਕਿਤੇ ਵਿਸ਼ਿਆਂ ਦਾ ਦੁਹਰਾਓ ਰੜਕਦਾ ਹੈ, ਪਰ ਅਕਾਉਪੁਣੇ ਦਾ ਅਹਿਸਾਸ ਨਹੀਂ ਹੁੰਦਾ। ਕਵੀ ਦਾ ਅਨੁਭਵ ਸਮਕਾਲ ਦਾ ਪ੍ਰਤੀਕਰਮ ਬਣਦਾ ਹੋਇਆ ਪਾਠਕਾਂ ਨਾਲ ਰਾਬਤਾ ਬਣਾ ਲੈਂਦਾ, ਜੋ ਇਸ ਕਵਿਤਾ ਦਾ ਹਾਸਲ ਹੈ। ਇਹ ਸ਼ਾਇਰੀ ਉਮੀਦ ਜਗਾਉਂਦੀ ਹੈ ਕਿ ਜੀਵਨ ਦੀਆਂ ਗੁੰਝਲਾਂ ਦੇ ਸੂਖਮ ਪਹਿਲੂਆਂ ਦਾ ਪ੍ਰਗਟਾਵਾ ਇਸ ਨੇ ਅਜੇ ਹੋਰ ਕਰਨਾ ਹੈ।

ਸੰਪਰਕ : 94636-15536

# ਅਮਰੀਕੀ ਯੂਨੀਵਰਸਿਟੀਆਂ 'ਚ ਸੁੰਗੜ ਰਹੀ ਜਮਹੂਰੀ ਸਪੇਸ

*"ਯੂ ਸੀ ਐੱਸ ਐੱਫ ਵੱਲੋਂ ਡਾ. ਰੂਪਾ ਮਾਰੀਆ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਹ ਅਜਿਹਾ ਪਹਿਲਾ ਕੇਸ ਨਹੀਂ ਹੈ, ਇਹ ਅਮਰੀਕੀ ਯੂਨੀਵਰਸਿਟੀਆਂ ਵਿਚ ਅਕਾਦਮਿਕ ਸੁਤੰਤਰਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਘਟਣ ਵੱਲ ਇਸ਼ਾਰਾ ਹੈ। ਇਤਿਹਾਸਕ ਹਵਾਲੇ ਨਾਲ ਇਨ੍ਹਾਂ ਪੱਖਾਂ ਦੀ ਚਰਚਾ ਕੀਤੀ ਗਈ ਹੈ।"*

**ਬੂਟਾ ਸਿੰਘ ਮਹਿਮੂਦਪੁਰ**

ਭਾਰਤੀ ਮੂਲ ਦੀ ਡਾਕਟਰ ਰੂਪਾ ਮਾਰੀਆ ਦੀ ਕੈਲੀਫੋਰਨੀਆ ਯੂਨੀਵਰਸਿਟੀ, ਸਾਨ ਫਰਾਂਸਿਸਕੋ ਤੋਂ ਬਰਖ਼ਾਸਤਗੀ ਨੇ ਅਮਰੀਕੀ ਸਟੇਟ ਦੀ ਤਾਨਾਸ਼ਾਹ ਖਸਲਤ ਇਕ ਵਾਰ ਫਿਰ ਪੂਰੀ ਦੁਨੀਆ ਨੂੰ ਦਿਖਾ ਦਿੱਤੀ ਹੈ। ਡਾ. ਮਾਰੀਆ ਨੂੰ 23 ਸਾਲ ਦੀ ਬੇਦਾਗ਼ ਨੌਕਰੀ ਦੇ ਬਾਵਜੂਦ ਕੱਢ ਦਿੱਤਾ ਗਿਆ, ਕਿਉਂਕਿ ਉਸ ਨੇ ਜ਼ਾਇਓਨਿਜ਼ਮ ਨੂੰ ਨਸਲਵਾਦੀ ਵਿਚਾਰਧਾਰਾ ਕਰਾਰ ਦਿੰਦੇ ਹੋਏ ਇਸ ਦੇ ਸਿਹਤ ਸੇਵਾਵਾਂ ਅਤੇ ਫਲਸਤੀਨੀ ਮਨੁੱਖੀ ਹੱਕਾਂ ਉੱਪਰ ਹਾਨੀਕਾਰਕ ਪ੍ਰਭਾਵਾਂ ਬਾਰੇ ਡਟ ਕੇ ਆਵਾਜ਼ ਉਠਾਈ ਸੀ। ਉਸ ਨੇ ਇਜ਼ਰਾਈਲ ਦੀ ਗਾਜ਼ਾ ਵਿਰੁੱਧ ਜੰਗ ਦੀ ਨਿੰਦਾ ਕੀਤੀ, ਉਹ ਫਲਸਤੀਨੀ ਸਿਹਤ ਕਾਮਿਆਂ ਦੇ ਹੱਕ ਵਿਚ ਖੜ੍ਹੀ, ਅਤੇ ਉਸ ਨੇ ਅਮਰੀਕੀ ਅਕਾਦਮਿਕ ਮੈਡੀਸਨ ਦੇ ਜ਼ਾਇਓਨਿਸਟ ਦਾਨੀਆਂ ਨਾਲ ਸੰਬੰਧਾਂ ਦੀ ਜਵਾਬਦੇਹੀ ਦੀ ਮੰਗ ਕੀਤੀ ਸੀ, ਇਸ ਕਾਰਨ ਉਸ ਨੂੰ ਜਾਬਰ ਸੰਸਥਾਗਤ ਪ੍ਰਤੀਕਰਮ ਦਾ ਸਾਹਮਣਾ ਕਰਨਾ ਪਿਆ। ਸਿਹਤ ਸੇਵਾਵਾਂ ਦੇ ਖੇਤਰ ਵਿਚ ਉਸ ਦੀ ਦਹਾਕੇ ਲੰਮੀ ਸਾਫ਼-ਸੁਥਰੀ ਕਾਰਗੁਜ਼ਾਰੀ ਦੇ ਬਾਵਜੂਦ ਯੂਨੀਵਰਸਿਟੀ ਨੇ ਉਸ ਦੇ ਰਿਕਾਰਡ ਵਿਚ 10 ਸਾਲ ਦੀ ਨਾਂਹਪੱਖੀ ਰਿਪੋਰਟ ਦਰਜ ਕੀਤੀ ਹੈ, ਜੋ ਉਸ ਦੇ ਮੈਡੀਕਲ ਕਰੀਅਰ ਨੂੰ ਤਬਾਹ ਕਰਨ ਦੀ ਮਨਸ਼ਾ ਨਾਲ ਕੀਤਾ ਗਿਆ ਹੈ। ਯੂਨੀਵਰਸਿਟੀ ਨੇ ਡਾ. ਮਾਰੀਆ ਦੀਆਂ ਸੋਸ਼ਲ ਮੀਡੀਆ ਪੋਸਟਾਂ ਨੂੰ ਯਹੂਦੀ-ਵਿਰੋਧੀ ਦੱਸਿਆ, ਜਦੋਂਕਿ ਮਾਰੀਆ ਅਤੇ ਉਸ ਵਰਗੇ ਹੋਰ ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਇਹ ਆਵਾਜ਼ ਸੰਵਿਧਾਨਕ ਹੱਕਾਂ, ਨੈਤਿਕ ਭਾਵਨਾਵਾਂ ਤੋਂ ਪ੍ਰੇਰਿਤ ਹੈ। ਮਾਰੀਆ ਝੁਕੀ ਨਹੀਂ, ਉਸ ਨੇ ਯੂਨੀਵਰਸਿਟੀ ਦੇ ਫ਼ਲਸਤੀਨੀ ਪੱਖੀ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਦੇ ਦਸਤੂਰ ਦਾ ਪਰਦਾਫਾਸ਼ ਕਰਦਿਆਂ ਅਮਰੀਕੀ ਸੰਵਿਧਾਨ ਵਿਚ ਦਰਜ ਨਾਗਰਿਕ ਹੱਕਾਂ ਦੀ ਸੁਰੱਖਿਆ ਅਤੇ ਨਾਗਰਿਕ ਹੱਕਾਂ ਦੇ ਹਵਾਲੇ ਨਾਲ ਮੁਕੱਦਮੇ ਦਾਇਰ ਕੀਤੇ ਹਨ।

ਡਾ. ਮਾਰੀਆ ਦਾ ਮਾਮਲਾ ਨਾ ਪਹਿਲਾ ਹੈ ਅਤੇ ਨਾ ਆਖ਼ਰੀ। ਬਹੁਤ ਸਾਰੀਆਂ ਆਵਾਜ਼ਾਂ ਨੂੰ ਲਗਾਤਾਰ ਕੁਚਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਕਰੀਅਰ ਤਬਾਹ ਕਰਕੇ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੁਨੀਆ ਭਰ ਵਿਚ 'ਜਮਹੂਰੀਅਤ ਦੀ ਰਾਖੀ' ਦੇ ਨਾਂਅ ਹੇਠ ਜਿਸ ਅਮਰੀਕੀ ਸਟੇਟ ਨੇ ਦੂਜੀ ਆਲਮੀ ਜੰਗ ਤੋਂ ਲੈ ਕੇ ਧਾੜਵੀ ਜੰਗਾਂ ਦਾ ਸਿਲਸਿਲਾ ਕਦੇ ਬੰਦ ਨਹੀਂ ਹੋਣ ਦਿੱਤਾ, ਉਸ ਦੀ ਆਪਣੀ ਸਰਜ਼ਮੀਨ ਉੱਪਰ ਜਮਹੂਰੀ ਸਪੇਸ ਵੀ ਹਮੇਸ਼ਾ ਤਾਨਾਸ਼ਾਹ ਹਮਲੇ ਦੀ ਮਾਰ ਹੇਠ ਰਹੀ ਹੈ। 20ਵੀਂ ਸਦੀ ਦੇ ਅੱਧ 'ਚ 'ਮੈਕਾਰਥੀਵਾਦ' ਨੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੀ ਸੰਘੀ ਘੁੱਟ ਕੇ ਨਾਗਰਿਕ ਹੱਕਾਂ ਦਾ ਜੋ ਘਾਣ ਕੀਤਾ, ਬਾਅਦ ਦੇ ਦਹਾਕਿਆਂ 'ਚ ਉਸ ਨੂੰ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਲੁਕਵੇਂ ਰੂਪ 'ਚ ਜਾਰੀ ਰੱਖਿਆ ਗਿਆ ਹੈ। ਜੋ ਹੁਣ ਇਜ਼ਰਾਇਲੀ ਦਹਿਸ਼ਤਵਾਦ ਦਾ ਵਿਰੋਧ ਕਰਨ ਵਾਲੇ ਬੌਧਿਕ ਸੂਝ ਰੱਖਦੇ ਲੋਕਾਂ ਉੱਪਰ ਖੁੱਲ੍ਹੇ ਹਮਲਿਆਂ ਦੇ ਰੂਪ 'ਚ ਦਨਦਨਾ ਰਿਹਾ ਹੈ। ਫਲਸਤੀਨ ਹਮਾਇਤੀ ਅਕਾਦਮਿਕਾਂ ਨੂੰ ਦਬਾਉਣ ਦਾ ਇਹ ਵਰਤਾਰਾ ਦਿਖਾਉਂਦਾ ਹੈ ਕਿ ਅਮਰੀਕਾ ਵਿਚ ਅਕਾਦਮਿਕ ਆਜ਼ਾਦੀ ਕਿੰਨੀ ਅਸੁਰੱਖਿਅਤ ਹੋ ਗਈ ਹੈ। ਜਦੋਂ ਯੂਨੀਵਰਸਿਟੀਆਂ ਰਾਜਨੀਤਕ ਅਤੇ ਆਰਥਿਕ ਦਬਾਅ ਅੱਗੇ ਝੁਕ ਕੇ ਆਲੋਚਨਾਤਮਕ ਵਿਚਾਰਾਂ ਨੂੰ ਦਬਾਉਂਦੀਆਂ ਹਨ, ਤਾਂ ਉਹ ਆਪਣੇ ਬੁਨਿਆਦੀ ਜਮਹੂਰੀ ਅਤੇ ਅਕਾਦਮਿਕ ਮੁੱਲਾਂ ਤੋਂ ਮੂੰਹ ਮੋੜ ਲੈਂਦੀਆਂ ਹਨ।

ਪੁਰਾਣੇ ਮੈਕਾਰਥੀਵਾਦ ਅਤੇ ਅਜੋਕੇ ਜਬਰ ਵਿਚ ਵੱਡਾ ਫ਼ਰਕ ਇਹ ਹੈ ਕਿ ਉਦੋਂ ਜਬਰ ਅਮਰੀਕੀ ਸਮਾਜ ਨੂੰ 'ਕਮਿਊਨਿਸਟ ਘੁਸਪੈਠ' ਦੇ ਖ਼ਤਰੇ ਤੋਂ ਬਚਾਉਣ ਦੇ ਨਾਂਅ ਹੇਠ ਕੀਤਾ ਜਾਂਦਾ ਸੀ, ਜਦਕਿ ਹੁਣ ਇਹ ਨਹਾਇਤ ਬੇਸ਼ਰਮੀ ਨਾਲ ਇਕ ਵਿਦੇਸ਼ੀ ਹਕੂਮਤ ਦਾ ਬਚਾਅ ਕਰਨ ਅਤੇ ਉਸ ਨੂੰ ਅਮਰੀਕੀ ਲੋਕਾਂ ਵੱਲੋਂ ਕੀਤੀ ਜਾ ਰਹੀ ਆਲੋਚਨਾ ਤੋਂ ਬਚਾਉਣ ਲਈ ਕੀਤਾ ਜਾ ਰਿਹਾ ਹੈ। ਇਹ ਜਾਗਰੂਕ ਨਾਗਰਿਕ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਟੈਕਸਾਂ ਦਾ ਪੈਸਾ ਇਜ਼ਰਾਇਲੀ ਦਹਿਸ਼ਤਵਾਦੀ ਜੰਗ ਲਈ ਖ਼ਰਚਿਆ ਜਾਵੇ। ਤਾਜ਼ਾ ਪਿਊ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਅਮਰੀਕੀਆਂ ਦੀ ਇਜ਼ਰਾਇਲ ਬਾਰੇ ਸੋਚ ਨਾਂਹਪੱਖੀ ਹੈ, ਇਜ਼ਰਾਇਲੀ ਦਹਿਸ਼ਤਵਾਦ ਨੂੰ ਥਾਪੜੇ ਦੀ ਨੀਤੀ ਵਿਰੁੱਧ ਵਧ ਰਹੇ ਵਿਰੋਧ ਕਾਰਨ ਅਮਰੀਕੀ ਹਕੂਮਤ ਦਾ ਬੁਖਲਾਹਟ ਵਿਚ ਆਉਣਾ ਸੁਭਾਵਿਕ ਹੈ।


ਅਕਤੂਬਰ 2023 'ਚ ਹਮਾਸ ਦੇ ਕਥਿਤ ਹਮਲੇ ਦੇ ਬਹਾਨੇ ਪੂਰੀ ਗਾਜ਼ਾ ਪੱਟੀ ਨੂੰ ਹੀ ਕਬਰਸਤਾਨ ਬਣਾ ਦੇਣ ਦੀ ਅਮਰੀਕੀ-ਇਜ਼ਰਾਇਲੀ ਯੁੱਧਨੀਤੀ ਦੀ ਆਲੋਚਨਾ ਕਰਨ ਵਾਲੀਆਂ ਆਵਾਜ਼ਾਂ ਨੂੰ ਦਬਾਉਣ ਦੀਆਂ ਕਾਰਵਾਈਆਂ ਤੇਜ਼ੀ ਨਾਲ ਵਧੀਆਂ ਹਨ। ਇਸੇ ਦੇ ਤਹਿਤ ਨਸਲਕੁਸ਼ੀ ਝੱਲ ਰਹੇ ਫਲਸਤੀਨੀ ਲੋਕਾਂ ਪ੍ਰਤੀ ਹਮਦਰਦੀ ਰੱਖਣ ਵਾਲੇ ਅਕਾਦਮਿਕਾਂ ਉੱਪਰ ਜਾਬਰ ਹਮਲਾ ਵੀ ਦਿਨੋ-ਦਿਨ ਹੋਰ ਵੀ ਵਹਿਸ਼ੀਆਨਾ ਹੁੰਦਾ ਜਾ ਰਿਹਾ ਹੈ। ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਫਲਸਤੀਨ ਨਾਲ ਹਮਦਰਦੀ ਰੱਖਣ ਵਾਲੇ ਪ੍ਰੋਫੈਸਰਾਂ ਅਤੇ ਖੋਜਕਰਤਾਵਾਂ ਨੂੰ ਗਿਣ-ਮਿੱਥ ਕੇ ਸੈਂਸਰ ਅਤੇ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ, ਜਿਸ ਨਾਲ ਅਕਾਦਮਿਕ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਅਤੇ ਰਾਜਨੀਤਕ ਅਸਹਿਮਤੀ ਦਾ ਹੱਕ ਲਗਾਤਾਰ ਹਮਲੇ ਦੀ ਮਾਰ ਹੇਠ ਹੈ।

ਜ਼ਾਇਓਨਿਜ਼ਮ ਅਤੇ ਫਲਸਤੀਨ ਦਾ ਮੁਕਤੀ ਸੰਘਰਸ਼ ਅਮਰੀਕੀ ਯੂਨੀਵਰਸਿਟੀਆਂ ਵਿਚ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਿਹਾ ਹੈ। ਖ਼ਾਸ ਕਰਕੇ 1967 ਦੀ ਜੰਗ ਤੋਂ ਬਾਅਦ, ਅਮਰੀਕੀ ਅਕਾਦਮਿਕ ਸੰਸਥਾਵਾਂ ਇਜ਼ਰਾਈਲ ਦੀ ਹਮਾਇਤ, ਜ਼ਾਇਓਨਿਜ਼ਮ ਦੀ ਆਲੋਚਨਾ ਅਤੇ ਫਲਸਤੀਨੀਆਂ ਦੇ ਅਧਿਕਾਰਾਂ 'ਤੇ ਵਿਚਾਰ-ਵਟਾਂਦਰੇ ਦਾ ਪ੍ਰਮੁੱਖ ਮੰਚ ਬਣ ਗਈਆਂ। ਅਮਰੀਕਾ ਵਿਚ ਜ਼ਾਇਓਨਿਜ਼ਮ ਪੱਖੀ ਜਥੇਬੰਦੀਆਂ, ਖ਼ਾਸ ਕਰਕੇ ਏ.ਆਈ.ਪੀ.ਏ.ਸੀ. ਵਰਗੇ ਤਾਕਤਵਰ ਲਾਬੀ ਗਰੁੱਪਾਂ ਦੇ ਪ੍ਰਭਾਵ ਨੇ ਅਮਰੀਕੀ ਮੁੱਖਧਾਰਾ ਵਿਚ ਇਜ਼ਰਾਇਲੀ ਨਸਲਵਾਦ-ਪੱਖੀ ਸੋਚ ਨੂੰ ਉਤਸ਼ਾਹਤ ਕੀਤਾ ਅਤੇ ਫਲਸਤੀਨ-ਪੱਖੀ ਵਿਚਾਰਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ।

ਇਸ ਦੇ ਬਾਵਜੂਦ ਕਈ ਅਕਾਦਮਿਕ ਖੇਤਰਾਂ, ਜਿਵੇਂ ਮਿਡਲ ਈਸਟ ਸਟੱਡੀਜ਼, ਕ੍ਰਿਟੀਕਲ ਰੇਸ ਥਿਊਰੀ ਅਤੇ ਐਥਨਿਕ ਸਟੱਡੀਜ਼ ਤੋਂ ਕੁਝ ਵਿਦਵਾਨਾਂ ਨੇ ਇਨ੍ਹਾਂ ਪ੍ਰਭਾਵੀ ਬਿਰਤਾਂਤਾਂ ਨੂੰ ਚੁਣੌਤੀ ਦਿੱਤੀ। ਐਡਵਰਡ ਸਈਦ, ਰਾਸ਼ਿਦ ਖ਼ਲੀਦੀ, ਨੂਰਾ ਇਰਕਾਤ ਅਤੇ ਜਸਬੀਰ ਪੁਆਰ ਵਰਗੇ ਵਿਦਵਾਨਾਂ ਨੇ ਜ਼ਾਇਓਨਿਜ਼ਮ ਅਤੇ ਬਸਤੀਵਾਦ ਦੀ ਆਲੋਚਨਾ ਕਰਦੇ ਹੋਏ ਫਲਸਤੀਨੀਆਂ ਦੇ ਸ਼ੋਸ਼ਣ ਨੂੰ ਕੇਂਦਰ ਵਿਚ ਰੱਖਿਆ। ਹਾਲਾਂਕਿ ਇਸ ਆਲੋਚਨਾਤਮਕ ਨਜ਼ਰੀਏ ਦਾ ਭਾਰੀ ਮੁੱਲ ਵੀ ਤਾਰਨਾ ਨਿੱਜੀ ਅਤੇ ਪੇਸ਼ੇਵਰ ਦੋਵੇਂ ਪੱਧਰਾਂ 'ਤੇ।

ਫਲਸਤੀਨ ਹਮਾਇਤੀ ਅਕਾਦਮਿਕਾਂ ਦੇ ਖਿਲਾਫ਼ ਜਬਰ ਕਈ ਰੂਪਾਂ ਵਿਚ ਸਾਹਮਣੇ ਆਉਂਦਾ ਹੈ : ਗਿਣ-ਮਿੱਥ ਕੇ ਭੰਡੀ, ਆਨਲਾਈਨ ਤੰਗ-ਪ੍ਰੇਸ਼ਾਨ ਕਰਨਾ, ਨੌਕਰੀ ਤੋਂ ਕੱਢਣਾ, ਅਜ਼ਮਾਇਸ਼ੀ ਸਮੇਂ ਤੋਂ ਬਾਅਦ ਪੱਕੀ ਨੌਕਰੀ ਨਾ ਦੇਣਾ, ਖੋਜ ਫੰਡਿੰਗ ਵਿਚ ਕਟੌਤੀ ਆਦਿ। ਇਸ ਸੈਂਸਰਸ਼ਿਪ ਨੂੰ ਉਤਸ਼ਾਹਤ ਕਰਨ ਵਿਚ ਜ਼ਾਇਓਨਿਸਟ ਲਾਬੀ, ਸੱਜੇਪੱਖੀ ਨਿਗਰਾਨੀ ਸੰਸਥਾਵਾਂ, ਯੂਨੀਵਰਸਿਟੀਆਂ ਨੂੰ ਫੰਡ ਦੇਣ ਵਾਲੇ ਅਤੇ ਰਾਜਨੀਤਕ ਹਸਤੀਆਂ ਸ਼ਾਮਲ ਹੁੰਦੀਆਂ ਹਨ।

ਕੈਨੇਰੀ ਮਿਸ਼ਨ ਅਤੇ ਕੈਂਪਸ ਵਾਚ ਵਰਗੀਆਂ ਸੰਸਥਾਵਾਂ ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੂਚੀ ਬਣਾਉਂਦੀਆਂ ਹਨ, ਜੋ ਇਜ਼ਰਾਈਲ ਦੀ ਆਲੋਚਨਾ ਕਰਦੇ ਹਨ। ਇਹ ਅਨਸਰ ਸੋਸ਼ਲ ਮੀਡੀਆ ਪੋਸਟਾਂ, ਸੰਗਠਨਾਂ ਨਾਲ ਸੰਪਰਕ ਅਤੇ ਜਨਤਕ ਟਿੱਪਣੀਆਂ ਨੂੰ ਅਧਾਰ ਬਣਾ ਕੇ ਉਨ੍ਹਾਂ ਨੂੰ 'ਦਹਿਸ਼ਤਵਾਦ-ਹਮਾਇਤੀ' ਜਾਂ 'ਯਹੂਦੀ-ਵਿਰੋਧੀ' ਕਰਾਰ ਦਿੰਦੇ ਹਨ। ਇਨ੍ਹਾਂ ਸੂਚੀਆਂ ਦੇ ਜ਼ਰੀਏ ਲੋਕਾਂ ਦਾ ਅਕਸ ਵਿਗਾੜਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਕਰੀਅਰ ਖ਼ਤਰੇ ਵਿਚ ਪਾ ਦਿੱਤਾ ਜਾਂਦਾ ਹੈ।



ਰਜਨੀ ਸ੍ਰੀਨੀਵਾਸਨ

ਫਲਸਤੀਨ ਹਮਾਇਤੀ ਵਿਚਾਰਾਂ ਕਾਰਨ ਵਿਦਵਾਨਾਂ ਦਾ ਕਰੀਅਰ ਤਬਾਹ ਕਰਨ ਦੀ ਤਾਨਾਸ਼ਾਹੀ ਦੀਆਂ ਹੋਰ ਵੀ ਮਿਸਾਲਾਂ ਹਨ। ਡਾ. ਸਟੀਵਨ ਸਲਾਇਟਾ ਨੂੰ 2014 ਵਿਚ ਯੂਨੀਵਰਸਿਟੀ ਆਫ਼ ਇਲੀਨੋਇ ਤੋਂ ਇਸ ਲਈ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਗਾਜ਼ਾ ਵਿਚ ਇਜ਼ਰਾਈਲੀ ਫ਼ੌਜੀ ਕਾਰਵਾਈਆਂ ਦੀ ਆਲੋਚਨਾ ਕਰਦੇ ਹੋਏ ਟਵੀਟ ਕੀਤੇ ਸਨ। ਨੌਕਰੀ ਦੀ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਯੂਨੀਵਰਸਿਟੀ ਵੱਲੋਂ ਪਹਿਲਾਂ ਉਸ ਨੂੰ ਪੱਕੀ ਨੌਕਰੀ 'ਤੇ ਰੱਖਣ ਨੂੰ ਮਨਜ਼ੂਰੀ ਦੇਣ ਦੇ ਬਾਵਜੂਦ ਡੋਨਰਾਂ ਅਤੇ ਰਾਜਸੀ ਦਬਾਅ ਹੇਠ ਹਟਾ ਦਿੱਤਾ ਗਿਆ। ਬੇਸ਼ੱਕ ਬਾਅਦ ਵਿਚ ਅਦਾਲਤਾਂ ਨੇ ਕਿਹਾ ਕਿ ਯੂਨੀਵਰਸਿਟੀ ਨੇ ਉਸ ਦੇ ਕਾਂਟਰੈਕਟ ਹੱਕਾਂ ਦੀ ਉਲੰਘਣਾ ਕੀਤੀ ਹੈ, ਪਰ ਉਸ ਦੇ ਅਕਾਦਮਿਕ ਕਰੀਅਰ ਦੇ ਹੋਏ ਨੁਕਸਾਨ ਦਾ ਤਾਂ ਹੁਣ ਕੁਝ ਨਹੀਂ ਸੀ ਹੋ ਸਕਦਾ।

ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਖੇ ਕਲੀਨੀਕਲ ਮਨੋਵਿਗਿਆਨ ਦੀ ਪ੍ਰੋਫੈਸਰ ਡਾ. ਲਾਰਾ ਸ਼ੀਹੀ ਨੂੰ ਜਾਂਚ ਦਾ ਸਾਹਮਣਾ ਕਰਨਾ ਪਿਆ। ਉਸ ਨੇ ਫਲਸਤੀਨੀ ਵਕਤਾ ਨੂੰ ਬੁਲਾ ਕੇ ਫਲਸਤੀਨੀ ਇਲਾਕਿਆਂ ਵਿਚ ਇਜ਼ਰਾਇਲੀਆਂ ਵੱਲੋਂ ਧੱਕੇ ਨਾਲ ਵਸਣ ਦੇ ਬਸਤੀਵਾਦ ਉੱਪਰ ਚਰਚਾ ਕਰਵਾਈ ਸੀ। ਵਿਦਿਆਰਥੀਆਂ ਵੱਲੋਂ ਕਥਿਤ ਰੂਪ 'ਚ ਉਸ ਉੱਪਰ ਯਹੂਦੀ ਵਿਰੋਧੀ ਹੋਣ ਦਾ ਦੋਸ਼ ਲਾਏ ਜਾਣ ਕਾਰਨ ਉਸ ਉੱਪਰ ਜਾਂਚ ਬਿਠਾ ਦਿੱਤੀ ਗਈ। ਹਾਲਾਂਕਿ ਉਸ ਨੂੰ ਕਲੀਨ ਚਿੱਟ ਮਿਲ ਗਈ, ਪਰ ਇਹ ਘਟਨਾ ਦਿਖਾਉਂਦੀ ਹੈ ਕਿ ਇਜ਼ਰਾਇਲੀ ਦਹਿਸ਼ਤਵਾਦ ਦੀ ਆਲੋਚਨਾ ਦੀ ਜ਼ੁਬਾਨਬੰਦੀ ਕਰਨ ਲਈ ਕਿਵੇਂ ਸੰਸਥਾਗਤ ਤੰਤਰ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ ਅਤੇ ਅਮਰੀਕਾ ਵਿਚ ਫਲਸਤੀਨ ਦੇ ਹੱਕ ਵਿਚ ਬੋਲਣਾ ਕਿਸ ਹੱਦ ਤੱਕ ਜੋਖ਼ਮ ਭਰਿਆ ਹੋ ਗਿਆ ਹੈ।

ਇਕ ਨਮੂਨੇ ਦੀ ਮਿਸਾਲ ਕੋਲੰਬੀਆ ਯੂਨੀਵਰਸਿਟੀ ਹੈ। ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀ ਦੇ 400 ਮਿਲੀਅਨ ਡਾਲਰ ਫੈਡਰਲ ਫੰਡ ਬੰਦ ਕਰ ਦਿੱਤੇ ਕਿ ਯੂਨੀਵਰਸਿਟੀ ਗਾਜ਼ਾ ਉੱਪਰ ਹਮਲੇ ਵਿਰੁੱਧ ਪ੍ਰਦਰਸ਼ਨਾਂ ਨੂੰ ਰੋਕਣ 'ਚ ਅਸਫ਼ਲ ਰਹੀ ਸੀ। ਪ੍ਰਦਰਸ਼ਨਾਂ ਦੇ ਮੋਹਰੀ ਮਹਿਮੂਦ ਖਾਲਿਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਟਰੰਪ ਨੇ ਖ਼ੁਦ ਉਸ ਨੂੰ ਹਮਾਸ ਪੱਖੀ ਰੈਡੀਕਲ ਵਿਦੇਸ਼ੀ ਵਿਦਿਆਰਥੀ ਕਰਾਰ ਦਿੰਦਿਆਂ ਕਿਹਾ ਕਿ ਇਹ ਤਾਂ ਹੋਣ ਵਾਲੀਆਂ ਗ੍ਰਿਫ਼ਤਾਰੀਆਂ 'ਚੋਂ ਪਹਿਲੀ ਹੈ। ਇਸੇ ਮਹੀਨੇ, ਮਾਰਚ 2025 'ਚ ਭਾਰਤੀ ਪੀ ਐੱਚ ਡੀ ਵਿਦਿਆਰਥਣ ਰੰਜਨੀ ਸ੍ਰੀਨਿਵਾਸਨ ਦਾ ਵੀਜ਼ਾ ਅਮਰੀਕੀ ਹੋਮਲੈਂਡ ਸਿਕਿਓਰਟੀ ਵੱਲੋਂ ਰੱਦ ਕਰ ਦਿੱਤਾ ਗਿਆ। ਉਸ 'ਤੇ 'ਹਿੰਸਾ ਤੇ ਦਹਿਸ਼ਤਵਾਦ ਦੀ ਵਕਾਲਤ ਕਰਨ' ਦਾ ਇਲਜ਼ਾਮ ਲਗਾਇਆ ਗਿਆ। ਸਚਾਈ ਇਹ ਸੀ ਕਿ ਸੋਸ਼ਲ ਮੀਡੀਆ ਰਾਹੀਂ ਅਮਰੀਕੀ ਪ੍ਰਸ਼ਾਸਨ ਨੇ ਖ਼ੁਸ਼ੀ ਜ਼ਾਹਿਰ ਕੀਤੀ ਕਿ ਕੋਲੰਬੀਆ ਯੂਨੀਵਰਸਿਟੀ ਦੀ ਇਕ ਦਹਿਸ਼ਤਵਾਦ ਹਮਾਇਤੀ ਸੀ ਬੀ ਪੀ ਹੋਮ ਐਪ ਵਰਤ ਕੇ ਆਪ ਹੀ ਡਿਪੋਰਟ ਹੋ ਗਈ।

ਅਮਰੀਕਾ ਦੇ 30 ਤੋਂ ਵੱਧ ਰਾਜਾਂ ਵਿਚ ਬੀ.ਡੀ.ਐੱਸ. (ਬਾਈਕਾਟ, ਡਾਇਵੈਸਟਮੈਂਟ, ਸੈਂਕਸ਼ਨਜ਼) ਅੰਦੋਲਨ ਦੇ ਖਿਲਾਫ਼ ਕਾਨੂੰਨ ਬਣਾਏ ਗਏ ਹਨ, ਜੋ ਫਲਸਤੀਨੀਆਂ ਵੱਲੋਂ ਇਜ਼ਰਾਇਲ ਦਾ ਬਾਈਕਾਟ ਕਰਨ ਦੇ ਅੰਦੋਲਨ ਦੀ ਹਮਾਇਤ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮੁਜਰਮ ਕਰਾਰ ਦਿੰਦੇ ਹਨ ਜਾਂ ਸਜ਼ਾ ਦਿੰਦੇ ਹਨ। ਕੁਝ ਰਾਜਾਂ ਵਿਚ ਮੁਲਾਜ਼ਮਾਂ ਅਤੇ ਕਾਂਟਰੈਕਟਰਾਂ ਤੋਂ ਇਹ ਹਲਫ਼ਨਾਮਾ ਤੱਕ ਮੰਗਿਆ ਜਾਂਦਾ ਹੈ ਕਿ ਉਹ ਇਜ਼ਰਾਈਲ ਦੇ ਬਾਈਕਾਟ ਦੀ ਹਮਾਇਤ ਨਹੀਂ ਕਰਨਗੇ। ਇਸ ਦਾ ਅਕਾਦਮਿਕ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਗੰਭੀਰ ਅਸਰ ਪੈ ਰਿਹਾ ਹੈ।

ਇਸ ਦੇ ਨਾਲ ਹੀ ਕਈ ਸੰਸਥਾਵਾਂ ਨੇ ਰਾਜਸੀ ਦਬਾਅ ਹੇਠ ਆਈ.ਐੱਚ.ਆਰ.ਏ. (ਇੰਟਰਨੈਸ਼ਨਲ ਹੋਲੋਕਾਸਟ ਰੀਮੈਂਬਰੈਂਸ ਅਲਾਇੰਸ) ਵੱਲੋਂ ਪੇਸ਼ ਕੀਤੀ 'ਯਹੂਦੀ-ਵਿਰੋਧੀ' ਦੀ ਪਰਿਭਾਸ਼ਾ ਨੂੰ ਅਪਣਾ ਲਿਆ ਹੈ, ਜੋ ਜ਼ਾਇਓਨਿਜ਼ਮ ਦੀ ਆਲੋਚਨਾ ਨੂੰ ਵੀ ਯਹੂਦੀ-ਵਿਰੋਧੀ ਐਲਾਨਦੀ ਹੈ। ਇਹ ਪਰਿਭਾਸ਼ਾ ਗਲਤ ਢੰਗ ਨਾਲ ਰਾਜਨੀਤਕ ਆਲੋਚਨਾ ਨੂੰ ਧਾਰਮਿਕ ਦੁਸ਼ਮਣੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਹ ਪਰਿਭਾਸ਼ਾ ਇਸ ਕਦਰ ਘਿਨਾਉਣੀ ਹੈ ਕਿ ਬਹੁਤ ਸਾਰੇ ਯਹੂਦੀ ਵਿਦਵਾਨਾਂ ਨੇ ਵੀ ਇਸ ਦਾ ਵਿਰੋਧ ਕੀਤਾ ਹੈ, ਜਿਨ੍ਹਾਂ ਵਿਚ 'ਜਿਊਸ਼ ਵਾਇਸ ਫਾਰ ਪੀਸ' ਨਾਲ ਸੰਬੰਧਤ ਲੋਕ ਵੀ ਸ਼ਾਮਲ ਹਨ।

ਇਹ ਹਮਲਾ ਸਿਰਫ਼ ਫਲਸਤੀਨ-ਇਜ਼ਰਾਇਲ ਸਵਾਲ ਤੱਕ ਸੀਮਤ ਨਹੀਂ ਹੈ, ਇਹ ਜਬਰ 9/11 ਕਾਂਡ ਤੋਂ ਬਾਅਦ ਅਮਰੀਕਾ ਵਿਚ ਫੈਲਾਏ ਇਸਲਾਮ ਦੇ ਹਊਏ, 'ਦਹਿਸ਼ਤਵਾਦ ਵਿਰੁੱਧ ਜੰਗ' ਅਤੇ ਅਰਬ-ਮੁਸਲਿਮ ਭਾਈਚਾਰਿਆਂ ਦੀ ਨਿਗਰਾਨੀ ਦੇ ਵਿਸ਼ਾਲ ਪਿਛੋਕੜ ਦਾ ਹਿੱਸਾ ਹੈ। ਇਜ਼ਰਾਇਲੀ ਨੀਤੀਆਂ ਦੀ ਆਲੋਚਨਾ ਕਰਨ ਜਾਂ ਫਲਸਤੀਨੀ ਹੱਕਾਂ ਦੀ ਹਮਾਇਤ ਕਰਨ ਯੂਨੀਵਰਸਿਟੀ ਵਿਦਵਾਨਾਂ ਨੂੰ 'ਰੈਡੀਕਲ', 'ਦਹਿਸ਼ਤਵਾਦ ਦੇ ਹਮਾਇਤੀ' ਜਾਂ 'ਗੈਰ-ਅਮਰੀਕੀ' (ਜਿਨ੍ਹਾਂ ਦਾ ਦੇਸ਼ਪ੍ਰੇਮ ਸ਼ੱਕੀ ਹੈ) ਕਿਹਾ ਜਾਂਦਾ ਹੈ-ਇਹ ਸਭ ਮੈਕਾਰਥੀ ਯੁੱਗ ਦੇ ਸ਼ੱਕੀ ਕਮਿਊਨਿਸਟਾਂ ਨੂੰ ਅਕਾਦਮਿਕ ਖੇਤਰ ਵਿੱਚੋਂ ਚੁਣ-ਚੁਣ ਕੇ ਕੱਢਣ ਦੇ ਵਰਤਾਰੇ ਦੀ ਯਾਦ ਦਿਵਾਉਂਦਾ ਹੈ।

ਇਹ ਜਬਰ ਵਿਆਪਕ ਸੱਜੇਪੱਖੀ ਪਿਛਾਖੜੀ ਹਮਲੇ ਦਾ ਹਿੱਸਾ ਹੈ ਜੋ ਨਸਲ, ਲਿੰਗ ਅਤੇ ਬਸਤੀਵਾਦ ਵਿਸ਼ੇ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਦੇ ਖਿਲਾਫ਼ ਚੱਲ ਰਿਹਾ ਹੈ। 'ਕ੍ਰਿਟੀਕਲ ਰੇਸ ਥਿਊਰੀ' ਅਤੇ ਡੀ.ਈ.ਆਈ. (ਡਾਇਵਰਸਿਟੀ, ਇਕੁਵਿਟੀ, ਐਂਡ ਇਨਕਲੂਜ਼ਨ) ਪ੍ਰੋਗਰਾਮਾਂ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਅਤੇ ਸਿਲੇਬਸ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਵੀ ਇਸੇ ਸਿਲਸਿਲੇਵਾਰ ਵਿਚਾਰਧਾਰਕ ਹਮਲੇ ਦਾ ਹਿੱਸਾ ਹਨ, ਜੋ ਸਿੱਖਿਆ ਨੂੰ ਰਾਜਨੀਤਕ ਸੂਝ ਤੋਂ ਵਾਂਝਾ ਕਰਨ ਅਤੇ ਅਸਹਿਮਤੀ ਵਾਲੀ ਸੋਚ ਨੂੰ ਕੁਚਲਣ ਦੇ ਮਨੋਰਥ ਨਾਲ ਹੈ।

ਇਨ੍ਹਾਂ ਹਮਲਿਆਂ ਦੇ ਬਾਵਜੂਦ ਕਈ ਅਕਾਦਮਿਕ, ਵਿਦਿਆਰਥੀ ਜਥੇਬੰਦੀਆਂ ਅਤੇ ਨਾਗਰਿਕ ਅਧਿਕਾਰ ਸਮੂਹ ਇਸ ਦਾ ਡਟਵਾਂ ਵਿਰੋਧ ਕਰ ਰਹੇ ਹਨ। ਮਿਡਲ ਈਸਟ ਸਟੱਡੀਜ਼ ਐਸੋਸੀਏਸ਼ਨ (ਐੱਮ.ਈ.ਐੱਸ.ਏ.), ਪਾਲੇਸਟਾਈਨ ਲੀਗਲ ਅਤੇ ਅਮੈਰੀਕਨ ਸਟੱਡੀਜ਼ ਐਸੋਸੀਏਸ਼ਨ (ਏ.ਐੱਸ.ਏ.) ਵਰਗੀਆਂ ਸੰਸਥਾਵਾਂ ਅਕਾਦਮਿਕਾਂ ਦੀ ਰੱਖਿਆ ਲਈ ਲੜ ਰਹੀਆਂ ਹਨ।




ਸੈਂਕੜੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਇਕਮੁੱਠਤਾ ਬਿਆਨਾਂ, ਵਿਰੋਧ ਪ੍ਰਦਰਸ਼ਨਾਂ, ਜਨਤਕ ਪਟੀਸ਼ਨਾਂ ਅਤੇ ਜਨਤਕ ਮੁਹਿੰਮਾਂ ਰਾਹੀਂ ਆਪਣਾ ਵਿਰੋਧ ਦਰਜ ਕਰਵਾਇਆ ਹੈ, ਖ਼ਾਸ ਕਰਕੇ ਗਾਜ਼ਾ 'ਤੇ ਇਜ਼ਰਾਈਲੀ ਹਮਲਿਆਂ ਤੋਂ ਬਾਅਦ। ਇਹ ਦਰਸਾਉਂਦਾ ਹੈ ਕਿ ਆਲੋਚਕ ਆਵਾਜ਼ਾਂ ਨੂੰ ਕੁਚਲਣਾ ਐਨਾ ਸੌਖਾ ਨਹੀਂ ਹੈ।

ਯਹੂਦੀਆਂ ਦੇ ਜ਼ਾਇਓਨਵਾਦ-ਵਿਰੋਧੀ ਗਰੁੱਪ-ਜਿਵੇਂ ਜਿਊਸ਼ ਵਾਇਸ ਫਾਰ ਪੀਸ, ਇਫਨਾਟਨਾਓ (ਜੇ ਹੁਣ ਨਹੀਂ ਤਾਂ ਫੇਰ ਕਦੋਂ) ਅਤੇ ਇੰਟਰਨੈਸ਼ਨਲ ਜਿਊਸ਼ ਐਂਟੀ-ਜ਼ਾਇਓਨਿਸਟ ਨੈੱਟਵਰਕ ਇਸ ਝੂਠੀ ਧਾਰਨਾ ਨੂੰ ਚੁਣੌਤੀ ਦੇਣ ਅਤੇ ਇਸ ਦਾ ਵਿਰੋਧ ਕਰਨ 'ਚ ਵੱਡੀ ਭੂਮਿਕਾ ਨਿਭਾਅ ਰਹੇ ਹਨ ਕਿ ਜ਼ਾਇਓਨਿਜ਼ਮ ਦਾ ਵਿਰੋਧ ਯਹੂਦੀ-ਵਿਰੋਧ ਹੈ।

ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਅਗਵਾਈ 'ਚ ਅਪਾਰਥਾਇਡ ਡਾਇਵੈਸਟਮੈਂਟ ਮੂਵਮੈਂਟ ਨੇ ਅਮਰੀਕਾ ਦੇ ਕਈ ਕੈਂਪਸਾਂ ਵਿਚ ਜ਼ੋਰ ਫੜਿਆ ਹੈ। ਇਹ ਅੰਦੋਲਨ ਦੱਖਣੀ ਅਫ਼ਰੀਕਾ ਦੇ ਐਂਟੀ-ਅਪਾਰਥਾਇਡ ਅੰਦੋਲਨ ਦੀ ਯਾਦ ਦਿਵਾਉਂਦਾ ਹੈ। ਇਨ੍ਹਾਂ ਅੰਦੋਲਨਾਂ ਵਿਚ ਸਿਰਫ਼ ਸਿੱਖਿਆ ਦਾ ਪਹਿਲੂ ਹੀ ਨਹੀਂ ਹੈ, ਸਗੋਂ ਇਹ ਇਜ਼ਰਾਇਲੀ ਫ਼ੌਜੀਵਾਦ, ਫਲਸਤੀਨੀ ਖੇਤਰ ਉੱਪਰ ਨਜਾਇਜ਼ ਕਬਜ਼ੇ ਅਤੇ ਉੱਥੇ ਧੱਕੇ ਨਾਲ ਵਸਣ ਦੇ ਇਜ਼ਰਾਇਲੀ ਬਸਤੀਵਾਦ 'ਚ ਅਮਰੀਕੀ ਸਟੇਟ ਦੀ ਮਿਲੀਭੁਗਤ ਵਿਰੁੱਧ ਸਾਂਝੇ ਰੂਪ 'ਚ ਜੂਝਣ ਲਈ ਵੀ ਪ੍ਰੇਰਿਤ ਕਰਦੇ ਹਨ।



ਰੂਪਾ

ਇਹ ਸਿਰਫ਼ ਮਿਡਲ ਈਸਟ ਸਟੱਡੀਜ਼ ਜਾਂ ਰਾਜਨੀਤਕ ਕਾਰਕੁਨਾਂ ਦੀ ਸਮੱਸਿਆ ਵੀ ਨਹੀਂ ਹੈ, ਦਰਅਸਲ ਇਹ ਚੇਤਾਵਨੀ ਹੈ ਕਿ ਜੇਕਰ ਅੱਜ ਫਲਸਤੀਨ ਬਾਰੇ ਬੋਲਣ ਵਾਲਿਆਂ ਨੂੰ ਚੁੱਪ ਕਰਵਾਇਆ ਜਾ ਸਕਦਾ ਹੈ ਤਾਂ ਭਲਕ ਨੂੰ ਕਿਸੇ ਵੀ ਅਸਹਿਮਤ ਵਿਚਾਰ ਨੂੰ ਉਸ ਦਾ ਕਰੀਅਰ ਤਬਾਹ ਕਰਕੇ ਸਜ਼ਾ ਦਿੱਤੀ ਜਾ ਸਕਦੀ ਹੈ। ਇਸ ਦੌਰ ਵਿਚ, ਜਦੋਂ ਅਸੀਂ ਗਾਜ਼ਾ ਵਿਚ ਭਿਆਨਕ ਕਤਲੇਆਮ ਅਤੇ ਫਲਸਤੀਨੀ ਅਵਾਮ ਦੀ ਨਸਲਕੁਸ਼ੀ ਦੇ ਗਵਾਹ ਬਣਨ ਲਈ ਮਜਬੂਰ ਹਾਂ, ਤਾਂ ਚੁੱਪ ਰਹਿਣਾ ਵੀ ਇਕ ਤਰ੍ਹਾਂ ਨਾਲ ਸਾਜ਼ਿਸ਼ ਵਿਚ ਭਾਈਵਾਲੀ ਬਣ ਜਾਂਦੀ ਹੈ। ਲਿਹਾਜ਼ਾ ਫਲਸਤੀਨ ਬਾਰੇ ਪੂਰੀ ਆਜ਼ਾਦੀ ਨਾਲ ਬੋਲਣ ਦੇ ਅਕਾਦਮਿਕਾਂ ਦੇ ਹੱਕ ਦੀ ਹਿਫਾਜ਼ਤ ਕਰਨਾ ਆਖਿਰਕਾਰ ਯੂਨੀਵਰਸਿਟੀ ਨੂੰ ਨੈਤਿਕ ਜਾਂਚ, ਆਲੋਚਨਾਤਮਕ ਚਿੰਤਨ, ਡੂੰਘੀ ਸੋਚ-ਵਿਚਾਰ ਅਤੇ ਸਾਂਝੀ ਕਲਪਨਾ ਦੇ ਸਥਾਨ ਦੇ ਰੂਪ 'ਚ ਬਚਾਉਣਾ ਵੀ ਹੈ।

ਅੱਜ ਜਦੋਂ ਨਸਲਕੁਸ਼ੀ, ਨਸਲੀ ਰੰਗਭੇਦ ਅਤੇ ਧਾੜਵੀ ਬਸਤੀਵਾਦ ਬੇਖ਼ੌਫ਼ ਦਨਦਨਾ ਰਿਹਾ ਹੈ ਤਾਂ ਅਕਾਦਮਿਕਾਂ ਦਾ ਫਰਜ਼ ਮਾਨਵਤਾ ਲਈ ਸੰਵੇਦਨਸ਼ੀਲ ਸਵਾਲਾਂ ਤੋਂ ਮੂੰਹ ਮੋੜਨਾ ਨਹੀਂ ਹੈ, ਸਗੋਂ ਇਖਲਾਕੀ ਦਲੇਰੀ ਨਾਲ ਨਿਆਂ ਦੇ ਸਵਾਲਾਂ ਉੱਪਰ ਸਟੈਂਡ ਲੈਣਾ, ਸੱਤਾ ਦੀਆਂ ਸੱਚਾਈਆਂ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਰੋਸ਼ਨ-ਖਿਆਲ ਵਿਦਵਾਨਾਂ ਦੇ ਨਾਲ ਡਟ ਕੇ ਖੜ੍ਹੇ ਹੋਣਾ ਹੈ, ਜੋ ਅਜਿਹੀ ਆਵਾਜ਼ ਉਠਾਉਣ ਦਾ ਜੇਰਾ ਕਰਦੇ ਹਨ। ਦੁਨੀਆ ਭਰ 'ਚ ਘੋਰ ਸੱਜੇਪੱਖੀ ਵਿਚਾਰਧਾਰਾ ਦਾ ਸਟੇਟ ਉੱਪਰ ਕੰਟਰੋਲ ਵਧਦਾ ਜਾ ਰਿਹਾ ਹੈ। ਇਸ ਦਾ ਉਚੇਚਾ ਫੋਕਸ ਯੂਨੀਵਰਸਿਟੀ ਕੈਂਪਸਾਂ ਦੀ ਜਮਹੂਰੀ ਸਪੇਸ ਨੂੰ ਖ਼ਤਮ ਕਰਨ ਉੱਪਰ ਹੈ। ਭਾਰਤ ਵਿਚ ਵੀ ਆਰ ਐੱਸ ਐੱਸ-ਭਾਜਪਾ ਨੇ ਸੱਤਾ ਵਿਚ ਆ ਕੇ ਕੇਂਦਰੀ ਯੂਨੀਵਰਸਿਟੀਆਂ ਉੱਪਰ ਸਿਲਸਿਲੇਵਾਰ ਤਰੀਕੇ ਨਾਲ ਹੱਲਾ ਬੋਲਿਆ ਅਤੇ ਜਮਹੂਰੀ ਸਪੇਸ ਬੁਰੀ ਤਰ੍ਹਾਂ ਸੁੰਗੇੜ ਦਿੱਤੀ ਗਈ ਹੈ। ਇਹ ਹਮਲਾ ਲਗਾਤਾਰ ਜਾਰੀ ਹੈ।

ਇਹ ਵੀ ਨੋਟ ਕਰਨਾ ਹੋਵੇਗਾ ਕਿ ਜ਼ਾਇਓਨਵਾਦ-ਵਿਰੋਧੀ ਕਈ ਭਾਰਤੀ ਵਿਦਵਾਨ ਨਾਲ ਦੀ ਨਾਲ ਹਿੰਦੂਤਵ ਅਤੇ ਭਾਰਤੀ ਰਾਜ ਦੇ ਫਾਸ਼ੀਵਾਦ ਵੱਲ ਮੋੜਾ ਕੱਟਣ ਦੇ ਵੀ ਤਿੱਖੇ ਆਲੋਚਕ ਹਨ। ਉਹ ਦੋਵਾਂ ਨੂੰ ਨਸਲੀ-ਰਾਸ਼ਟਰਵਾਦੀ ਪ੍ਰੋਜੈਕਟਾਂ ਵਜੋਂ ਵੇਖਦੇ ਹੋਏ ਆਪਣੀਆਂ ਲਿਖਤਾਂ ਵਿਚ ਹਿੰਦੂਤਵ ਅਤੇ ਜ਼ਾਇਓਨਵਾਦ ਵਿਚਕਾਰ ਸੰਬੰਧਾਂ ਨੂੰ ਦਰਸਾਉਂਦੇ ਹਨ, ਭਾਵ ਦੋਵੇਂ ਮਜ਼ਲੂਮਾਂ ਨੂੰ ਉਜਾੜ ਕੇ ਉੱਥੇ ਧੱਕੇ ਨਾਲ ਵਸਣ, ਇਸਲਾਮੋਫੋਬੀਆ ਅਤੇ ਰਾਜ ਦੀ ਹਿੰਸਾ 'ਤੇ ਆਧਾਰਤ ਹਨ। ਇਹ ਅੰਤਰ-ਸੰਬੰਧਤ ਆਲੋਚਨਾ ਉਨ੍ਹਾਂ ਨੂੰ ਦੁੱਗਣਾ ਅਸੁਰੱਖਿਅਤ ਬਣਾਉਂਦੀ ਹੈ : ਇਕ ਪਾਸੇ ਹਿੰਦੂਤਵ ਹਮਾਇਤੀ ਉਨ੍ਹਾਂ ਉੱਤੇ ਹਮਲਾ ਕਰਦੇ ਹਨ, ਦੂਜੇ ਪਾਸੇ ਅਮਰੀਕਾ ਵਿਚ ਜ਼ਾਇਓਨਵਾਦੀ ਨੈੱਟਵਰਕ ਵੀ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਕਈ ਵਾਰੀ ਤਾਂ ਇਕ-ਦੂਜੇ ਨੂੰ ਪੂਰਾ ਸਹਿਯੋਗ ਦਿੰਦੇ ਹੋਏ ਅਕਾਦਮਿਕਾਂ ਨੂੰ ਨਿਸ਼ਾਨਾ ਬਣਾਉਣਾ ਸਿਰਫ਼ ਵਿਅਕਤੀਗਤ ਹੱਕਾਂ ਦੀ ਉਲੰਘਣਾ ਨਹੀਂ ਹੈ, ਦਰਅਸਲ ਇਹ ਬੌਧਿਕ ਵੰਨਸੁਵੰਨਤਾ, ਵਿਸ਼ਵੀ ਸਵਾਲਾਂ ਉੱਪਰ ਸਰਹੱਦ ਪਾਰ ਇਕਜੁੱਟਤਾ ਅਤੇ ਆਮ ਇਨਸਾਫ਼ ਲਈ ਵੀ ਵੱਡਾ ਖ਼ਤਰਾ ਹੈ।

ਗਾਜ਼ਾ ਵਿਚ ਸਮੁੱਚੇ ਸਿਹਤ ਸੇਵਾਵਾਂ ਦੇ ਢਾਂਚੇ/ਇਲਾਜ ਸੇਵਾਵਾਂ, ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ਼ ਨੂੰ ਉਚੇਚੇ ਤੌਰ 'ਤੇ ਕਤਲ ਕੀਤਾ ਜਾ ਰਿਹਾ ਹੈ, ਕਿਉਂਕਿ ਉਹ ਨਾਮਾਤਰ ਵਸੀਲਿਆਂ ਨਾਲ ਜ਼ਖਮੀਆਂ ਦਾ ਇਲਾਜ ਕਰਕੇ ਅਮਰੀਕੀ-ਇਜ਼ਰਾਇਲ ਗੱਠਜੋੜ ਦੇ ਫਲਸਤੀਨੀ ਅਵਾਮ ਦੀ ਮੁਕੰਮਲ ਨਸਲਕੁਸ਼ੀ ਦੇ ਪ੍ਰੋਜੈਕਟ ਵਿਚ ਅੜਿੱਕਾ ਬਣਦੇ ਹਨ। ਇਸ ਪ੍ਰਸੰਗ 'ਚ ਡਾ. ਮਾਰੀਆ ਦੀ ਬਰਖ਼ਾਸਤਗੀ ਨਸਲਕੁਸ਼ੀ ਦਾ ਵਿਰੋਧ ਕਰਨ ਵਾਲੇ ਸਿਹਤ ਕਾਮਿਆਂ ਨੂੰ ਕੁਚਲਣ ਲਈ ਵਿਆਪਕ ਹਮਲੇ ਦਾ ਹਿੱਸਾ ਹੈ। ਡਾ. ਮਾਰੀਆ ਵਰਗੇ ਲੋਕ ਖ਼ਾਮੋਸ਼ ਹੋਣ ਅਤੇ ਦਹਿਸ਼ਤਵਾਦੀ ਸਟੇਟ ਅੱਗੇ ਝੁਕਣ ਦੀ ਬਜਾਏ, ਨਿਆਂ ਅਤੇ ਆਜ਼ਾਦੀ 'ਤੇ ਅਧਾਰਤ ਮੈਡੀਸਨ ਖੇਤਰ ਦੀ ਲੋਕਪੱਖੀ ਪੁਨਰ-ਕਲਪਨਾ ਲਈ ਸੰਘਰਸ਼ਸ਼ੀਲ ਹਨ। ਆਓ, ਆਪਾਂ ਸਾਰੇ ਡਾ. ਰੂਪਾ ਮਾਰੀਆ ਵਰਗੀਆਂ ਨਿਆਂਪਸੰਦ ਆਵਾਜ਼ਾਂ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਅਮਰੀਕਨ-ਇਜ਼ਰਾਇਲੀ ਨਸਲਵਾਦ-ਦਹਿਸ਼ਤਵਾਦ ਦਾ ਡਟ ਕੇ ਵਿਰੋਧ ਕਰੀਏ।

## ਬਾਲ ਕੋਨਾ

### ਭੂਤ ਦੌੜ ਗਿਆ

**ਬਾਲ ਕਹਾਣੀ**

**ਹਰੀ ਕ੍ਰਿਸ਼ਨ ਮਾਇਰ**

ਬੰਗੂ, ਅਰਜਨ ਅਤੇ ਬੰਤ ਤਿੰਨੇ ਗੂੜ੍ਹੇ ਮਿੱਤਰ ਸਨ।ਸਕੂਲੋਂ ਛੁੱਟੀ ਹੁੰਦੀ ਤਾਂ ਦੁਪਹਿਰਾ ਉਹ ਮੜ੍ਹੀਆਂ ਵਾਲੇ ਪਿੱਪਲ਼ ਥੱਲੇ ਹੀ ਗੁਜ਼ਾਰਦੇ ਸਨ।

ਡਿੱਗੇ ਪੱਤਿਆਂ ਦੀਆਂ ਪੀਪਣੀਆਂ ਬਣਾਉਂਦੇ।ਪੀਂ ਪੀਂ ਦੀਆਂ ਆਵਾਜ਼ਾਂ ਕੱਢਦੇ ਅਤੇ ਮਸਤੀ ਕਰਦੇ। ਕਦੀ-ਕਦੀ ਉਹ ਜ਼ਮੀਨ 'ਤੇ ਘੁੱਤੀ ਪੁੱਟ ਕੇ ਬੰਟੇ ਖੇਡਦੇ।ਛੱਪੜ ਵਿਚ ਡੱਡੀਆਂ ਨੂੰ ਰੋੜੀਆਂ ਮਾਰਦੇ।

ਪਿੱਪਲ਼ ਦੇ ਮੋਟੇ ਟਾਹਣਾਂ 'ਤੇ ਚੜ੍ਹ ਬੈਠਦੇ ਸਨ।ਅੱਜ ਪਿੱਪਲ ਦੀਆਂ ਜੜ੍ਹਾਂ 'ਤੇ ਬੈਠੇ ਉਹ ਕੋਈ ਬਹਿਸ ਕਰ ਰਹੇ ਸਨ।ਬੰਗੂ ਤੇ ਬੰਤ ਨੇ ਆਪੋ ਆਪਣੀ ਜੇਬ ਵਿੱਚੋਂ ਪੰਜ ਰੁਪਏ ਦੇ ਸਿੱਕੇ ਕੱਢੇ ਅਤੇ ਅਰਜਨ ਨੂੰ ਦਿਖਾਉਣ ਲੱਗੇ। ਅਰਜਨਾ, ਜੇ ਤੂੰ ਪਿੱਪਲ ਦੀ ਟੀਸੀ 'ਤੇ ਹੱਥ ਲਾ ਕੇ ਆਵੇਂ।ਇਹ ਦੋਵੇਂ ਸਿੱਕੇ ਤੇਰੇ ਹੋ ਜਾਣਗੇ। ਬੰਗੂ ਤੇ ਬੰਤ ਇਕੱਠੇ ਬੋਲੇ।

ਨਾ ਮੈਂ ਨਹੀਂ ਪਿੱਪਲ਼ 'ਤੇ ਚੜ੍ਹਨਾ, ਮੇਰੀ ਬੇਬੇ ਕੁੱਟੂਗੀ। ਅਰਜਨ ਨੇ ਘਰਦਿਆਂ ਦਾ ਡਰ ਪ੍ਰਗਟਾਇਆ।

ਐਥੇ ਪਿੱਪਲ 'ਤੇ ਬੈਠੀ ਆ ਤੇਰੀ ਬੇਬੇ, ਜਿਹੜੀ ਤੈਨੂੰ ਦੇਖ ਲਊਗੀ ? ਬੰਗੂ ਨੇ ਅਰਜਨ ਨੂੰ ਪੁੱਛਿਆ।ਅਰਜਨ ਕਦੀ ਪਿੱਪਲ ਉੱਪਰ ਆਲ੍ਹਣੇ ਵੱਲ ਦੇਖਦਾ, ਕਦੀ ਪੰਜ-ਪੰਜ ਰੁਪਏ ਦੇ ਦੋ ਸਿੱਕਿਆਂ ਵੱਲ। ਆਖਰ ਉਸ ਨੇ ਦੋਵੇਂ ਸਿੱਕੇ ਜਿੱਤਣ ਦਾ ਮਨ ਬਣਾ ਲਿਆ।

ਅਰਜਨ ਇਸ ਪਿੱਪਲ ਦਾ ਭੇਤੀ ਸੀ। ਟੀਸੀ 'ਤੇ ਪਹੁੰਚਣਾ ਉਸ ਲਈ ਦੋ ਮਿੰਟਾਂ ਦਾ ਖੇਲ ਸੀ।ਪਿੰਡ ਦਾ ਕੋਈ ਅਜਿਹਾ ਰੁੱਖ ਨਹੀਂ ਹੋਣਾ, ਜਿਸ 'ਤੇ ਉਹ ਚੜ੍ਹਿਆ ਨਹੀਂ ਸੀ।ਇਸ ਪਿੱਪਲ 'ਤੇ ਵੀ ਉਹ ਸੈਂਕੜੇ ਵਾਰ ਚੜ੍ਹਿਆ ਸੀ।

ਲੈ ਬਈ ਲੱਗ ਗਈ ਸ਼ਰਤ, ਪਿੱਛੋਂ ਮੁੱਕਰ ਨਾ ਜਾਇਓ, ਰੌਂਡ ਨਾ ਪਿੱਟਿਓ ? ਅਰਜਨ ਨੇ ਬੰਗੂ ਅਤੇ ਬੰਤ ਨੂੰ ਪੱਕਾ ਕੀਤਾ।ਉਨ੍ਹਾਂ ਜਿੱਤਣ ਉਪਰੰਤ ਅਰਜਨ ਨੂੰ ਦੋਵੇਂ ਸਿੱਕੇ ਦੇਣ ਦਾ ਵਾਅਦਾ ਕੀਤਾ।

ਪਿੱਪਲ 'ਤੇ ਚੜ੍ਹਨ ਤੋਂ ਪਹਿਲਾਂ ਬੰਗੂ ਨੇ ਅਰਜਨ ਨੂੰ ਡਰਾਉਂਦਿਆਂ ਕਿਹਾ, ਸੁਣਿਆ ਸਿਖ਼ਰ ਦੁਪਹਿਰੇ ਪਿੱਪਲ 'ਤੇ ਭੂਤ ਰੋਟੀ ਖਾਣ ਆਉਂਦੇ ਹਨ।

ਅਰਜਨ ਤੂੰ ਐਵੇਂ ਡਰੀਂ ਨਾ, ਭੂਤ ਵੀ ਕਦੀ ਕਿਸੇ ਨੇ ਦੇਖੇ ਨੇ ? ਬੰਤ ਨੇ ਅਰਜਨ ਨੂੰ ਹੌਸਲਾ ਦਿੱਤਾ।

ਮੇਰੇ ਪਾਪਾ ਵੀ ਕਹਿੰਦੇ ਸਨ ਕਿ ਭੂਤ-ਪ੍ਰੇਤ ਹੁੰਦੇ ਹੀ ਨਹੀਂ।ਇਹ ਕਮਜ਼ੋਰ ਮਨਾਂ ਦੇ ਡਰ ਵਿੱਚੋਂ ਪੈਦਾ ਹੁੰਦੇ ਹਨ। ਬੰਗੂ ਨੇ ਵੀ ਬੰਤ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ।ਤਸੱਲੀ ਹੋ ਜਾਣ 'ਤੇ ਅਰਜਨ ਨੇ ਪਿੱਪਲ ਦੇ ਤਣੇ ਨੂੰ ਹੱਥ ਪਾਇਆ ਅਤੇ ਵੱਡੇ ਟਾਹਣੇ 'ਤੇ ਚੜ੍ਹ ਗਿਆ।ਬੰਗੂ ਅਤੇ ਬੰਤ ਉਸ ਵੱਲ ਟਿਕ-ਟਿਕੀ ਲਗਾ ਕੇ ਦੇਖ ਰਹੇ ਸਨ।ਦੇਖਦੇ-ਦੇਖਦੇ ਅਰਜਨ ਪਿੱਪਲ ਦੀ ਸਿਖਰ 'ਤੇ ਪਹੁੰਚ ਗਿਆ।ਆਲ੍ਹਣੇ ਦੇ ਬਿਲਕੁਲ ਨਜ਼ਦੀਕ। ਅਰਜਨ ਆਵਾਜ਼ਾਂ ਮਾਰਨ ਲੱਗਾ, ਓਏ ਬੰਗੂ, ਓਏ ਬੰਤ, ਦੇਖੋ ਮੈਂ ਆਲ੍ਹਣੇ ਨੂੰ ਹੱਥ ਲਾਉਣ ਲੱਗਿਆਂ। ਹੁਣ ਚੰਗੀ ਤਰ੍ਹਾਂ ਦੇਖ ਲਓ, ਫਿਰ ਕਹੋਗੇ। ਅਰਜਨ ਨੇ ਆਲ੍ਹਣੇ ਵੱਲ ਹੱਥ ਵਧਾਇਆ ਹੀ ਸੀ ਕਿ ਇਕ ਵੱਡਾ ਪੰਜਾ ਉਸ ਦੇ ਸਿਰ 'ਤੇ ਆਣ ਵੱਜਾ।ਅਰਜਨ ਪਿਛਲੇ ਪੈਰੀਂ ਟਾਹਣੇ ਉੱਪਰ ਦੌੜਿਆ।ਟਾਹਣੇ ਤੋਂ ਥੱਲੇ ਲਟਕਿਆ ਅਤੇ ਧੜੰਮ ਦੇਣੇ ਧਰਤੀ 'ਤੇ ਆਣ ਡਿੱਗਾ।ਉਹ ਉੱਚੀ-ਉੱਚੀ ਚੀਖ਼ ਰਿਹਾ ਸੀ, ਭੂਤ ਨੇ ਮੇਰੇ ਸਿਰ 'ਤੇ ਪੰਜਾ ਮਾਰਿਆ।

ਬੰਗੂ ਤੇ ਬੰਤ ਸੋਟੀਆਂ ਲੈ ਕੇ ਪਿੱਪਲ 'ਤੇ ਜਾ ਚੜ੍ਹੇ।ਉਹ ਪਿੱਪਲ ਦੇ ਸਿਖਰ 'ਤੇ ਆਲ੍ਹਣੇ ਨੂੰ ਸੋਟੀਆਂ ਨਾਲ ਟੋਹਣ ਲੱਗੇ।ਉਹ ਆਲ੍ਹਣੇ ਵਿਚ ਲੁਕੇ ਭੂਤ ਨੂੰ ਲੱਭ ਰਹੇ ਸਨ। ਸੋਟੀਆਂ ਖੋਭਦੇ ਉਹ ਹੌਲੀ-ਹੌਲੀ ਕੁਝ ਬੋਲ ਵੀ ਰਹੇ ਸਨ, ਸਾਡੇ ਮਾਰ ਪੰਜਾ, ਜਿਹੜਾ ਅਰਜਨ ਦੇ ਸਿਰ 'ਤੇ ਮਾਰਿਆ, ਤੈਨੂੰ ਘਸੀਟ ਕੇ ਅਸੀਂ ਪਿੰਡ ਲੈ ਜਾਵਾਂਗੇ। ਅਰਜਨ ਅੰਤਾਂ ਦਾ ਡਰਿਆ ਜ਼ਮੀਨ 'ਤੇ ਲੰਬਾ ਪਿਆ ਸੀ।ਦੇਖਦੇ-ਦੇਖਦੇ ਇੱਕ ਇੱਲ ਉਸ ਆਲ੍ਹਣੇ ਵਿੱਚੋਂ ਖੰਭ ਖਿਲਾਰ ਕੇ ਬਾਹਰ ਉੱਡਦੀ ਨਜ਼ਰ ਆਈ।ਉਹ ਠਹਾਕਾ ਮਾਰਕੇ ਹੱਸੇ।

ਓਏ ਅਰਜਨਾ ਉਤਾਂਹ ਵੱਲ ਦੇਖ, ਔਹ ਉੱਡਿਆ ਜਾਂਦਾ ਤੇਰਾ ਭੂਤ, ਤੂੰ ਐਵੇਂ ਡਰੀ ਜਾਨੈ, ਓਏ ਉਹ ਭੂਤ ਨਹੀਂ, ਸਗੋਂ ਇੱਲ੍ਹ ਸੀ। ਉਹ ਉੱਚੀ-ਉੱਚੀ ਬੋਲ ਰਹੇ ਸਨ।ਬੰਗੂ ਅਤੇ ਬੰਤ ਦੋਵੇਂ ਪਿੱਪਲ ਤੋਂ ਥੱਲੇ ਉਤਰ ਆਏ ਸਨ। ਉਨ੍ਹਾਂ ਅਰਜਨ ਨੂੰ ਬਾਹੋਂ ਪਕੜ ਕੇ ਜ਼ਮੀਨ ਤੋਂ ਉਠਾਇਆ।ਉਸ ਨੂੰ ਆਪਣੀ ਗਲਵੱਕੜੀ ਵਿੱਚ ਲੈਂਦਿਆਂ ਬੰਗੂ ਬੋਲਿਆ, ਇੱਲ ਨੇ ਮਾਰਿਆ ਸੀ ਤੇਰੇ ਪੰਜਾ।

ਪਰ ਇੱਲ ਨੇ ਕਿਉਂ ਮਾਰਿਆ ਮੇਰੇ ਪੰਜਾ ? ਅੱਗੋਂ ਅਰਜਨ ਨੇ ਕਿਹਾ।


ਇੱਲ ਨੇ ਸੋਚਿਆ ਹੋਣਾ ਕਿ ਅਰਜਨ ਉਸ ਦੇ ਆਂਡੇ ਚੁੱਕਣ ਆਇਆ ਹੋਵੇਗਾ। ਬੰਗੂ ਨੇ ਦਲੀਲ ਦਿੱਤੀ।ਬੰਤ ਵੀ ਉਸ ਦੀ ਦਲੀਲ ਨਾਲ ਸਹਿਮਤ ਹੋ ਗਿਆ। ਤਿੰਨਾਂ ਦੇ ਚਿਹਰੇ ਚਮਕ ਪਏ ਸਨ। ਬੰਗੂ ਅਤੇ ਬੰਤ ਨੇ ਅਰਜਨ ਦੀ ਜੇਬ ਵਿੱਚ ਪੰਜ ਪੰਜ ਰੁਪਏ ਦੇ ਦੋ ਸਿੱਕੇ ਪਾ ਦਿੱਤੇ ਸਨ।ਉਸ ਨੇ ਨਾਂਹ ਨੁੱਕਰ ਵੀ ਕੀਤੀ, ਪਰ ਉਹ ਬੋਲੇ, ਤੂੰ ਆਲ੍ਹਣੇ ਨੂੰ ਹੱਥ ਲਗਾ ਦਿੱਤਾ ਸੀ। ਵਰਨਾ ਇੱਲ ਨੇ ਤੇਰੇ ਪੰਜਾ ਨਹੀਂ ਸੀ ਮਾਰਨਾ।

ਅਰਜਨ ਦੇ ਚਿਹਰੇ 'ਤੇ ਹੌਲੀ ਹੌਲੀ ਰੌਣਕ ਆ ਰਹੀ ਸੀ।

### ਮਦਦ


ਇੱਕ ਵਾਰ ਦੀ ਗੱਲ ਹੈ।ਇੱਕ ਜੰਗਲ ਸੀ।ਜੰਗਲ ਵਿੱਚ ਬਹੁਤ ਸਾਰੇ ਰੁੱਖ ਸਨ।ਉੱਥੇ ਇੱਕ ਤਲਾਬ ਵੀ ਸੀ।ਉੱਥੇ ਖਰਗੋਸ਼ ਤੇ ਕੱਛੂਕੁੰਮਾ ਰਹਿੰਦੇ ਸਨ।ਉਹ ਦੋਵੇਂ ਦੋਸਤ ਸਨ। ਇੱਕ ਵਾਰ ਉਹਨਾਂ ਨੂੰ ਪਿਆਸ ਲੱਗੀ।ਉਹ ਤਲਾਬ ਕੋਲ ਪਹੁੰਚ ਗਏ।ਉੱਥੇ ਇੱਕ ਸ਼ਿਕਾਰੀ ਬੈਠਾ ਹੋਇਆ ਸੀ।ਉਸ ਨੇ ਖਰਗੋਸ਼ ਨੂੰ ਫੜ ਲਿਆ।ਕੱਛੂਕੁੰਮੇ ਨੇ ਚਲਾਕੀ ਨਾਲ ਉਸ ਨੂੰ ਬਚਾ ਲਿਆ।ਉਸ ਨੇ ਆਪਣੇ ਦੋਸਤ ਦੀ ਮਦਦ ਕੀਤੀ।ਖਰਗੋਸ਼ ਨੇ ਉਸ ਦਾ ਧੰਨਵਾਦ ਕੀਤਾ।ਸਾਨੂੰ ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਆਪਣੇ ਦੋਸਤ ਦੀ ਮਦਦ ਕਰਨੀ ਚਾਹੀਦੀ ਹੈ।

**-ਹਰਮਨਦੀਪ ਕੌਰ, ਜਮਾਤ ਚੌਥੀ,**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ**




ਅਸ਼ਨੀਤ ਕੌਰ ਬਰਾੜ, ਕਲਾਸ ਦੂਜੀ

### ਪੀਂਘ ਸਤਰੰਗੀ



ਆਸਮਾਨ 'ਚ ਬਣੀ ਪੀਂਘ ਸਤਰੰਗੀ।
ਕਿੰਨੀ ਸੋਹਣੀ ਇਹ ਰੰਗ-ਬਿਰੰਗੀ।
ਸੁਣੋ ਬੱਚਿਓ ਇਹ ਕਿਵੇਂ ਹੈ ਬਣਦੀ,
ਕਮਾਨ ਦੀ ਤਰ੍ਹਾਂ ਕਿਵੇਂ ਹੈ ਤਣਦੀ ?
ਮੀਂਹ ਤੋਂ ਬਾਅਦ ਜਦੋਂ ਸੂਰਜ ਨਿਕਲੇ,
ਹਵਾ ਵਿਚਲੀਆਂ ਬੂੰਦਾਂ ਤੋਂ ਰੋਸ਼ਨੀ ਫਿਸਲੇ।
ਪ੍ਰਿਜ਼ਮ ਵਾਰੇ ਤਾਂ ਤੁਸੀਂ ਜਾਣਦੇ ਸਾਰੇ,
ਰੋਸ਼ਨੀ ਨੂੰ ਸੱਤ ਰੰਗਾਂ 'ਚ ਬਦਲਣ ਬਾਰੇ।
ਬੂੰਦਾਂ ਵੀ ਮਿਲ ਕੇ ਪ੍ਰਿਜ਼ਮ ਬਣ ਜਾਵਣ,
ਕਿਰਨਾਂ ਨੂੰ ਸੱਤ ਰੰਗਾਂ 'ਚ ਬਦਲਾਵਣ।
ਇਸ ਨੂੰ ਵੇਖਣ ਦਾ ਅਸੂਲ ਹੈ ਬੱਚਿਓ,
ਸੂਰਜ ਵੱਲ ਪਿੱਠ ਕਰਕੇ ਰੱਖਿਓ।
ਫਿਰ ਸਾਹਮਣੇ ਅਕਾਸ਼ ਵੱਲ ਨਜ਼ਰ ਘੁਮਾਓ,
ਇੰਦਰ ਧਨੁਸ਼ ਦੇ ਦਰਸ਼ਨ ਪਾਓ।

**— ਰਾਵਿੰਦਰ ਫ਼ਫ਼ੜੇ**